ਕੁਲ ਸੰਸਾਰ ਇਕ ਪਰਿਵਾਰ....

# ਨਵੀਂ ਦੁਨੀਆ

# Nawi Dunia

Free

ਸਾਲ : 3 ਅੰਕ : 5 Phone : 780 465 9118, 403 830 7007, 204 218 6284 Fax: 780 465 0661, e-mail: info@nawidunia.com ਮਈ - 2012



5 ਮਈ, ਜਨਮ ਦਿਨ- ਕਾਰਲ ਮਾਰਕਸ

ਡੱਗ ਬਲੈਕ ਨੇ ਸੈਨੇਟ ਦੀ ਚੋਣ 'ਚ ਬਾਜ਼ੀ ਮਾਰੀ ਪੰਨਾ-3



ਭਾਈ ਲਾਲੋ ਦੇ ਦੇਸ਼ ਵਿਚ ਪੰਨਾ-9





ਆਦਿਵਾਸੀਆਂ 'ਤੇ ਹੋ ਰਹੇ ਜ਼ੁਲਮਾਂ ਤੋਂ ਭਾਰਤਵਾਸੀਆਂ ਨੂੰ... - ਹਿਮਾਂਸ਼ੂ ਕੁਮਾਰ ਪੰਨਾ-28

'ਮਿਰਜ਼ਾ-ਦਾ ਅਨਟੋਲਡ ਸਟੋਰੀ' ਬਨਾਮ 'ਮੋਗੇ ਵਾਲਾ ਕਾਂਡ' ਪੰਨਾ-46



## ਅਲਬਰਟਾ ਵਿਧਾਨ ਸਭਾ ਚੋਣਾਂ 2012

# ਪੀ.ਸੀ. ਪਾਰਟੀ ਨੇ 27ਵੀਂ ਅਲਬਰਟਾ ਵਿਧਾਨ ਸਭਾ 'ਤੇ ਕਾਬਜ਼ ਹੋਣ ਉਪਰੰਤ ਐਲਾਨੀ ਕੈਬਨਿਟ

ਐਡਮਿੰਟਨ (ਨਦਬ)- ਪ੍ਰੀਮੀਅਰ ਐਲੀਸਨ ਮਾਰੀਆਲਾ ਰੈਡਫੋਰਡ ਦੀ ਅਗਵਾਈ ਹੇਠਲੀ 27ਵੀਂ ਅਲਬਰਟਾ ਵਿਧਾਨ ਸਭਾ 'ਤੇ ਕਾਬਜ਼ ਪ੍ਰੋਗਰੈਸਿਵ ਕੰਜਰਵੇਟਿਵ ਪਾਰਟੀ ਨੇ ਆਪਣੀ ਕੈਬਨਿਟ ਦਾ ਐਲਾਨ ਕਰ ਦਿੱਤਾ। ਇਸ ਕੈਬਨਿਟ 'ਚ ਜਿਥੇ ਪਿਛਲੀ ਕੈਬਨਿਟ 'ਚ ਸ਼ਾਮਲ ਕਈ ਮੰਤਰੀਆਂ ਦੇ ਵਿਭਾਗਾਂ 'ਚ ਫੇਰ ਬਦਲ ਕੀਤਾ ਗਿਆ ਹੈ, ਉਥੇ ਹੀ ਮੰਤਰੀ ਮੰਡਲ ਵਿਚ ਸ਼ਾਮਲ ਹੋਣ ਦੀ ਆਸ ਲਾਈ ਬੈਠੇ ਕਈਆਂ ਦੇ ਆਸਾਂ 'ਤੇ ਪਾਣੀ ਫਿਰ ਗਿਆ।

ਐਲਾਨੀ ਕੈਬਨਿਟ ਅਨੁਸਾਰ ਥੌਮਸ ਲੂਕਾਸ਼ੁਕ ਨੂੰ ਡਿਪਟੀ ਪ੍ਰੀਮੀਅਰ, ਕੈਨ ਹਿਊਗਸ ਨੂੰ ਊਰਜਾ ਮੰਤਰੀ, ਡੱਗ ਹਾਰਵਰ ਨੂੰ ਵਿੱਤ, ਖਜ਼ਾਨਾ ਬੋਰਡ ਦੇ ਪ੍ਰਧਾਨ, ਫ਼ਰੈਡ ਹੌਰਨ ਨੂੰ ਹੈਲਥ, ਡੇਵ ਹੈਨਕੌਕ ਨੂੰ ਹਿਊਮਨ ਸਰਵਿਸਜ਼, ਡਿਆਵਾਂ ਮੈਕਕਵੀਨ ਨੂੰ ਵਾਤਾਵਰਣ ਤੇ ਵਸੀਲਿਆਂ ਦੇ ਵਿਕਾਸ ਬਾਰੇ ਮੰਤਰੀ, ਜੌਨਥਨ ਡੈਨਿਸ ਨੂੰ ਨਿਆਂ ਤੇ ਸਾਲੀਸਿਟਰ ਜਨਰਲ, ਜੈਫ਼ ਜੌਨਸਨ ਨੂੰ ਸਿੱਖਿਆ ਮੰਤਰੀ, ਵੈਰਲਨ ਔਲਸਨ ਨੂੰ ਖੇਤੀਬਾੜੀ ਤੇ ਪੇਂਡੂ ਵਿਕਾਸ ਮੰਤਰੀ, ਡੱਗ ਗ੍ਰਿਫਿਥਸ ਨੂੰ ਮਿਉਂਸਪਲ ਅਫ਼ੇਅਰਜ਼ ,ਰੌਬਿਨ ਕੈਂਪਬੈੱਲ ਨੂੰ ਐਬੋਰਿਜਨਲ ਰਿਲੇਸ਼ਨਜ਼, ਹੈਦਰ ਕਲਿਮਚੱਕ ਨੂੰ ਸੱਭਿਆਚਾਰ ਮੰਤਰੀ, ਮਨਮੀਤ ਭੁੱਲਰ ਨੂੰ ਸਰਵਿਸ ਅਲਬਰਟਾ, ਵੇਅਨ ਡਰਿਸਡੇਲ ਨੂੰ ਇਨਫਰਾਸਟਰਕਚਰ, ਸਟੀਫ਼ਨ ਖਾਨ ਨੂੰ ਐਂਟਰਪ੍ਰਾਈਜ਼ ਐਂਡ ਐਡਵਾਂਸਡ ਐਜੂਕੇਸ਼ਨ, ਰਿੱਕ ਮੈਕਾਈਵਰ ਨੂੰ ਟਰਾਂਸਪੋਰਟੇਸ਼ਨ, ਕ੍ਰਿਸਟੀਨ ਕੁਸਾਨੈਲੀ ਨੂੰ ਸੈਰਸਪਾਟਾ- ਪਾਰਕਸ ਤੇ ਮਨੋਰੰਜਨ ਬਾਰੇ ਮੰਤਰੀ ਅਤੇ ਕਾਲ ਡਾਲਸ ਨੂੰ ਕੌਮਾਂਤਰੀ ਤੇ ਅੰਤਰ ਸਰਕਾਰੀ ਸਬੰਧਾਂ ਬਾਰੇ ਮੰਤਰੀ ਲਾਇਆ ਗਿਆ ਹੈ। ਇਸ ਤੋਂ ਇਲਾਵਾ ਪ੍ਰੀਮੀਅਰ ਰੈਡਫੋਰਡ ਨੇ ਸੱਤ ਸਹਾਇਕ ਮੰਤਰੀਆਂ ਦਾ ਐਲਾਨ ਵੀ ਕੀਤਾ ਹੈ ਜਿਸ ਵਿੱਚ ਜਾਰਜਵੈਂਡਰਬਰਗ ਨੂੰ ਸੀਨੀਅਰਜ਼ (ਸਿਹਤ ਮੰਤਰੀ ਨੂੰ ਰਿਪੋਰਟ ਕਰਨਗੇ), ਫਰੈਂਕ ਓਬਰਲੇ ਨੂੰ ਅੰਗਹੀਣ ਵਿਅਕਤੀਆਂ ਲਈ (ਹਿਊਮਨ ਸਰਵਿਸਿਜ਼ ਮੰਤਰੀ ਨਾਲ), ਕਾਇਲੇ ਨੂੰ ਵਿੱਤ, ਟੈਰੇਸਾ ਵੂ-ਪਾਅ ਨੂੰ ਕੌਮਾਂਤਰੀ ਤੇ ਅੰਤਰ ਸਰਕਾਰੀ ਸਬੰਧ, ਗ੍ਰੈਗ ਵੀਡਿਕ ਨੂੰ ਮਿਉਂਸਪਲ ਅਫੇਅਰਜ਼, ਡੌਨ ਸਕਾਟ ਨੂੰ ਜਵਾਬਦੇਹੀ- ਪਾਰਦਰਸ਼ਤਾ ਤੇ ਤਬਦੀਲੀ (ਸਰਵਿਸ ਅਲਬਰਟਾ ਮੰਤਰੀ ਨਾਲ), ਡੇਵ ਰੌਡਨੀ ਨੂੰ ਵੈੱਲਨੈੱਸ (ਸਿਹਤ ਮੰਤਰੀ ਨੂੰ ਰਿਪੋਰਟ ਕਰਨਗੇ) ਦੀ ਜਿਮੇਵਾਰੀ ਸੌਂਪੀ ਗਈ ਹੈ।



ਅਲਬਰਟਾ ਚੋਣਾਂ ਨਾਲ ਸਬੰਧਿਤ ਬਾਕੀ ਖ਼ਬਰਾਂ ਸਫ਼ਾ ਨੰ: 3, ਸੰਪਾਦਕੀ ਅਤੇ ਰਿਕਾਰਡੋ ਦਾ ਵਿਸ਼ੇਸ਼ ਲੇਖ ਸਫ਼ਾ ਨੰ:33 'ਤੇ ਪੜ੍ਹੋ।



ਕਨੇਡਾ ਦੇ ਵਿਕਟੋਰੀਆ ਵਿਲੇ ਵਿਚ ਇਹ ਵਿਦਿਆਰਥਣ ਸੀਰਸ ਆਸਣ ਨਹੀਂ ਕਰ ਰਹੀ। ਟਿਊਸ਼ਨ ਫੀਸ ਵਿਚ ਵਾਧੇ ਦੇ ਖ਼ਿਲਾਫ਼ ਇਹ ਇਕ ਵਿਰੋਧ ਦਾ ਤਰੀਕਾ ਹੈ। ਕਨੇਡਾ ਵਿਚ ਪੂਰੇ ਤਿੰਨ ਮਹੀਨੇ ਤੋਂ ਅਜਿਹੇ 1.70 ਲੱਖ ਵਿਦਿਆਰਥੀ ਮੁਜ਼ਾਹਰੇ ਅਤੇ ਹੜਤਾਲਾਂ ਕਰ ਰਹੇ ਹਨ। ਪਿਛਲੇ ਪੰਜ ਸਾਲਾਂ ਵਿਚ ਇਥੇ ਟਿਊਸ਼ਨ ਫੀਸ 75 ਫੀਸਦੀ ਵਧਾ ਦਿੱਤੀ ਗਈ ਹੈ।

# ਕੈਨੇਡਾ ਦੀਆਂ ਨੀਤੀਆਂ ਨੇ ਏਸ਼ਿਆਈ ਮੁਲਕਾਂ 'ਚੋਂ ਪਰਵਾਸ ਘਟਾਇਆ

ਟੋਰਾਂਟੋ (ਨਦਬ) : ਪਿਛਲੇ ਪੰਜ ਕੁ ਸਾਲਾਂ ਤੋਂ ਏਸ਼ਿਆਈ ਮੁਲਕਾਂ ਵਿੱਚੋਂ ਕੈਨੇਡਾ ਵੱਸਣ ਦੇ ਚਾਹਵਾਨਾਂ ਦੀਆਂ ਦਰਖਾਸਤਾਂ ਅੱਧੀਆਂ ਰਹਿ ਗਈਆਂ ਹਨ। ਚਿੰਤਕ ਸਮਝਦੇ ਹਨ ਕਿ ਜਦ ਤੋਂ ਕੰਜ਼ਰਵੇਟਿਵ ਪਾਰਟੀ ਸੱਤਾ ਵਿੱਚ ਆਈ ਹੈ, ਉਦੋਂ ਤੋਂ ਆਵਾਸ ਦਾ ਚਿਹਰਾ-ਮੁਹਰਾ ਵਿਗੜਨ ਲੱਗਾ ਹੈ। ਅੰਕੜਿਆਂ ਮੁਤਾਬਕ 2006 ਤੋਂ 2011 ਤੱਕ ਪਾਕਿਸਤਾਨੀ, ਭਾਰਤੀ, ਚੀਨੀ ਤੇ ਫਿਲਪੀਨੀ ਲੋਕਾਂ ਦੀਆਂ ਕੈਨੇਡਾ ਦੀ ਪੀ.ਆਰ. ਲੈਣ ਦੀਆਂ ਅਰਜ਼ੀਆਂ ਵਿੱਚ ਭਾਰੀ ਗਿਰਾਵਟ ਆਈ ਹੈ। ਚੀਨ ਵਿੱਚੋਂ 55,647 ਤੋਂ ਘਟ ਕੇ 30, 507, ਭਾਰਤ ਵਿਚੋਂ 61,559 ਤੋਂ 30,283, ਪਾਕਿਸਤਾਨ 'ਚੋਂ 31,330 ਤੋਂ ਘੱਟ ਕੇ 11,066 ਅਤੇ ਫਿਲਪੀਨ 'ਚੋਂ ਇਹ ਅਰਜ਼ੀਆਂ 37,132 ਤੋਂ ਘੱਟ ਕੇ 25,378 ਰਹਿ ਗਈਆਂ ਹਨ।

ਚਿੰਤਕਾਂ ਦਾ ਮੰਨਣਾ ਹੈ ਕਿ ਹੁਕਮਰਾਨ ਪਾਰਟੀ ਦੀਆਂ ਆਵਾਸ ਨੀਤੀਆਂ ਦੀ ਕਾਣੀ ਵੰਡ ਨੇ ਕੈਨੇਡਾ ਦੇ ਬਹੁ-ਸੱਭਿਆਚਾਰ ਦਾ ਹੁਲੀਆ ਬਦਲ ਕੇ ਰੱਖ ਦਿੱਤਾ ਹੈ। ਇਥੋਂ ਦੀ 'ਮੇਅ-ਟ੍ਰੀ ਫਾਊਂਡੇਸ਼ਨ, ਜੋ ਭਾਈਚਾਰਕ ਤੰਦਾਂ ਦੀ ਮਜ਼ਬੂਤੀ ਲਈ ਆਵਾਜ਼ ਉਠਾ ਰਹੀ ਹੈ, ਦੀ ਪ੍ਰਧਾਨ ਰਤਨਾ ਮੁਤਾਬਕ ਇਮੀਗ੍ਰੇਸ਼ਨ ਦੀਆਂ ਨੀਤੀਆਂ ਘੜਨ ਵੇਲੇ ਪਰਵਾਸ ਨੂੰ ਸਾਵਾਂ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ। ਸਿਰਫ 'ਸਿਰਾਂ' ਦੀ ਗਿਣਤੀ ਕਰਕੇ ਨਹੀਂ ਸਗੋਂ ਸਭ ਮੁਲਕਾਂ ਨਸਲਾਂ ਦੇ ਰਲੇ ਮਿਲੇ ਲੋਕ ਸੱਦ ਕੇ ਇਸ ਮੁਲਕ ਦੇ ਬਹੁ-ਸੱਭਿਆਚਾਰ ਨੂੰ ਵਧਾਇਆ ਜਾਣਾ ਚਾਹੀਦਾ ਹੈ।

ਦੁਨੀਆਂ ਦੇ ਪ੍ਰਮੁੱਖ 10 ਮੁਲਕਾਂ ਵੱਲੋਂ ਕੈਨੇਡਾ ਦੀ ਪੱਕੀ ਸ਼ਹਿਰੀਅਤ ਲਈ ਆਉਂਦੀਆਂ ਅਰਜ਼ੀਆਂ ਇਨ੍ਹਾਂ ਪੰਜ ਸਾਲਾਂ ਵਿਚ 227,689 ਤੋਂ ਘਟ ਕੇ 140,712 ਰਹਿ ਗਈਆਂ ਹਨ ਜਿਸ ਪਿੱਛੇ ਕੈਨੇਡਾ ਦੀਆਂ ਆਵਾਸ ਨੀਤੀਆਂ ਤੇ ਅਰਜ਼ੀਆਂ ਦੇ ਬੈਕਲਾਗ ਨੂੰ ਦੋਸ਼ ਦਿੱਤਾ ਜਾ ਰਿਹਾ ਹੈ। ਇਹ ਗਿਰਾਵਟ ਅੰਗਰੇਜ਼ੀ ਜਾਂ ਫਰੈਂਚ ਭਾਸ਼ੀ ਮੁਲਕਾਂ ਵੱਲੋਂ ਵੀ ਦੇਖਣ ਨੂੰ ਮਿਲੀ ਹੈ ਪਰ ਉਕਤ ਚਾਰ ਮੁਲਕਾਂ ਨਾਲੋਂ ਥੋੜ੍ਹੀ ਹੈ। ਕੈਨੇਡਾ ਦੇ ਆਵਾਸ ਮਹਿਕਮੇ ਮੁਤਾਬਕ ਅਮਰੀਕਾ ਵੱਲੋਂ ਇਹ ਗਿਰਾਵਟ 10 ਫੀਸਦ ਅਤੇ ਫਰਾਂਸ ਵੱਲੋਂ 7 ਫੀਸਦ ਰਹੀ।

ਸਮਝਿਆ ਜਾ ਰਿਹਾ ਹੈ ਕਿ 2006 'ਚ ਜਦੋਂ ਤੋਂ ਕੰਜ਼ਰਵੇਟਿਵ ਪਾਰਟੀ ਨੇ ਮੁਲਕ ਦੀ ਵਾਗਡੋਰ ਸੰਭਾਲੀ ਹੈ, ਉਦੋਂ ਤੋਂ ਇਮੀਗ੍ਰੇਸ਼ਨ ਸਿਸਟਮ ਵਿਚ ਭਾਰੀ ਤਬਦੀਲੀਆਂ ਆਈਆਂ ਹਨ। ਇਨ੍ਹਾਂ ਵਿਚ ਭਾਸ਼ਾ ਦੀਆਂ ਸ਼ਰਤਾਂ,ਪੇਸ਼ੇਵਰ ਲੋਕਾਂ ਦੀ ਲੋੜ ਦੀਆਂ ਬੰਦਸ਼ਾਂ ਅਤੇ ਹਰ ਸਾਲ ਅਰਜ਼ੀਆਂ ਦੀ ਸੁਣਵਾਈ ਦੀਆਂ ਸੀਮਾਵਾਂ ਸ਼ਾਮਲ ਹਨ। ਰਤਨਾ ਅਨੁਸਾਰ ਇਨ੍ਹਾਂ ਬਹੁਤ ਸਾਰੀਆਂ ਤਬਦੀਲੀਆਂ ਨੂੰ ਆਵਾਸ ਮੰਤਰੀ ਜੇਸਨ ਕੈਨੀ ਵੱਲੋਂ ਲੋਕਾਂ ਨਾਲ ਨਿਗੂਣੀ ਸਲਾਹ ਮਗਰੋਂ ਹੀ ਥੋਪ ਦਿੱਤਾ ਗਿਆ ਹੈ। ਕੈਨੀ ਨੇ ਕਿਹਾ ਕਿ ਕੌਣ ਕਿਸ ਮੁਲਕ 'ਚੋਂ ਆਉਂਦਾ ਹੈ, ਇਸ ਦਾ ਕੋਈ ਮਹੱਤਵ ਨਹੀਂ ਪਰ ਜੋ ਵੀ ਆਵੇ ਕੈਨੇਡਾ ਵਿਚ ਸਫਲਤਾ ਹਾਸਲ ਕਰਕੇ ਆਰਥਿਕਤਾ ਮਜ਼ਬੂਤ ਕਰਦਾ ਹੋਵੇ।

ਸਮੂਹ ਐਡਮਿੰਟਨ ਵਾਸੀਆਂ ਨੂੰ 'ਨਗਰ ਕੀਰਤਨ' ਦੀਆਂ ਲੱਖ-ਲੱਖ ਵਧਾਈਆਂ



Sohail Quadri
MLA Elect
To share your views and concerns please call me at 780.850.4080
squadri@shaw ca

Roof Trusses
Floor Systems
Lumber - Stairs
ZyTech
BUILDING SYSTEMS INC.
High Quality Materials, On Time Delivery, Complete Framing Package, Effective On Site, I Joists & Roof Truss Manufacturing Facility, One Call - Award Winning Service, Engineering & Design Friendly, Multi-Cultural, Solution Oriented Staff, Community Supporter
ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136

ALL INDIA
RESTAURANT & SWEETS



Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"



Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700



BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510
DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA



Sarjan Luthra
B.Sc, L.LB
LUTHRA LAW GROUP
FREE CASE EVALUTION
- Personal Injuries Representation
- Real Estate Transactions
- Immigration Law
- Residential Real Estate Transactions
- Criminal Case
- Family Law Dispute & Mediation Service
- Commercial Litigation
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660 Fax: 780 463 4205

Super Visa Medical Insurance
- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇਸ਼ੋਰੈਂਸ ਲੈ ਕੇ ਦਿੰਦੇ ਹਾਂ।
For more information please call
780-465-6900 Jasvir Deol
403-830-7007 Jessie Singh



# Supreme Pizza
## ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

Try Us Tonight For Best Deal In Town
3 For 1
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza ✪ Vegetarian ✪ Supreme Special ✪ Chicken Special ✪ The Pasta Niche



Kuldip S. Powar

# POWAR HOMES LTD.
Quality Custom Home Builder

ਪਾਵਰ ਹੋਮਸ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਬੇਸਮਾਉਂਟ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ,
ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Fax: 780-406-6797
Email: ranjit_pawar@hotmail.com



Ranjit S. Powar

Contact At:
Ph: 780-695-6595

# HARRY'S EXCAVATING
PH: 780-918-2252

Specialist in :
Digging Basements & All Kind Of Services



ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।

# EXCEL TAX & BUSINESS SOLUTIONS

Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting



- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

Call: Pritpal Kooner

Ph: 780-469-4985 Fax: 780-469-4926 Cell: 780-952-2860
exceltax@yahoo.ca
Unit# 207 9254 - 34A Ave, Edmonton AB T6E 5P4
(Above Sabji Mandi)
Evening & Weekend with Appointments only

# DASHMESH TIRE & LUBE



All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication

Do Service on Remote Locations Including Weighing Scales
Vehicle Inpection By Certified Mechanics

Enough Parking Space

Call: Manjit S.Khosa, Garry Dhaliwal
Ph: 780-298-1114, 780-993-4441
6609 34 St, Edmonton, Alberta.

# EAGLEROCK GOLF COURSE
50549, RANGE ROAD 234 EDMONTON, AB

eaglerock GOLF COURSE

ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet





ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# WILDROSE MASONARY & STONE WORKS



Commertial & Residential

Ph: 780 340 1400
Off: 780 450 1413
Fax: 780 490 4888

Dave Johal




Culture Stone | Bricks
Blocks | Glass Blocks

email:wildrosemasonary@live.ca ✦ 1404-69th St. SW Edmonton, AB T6L 1L4

# STP ELECTRIC LTD.

stpelectric@hotmail.com Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

# ALPHA
Tent Rentals
All Events Big or Small

We are in this Business Since 2001



**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**



Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

Umrao Ghinger: 780 237 5556
www.alphatentrentals.com
Office: 780 490 5354



# 27ਵੀਂ ਅਲਬਰਟਾ ਵਿਧਾਨ ਸਭਾ ’ਤੇ ਪ੍ਰੋਗਰੈਸਿਵ ਕੰਜਰਵੇਟਿਵ ਪਾਰਟੀ ਫਿਰ ਕਾਬਜ਼

ਜੇਤੂ ਰਹੇ ਦੱਖਣੀ ਏਸ਼ੀਆਈ ਮੂਲ ਦੇ ਉਮੀਦਵਾਰ



ਐਡਮਿੰਟਨ (ਨਦਬ)- ਕਿਆਸਅਰਾਈਆਂ, ਸਿਆਸੀ ਭਵਿੱਖ-ਬਾਣੀਆਂ, ਅਫ਼ਵਾਹਾਂ, ਚੋਣ ਸਰਵੇਖਣਾਂ ਨੂੰ ਨਕਾਰ ਪ੍ਰੋਗਰੈਸਿਵ ਕੰਜਰਵੇਟਿਵ ਪਾਰਟੀ (ਪੀ.ਸੀ. ਪਾਰਟੀ) ਨੇ ਐਲੀਸਨ ਮਾਰੀਆਲਾ ਰੈਡਫੋਰਡ ਦੀ ਅਗਵਾਈ ਹੇਠ 61 ਸੀਟਾਂ ਜਿੱਤ ਕੇ ਅਲਬਰਟਾ ਵਾਸੀਆਂ ਲਈ ‘ਨਵੀਂ ਬੋਤਲ ਵਿੱਚ ਪੁਰਾਣੀ ਸ਼ਰਾਬ’ ਪੇਸ਼ ਕਰ 27ਵੀਂ ਅਲਬਰਟਾ ਵਿਧਾਨ ਸਭਾ ’ਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ। ਉਧਰ ਆਪਣੇ ਆਪ ਨੂੰ ਸੱਤਾ ਦੇ ਬਿਲਕੁਲ ਲਾਗੇ ਸਮਝਣ ਵਾਲੀ ਵਾਈਲਡਰੋਜ਼ ਪਾਰਟੀ ਨੂੰ 17 ਸੀਟਾਂ ਜਿੱਤ ਕੇ ਵਿਰੋਧੀ ਧਿਰ ਦੀ ਭੂਮਿਕਾ ਨਾਲ ਹੀ ਸਬਰ ਕਰਨਾ ਪਿਆ।

1971 ਤੋਂ ਪੀ.ਸੀ. ਪਾਰਟੀ ਨੇ ਲਗਾਤਾਰ 12ਵੀਂ ਵਾਰ ਵੀ ਅਲਬਰਟਾ ਵਿਧਾਨ ਸਭਾ ਤੇ ਆਪਣਾ ਕਬਜ਼ਾ ਬਰਕਰਾਰ ਕਰਕੇ ਕਈ ਤਰ੍ਹਾਂ ਦੇ ਪ੍ਰਸ਼ਨ ਅਲਬਰਟਾ ਵਾਸੀਆਂ ਲਈ ਛੱਡ ਦਿੱਤੇ ਹਨ। ਸਭ ਤੋਂ ਪਹਿਲਾਂ ਕੀ ਆਪਣੀ ਜਿੱਤ ਪ੍ਰਤੀ ਡਾਵਾਂਡੋਲ ਹੋਈ ਪੀ.ਸੀ. ਪਾਰਟੀ ਇਸ ਤੋਂ ਸਬਕ ਲੈਂਦਿਆਂ ਆਪਣੀਆਂ ਨੀਤੀਆਂ ’ਚ ਕੋਈ ਤਬਦੀਲੀ ਕਰੇਗੀ ਜਾਂ ਨਹੀਂ? ਦੂਸਰਾ ਇਹ ਕਿ ਜਿਸ ਤਰ੍ਹਾਂ ਪੇਂਡੂ ਖ਼ੇਤਰ ’ਚ ਪਾਰਟੀ ਦਾ ਸਫ਼ਾਇਆ ਹੋਇਆ ਹੈ, ਕੀ ਪਾਰਟੀ ਕਿਸਾਨਾਂ ਤੇ ਪੇਂਡੂ ਇਲਾਕਿਆਂ ਲਈ ਕੋਈ ਖਾਸ ਯੋਜਨਾ ਬਣਾਵੇਗੀ?

ਐਲਾਨੇ ਗਏ ਚੋਣ ਨਤੀਜਿਆਂ ਅਨੁਸਾਰ ਪੀ.ਸੀ. ਪਾਰਟੀ ਨੇ ਕੁੱਲ 87 ਵਿਚੋਂ 61 ਸੀਟਾਂ, ਵਾਈਲਡਰੋਜ਼ ਨੇ 17, ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ.) ਨੇ 4 ਅਤੇ ਲਿਬਰਲ ਨੇ 5 ਸੀਟਾਂ ’ਤੇ ਕਬਜ਼ਾ ਕੀਤਾ ਹੈ। ਜ਼ਿਕਰਯੋਗ ਹੈ ਕਿ 87 ਸੀਟਾਂ ਵਿੱਚੋਂ ਕੈਲਗਰੀ ਵਿੱਚ 25, ਐਡਮਿੰਟਨ ਵਿਚ 19 ਤੇ 43 ਸੀਟਾਂ ਪੇਂਡੂ ਖੇਤਰ ਦੀਆਂ ਹਨ। ਇਨ੍ਹਾਂ ਚੋਣਾਂ ’ਚ ਦੱਖਣੀ ਏਸ਼ੀਆਈ ਮੂਲ ਦੇ 23 ਉਮੀਦਵਾਰ ਮੈਦਾਨ ਵਿੱਚ ਸਨ। ਜੇਤੂ ਰਹੇ ਏਸ਼ੀਅਨ ਮੂਲ ਦੇ ਉਮੀਦਵਾਰਾਂ ‘ਚ ਐਡਮਿੰਟਨ-ਐਲਰਸਲੀ ਤੋਂ ਨਰੇਸ਼ ਭਾਰਦਵਾਜ, ਮੈਡੋਲਾਰਕ ਤੋਂ ਡਾ. ਰਾਜ ਸ਼ਰਮਨ, ਮੈਨਿੰਗ ਤੋਂ ਪੀਟਰ ਸੰਧੂ, ਹਲਕਾ ਐਡਮਿੰਟਨ-ਮਿਲਵੁਡਜ਼ ਤੋਂ ਸੁਹੇਲ ਕਾਦਰੀ ਕੈਲਗਰੀ-ਮੈਕਾਲ ਤੋਂ ਦਰਸ਼ਨ ਸਿੰਘ ਕੰਗ, ਗਰੀਨ ਵੇਅ ਤੋਂ ਮਨਮੀਤ ਸਿੰਘ ਭੁੱਲਰ, ਸੇਂਟ ਐਲਬਰਟ ਤੋਂ ਸਟਿਫ਼ਨ ਖ਼ਾਨ ਸ਼ਾਮਿਲ ਹਨ। ਜਦ ਕਿ ਹਾਰੇ ਉਮੀਦਵਾਰਾਂ ’ਚ ਐਡਮਿੰਟਨ ਸੈਂਟਰ ਤੋਂ ਆਕਾਸ਼ ਖੋਖਰ, ਰਿਵਰਵਿਊ ਤੋਂ ਆਰਿਫ਼ ਖ਼ਾਨ, ਕੈਲਗਰੀ-ਮੈਕਾਲ ਤੋਂ ਮੁਹੰਮਦ ਰਸ਼ੀਦ, ਕਰਾਸ ਤੋਂ ਹੈਪੀ ਮਾਨ, ਈਸਟ ਤੋਂ ਜੱਸੀ ਮਿਨਹਾਸ, ਫੋਰਟ ਤੋਂ ਜੀਵਨ ਮਾਂਗਟ, ਬਫ਼ਲੋ ਤੋਂ ਜੈਮੀ ਲਾਲ, ਫ਼ਿਸ਼ ਕਰੀਕ ਤੋਂ ਨਾਜ਼ੀਰ ਰਹਿਮਤੁੱਲਾ, ਗਰੀਨ ਵੇਅ ਤੋਂ ਇਖ਼ਤਿਆਰ ਅਵਨ, ਸ਼ਾਅ ਤੋਂ ਫਾਰੁਖ ਅਦਿਤਿਆ, ਕੈਲਗਰੀ-ਨਾਰਥ ਹਿੱਲ ਤੋਂ ਪ੍ਰਸ਼ਾਦ ਪਾਂਡਾ, ਡਰੰਮ ਹੈਲਰ ਤੋਂ ਆਦਿਤਿਆ ਰਾਓ, ਲੈਥ ਬਰਿਜ ਵੈਸਟ ਤੋਂ ਬੱਲ ਬੂਰਾ ਸ਼ਾਮਿਲ ਹਨ। ਮੁੱਖ ਪਾਰਟੀਆਂ ਦੇ ਲੀਡਰ ਐਲੀਸਨ ਰੈਡਫੋਰਡ (ਪੀ.ਸੀ ਪਾਰਟੀ), ਡੈਨੀਅਲ ਸਮਿੱਥ (ਵਾਇਲਡਰੋਜ਼ ਪਾਰਟੀ), ਬਰਾਇਨ ਮੇਸਨ (ਐਨ.ਡੀ.ਪੀ.) ਅਤੇ ਡਾ. ਰਾਜ ਸ਼ਰਮਨ (ਲਿਬਰਲ) ਵੀ ਆਪੋ ਆਪਣੇ ਹਲਕਿਆਂ ’ਚੋਂ ਜੇਤੂ ਰਹੇ।

# ਡੱਗ ਬਲੈਕ ਨੇ ਸੈਨੇਟ ਦੀ ਚੋਣ ’ਚ ਬਾਜ਼ੀ ਮਾਰੀ





ਐਡਮਿੰਟਨ (ਨਦਬ)-ਅਲਬਰਟਾ ਦੇ ਉੱਘੇ ਵਕੀਲ, ਯੂਨੀਵਰਸਿਟੀ ਆਫ ਅਲਬਰਟਾ ਦੇ ਬੋਰਡ ਆਫ ਗਵਰਨਰਜ਼ ਦੇ ਚੇਅਰਮੈਨ ਡੱਗ ਬਲੈਕ ਨੇ ਪੀ ਸੀ ਪਾਰਟੀ ਉਮੀਦਵਾਰ ਵਜੋਂ ਸੈਨੇਟਰ ਦੀ ਚੋਣ ‘ਚ ਬਾਜ਼ੀ ਮਾਰ ਲਈ। ਪਈਆਂ ਵੋਟਾਂ ਵਿੱਚੋਂ ਬਲੈਕ ਨੂੰ 16 ਫੀਸਦੀ, ਦੂਜੇ ਸਥਾਨ ਉੱਤੇ ਰਹਿਣ ਵਾਲੇ ਸਕਾਟ ਟਾਨਾਜ਼ ਨੂੰ 13 ਫੀਸਦੀ ਵੋਟ ਹਾਸਲ ਹੋਏ। ਪੀ.ਸੀ. ਪਾਰਟੀ ਦੇ ਹੀ ਮਾਈਕ ਸ਼ੇਖ਼, ਜੋ ਕਿ ਪੁਲਿਸ ਕਮਿਸ਼ਨ ਦੇ ਚੇਅਰਮੈਨ ਵੀ ਹਨ ਨੂੰ 12 ਫੀਸਦੀ ਵੋਟ ਹਾਸਲ ਹੋਏ। ਇਨ੍ਹਾਂ ਤਿੰਨੇ ਉਮੀਦਵਾਰਾਂ ਨੂੰ ਸੈਨੇਟ ਤੱਕ ਪਹੁੰਚਣ ਲਈ ਸਾਲ ਭਰ ਉਡੀਕ ਕਰਨੀ ਪਵੇਗੀ। 22 ਮਾਰਚ, 2013 ਨੂੰ ਰਿਟਾਇਰ ਹੋ ਰਹੇ ਸੈਨੇਟਰ ਬਰਟ ਬਰਾਊਨ ਦੀ ਥਾਂ ਉਸ ਸੈਨੇਟਰ ਨੂੰ ਲਿਆ ਜਾਵੇਗਾ, ਜਿਸਨੇ ਸੱਭ ਤੋਂ ਵੱਧ ਵੋਟਾਂ ਹਾਸਲ ਕੀਤੀਆਂ ਹਨ।

# ਮਈ ਦਿਵਸ ਮੌਕੇ ਕੈਨੇਡਾ ਦੇ ਕਈ ਸ਼ਹਿਰਾਂ ’ਚ ਮੁਜ਼ਾਹਰੇ ਤੇ ਰੈਲੀਆਂ

ਟੋਰਾਂਟੋ, (ਨਦਬ) : ਕੌਮਾਂਤਰੀ ਵਰਕਰਜ਼ ਡੇਅ ਮਨਾਉਣ ਲਈ ਕਮਿਊਨਿਟੀ ਕਾਰਕੁਨ, ਕੰਮਕਾਜੀ ਜਮਾਤ ਦੇ ਸਮਰਥਕ ਤੇ ਹੋਰ ਕਈ ਯੂਨੀਅਨਾਂ ਦੇ ਮੈਂਬਰ ਕੈਨੇਡਾ ਭਰ ਵਿੱਚ ਸੜਕਾਂ ਉੱਤੇ ਉਤਰ ਆਏ। ਟੋਰਾਂਟੋ ਵਿੱਚ ਐਕਟਿਵਿਸਟ ਗਰੁੱਪਾਂ ਵੱਲੋਂ ਲੋਕਾਂ ਨੂੰ ਮਈ ਦਿਵਸ ਦੇ ਮੁਜ਼ਾਹਰਿਆਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। ਇਹ ਗਰੁੱਪ ਚਾਹੁੰਦੇ ਸਨ ਕਿ ਅਜਿਹਾ ਕਰਕੇ ਲੋਕ ਘੱਟਗਿਣਤੀ ਗਰੁੱਪਾਂ ਪ੍ਰਤੀ ਆਪਣਾ ਆਦਰ ਪ੍ਰਗਟਾਉਣ, ਪਬਲਿਕ ਸਰਵਿਸਿਜ਼ ਨੂੰ ਬਿਹਤਰ ਬਣਾਉਣ ਲਈ ਉਨ੍ਹਾਂ ਦੀ ਅਵਾਜ਼ ਵਿੱਚ ਅਵਾਜ਼ ਮਿਲਾਉਣ ਤੇ ਕਾਰਪੋਰੇਟ ਅਦਾਰਿਆਂ ਦੇ ਕੰਨਾਂ ਤੱਕ ਆਪਣੀ ਗੱਲ ਪਹੁੰਚਾਉਣ। ਇਨ੍ਹਾਂ ਮੁਜ਼ਾਹਰਿਆਂ ਕਾਰਨ ਸ਼ਹਿਰ ਦੀਆਂ ਸੜਕਾਂ ਉੱਤੇ ਟਰੈਫਿਕ ਜਾਮ ਹੋ ਗਿਆ ਤੇ ਆਵਾਜਾਈ ਵਿੱਚ ਵੀ ਵਿਘਨ ਪਿਆ। ਟੋਰਾਂਟੋ ਵਿੱਚ ਮੁੱਖ ਰੈਲੀ 4:00 ਵਜੇ ਸਿਟੀ ਹਾਲ ਵਿਖੇ ਇਮੀਗ੍ਰੈਂਟ ਵਰਕਰਜ਼ ਰਾਈਟਜ਼ ਗਰੁੱਪ ਨੋ ਵੰਨ ਇਸ ਇਲੀਗਲ ਅਤੇ ਆਕਿਊਪਾਇ ਟੋਰਾਂਟੋ ਵੱਲੋਂ ਕਰਵਾਈ ਗਈ। ਚਾਰ ਵਜੇ ਤੋਂ ਪਹਿਲਾਂ 200 ਮੁਜ਼ਾਹਰਾਕਾਰੀਆਂ ਨੇ ਯੂਨੀਵਰਸਿਟੀ ਐਵਨਿਊ ਤੇ ਨਥਾਨ ਫਿਲਿਪਸ ਸਕੁਏਅਰ ਵੱਲ ਮਾਰਚ ਕਰਨਾ ਸ਼ੁਰੂ ਕਰ ਦਿੱਤਾ। ਪ੍ਰਬੰਧਕਾਂ ਦਾ ਕਹਿਣਾ ਸੀ ਕਿ ਰੈਲੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਸੰਗੀਤ ਆਦਿ ਲਈ ਸਾਜ਼, ਗੁਬਾਰੇ ਤੇ 25 ਫੁੱਟ ਦਾ ਬੈਨਰ ਲੈ ਕੇ ਸ਼ਾਮਲ ਹੋਏ। ਆਕਿਊਪਾਇ ਟੋਰਾਂਟੋ ਅੰਦੋਲਨ ਦੀ ਮੈਂਬਰ ਲਾਨਾ ਗੋਲਡਬਰਗ ਨੇ ਦੱਸਿਆ ਕਿ ਸਾਨੂੰ ਨਾਰਥ ਅਮਰੀਕਾ ਤੋਂ ਮਈ ਦਿਵਸ ਮੌਕੇ ਰੈਲੀ ਕਰਨ ਲਈ ਸੱਦੇ ਆ ਰਹੇ ਸਨ। ਇਹ ਬਹੁਤ ਹੀ ਅਹਿਮ ਗੱਲ ਹੈ ਕਿਉਂਕਿ ਮਈ ਦਿਵਸ ਦੁਨੀਆ ਭਰ ਵਿੱਚ ਮਨਾਇਆ ਜਾਂਦਾ ਹੈ ਪਰ ਇੱਥੇ ਨਹੀਂ ਮਨਾਇਆ ਜਾਂਦਾ। ਅਸੀਂ ਕਾਮਿਆਂ ਦੇ ਸੰਘਰਸ਼ ਦੇ ਨਾਲ ਨਾਲ ਇੰਮੀਗ੍ਰੈਂਟਸ ਦੇ ਸੰਘਰਸ਼ ਦਾ ਵੀ ਇੱਕਜੁਟਤਾ ਨਾਲ ਮੁਜ਼ਾਹਰਾ ਕਰਨਾ ਚਾਹੁੰਦੇ ਸਾਂ। ਵੱਡੀ ਗਿਣਤੀ ਵਿੱਚ ਇਹ ਗਰੁੱਪ ਹਾਰਪਰ ਦੇ ਆਫਿਸ ਦੇ ਬਾਹਰ ਵੀ ਦੁਪਹਿਰ ਵੇਲੇ ਇੱਕਠੇ ਹੋਏ। ਫੈਡਰਲ ਸਰਕਾਰ ਵੱਲੋਂ ਪਬਲਿਕ ਸਰਵਿਸ ਤੇ ਸੰਜਮ ਲਈ ਚੁੱਕੇ ਜਾ ਰਹੇ ਹੋਰਨਾਂ ਕਦਮਾਂ ਖਿਲਾਫ ਅਵਾਜ਼ ਉਠਾਉਣ ਲਈ ਇਹ ਗਰੁੱਪ ਇੱਥੇ ਇੱਕਠੇ ਹੋਏ ਸਨ। ਮਈ ਦਿਵਸ ਮੌਕੇ ਇਸ ਤਰ੍ਹਾਂ ਦੀਆਂ ਰੈਲੀਆਂ ਤੇ ਮੁਜ਼ਾਹਰੇ ਹੈਲੀਫੈਕਸ, ਮਾਂਟਰੀਅਲ, ਵਿਨੀਪੈਗ, ਐਡਮਿੰਟਨ, ਕੈਲਗਰੀ ਤੇ ਵੈਨਕੂਵਰ ਵਿੱਚ ਵੀ ਕੀਤੇ ਗਏ।

# ਵਿਦਿਆਰਥੀ ਮੁਜ਼ਾਹਰਾਕਾਰੀਆਂ ’ਤੇ ਪੁਲਿਸ ਵਲੋਂ ਅੱਥਰੂ ਗੈਸ ਦੀ ਵਰਤੋਂ



ਮਾਂਟਰੀਅਲ (ਨਦਬ) : ਕਿਊਬਿਕ ਲਿਬਰਲ ਪਾਰਟੀ ਦੇ ਇਜਲਾਸ ਮੌਕੇ ਵਿਕਟੋਰੀਆਵਿੱਲੇ ਵਿੱਚ ਸੁੱਕਰਵਾਰ ਸ਼ਾਮ ਨੂੰ ਇੱਕਠੇ ਹੋਏ ਸੈਂਕੜੇ ਮੁਜ਼ਾਹਰਾਕਾਰੀਆਂ ਉੱਤੇ ਰਾਇਟ ਪੁਲਿਸ ਨੇ ਅੱਥਰੂ ਗੈਸ ਦੀ ਵਰਤੋਂ ਕੀਤੀ। ਹਾਲਾਂਕਿ ਇਹ ਮੰਨਿਆ ਜਾ ਰਿਹਾ ਹੈ ਕਿ ਜੀਨ ਚਾਰੈਸਟ ਨੇ ਅਰਬਨ ਸੈਂਟਰਾਂ ਵਿੱਚ ਵਿਦਿਆਰਥੀਆਂ ਤੋਂ ਬਚਣ ਲਈ ਆਪਣਾ ਸਲਾਨਾ ਇਜਲਾਸ ਵਿਕਟੋਰੀਆਵਿੱਲੇ ਰੱਖਿਆ ਸੀ ਪਰ ਹਾਲਾਤ ਉਦੋਂ ਮਾੜੇ ਹੋ ਗਏ ਜਦੋਂ ਮੁਜ਼ਾਹਰਾਕਾਰੀ ਉੱਥੇ ਵੀ ਪਹੁੰਚ ਗਏ ਤੇ ਉਨ੍ਹਾਂ ਦਾ ਟਾਕਰਾ ਪੁਲਿਸ ਨਾਲ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਕੁੱਝ ਮੁਜ਼ਾਹਰਾਕਾਰੀਆਂ ਵੱਲੋਂ ਪ੍ਰੋਵਿੰਸ਼ੀਅਲ ਪੁਲਿਸ ਅਧਿਕਾਰੀ ਨੂੰ ਕੁੱਟਿਆ ਮਾਰਿਆ ਵੀ ਗਿਆ। ਰਾਇਟ ਪੁਲਿਸ ਨੇ ਮੁਜ਼ਾਹਰਾਕਾਰੀਆਂ ਨੂੰ ਖਿੰਡਾਉਣ ਲਈ ਰਸਾਇਣਿਕ ਪਦਾਰਥਾਂ ਤੇ ਸਟੰਨ ਗ੍ਰਨੇਡਜ਼ ਦੀ ਵਰਤੋਂ ਵੀ ਕੀਤੀ। ਇਹ ਮੁਜ਼ਾਹਰਾਕਾਰੀ ਟਿਊਸ਼ਨ ਫੀਸਾਂ ਦੇ ਪ੍ਰਸਤਾਵਿਤ ਵਾਧੇ ਖਿਲਾਫ ਇੱਕਠੇ ਹੋਏ ਸਨ। ਟਿਊਸ਼ਨ ਫੀਸਾਂ ਵਿੱਚ ਪ੍ਰਸਤਾਵਿਤ ਵਾਧੇ ਨਾਲ ਪੋਸਟ ਸੈਕੰਡਰੀ ਸਿੱਖਿਆ ਦਾ ਖਰਚਾ ਆਉਣ ਵਾਲੇ ਸਾਲਾਂ ਵਿੱਚ 1,625 ਡਾਲਰ ਤੋਂ ਵੀ ਟੱਪ ਜਾਵੇਗਾ। ਮਾਂਟਰੀਅਲ ਤੇ ਕਿਊਬਿਕ ਸ਼ਹਿਰ ਤੋਂ ਵਿਕਟੋਰੀਆਵਿੱਲੇ ਤੱਕ ਮੁਜ਼ਾਹਰਾਕਾਰੀਆਂ ਨੂੰ ਲੈ ਕੇ ਦਰਜਨਾਂ ਬੱਸਾਂ ਪਹੁੰਚੀਆਂ। ਵਿਕਟੋਰੀਆਵਿੱਲੇ ਮਾਂਟਰੀਅਲ ਤੋਂ 160 ਕਿੱਲੋਮੀਟਰ ਨਾਰਥਈਸਟ ਵੱਲ ਹੈ।

# ਕਬੱਡੀ ਲਈ ਵਿਸ਼ੇਸ਼ ਵੀਜ਼ੇ ਬੰਦ



ਓਟਵਾ (ਨਦਬ ) ਇੰਮੀਗਰੇਸ਼ਨ ਅਤੇ ਸਿਟੀਜ਼ਨਸ਼ਿਪ ਮੰਤਰੀ ਜੇਸਨ ਕੇਨੀ ਨੇ ਟੈਲੀਕਾਨਫਰੰਸਿੰਗ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੈਨੇਡਾ ਸਰਕਾਰ ਨੇ ਕਬੱਡੀ ਮੈਚਾਂ ਲਈ ਵਧੀਆ ਖਿਡਾਰੀ ਸੱਦਣ ਲਈ ਵਿਸ਼ੇਸ਼ ਵੀਜ਼ਾ ਜਾਰੀ ਕਰਨ ਦਾ ਜਿਹੜਾ ਪ੍ਰੋਗਰਾਮ ਪਿਛਲੇ ਸਾਲ ਸ਼ੁਰੂ ਕੀਤਾ ਗਿਆ ਸੀ, ਉਸ ਦੀ ਬਹੁਤ ਦੁਰਵਰਤੋਂ ਹੋਈ ਹੈ। ਇਸ ਦੇ ਮੱਦੇਨਜ਼ਰ ਕਬੱਡੀ ਲਈ ਵਿਸ਼ੇਸ਼ ਵੀਜ਼ਾ ਪ੍ਰੋਗਰਾਮ ਮੁਲਤਵੀ ਕਰ ਦਿਤਾ ਗਿਆ ਹੈ ਅਤੇ ਜਿੰਨਾ ਚਿਰ ਤੱਕ ਕਬੱਡੀ ਦੀ ਕੋਈ ਵਿਸ਼ਵਾਸਯੋਗ ਫੈਡਰੇਸ਼ਨ ਜਾਂ ਸੰਸਥਾ ਨਹੀ ਬਣਦੀ, ਇਹ ਪ੍ਰੋਗਰਾਮ ਚਾਲੂ ਨਹੀਂ ਕੀਤਾ ਜਾਵੇਗਾ।” ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਦੁੱਖ ਹੈ ਕਿ ਬਹੁਤ ਸਾਰੀਆਂ ਅਜਿਹੀਆਂ ਕਲੱਬਾਂ ਅਤੇ ਫੈਡਰੇਸ਼ਨ ਬਣ ਗਈਆਂ ਹਨ, ਜਿਨ੍ਹਾਂ ਨੇ ਸਿਰਫ਼ ਖਿਡਾਰੀਆਂ ਦੇ ਨਾਮ ’ਤੇ ਬਹੁਤ ਸਾਰੇ ਵੀਜ਼ੇ ਲਗਵਾਏ ਸਨ। ਇਸ ਨਾਲ ਕੈਨੇਡਾ ਦੇ ਵੀਜ਼ਾ ਸਿਸਟਮ ਦੀ ਦੁਰਵਰਤੋਂ ਕੀਤੀ ਗਈ ਹੈ। ਉਨ੍ਹਾਂ ਕਿਹਾ, ‘ਮੈਂ ਟਿੰਮ ਉਪਲ, ਬਲ ਗੋਸਲ, ਪਰਮ ਗਿੱਲ, ਦਵਿੰਦਰ ਸ਼ੋਰੀ ਅਤੇ ਨੀਨਾ ਗਰੇਵਾਲ ਅਤੇ ਕਮਿਊਨਿਟੀ ਦੇ ਲੀਡਰਾਂ ਨਾਲ ਮਸ਼ਵਰਾ ਕਰਕੇ, ਵਿਸ਼ੇਸ਼ ਵੀਜ਼ਾ ਮੁਲਤਵੀ ਕਰਨ ਦਾ ਇਹ ਫੈਸਲਾ ਲਿਆ ਹੈ।’ ਉਨ੍ਹਾਂ ਨੇ ਕਿਹਾ ਕਿ 2011 ਦੌਰਾਨ 600 ਤੋਂ ਜ਼ਿਆਦਾ ਕਬੱਡੀ ਖਿਡਾਰੀਆਂ ਨੂੰ ਵੀਜ਼ੇ ਦਿਤੇ ਗਏ ਸਨ, ਜਿਨ੍ਹਾਂ ਵਿਚੋਂ 100 ਦੇ ਲੱਗਭਗ ਵਾਪਸ ਨਹੀਂ ਗਏ ਹਨ। ਇਨ੍ਹਾਂ ਵਿਚੋਂ 27 ਖਿਡਾਰੀਆਂ ਨੇ ਤਾਂ ਰਿਫਿਊਜੀ ਕਲੇਮ ਲਈ ਵੀ ਅਪਲਾਈ ਕਰ ਦਿਤਾ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਕੈਲਗਰੀ ਵਿਚ ਪੰਜਾਬੀ ਮੂਲ ਦੇ ਉਚ ਪੁਲੀਸ ਅਫਸਰ ਨੇ ਦੱਸਿਆ ਕਿ ਕਬੱਡੀ ਖਿਡਾਰੀ ਕਈ ਤਰ੍ਹਾਂ ਦੇ ਜੁਰਮਾਂ ਵਿਚ ਸ਼ਾਮਲ ਸਨ। ਇਨ੍ਹਾਂ ਵਿਚ ਡਰੱਗ ਤਸਕਰੀ, ਔਰਤਾਂ ਤੇ ਲੜਕੀਆਂ ਨੂੰ ਤੰਗ ਕਰਨਾ ਸ਼ਾਮਲ ਸੀ, ਜਿਸ ਨਾਲ ਪੰਜਾਬੀ ਪਰਿਵਾਰਾਂ ਦਾ ਜੀਣਾ ਮੁਹਾਲ ਹੋਇਆ ਸੀ। ਮੀਡੀਆ ਵਲੋਂ ਪੁਛੇ ਗਏ ਪ੍ਰਸ਼ਨ ਕਿ ਕੁਝ ਕਲੱਬਾਂ ਅਤੇ ਫੈਡਰੇਸ਼ਨਾਂ ਕਬੱਡੀ ਖਿਡਾਰੀਆਂ ਨੂੰ ਸੱਦਣ ਲਈ ਪੈਸੇ ਲੈਂਦੀਆਂ ਹਨ, ਬਾਰੇ ਜੇਸਨ ਕੇਨੀ ਨੇ ਕਿਹਾ, ‘ਉਸ ਕੋਲ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਰਿਪੋਰਟਾਂ ਪਹੁੰਚੀਆਂ ਹਨ ਅਤੇ ਮੈਂ ਸਭ ਨੂੰ ਬੇਨਤੀ ਕਰਦਾ ਹਾਂ ਕਿ ਜੇ ਕਿਸੇ ਕੋਲ ਸਬੂਤ ਹਨ ਤਾਂ ਦਿਤੇ ਜਾਣ।’

## ਸਾਹਿਤਕ ਰਸਾਲਾ ‘ਹੁਣ’ ਵੈਬਸਾਈਟ ’ਤੇ

ਪੰਜਾਬੀ ਸ਼ਾਹਿਰ ਅਵਤਾਰ ਜੰਡਿਆਲਵੀ ਅਤੇ ‘ਨਵੀਂ ਦੁਨੀਆ’ ਦੇ ਸੰਪਾਦਕ ਸੁਸ਼ੀਲ ਦੁਸਾਂਝ ਦੀ ਸੰਪਾਦਨਾ ਵਿਚ ਪਿਛਲੇ 7 ਸਾਲ ਤੋਂ ਨਿਕਲ ਰਿਹਾ ਪੰਜਾਬੀ ਦਾ ਮਿਆਰੀ ਅਤੇ ਵੱਡਆਕਾਰੀ ਸਾਹਿਤਕ ਰਸਾਲਾ ‘ਹੁਣ’ ਦੀ ਵੈਬਸਾਈਟ ਪੰਜਾਬੀ ਪਿਆਰਿਆਂ ਲਈ ਖੋਲ੍ਹ ਦਿੱਤੀ ਗਈ ਹੈ। ਹੁਣ ਤੁਸੀਂ ‘ਹੁਣ’ ਦੇ ਪਿਛਲੇ ਅੰਕ ਨੈਟ ’ਤੇ ਪੜ੍ਹ ਸਕਦੇ ਹੋ। ਨਾਲ ਹੀ ‘ਹੁਣ’ ਨੂੰ ਸ਼ਾਹਮੁਖੀ ਵਿਚ ਪੜ੍ਹਿਆ ਜਾ ਸਕੇਗਾ। ‘ਹੁਣ’ ਦੇ ਪਹਿਲੇ ਪੰਜ ਅੰਕ ਪੜ੍ਹਨ ਅਤੇ ਸਾਂਭਣ ਲਈ ਕਲਿੱਕ ਕਰੋ

www.hunpanjabi.net


Great rates. Low fees. Expert advice.



- What's the best option for me, an open or closed mortgage?
- Should I choose a fixed or a variable interest rate?
- Is my downpayment enough for a conventional mortgage?

Before you move into your new home, you have important decisions to make. Let me help you with all of your mortgage questions. I have more than 21 years of experience in the financial services industry. I have been with Servus Credit Union for 12 years, specializing in the mortgage and lending area.

Let's talk.

**Anjali Agarwal**, Mortgage Development Manager 780.718.7217 anjali.agarwal@servus.ca servus.ca

servus credit union

feel good about your money.

BEST MANAGED COMPANIES

# 'ਭਗਤ ਸਿੰਘ: ਰਾਜਨੀਤੀ, ਉਦੋਂ ਤੇ ਹੁਣ' ਵਿਸ਼ੇ 'ਤੇ ਸੈਮੀਨਾਰ ਕਰਵਾਇਆ



*ਉਪਰ ਪ੍ਰਧਾਨਗੀ ਮੰਡਲ 'ਚ ਬੈਠੇ ਹਨ ਖੱਬਿਉਂ ਸੱਜੇ ਗੁਬਿੰਦਰ (ਸੋਨੀ) ਗਿੱਲ, ਡਾ. ਰਾਜ ਪੰਨੂੰ (ਮੁੱਖ ਬੁਲਾਰੇ), ਡਾ. ਪੀ.ਆਰ. ਕਾਲੀਆ, ਦਲਬੀਰ ਸਾਂਗਿਆਂਣ, ਗੁਰਚਰਨ ਬਰਾੜ। ਹੇਠਾਂ ਸੰਬੋਧਨ ਕਰਦੇ ਹੋਏ ਜੋਗਿੰਦਰ ਰੰਧਾਵਾ, ਡਾ. ਰਾਜ ਪੰਨੂੰ, ਪ੍ਰੋ. ਸੋਹੀ, ਪੀ.ਆਰ. ਕਾਲੀਆ, ਦਲਜੀਤ ਰੱਖੜਾ, ਜਸਵੀਰ ਦਿਓਲ, ਦਲਬੀਰ ਸਾਂਗਿਆਂਣ, ਗੁਰਤੇਜ ਬਰਾੜ ਅਤੇ ਗੁਰਬਚਨ ਭੁੱਲਰ।*

ਐਡਮਿੰਟਨ (ਨਦਬ): ਪ੍ਰੋਗਰੈਸਿਵ ਪੀਪਲਜ਼ ਫ਼ਾਊਡੇਸ਼ਨ ਆਫ਼ ਐਡਮਿੰਟਨ ਵਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ 'ਭਗਤ ਸਿੰਘ: ਰਾਜਨੀਤੀ, ਉਦੋਂ ਤੇ ਹੁਣ' ਵਿਸ਼ੇ 'ਤੇ ਮਿਲਵੁਡਜ਼ ਸੀਨੀਅਰ ਸੈਂਟਰ ਵਿਖੇ ਸੈਮੀਨਾਰ ਕੀਤਾ ਗਿਆ। ਸੈਮੀਨਾਰ 'ਚ ਡਾ. ਰਾਜ ਪੰਨੂੰ (ਸਾਬਕਾ ਵਿਧਾਇਕ ਤੇ ਰਿਟ. ਪ੍ਰੋ. ਯੂਨੀਵਰਸਿਟੀ ਆਫ਼ ਅਲਬਰਟਾ) ਨੇ ਮੁੱਖ ਬੁਲਾਰੇ ਵਜੋ ਸ਼ਮੂਲੀਅਤ ਕੀਤੀ ਜਦਕਿ ਪ੍ਰਧਾਨਗੀ ਮੰਡਲ ਵਿੱਚ ਦਲਬੀਰ ਸਾਂਗਿਆਂਣ, ਡਾ. ਪੀ.ਆਰ. ਕਾਲੀਆ, ਗੁਰਚਰਨ ਬਰਾੜ, ਗੁਬਿੰਦਰ (ਸੋਨੀ) ਗਿੱਲ ਸ਼ਾਮਲ ਹੋਏ।

ਸੈਮੀਨਾਰ ਦੀ ਸ਼ੁਰੂਆਤ ਕਰਦਿਆਂ ਸਟੇਜ ਸਕੱਤਰ ਜੋਗਿੰਦਰ ਰੰਧਾਵਾ ਨੇ ਫ਼ਾਊਡੇਸ਼ਨ ਵਲੋਂ ਕਰਵਾਏ ਗਏ ਸਮਾਗਮਾਂ ਬਾਰੇ ਚਾਨਣਾ ਪਾਇਆ। ਬਘੇਲ ਢਿੱਲੋਂ ਨੇ ਕਵਿਤਾ 'ਅੱਜ ਦੇ ਇਨਸਾਨ', ਗੁਰਬਚਨ ਭੁੱਲਰ ਨੇ ਕਵਿਤਾ 'ਮਾਲੀ', ਜੋਗਿੰਦਰ ਰੰਧਾਵਾ ਨੇ ਹਰਭਜਨ ਹੁੰਦਲ ਦੀ ਕਵਿਤਾ 'ਜੁਗਨੂੰ' ਸੁਣਾਈ।

ਡਾ. ਕਾਲੀਆ ਨੇ ਕਿਹਾ, 'ਪਿਛਲੇ 30-40 ਸਾਲਾਂ ਦੌਰਾਨ ਖਾਸ ਕਰਕੇ ਪੰਜਾਬ 'ਚ ਜਿੰਨੀ ਮਾਣ-ਮਰਿਆਦਾ ਭਗਤ ਸਿੰਘ ਦੇ ਨਾਮ ਦੀ ਹੋਈ ਹੈ, ਸ਼ਾਇਦ ਹੀ ਓਨੀ ਹੋਰ ਕਿਸੇ ਦੀ ਹੋਈ ਹੋਵੇ। ਜਗ੍ਹਾ-ਜਗ੍ਹਾ ਭਗਤ ਸਿੰਘ ਦੇ ਪੋਸਟਰ, ਬੈਨਰ ਆਦਿ ਦਿਖਾਈ ਦਿੰਦੇ ਹਨ, ਕਵੀਆਂ ਤੇ ਗਾਇਕਾਂ ਨੇ ਵੀ ਭਗਤ ਸਿੰਘ ਦਾ ਖੂਬ ਗੁਣਗਾਨ ਕੀਤਾ ਹੈ। ਹਰੇਕ ਨੇ ਭਗਤ ਸਿੰਘ ਨੂੰ ਆਪੋ-ਆਪਣੇ ਢੰਗ ਨਾਲ ਪੇਸ਼ ਕੀਤਾ ਹੈ, ਪਰ ਜੇਕਰ ਨਹੀਂ ਬਦਲਿਆ ਤਾਂ ਉਹ ਹੈ ਭਗਤ ਸਿੰਘ ਦਾ ਸੁਨੇਹਾ ਜੋ ਆਦਿ-ਜੁਗਾਦ ਹੋ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਭਗਤ ਸਿੰਘ ਭਾਰਤ ਸੁਤੰਤਰਤਾ ਅੰਦੋਲਨ ਦਾ ਪਹਿਲਾਂ ਜਾਂ ਆਖ਼ਰੀ ਕ੍ਰਾਂਤੀਕਾਰੀ ਨਹੀਂ ਸੀ, ਪਰ ਫੇਰ ਵੀ ਉਸ ਦਾ ਸਥਾਨ ਕ੍ਰਾਂਤੀਕਾਰੀਆਂ 'ਚ ਪਹਿਲੀ ਲਾਈਨ 'ਚ ਪਹਿਲੇ ਸਥਾਨ 'ਤੇ ਆਉਂਦਾ ਹੈ, ਜਿਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਦਲੇਰ ਹੋਣ ਦੇ ਨਾਲ-ਨਾਲ ਉਸ ਦੀ ਵਿਚਾਰਧਾਰਕ ਸੋਚ-ਸਮਝ ਇਨਸਾਨੀ ਕਦਰਾਂ ਕੀਮਤਾਂ, ਹਿੰਸਾ ਤੋਂ ਅਹਿੰਸਾ ਤੱਕ ਦੀ ਸਫ਼ਲ ਯਾਤਰਾ ਹੀ ਉਸ ਨੂੰ ਸ਼ਹੀਦ ਤੋਂ ਸ਼ਹੀਦ-ਏ-ਆਜ਼ਮ ਬਣਾਉਂਦੀ ਹੈ।'

ਮੁੱਖ ਬੁਲਾਰੇ ਡਾ. ਰਾਜ ਪੰਨੂ ਨੇ ਕਿਹਾ, 'ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਫਾਂਸੀ ਹੋਇਆਂ ਅੱਜ 81 ਸਾਲ ਹੋ ਗਏ ਹਨ, ਸਵਾਲ ਪੈਦਾ ਹੁੰਦਾ ਹੈ ਕਿ ਕਿਉਂ ਐਨੇ ਸਾਲਾਂ ਬਾਅਦ ਵੀ ਸਾਨੂੰ ਏਥੇ ਇੱਕਠੇ ਹੋ ਕੇ ਉਨ੍ਹਾਂ ਨੂੰ ਯਾਦ ਕਰਨ ਦੀ ਲੋੜ ਹੈ। ਲੋੜ ਇਸ ਕਰਕੇ ਹੈ ਕਿਉਂਕਿ ਜਿਹੜਾ ਸੰਘਰਸ਼ ਉਨ੍ਹਾਂ ਬਸਤੀਵਾਦ, ਬਰਤਾਨਵੀ ਸਾਮਰਾਜ, ਮਨੁੱਖ ਹੱਥੋਂ ਮਨੁੱਖ ਦੀ ਲੁੱਟ ਆਦਿ ਦੇ ਖ਼ਿਲਾਫ਼ ਸ਼ੁਰੂ ਕੀਤਾ ਸੀ, ਉਸ ਤੋਂ ਪ੍ਰੇਰਨਾ ਲੈ ਕੇ ਅਗਾਂਹ ਤੁਰਨ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ ਭਗਤ ਸਿੰਘ ਨੇ ਮੁੱਖ ਦੋ ਮੁੱਦਿਆਂ ਨੂੰ ਅਧਾਰ ਬਣਾ ਕੇ ਆਪਣੀ ਲੜਾਈ ਲੜੀ, ਪਹਿਲਾਂ ਬਸਤੀਵਾਦ ਤੇ ਸਾਮਰਾਜਵਾਦ ਦੇ ਖ਼ਿਲਾਫ਼ ਤੇ ਦੂਸਰੀ ਸਮਾਜਵਾਦ ਲਿਆਉਣਾ ਤੇ ਰਾਜਨੀਤਿਕ ਤਬਦੀਲੀ ਲਿਆਉਣਾ। ਭਗਤ ਸਿੰਘ ਨੇ ਸਵੈ-ਹਿੱਤਾਂ ਨੂੰ ਪਾਸੇ ਰੱਖ ਕੇ ਲੋਕ ਹਿਤਾਂ ਨੂੰ ਅਪਣਾਇਆ। ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਉਨ੍ਹਾਂ ਦੇ ਹੋਰ ਸਾਥੀਆਂ ਨੇ ਹਿੰਦੋਸਤਾਨ 'ਚ ਰਾਜਨੀਤਕ ਤੇ ਸਮਾਜਕ ਪੱਖ ਨੂੰ ਸਭ ਤੋਂ ਵਧੀਆ ਢੰਗ ਨਾਲ ਪੇਸ਼ ਕੀਤਾ। ਭਗਤ ਸਿੰਘ ਦੇ ਸ਼ੁਰੂਆਤੀ ਦਿਨਾਂ 'ਚ 1857 ਦੇ ਗ਼ਦਰ ਦੀ ਪੰਜਾਹਵੀਂ ਵਰ੍ਹੇਗੰਢ ਸੀ, ਜਿਸ ਦੌਰਾਨ ਅੰਗਰੇਜ਼ ਗ਼ਦਰ ਦਾ ਪ੍ਰਭਾਵ ਘਟਾਉਣ ਲਈ ਆਮ ਲੋਕਾਂ 'ਚ ਆਪਣੀ ਦਹਿਸ਼ਤ ਫੈਲਾ ਰਹੇ ਸਨ, ਲੋਕਾਂ ਨੂੰ ਫਾਂਸੀ 'ਤੇ ਲਟਕਾਇਆ ਜਾ ਰਿਹਾ ਸੀ, ਕੁਟਿਆ ਜਾ ਰਿਹਾ ਸੀ ਆਦਿ ਅਤੇ 1919 ਦੇ ਜ਼ਲਿਆਂ ਵਾਲੇ ਬਾਗ਼ ਦੇ ਘਟਨਾਕਰਮ ਨੇ ਭਗਤ ਸਿੰਘ ਦੇ ਜੀਵਨ 'ਤੇ ਵਿਸ਼ੇਸ਼ ਅਸਰ ਪਾਇਆ।

ਉਨ੍ਹਾਂ ਭਗਤ ਸਿੰਘ ਦੀ ਰਾਜਨੀਤਕ ਤੇ ਸਿਧਾਂਤਕ ਸੂਝ ਤੇ ਆਦਰਸ਼ਾਂ ਦੀ ਵਿਸੇਸ਼ਤਾ ਦੱਸਦਿਆਂ ਕਿਹਾ ਕਿ ਭਗਤ ਸਿੰਘ ਤੋਂ ਪਹਿਲਾਂ ਦੇਸ਼ ਦੇ ਕ੍ਰਾਂਤੀਕਾਰੀਆਂ ਦਾ ਉਦੇਸ਼ ਭਾਰਤ ਦੀ ਆਜ਼ਾਦੀ ਲੈਣਾ ਸੀ ਜਦਕਿ ਭਗਤ ਸਿੰਘ ਦੇ ਵਿਚਾਰ ਅਨੁਸਾਰ ਦੇਸ਼ ਦੀ ਰਾਜਨੀਤਕ ਆਜ਼ਾਦੀ ਦੀ ਲੜਾਈ ਸਾਡੇ ਨਿਸ਼ਾਨੇ ਵੱਲ ਪਹਿਲਾ ਕਦਮ ਹੈ, ਆਖ਼ਰੀ ਪੜਾਅ ਨਹੀਂ, ਸਮਾਜਵਾਦ ਦੀਆਂ ਨੀਹਾਂ 'ਤੇ ਉਸਾਰਿਆ ਸਮਾਜ ਹੀ ਲੋਕਾਂ ਨੂੰ ਅਸਲੀ ਆਜ਼ਾਦੀ ਦੇ ਸਕਦਾ ਹੈ। ਦੂਸਰਾ ਭਾਰਤ 'ਚ ਮੋਢੀ ਮਾਰਕਸਵਾਦੀ ਸਮਾਜਵਾਦ ਦੇ ਵਿਚਾਰਧਾਰਕ ਸਨ ਅਤੇ ਇਸ ਫ਼ਲਸਫ਼ੇ ਨੂੰ ਅਪਣਾਉਣ ਵਾਲੇ ਵਿਅਕਤੀ ਸਨ। ਤੀਸਰਾ ਭਗਤ ਸਿੰਘ ਪਹਿਲੇ ਆਗੂ ਸਨ ਜਿਨ੍ਹਾਂ ਇਨਕਲਾਬੀ ਜਥੇਬੰਦੀ ਦੀ ਲੋੜ 'ਤੇ ਜ਼ੋਰ ਦਿੱਤਾ ਤੇ ਇਸ ਨੂੰ ਹੋਂਦ ਵਿਚ ਲਿਆਉਣ ਲਈ ਆਪਣਾ ਪੂਰਾ ਯੋਗਦਾਨ ਪਾਇਆ। ਚੌਥਾ ਰਾਜਸੀ ਜਥੇਬੰਦੀਆਂ ਦੇ ਜਮਹੂਰੀਕਰਨ ਨੂੰ ਲਾਗੂ ਕਰਨਾ ਚਾਹੁੰਦੇ ਸਨ। ਪੰਜਵਾਂ 1928 ਦਾ ਸਾਲ ਰਾਜਨੀਤਕ ਪੱਖੋਂ ਉਥਲ-ਪੁਥਲ ਵਾਲਾ ਸੀ, ਵੱਡੀ ਪੱਧਰ 'ਤੇ ਮਜ਼ਦੂਰਾਂ ਦੀਆਂ ਹੜਤਾਲਾਂ, ਪੂੰਜੀਵਾਦ ਦੇ ਆਰਥਕ ਸੰਕਟ ਦੀ ਸ਼ੁਰੂਆਤ ਸੀ, ਜਿਸ ਦਾ ਆਮ ਲੋਕਾਂ 'ਤੇ ਬਹੁਤ ਜ਼ਿਆਦਾ ਅਸਰ ਹੋਇਆ।'

ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੰਭਾਲਦਿਆਂ ਜਸਵੀਰ ਦਿਓਲ ਨੇ ਜਿਥੇ ਡਾ. ਰਾਜ ਪੰਨੂ ਦਾ ਵਿਸ਼ੇਸ਼ ਧੰਨਵਾਦ ਕੀਤਾ, ਉਥੇ ਹੀ ਫਾਉਂਡੇਸ਼ਨ ਦੇ ਸੀਨੀਅਰ ਮੈਂਬਰ ਦਲਜੀਤ ਰੱਖੜਾ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿਤਾ। ਦਲਜੀਤ ਰੱਖੜਾ ਨੇ ਕਿਹਾ ਕਿ ਸ਼ਹੀਦਾਂ ਨੂੰ ਯਾਦ ਤਾਂ ਕੀਤਾ ਜਾਂਦਾ ਹੈ ਪਰ ਅਸੀਂ ਉਨ੍ਹਾਂ ਦੇ ਆਦਰਸ਼ਾਂ ਨੂੰ ਨਹੀਂ ਅਪਣਾਉਂਦੇ।

ਪ੍ਰੋ. ਧਾਮੀ ਨੇ ਕਿਹਾ, 'ਅਸੀਂ ਆਜ਼ਾਦ ਹੋਣ ਤੋਂ ਬਾਅਦ ਵੀ ਆਜ਼ਾਦੀ ਦਾ ਨਿੱਘ ਨਹੀਂ ਮਾਣ ਰਹੇ, ਅਸੀਂ ਅੱਜ ਵੀ ਭ੍ਰਿਸ਼ਟ ਲੀਡਰਾਂ ਦੇ ਗੁਲਾਮ ਹਾਂ। ਭਗਤ ਸਿੰਘ ਵੱਲੋਂ ਚਿਤਵਿਆ ਸਮਾਜ ਅਜੇ ਦੂਰ ਦੀ ਗੱਲ ਹੈ।' ਅਖ਼ੀਰ ਵਿਚ ਪ੍ਰੋਗਰੈਸਿਵ ਪੀਪਲਜ਼ ਫ਼ਾਊਡੇਸ਼ਨ ਆਫ਼ ਐਡਮਿੰਟਨ ਦੇ ਪ੍ਰਧਾਨ ਦਲਬੀਰ ਸਾਂਗਿਆਂਣ ਨੇ ਜਿਥੇ ਸਮਾਗਮ ਵਿਚ ਸ਼ਮੂਲੀਅਤ ਕਰਨ ਲਈ ਲੋਕਾਂ ਦਾ ਧੰਨਵਾਦ ਕੀਤਾ, ਉਥੇ ਹੀ ਵਿਸ਼ੇ ਨਾਲ ਸਬੰਧਤ ਆਪਣੀ ਰਾਏ ਵੀ ਸਾਝੀਂ ਕੀਤੀ।

# ਸਕੂਲੀ ਬੱਚਿਆਂ ਨੂੰ ਕੁਦਰਤ ਰਾਹੀਂ ਸਿਹਤਮੰਦ ਆਦਤਾਂ ਸਿਖਾਉਣ ਸਬੰਧੀ ਮੁਹਿੰਮ ਸ਼ੁਰੂ



ਐਡਮਿੰਟਨ, (ਨਦਬ): ਹੋਮ ਸਟੀਡਰ ਐਲੀਮੈਂਟਰੀ ਸਕੂਲ ਦੇ ਦੱਖਣੀ ਪਾਸੇ ਬਰਫ਼ ਦੇ ਪਿਘਲਣ ਤੋਂ ਬਾਅਦ ਉਥੋਂ ਦੀ ਬੰਜਰ ਜ਼ਮੀਨ ਨੂੰ ਹੁਣ ਆਊਟਡੋਰ ਕਲਾਸਰੂਮ (ਖੁਲ੍ਹੇ ਅਸਮਾਨ ਹੇਠਾਂ ਕਲਾਸਰੂਮ) 'ਚ ਤਬਦੀਲ ਕੀਤਾ ਜਾਵੇਗਾ। ਇਸ ਦਾ ਮਕਸਦ ਬੰਦ ਕਮਰਿਆਂ ਦੀ ਬਜਾਏ ਖੁਲ੍ਹੇ ਵਾਤਾਵਰਣ ਨਾਲ ਰੂਬਰੂ ਹੋ ਕੇ ਪੜ੍ਹਾਈ ਕਰਨਾ ਹੈ। ਇਸ ਯਤਨ ਨਾਲ ਬੱਚਿਆਂ ਨੂੰ ਪੇੜ-ਪੌਦਿਆਂ ਅਤੇ ਫਲ-ਸਬਜ਼ੀਆਂ ਬਾਰੇ ਵਧੇਰੇ ਜਾਣਕਾਰੀ ਮਿਲ ਸਕੇਗੀ। ਜ਼ਮੀਨ ਦੇ ਇਸ ਟੋਟੇ 'ਤੇ ਸਬਜ਼ੀਆਂ, ਫ਼ਲ, ਜੰਗਲੀ ਫੁੱਲ, ਸੂਰਜਮੁਖੀ ਦੇ ਬਾਗ਼, ਅਤੇ ਹੋਰ ਪੌਦੇ ਆਦਿ ਲਗਾਏ ਜਾਣਗੇ। ਇਸ ਤੋਂ ਇਲਾਵਾ ਇਥੇ ਬੈਠਣ ਲਈ ਬੈਂਚ ਅਤੇ ਪਥੱਰ ਵੀ ਲਗਾਏ ਜਾਣਗੇ। ਇਸ ਪ੍ਰਾਜੈਕਟ ਦੀ ਮੁਹਿੰਮ ਵਿੱਡਣ ਵਾਲੇ ਸਟਾਫ ਅਤੇ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਇਸ ਨਾਲ ਬੱਚਿਆਂ 'ਚ ਖਾਣ-ਪੀਣ ਦੇ ਸਲੀਕੇ 'ਚ ਸੁਧਾਰ ਹੋਵੇਗਾ। ਜ਼ਿਕਰਯੋਗ ਹੈ ਕਿ ਸਕੂਲ ਵਿਦਿਆਰਥੀਆਂ 'ਚ ਜ਼ਿਆਦਾਤਰ ਡੱਬਾਬੰਦ ਖਾਣਾ ਖਾਣ ਦਾ ਰੁਝਾਨ ਵਧੇਰੇ ਹੈ। ਉਹ ਤਾਜ਼ੀਆਂ ਸਬਜ਼ੀਆਂ, ਫਲ ਆਦਿ ਦੀ ਆਦਤ ਤੋਂ ਬਹਤ ਦੂਰ ਹਨ।

ਕੈਨੇਡਾ 'ਚ ਹੋ ਰਹੇ 'ਆਊਟਡੋਰ ਲਰਨਿੰਗ ਸਪੇਸ' ਮੁਕਾਬਲੇ 'ਚ ਹੋਮਸਟੀਡਰ ਗਾਰਡਨਸ ਪ੍ਰਾਜੈਕਟ 10 ਫਾਇਲਨਲਿਸਟਾਂ ਵਿਚੋਂ ਇਕ ਹੈ ਅਤੇ ਪੂਰੇ ਐਲਬਰਟਾ ਵਿਚੋਂ ਸਿਰਫ਼ ਓਕਤ ਸਕੂਲ ਹੀ ਇਸ ਦੌਰ 'ਚ ਪਹੁੰਚਣ 'ਚ ਕਾਮਯਾਬ ਹੋਇਆ ਹੈ। ਇਸ ਮੁਕਾਬਲੇ ਦੀ ਇਨਾਮੀ ਰਕਮ 20,000 ਹਜ਼ਾਰ ਡਾਲਰ ਹੈ।

ਧਿਆਨ ਦੇਣ ਯੋਗ ਗੱਲ ਇਹ ਹੈ ਕਿ ਮੁਕਾਬਲੇ ਦਈ ਇਸ ਮੁਹਿੰਮ ਤਹਿਤ ਸਕੂਲ ਦੇ ਬੱਚੇ ਅਧਿਆਪਕਾਂ ਨਾਲ ਜ਼ਮੀਨ 'ਤੇ ਬਾਗਬਾਨੀ ਕਰ ਰਹੇ ਹਨ। ਸਿਹਤ ਸਬੰਧੀ ਫੈਸੀਲੀਟੇਟਰ ਲਾਓਰੇਨ ਰਾਬ, ਜਿਸ ਦੀ ਐਪਲ ਸਕੂਲਸ ਪ੍ਰੋਗਰਾਮ ਰਾਹੀ ਹੋਮਸਟੀਡਰ ਵਿਖੇ ਨਿਯੁਕਤੀ ਹੋਈ ਹੈ, ਦਾ ਕਹਿਣਾ ਹੈ ਕਿ ਇਸ ਪ੍ਰਾਜੈਕਟ ਰਾਹੀਂ ਬੱਚਿਆਂ 'ਚ ਸਹੀ ਖਾਣ-ਪੀਣ ਦੀਆਂ ਆਦਤਾਂ ਪੈਦਾ ਕਰਨ ਦਾ ਵਧੇਰੇ ਯਤਨ ਕੀਤਾ ਜਾਵੇਗਾ। ਉਨ੍ਹਾਂ ਦਾ ਮੰਨਣਾ ਹੈ ਕਿ ਜਦੋਂ ਬੱਚੇ ਖੁਦ ਸਬਜ਼ੀਆਂ ਉਗਾਉਣਗੇ ਅਤੇ ਆਪ ਹੀ ਉਨ੍ਹਾਂ ਨੂੰ ਬਣਾਉਣਗੇ ਤਾਂ ਉਨ੍ਹਾਂ ਵਿਚ ਤਾਜ਼ੀਆਂ ਸਬਜੀਆਂ ਖਾਣ ਦਾ ਰੁਝਾਨ ਬਿਨਾ ਸ਼ਕ ਵਧੇਗਾ। ਸਕੂਲ 'ਚ ਹਰ ਹਫ਼ਤੇ ਸੁਆਦ ਸਬੰਧੀ ਟੈਸਟ ਲਿਆ ਜਾਂਦਾ ਹੈ ਤਾਂ ਜੋ ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸਬਜ਼ੀਆਂ ਨਾਲ ਰੂਬਰੂ ਕਰਵਾਇਆ ਜਾਵੇ।

ਐਡਮਿੰਟਨ ਪਬਲਿਕ ਸਕੂਲਸ ਵਲੋਂ ਪ੍ਰਾਪਤ ਜਾਣਕਾਰੀ ਮੁਤਾਬਕ 128 ਐਵੇਨਿਊ ਦੇ 4455 ਵਿਖੇ ਇਸ ਸਕੂਲ 'ਚ 260 ਵਿਦਿਆਰਥੀ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਸਪੈਨਿਸ਼ ਅਤੇ ਸੋਮਾਲੀਆਈ ਬੱਚੇ ਹਨ। ਇਸ ਇਲਾਕੇ 'ਚ ਵਧੇਰੇ ਬੇਰੁਜ਼ਗਾਰੀ, ਘੱਟ ਆਮਦਨ, ਇਮੀਗ੍ਰੇਸ਼ਨ, ਭਾਸ਼ਾ ਦੀ ਰੁਕਾਵਟ, ਸਿੰਗਲ ਪੇਰੈਂਟ ਘਰ, ਘੱਟ ਪੜ੍ਹੇ ਲਿਖੇ ਲੋਕਾਂ ਅਤੇ ਸਮਾਜਿਕ ਪਖੋਂ ਪਛੜੇ ਵਰਗ ਦੇ ਲੋਕਾਂ ਦਾ ਵਸੇਬਾ ਹੈ ਜਿਸ ਕਰਕੇ ਸ਼ਇਦ ਬੱਚਿਆਂ ਵਿਚ ਤਾਜ਼ੀਆਂ ਚੀਜ਼ਾਂ ਖਾਣ ਦਾ ਰੁਝਾਨ ਘੱਟ ਹੈ।

# ਠੇਕੇ ਖਤਮ ਹੋਣ 'ਤੇ ਬੇਰੁਜ਼ਗਾਰ ਟੈਕਸੀ ਚਾਲਕਾਂ ਲਈ ਨਵੇਂ ਕੋਰਸਾਂ ਦੀ ਤਜਵੀਜ

ਐਡਮਿੰਟਨ (ਨਦਬ): ਸਥਾਨਕ ਏਅਰਪੋਰਟ 'ਤੇ ਲੈਡਕ ਕੰਪਨੀ ਦਾ ਕਰਾਰ ਖਤਮ ਹੋਣ ਨਾਲ ਕੰਪਨੀ ਦੇ ਤਕਰੀਬਨ 250 ਟੈਕਸੀ ਡਰਾਈਵਰ ਬੇਰੁਜ਼ਗਾਰ ਹੋਣ ਵਾਲੇ ਹਨ। ਬੇਰੁਜ਼ਗਾਰੀ ਦੀ ਇਸ ਸੱਮਸਿਆ ਤੋਂ ਨਜਿੱਠਣ ਲਈ ਇਨ੍ਹਾਂ ਟੈਕਸੀ ਚਾਲਕਾਂ ਨੂੰ ਸ਼ਹਿਰ ਦੀਆਂ ਜਨਤਕ ਟਰਾਂਸਪੋਰਟ ਦੀਆਂ ਬਸਾਂ ਨੂੰ ਚਲਾਉਣ ਜਾਂ ਫੇਰ ਕੈਬ ਚਾਲਕਾਂ ਵਜੋਂ ਕੰਮ ਦੇ ਮੌਕੇ ਦੇਣ ਸਬੰਧੀ ਤਜਵੀਜ਼ਾਂ ਕੀਤੀਆਂ ਜਾ ਰਹੀਆਂ ਹਨ।

ਕਾਉਂਸਲਰ ਅਮਰਜੀਤ ਸੋਹੀ ਦਾ ਕਹਿਣਾ ਹੈ ਕਿ ਨੌਰਕੁਐਸਟ ਕਾਲਜ ਵਿਖੇ ਹੋਣ ਵਾਲੇ ਟਰਾਂਸਪੋਰਟ ਚਾਲਕਾਂ ਸਬੰਧੀ ਟ੍ਰੇਨਿੰਗ ਪ੍ਰੋਗਰਾਮ 'ਚ ਦਾਖਲੇ ਲਈ ਐਡਮਿੰਟਨ ਸ਼ਹਿਰ ਵਲੋਂ ਇਨ੍ਹਾਂ ਡਰਾਈਵਰਾਂ ਦੀ ਫੀਸ ਮੁਆਫ਼ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਇਸ ਕੋਰਸ ਨਾਲ ਜ਼ਿਆਦਾਤਰ ਪ੍ਰਾਰਥੀਆਂ ਨੂੰ ਟਰਾਂਸਪੋਰਟ ਪ੍ਰਬੰਧਕਾਂ 'ਚ ਰੁਜ਼ਗਾਰ ਪ੍ਰਾਪਤ ਹੋ ਸਕਦੇ ਹਨ। ਬਾਕੀ ਦੇ ਡਰਾਈਵਰਾਂ ਨੂੰ ਏਅਰਪੋਰਟ ਟੈਕਸੀ ਸੇਵਾ ਦੀ ਨਵੀਂ ਐਡਮਿੰਟਨ ਵਿਖੇ ਸਥਾਪਤ ਨੀਲੇ ਰੰਗੀ ਸਰਵਿਸ 'ਚ ਨੌਕਰੀਆਂ ਪ੍ਰਾਪਤ ਹੋ ਸਕਣਗੀਆਂ। ਇਹ ਨੀਲੇ ਰੰਗੀਆਂ ਟੈਕਸੀਆਂ ਕ੍ਰਾਊਨ ਪਲਾਜ਼ਾ ਡਾਊਨ ਟਾਊਨ ਦੇ ਸਾਹਮਣੇ ਬਣੇ ਨਵੇਂ ਸਟੈਂਡ ਤੋਂ ਚਲਾਈਆਂ ਜਾਣਗੀਆਂ। ਇਸ ਤੋਂ ਇਲਾਵਾ ਇਨ੍ਹਾਂ ਟੈਕਸੀ ਚਾਲਕਾਂ ਨੂੰ ਹੋਰਨਾਂ ਟੈਕਸੀ ਠੇਕੇਦਾਰਾਂ ਕੋਲੋਂ ਵੀ ਨੌਕਰੀਆਂ ਪ੍ਰਾਪਤ ਹੋ ਸਕਦੀਆਂ ਹਨ। ਬੀਤੇ ਦਿਨੀਂ ਆਪਣੀਆਂ ਨੌਕਰੀਆਂ ਨੂੰ ਬਚਾਉਣ ਲਈ ਵਿੱਢੀ ਇਕ ਮੁਹਿੰਮ ਤਹਿਤ ਏਅਰਪੋਰਟ ਲਈ ਵਿਸ਼ੇਸ਼ ਚਿੱਟੀਆਂ ਕਾਰਾਂ ਦੇ ਇਹ ਡਰਾਈਵਰ ਏਅਰਪੋਰਟ ਪ੍ਰਬੰਧਕਾਂ ਨੂੰ ਇਹ ਕਰਾਰ ਮੁੜ ਬਹਾਲ ਕਰਨ 'ਤੇ ਜ਼ੋਰ ਪਾ ਰਹੇ ਸਨ।

ਇਸ ਤੋਂ ਇਲਾਵਾ ਉਹ ਯਾਤਰੀਆਂ ਨੂੰ ਆਪਣੇ ਬਿਜ਼ਨਸ ਕਾਰਡ ਵੀ ਵੰਡ ਰਹੇ ਹਨ, ਜਿਸ ਨਾਲ ਯਾਤਰੀ ਬਿਨਾ ਕਿਸੇ ਮੁਸ਼ਕਲ ਦੇ ਜਦੋਂ ਮਰਜ਼ੀ ਉਨ੍ਹਾਂ ਦੀਆਂ ਸੇਵਾਵਾਂ ਲੈ ਸਕਦੇ ਹਨ। ਪਰ ਐਡਮਿੰਟਨ ਕੌਮਾਂਤਰੀ ਏਅਰਪੋਰਟ ਅਥਾਰਟੀ ਨੇ ਪਹਿਲਾਂ ਹੀ ਐਡਮਿੰਟਨ ਸ਼ਹਿਰ ਨਾਲ ਇਕ ਕਰਾਰ 'ਤੇ ਹਸਤਾਖਰ ਕਰ ਲਏ ਹਨ, ਜਿਸ ਤਹਿਤ 17 ਮਈ ਨੂੰ ਪੁਰਾਣਾ ਕਰਾਰ ਖਤਮ ਹੋਣ 'ਤੇ ਇਹ ਨਵਾਂ ਕਰਾਰ 30 ਜੂਨ ਤੋਂ ਲਾਗੂ ਹੋ ਜਾਵੇਗਾ। ਇਹ ਨਵਾਂ ਕਰਾਰ ਐਡਮਿੰਟਨ ਵਿਖੇ ਸਥਾਪਤ ਕੰਪਨੀ ਜਾਂ ਕੰਪਨੀਆਂ ਨੂੰ ਦੇਣ ਦਾ ਸਮਝੌਤਾ ਹੋਇਆ ਹੈ। ਸ਼ਹਿਰ ਦੇ ਕਈ ਸਿਆਸੀ ਆਗੂਆਂ ਨੇ ਵੀ ਖਾਲੀ ਕੈਬਸ ਦੀ ਸਮਸਿਆ ਨਾਲ ਨਜਿਠੱਣ ਲਈ ਬਦਲ 'ਤੇ ਜ਼ੋਰ ਦਿੱਤਾ ਸੀ।

ਜ਼ਿਕਰਯੋਗ ਹੈ ਕਿ 2006 'ਚ ਲੈਡਕ ਕੰਪਨੀ ਨਾਲ ਏਅਰਪੋਰਟ 'ਤੇ ਟੈਕਸੀ ਸੇਵਾ ਦੇਣ ਦਾ ਕਰਾਰ ਕੀਤਾ ਗਿਆ ਸੀ। ਕੰਪਨੀ ਦੀਆਂ ਇਨ੍ਹਾਂ ਕੈਬਸ ਨੂੰ ਇਹ ਮੁਸ਼ਕਿਲ ਪੇਸ਼ ਆਉਂਦੀ ਸੀ ਕਿ ਓਕਤ ਕੈਬਸ ਨੂੰ ਵਾਪਸੀ ਵੇਲੇ ਖਾਲੀ ਹੀ ਮੁੜਨਾ ਪੈਂਦਾ ਸੀ ਜਿਸ ਨਾਲ ਉਨ੍ਹਾਂ ਨੂੰ ਘਾਟਾ ਝਲਣਾ ਪੈਂਦਾ ਸੀ।

ਹੁਣ ਇਸ ਕਰਾਰ ਦੇ ਖ਼ਤਮ ਹੋਣ ਨਾਲ ਇਨ੍ਹਾਂ ਟੈਕਸੀ ਚਾਲਕਾਂ ਨੂੰ ਖਦਸ਼ਾ ਹੈ ਕਿ ਉਨ੍ਹਾਂ ਲਈ ਰੁਜ਼ਗਾਰ ਦੇ ਵਸੀਲੇ ਬਹੁਤ ਘੱਟ ਰਹਿ ਜਾਣਗੇ ਅਤੇ ਉਹ ਆਪਣੇ ਪਰਿਵਾਰਾਂ ਦਾ ਢਿਡ ਕਿਵੇਂ ਭਰਨਗੇ। ਆਪਣੀ ਮੁਹਿੰਮ ਤਹਿਤ ਇਹ ਟੈਕਸੀ ਚਾਲਕ ਇਹ ਚੇਤਾਵਨੀ ਦੇ ਰਹੇ ਹਨ ਕਿ ਨਵੇਂ ਕਰਾਰ ਸਦਕਾ ਖਰਾਬ ਮੌਸਮ ਦੌਰਾਨ ਜਾਂ ਸ਼ੁਕਰਵਾਰ ਵਾਲੇ ਦਿਨ ਯਾਤਰੀਆਂ ਨੂੰ ਟੈਕਸੀਆਂ ਦੀ ਉਡੀਕ ਲਈ ਲੰਬੇ ਸਮੇਂ ਤਕ ਇੰਤਜ਼ਾਰ ਕਰਨਾ ਪੈ ਸਕਦਾ ਹੈ ਜੋ ਉਨ੍ਹਾਂ ਲਈ ਠੀਕ ਨਹੀਂ ਹੈ।

ਦੂਜੇ ਪਾਸੇ ਐਡਮਿੰਟਨ ਏਅਰਪੋਰਟ ਦੀ ਤਰਜਮਾਨ ਸਾਰਾਹ ਮੈਫੇਨ ਦਾ ਕਹਿਣਾ ਹੈ ਕਿ ਇਸ ਨਵੇਂ ਕਰਾਰ ਤਹਿਤ ਖਰਾਬ ਮੌਸਮ ਦੇ ਬਾਵਜੂਦ ਕੁਝ ਟੈਕਸੀਆਂ ਏਅਰਪੋਰਟ 'ਤੇ ਹਮੇਸ਼ਾ ਰਹਿਣਗੀਆਂ ਤਾਂ ਜੋ ਯਾਤਰੀਆਂ ਨੂੰ ਕੋਈ ਮੁਸ਼ਕਲ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਗਾਹਕਾਂ ਨੂੰ ਬਿਹਤਰੀਨ ਸੇਵਾਵਾਂ ਹੀ ਦਿੱਤੀਆਂ ਜਾਣਗੀਆਂ।




Now More Locations To Serve You Better

Preparing you for a safe & healthy journey

Offering National & International Travel Vaccines

ਸੁੱਰਖਿਅਤ ਤੇ ਸਿਹਤਮੰਦ ਸਫ਼ਰ/ਵਾਪਸੀ ਲਈ ਸਾਡੇ ਕੋਲੋਂ ਟੀਕੇ ਜ਼ਰੂਰ ਲਵਾਓ।

Atlas Immunization Services

Phone: 780 465 5150

www.atlasimmunization.com

Suite 104, 7633-50 St. Edmonton (Meridian Place)

ਮੁਹੰਮਦ ਸਦੀਕ ਦੇ ਐਸ.ਸੀ ਪ੍ਰਮਾਣ ਪੱਤਰ ਰੱਦ ਕਰਨ ਦਾ ਮਾਮਲਾ

# ਕਮਿਸ਼ਨ ਦੇ ਆਦੇਸ਼ਾਂ 'ਤੇ ਉਠਣ ਲੱਗੇ ਸਵਾਲ

ਚੰਡੀਗੜ੍ਹ (ਨਦਬ) ਕਾਂਗਰਸ ਵਿਧਾਇਕ ਮੁਹੰਮਦ ਸਦੀਕ ਨੂੰ ਜਾਰੀ ਹੋਇਆ ਅਨੁਸੂਚਿਤ ਜਾਤੀ ਦਾ ਪ੍ਰਮਾਣ ਪੱਤਰ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਵਲੋਂ ਰੱਦ ਕਰਨ ਲਈ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਦਿੱਤੇ ਆਦੇਸ਼ 'ਤੇ ਸਵਾਲ ਖੜ੍ਹੇ ਹੋਣੇ ਸ਼ੁਰੂ ਹੋ ਗਏ ਹਨ। ਜਾਣਕਾਰਾਂ ਦਾ ਮੰਨਣਾ ਹੈ ਕਿ ਡਿਪਟੀ ਕਮਿਸ਼ਨਰ ਵੀ ਕਮਿਸ਼ਨ ਦੀ ਗੱਲ ਮੰਨ ਕੇ ਪ੍ਰਮਾਣ ਪੱਤਰ ਰੱਦ ਨਹੀਂ ਕਰ ਸਕਦੇ, ਬਲਕਿ ਪਹਿਲਾਂ ਵਿਭਾਗ ਨੂੰ ਹੀ ਇਸ ਸਬੰਧ ਵਿਚ ਪੁੱਛਣਾ ਪਵੇਗਾ। ਸੂਤਰਾਂ ਅਨੁਸਾਰ ਵਿਭਾਗ ਦੇ ਅਧਿਕਾਰੀ ਵੀ ਕਮਿਸ਼ਨ ਦੇ ਆਦੇਸ਼ ਤੋਂ ਹੈਰਾਨ ਹਨ। ਇਕ ਸੀਨੀਅਰ ਅਧਿਕਾਰੀ ਨੇ ਡਿਪਟੀ ਕਮਿਸ਼ਨਰ ਨਾਲ ਗੱਲ ਵੀ ਕੀਤੀ ਅਤੇ ਉਨ੍ਹਾਂ ਨੇ ਇਹੀ ਕਿਹਾ ਕਿ ਇਸ ਮਾਮਲੇ ਨੂੰ ਪਹਿਲਾਂ ਵਿਭਾਗ ਕੋਲ ਭੇਜਿਆ ਜਾਵੇਗਾ। ਵਿਧਾਨ ਸਭਾ ਚੋਣਾਂ ਦੌਰਾਨ ਵੀ ਵਿਭਾਗ ਦੇ ਅਧਿਕਾਰੀਆਂ ਨੇ ਮੁੱਖ ਚੋਣ ਅਧਿਕਾਰੀ ਕੁਸੁਮਜੀਤ ਸਿੱਧੂ ਨੂੰ ਜਾਣਕਾਰੀ ਦਿੱਤੀ ਸੀ ਕਿ ਡੂਮ ਜਾਤੀ ਰਾਖਵੇਂ ਵਰਗ ਵਿਚ ਆਉਂਦੀ ਹੈ ਅਤੇ ਇਸ ਨੂੰ ਅਨੁਸੂਚਿਤ ਜਾਤੀ ਦਾ ਪ੍ਰਮਾਣ ਪੱਤਰ ਜਾਰੀ ਕੀਤਾ ਜਾ ਸਕਦਾ ਹੈ। ਪਰ ਵਿਭਾਗ ਵੀ ਇਸ 'ਤੇ ਪੂਰੀ ਤਰ੍ਹਾਂ ਸਪਸ਼ਟ ਨਹੀਂ ਰਿਹਾ ਹੈ।



ਇਸੇ ਦੌਰਾਨ ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੀ ਇਸ ਸਿਫਾਰਸ਼ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

### ਕੈਪਟਨ ਦੇ ਰਹੇ ਹਨ ਕਾਨੂੰਨੀ ਪ੍ਰਕਿਰਿਆ 'ਚ ਦਖ਼ਲ : ਅਕਾਲੀ ਦਲ

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਤੇ ਸਕੱਤਰ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮੁਹੰਮਦ ਸਦੀਕ ਦੇ ਮੁੱਦੇ 'ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਕਾਨੂੰਨੀ ਪ੍ਰਕਿਰਿਆ ਵਿਚ ਦਖ਼ਲ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਮਾਮਲਾ ਹਾਈਕੋਰਟ ਵਿਚ ਹੈ। ਜਨ ਅੰਦੋਲਨ ਸ਼ੁਰੂ ਕਰਨ ਵਰਗੀ ਗੱਲ ਕਰਕੇ ਅਦਾਲਤੀ ਕੰਮ ਵਿਚ ਇਕ ਤਰ੍ਹਾਂ ਨਾਲ ਰੁਕਾਵਟ ਪਾ ਰਹੇ ਹਨ, ਜੋ ਅਦਾਲਤ ਦੀ ਉਲੰਘਣਾ ਹੈ।

ਰਾਜੋਆਣਾ ਨੂੰ ਫਾਂਸੀ ਦੇਣ ਦਾ ਹੁਕਮ ਨਾ ਮੰਨਣ ਦਾ ਮਾਮਲਾ

# ਪਟਿਆਲਾ ਜੇਲ੍ਹ ਸੁਪਰਡੈਂਟ ਨੇ ਅਦਾਲਤ ਤੋਂ ਮੰਗੀ ਮੁਆਫ਼ੀ

ਚੰਡੀਗੜ੍ਹ (ਨਦਬ) ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦੇਣ ਦੇ ਆਦੇਸ਼ ਦਾ ਪਾਲਣ ਨਾ ਕਰਨ ਵਾਲੇ ਪਟਿਆਲਾ ਜੇਲ੍ਹ ਸੁਪਰਡੈਂਟ ਲਖਵਿੰਦਰ ਸਿੰਘ ਜਾਖੜ ਨੇ ਅਦਾਲਤ ਤੋਂ ਮੁਆਫ਼ੀ ਮੰਗੀ ਹੈ।

ਜ਼ਿਕਰਯੋਗ ਹੈ ਕਿ ਇਸ ਮਾਮਲੇ ਵਿਚ ਅਦਾਲਤ ਨੇ ਜਾਖੜ ਨੂੰ ਉਲੰਘਣਾ ਦਾ ਨੋਟਿਸ ਜਾਰੀ ਕੀਤਾ ਸੀ। ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਸ਼ਾਲਿਨੀ ਨਾਗਪਾਲ ਦੀ ਅਦਾਲਤ ਵਿਚ ਦਾਖ਼ਲ ਆਪਣੇ ਜਵਾਬ ਵਿਚ ਲਖਵਿੰਦਰ ਸਿੰਘ ਜਾਖੜ ਨੇ ਰਹਿਮ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਹੈ ਕਿ ਅਦਾਲਤ ਦੀ ਉਲੰਘਣਾ ਕਰਨਾ ਉਨ੍ਹਾਂ ਦਾ ਮਕਸਦ ਨਹੀਂ ਸੀ। ਜੇਕਰ ਇਸ ਨਾਲ ਅਦਾਲਤ ਦੀ ਉਲੰਘਣਾ ਹੁੰਦੀ ਹੈ ਤਾਂ ਮੈਂ ਅਦਾਲਤ ਤੋਂ ਮੁਆਫ਼ੀ ਮੰਗਦਾ ਹਾਂ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸੁਪਰੀਮ ਕੋਰਟ ਦੇ ਨਿਯਮਾਂ ਤਹਿਤ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਟਾਲਣ ਲਈ ਅਪੀਲ ਕੀਤੀ ਸੀ ਕਿਉਂਕਿ ਮਾਮਲੇ ਵਿਚ ਸਹਿ-ਦੋਸ਼ੀ ਦੀ ਪਟੀਸ਼ਨ ਹਾਲੇ ਸੁਪਰੀਮ ਕੋਰਟ ਵਿਚ ਪੈਂਡਿੰਗ ਹੈ।

# ਸਕੂਲਾਂ 'ਚ ਸੀਟਾਂ ਦੀ ਘਾਟ ਦਾ ਸੰਕਟ ਵਧਿਆ

ਐਡਮਿੰਟਨ (ਨਦਬ): ਲਗਾਤਾਰ ਵੱਧ ਰਹੀ ਆਬਾਦੀ ਸਦਕਾ ਇਥੇ ਸਕੂਲਾਂ ਦੀ ਗਿਣਤੀ ਵਧਾਉਣ ਦੀ ਮੰਗ ਵੱਧਦੀ ਜਾ ਰਹੀ ਹੈ। ਐਡਮਿੰਟਨ ਦੇ ਤਿੰਨ ਨਵੇਂ ਸਕੂਲਾਂ 'ਚ ਪਹਿਲਾਂ ਹੀ ਬੱਚਿਆਂ ਦੀ ਗਿਣਤੀ ਐਨੀ ਵੱਧ ਗਈ ਹੈ ਕਿ ਅਗਲੇ ਸੈਸ਼ਨ 'ਚ ਜੇਕਰ ਬਿਲਡਿੰਗ ਦਾ ਵਿਸਤਾਰ ਨਾ ਕੀਤਾ ਗਿਆ ਤਾਂ ਬੱਚਿਆਂ ਨੂੰ ਦੂਜੇ ਸਕੂਲਾਂ 'ਚ ਕੋਈ ਲਾਹੇਵੰਦ ਹਲ ਲਭਣ 'ਚ ਰੁਝੇ ਹੋਏ ਹਨ।



ਜ਼ਿਕਰਯੋਗ ਹੈ ਕਿ ਪੱਛਮੀ ਐਡਮਿੰਟਨ ਦੇ ਸਿਸਟਰ ਐਨੌਟਾ ਬ੍ਰੋਕਮੈਨ ਸਕੂਲ 'ਚ ਐਡਮਿੰਟਨ ਕੈਥੋਲਿਕ ਸਕੂਲ ਅਧਿਕਾਰੀਆਂ ਅਤੇ ਮਾਪਿਆਂ ਦੀ ਮੀਟਿੰਗ ਹੋਣੀ ਸੀ। ਇਸ ਸਕੂਲ 'ਚ 800 ਵਿਦਿਆਰਥੀਆਂ ਦੀ ਗਿਣਤੀ ਵੱਧਣ ਦੀ ਉਮੀਦ ਹੈ। ਜਨਤਕ ਤੇ ਨਿੰਜੀ ਭਾਈਵਾਲੀ, ਜਿਸ ਨੂੰ ਪੀ-3 ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਦੇ ਉਦੱਮਾਂ ਤਹਿਤ ਇਸ ਸਕੂਲ ਦੀ ਬਿਲਡਿੰਗ ਦਾ ਨਿਰਮਾਣ ਹੋਇਆ ਹੈ। ਇਸ ਸਕੂਲ ਨੂੰ ਚਲਾਉਣ ਵਾਲੀ ਕੰਪਨੀ ਦੇ ਨਾਲ ਹੋਏ ਕਰਾਰ ਤਹਿਤ ਕਲਾਸ ਰੂਮਾਂ ਨੂੰ ਵਧਾਉਣ ਦੀ ਇਜਾਜ਼ਤ ਨਹੀਂ ਹੈ। ਐਡਮਿੰਟਨ 'ਚ ਲਗਾਤਾਰ ਵੱਧ ਰਹੀ ਆਬਾਦੀ ਕਰਕੇ ਸਕੂਲਾਂ ਦਾ ਸੰਕਟ ਹੋਰ ਵੱਧ ਰਿਹਾ ਹੈ।

ਸਿਸਟਰ ਐਨੌਟਾ ਬ੍ਰੋਕਮੈਨ ਸਕੂਲ ਅਤੇ ਦੋ ਹੋਰ ਪਬਲਿਕ ਸਕੂਲਾਂ, ਇਸਥਰ ਸਟਾਰਕਮੈਨ ਅਤੇ ਜਾਨੀ ਬ੍ਰਾਇਟ ਨੇ ਕੈਥੋਲਿਕ ਅਤੇ ਪਬਲਿਕ ਸਕੂਲ ਜ਼ਿਲ੍ਹਿਆਂ ਨੂੰ ਵੱਧ ਰਹੇ ਵਿਦਿਆਰਥੀਆਂ ਲਈ ਹੋਰ ਥਾਂ ਬਣਾਉਣ ਦੇ ਬਦਲ ਲਭਣ ਦੀ ਸਿਫਾਰਿਸ਼ ਕੀਤੀ ਹੈ।

ਦੋਨਾਂ ਸਕੂਲ ਜ਼ਿਲ੍ਹਿਆਂ ਦੇ ਮਾਪੇ ਸਿੱਖਿਆ ਮੰਤਰੀ ਥਾਮਸ ਲੁਕਸਜ਼ੁਕ ਨੂੰ ਇਸ ਸੱਮਸਿਆ ਦੇ ਹਲ ਲਈ ਕਈ ਵਾਰ ਲਿਖ ਚੁੱਕੇ ਹਨ। ਲੁਕਸਜ਼ੁਕ ਨੇ ਇਸ ਸੱਮਸਿਆ ਦੇ ਛੇਤੀ ਹਲ ਦਾ ਭਰੋਸਾ ਦੁਆਇਆ ਹੈ।

# ਰਿਫਾਈਨਰੀ ਲਈ ਦੇਣੇ ਹੋਣਗੇ 250 ਕਰੋੜ!

## ਪੰਜਾਬ ਦੇ ਖ਼ਜ਼ਾਨੇ 'ਚ ਪਵੇਗੀ ਮਾਰ, ਸਰਕਾਰ ਹਰ ਸਾਲ ਦੇਵੇਗੀ ਕਰੋੜਾਂ ਰੁਪਏ

ਚੰਡੀਗੜ੍ਹ, (ਨਦਬ)- 14 ਸਾਲ ਬਾਅਦ ਪੂਰੀ ਹੋਈ ਬਠਿੰਡਾ ਦੀ ਗੁਰੂ ਗੋਬਿੰਦ ਸਿੰਘ ਰਿਫਾਈਨਰੀ ਤੋਂ ਖਜ਼ਾਨੇ ਵਿਚ ਆਮਦਨ ਵਧਣ ਦੀ ਬਜਾਏ ਫਿਲਹਾਲ ਪੰਜਾਬ ਦੇ ਖਜ਼ਾਨੇ 'ਤੇ 250 ਕਰੋੜ ਰੁਪਏ ਦਾ ਸਾਲਾਨਾ ਬੋਝ ਪੈਣ ਜਾ ਰਿਹਾ ਹੈ। ਸੂਬਾ ਸਰਕਾਰ ਨੂੰ ਪੰਜ ਸਾਲ ਤੱਕ ਹਰ ਸਾਲ 250 ਕਰੋੜ ਰੁਪਏ ਰਿਫਾਈਨਰੀ ਨੂੰ ਸਮਝੌਤੇ ਅਨੁਸਾਰ ਦੇਣੇ ਹੋਣਗੇ ਅਤੇ ਇਹ ਰਾਸ਼ੀ ਛੇਵੇਂ ਸਾਲ ਤੋਂ 250 ਕਰੋੜ ਰੁਪਏ ਪ੍ਰਤੀ ਸਾਲ ਉਸ ਨੂੰ ਅਗਲੇ ਪੰਜ ਸਾਲ ਤੱਕ ਸਰਕਾਰ ਨੂੰ ਵਾਪਸ ਕਰੇਗੀ। ਭਾਵ ਇਹ ਬਿਨਾਂ ਵਿਆਜ ਰਿਫਾਈਨਰੀ ਨੂੰ ਕਰਜ਼ਾ ਹੋਵੇਗਾ।

ਪਹਿਲਾਂ ਤੋਂ ਹੀ ਵਿੱਤੀ ਤੰਗੀ ਨਾਲ ਜੂਝ ਰਹੀ ਅਕਾਲੀ-ਭਾਜਪਾ ਸਰਕਾਰ ਕੋਲ ਇੰਨੀ ਵੱਡੀ ਰਾਸ਼ੀ ਦੇਣਾ ਵੀ ਆਸਾਨ ਨਹੀਂ ਹੈ ਅਤੇ ਇਹ ਵੀ ਉਸ ਸਮੇਂ ਜਦੋਂ ਪੰਜਾਬ ਦੀ ਆਮਦਨੀ ਅਤੇ ਖਰਚ ਵਿਚ 5000 ਕਰੋੜ ਰੁਪਏ ਤੋਂ ਜ਼ਿਆਦਾ ਦਾ ਅੰਤਰ ਆ ਚੁੱਕਾ ਹੋਵੇ। ਮੁਸ਼ਕਿਲ ਇਹ ਵੀ ਹੈ ਕਿ ਇਸੇ ਸਾਲ ਬਿਜਲੀ ਦੀ ਸਬਸਿਡੀ ਵੀ 1200 ਕਰੋੜ ਰੁਪਏ ਵਧ ਜਾਵੇਗੀ ਅਤੇ ਇਸੇ ਸਾਲ ਤੋਂ ਸਰਕਾਰ ਨੂੰ ਆਪਣਾ ਚੋਣ ਐਲਾਨ ਪੱਤਰ ਪੂਰਾ ਕਰਨ ਲਈ ਵੀ ਕੰਮ ਸ਼ੁਰੂ ਕਰਨਾ ਹੋਵੇਗਾ, ਜਿਸ ਲਈ ਭਾਰੀ ਰਾਸ਼ੀ ਦੀ ਲੋੜ ਹੋਵੇਗੀ। ਧਿਆਨ ਦੇਣ ਵਾਲੀ ਗੱਲ ਹੈ ਕਿ ਪੰਜਾਬ ਵਿਚ ਰਿਫਾਈਨਰੀ ਲਗਾਉਣ ਤੋਂ ਪਹਿਲਾਂ ਇਹ ਸਮਝੌਤਾ ਪੰਜਾਬ ਸਰਕਾਰ ਅਤੇ ਐਚ.ਐਮ.ਈ.ਐਲ ਵਿਚਾਲੇ ਹੋ ਚੁੱਕਾ ਹੈ ਕਿ ਸਰਕਾਰ ਪੰਜ ਸਾਲ ਤੱਕ ਰਿਫਾਈਨਰੀ ਨੂੰ 250 ਕਰੋੜ ਰੁਪਏ ਦੇਵੇਗੀ।

**ਪ੍ਰਬੰਧਕਾਂ ਨੇ 400 ਕਰੋੜ ਰੁਪਏ ਮੰਗੇ ਸਨ**

ਹਾਲਾਂਕਿ 2009 ਵਿਚ ਆਈ ਮੰਦੀ ਤੋਂ ਬਾਅਦ ਇਕਬਾਰਗੀ ਤਾਂ ਰਿਫਾਈਨਰੀ ਪ੍ਰਬੰਧਕਾਂ ਨੇ ਇਸ ਰਾਸ਼ੀ ਨੂੰ 400 ਕਰੋੜ ਤੱਕ ਕਰਨ ਦੀ ਮੰਗ ਕੀਤੀ ਸੀ ਅਤੇ ਉਹ ਵੀ 15 ਸਾਲਾਂ ਲਈ। ਰਿਫਾਈਨਰੀ ਪ੍ਰਬੰਧਕਾਂ ਅਤੇ ਸਰਕਾਰ ਵਿਚਾਲੇ ਬੈਠਕਾਂ ਦੇ ਕਈ ਦੌਰ ਚੱਲੇ, ਪਰ ਅਖੀਰ ਵਿਚ ਸਰਕਾਰ ਨੇ ਰਿਫਾਈਨਰੀ ਪ੍ਰਬੰਧਕਾਂ ਨੂੰ ਸਾਫ ਕਰ ਦਿੱਤਾ ਕਿ ਇੰਨੀ ਵੱਡੀ ਰਾਸ਼ੀ ਨਹੀਂ ਦਿੱਤੀ ਜਾ ਸਕਦੀ। ਉਚ ਪੱਧਰੀ ਸੂਤਰਾਂ ਦਾ ਕਹਿਣਾ ਸੀ ਕਿ ਇਕ ਵਾਰ ਤਾਂ ਸਰਕਾਰ ਇੰਨੀ ਵੱਡੀ ਰਾਸ਼ੀ ਦੇਣ ਲਈ ਇਸ ਪੱਧਰ 'ਤੇ ਤਿਆਰ ਹੋ ਗਈ ਸੀ ਕਿ ਦਿੱਤੀ ਜਾਣ ਵਾਲੀ ਰਾਸ਼ੀ ਦੇ ਬਦਲੇ ਇਸ ਪ੍ਰਾਜੈਕਟ ਵਿਚ ਸਰਕਾਰ ਦੀ ਇਕਵਿਟੀ ਪਾ ਦਿੱਤੀ ਜਾਵੇ, ਜਿਸ ਲਈ ਰਿਫਾਈਨਰੀ ਪ੍ਰਬੰਧਕ ਤਿਆਰ ਨਹੀਂ ਹੋਏ।

ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਇਸੇ ਮਹੀਨੇ ਵੀ ਇਕ ਬੈਠਕ ਰੱਖੀ ਗਈ ਸੀ, ਜਿਸ ਵਿਚ ਰਿਫਾਈਨਰੀ ਨੂੰ 250 ਕਰੋੜ ਰੁਪਏ ਦੀ ਰਾਸ਼ੀ ਦੇਣ 'ਤੇ ਗੱਲਬਾਤ ਹੋਣੀ ਸੀ, ਪਰ ਉਹ ਕਿਸੇ ਕਾਰਨ ਮੁਲਤਵੀ ਕਰ ਦਿੱਤੀ ਗਈ ਅਤੇ ਨਵੀਂ ਤਾਰੀਖ਼ ਹਾਲੇ ਨਿਸ਼ਚਿਤ ਨਹੀਂ ਹੋਈ ਹੈ।

# ਕੈਨੇਡੀਅਨ ਲੋਕ ਵਿੱਤੀ ਜ਼ਿੰਮੇਵਾਰੀ ਪ੍ਰਤੀ ਬੇਮੁਖ

ਐਡਮਿੰਟਨ(ਨਦਬ): ਕੈਨੇਡੀਅਨ ਲੋਕ ਆਪਣੇ ਕ੍ਰੈਡਿਟ ਕਾਰਡਾਂ ਦੀ ਵਰਤੋਂ ਸਬੰਧੀ ਸਮਝ ਰੱਖਣ ਦੀ ਬਜਾਏ ਆਪਣੇ ਨਿੰਜੀ ਪਛਾਣ ਨੰਬਰਾਂ ਦੀ ਸੰਭਾਲ ਪ੍ਰਤੀ ਜ਼ਿਆਦਾ ਚੇਤੰਨ ਹਨ। ਇਕ ਕੌਮੀ ਸਰਵੇਖਣ ਮੁਤਾਬਕ ਜਦੋਂ ਬੈਂਕਿੰਗ ਦੀ ਗੱਲ ਆਉਂਦੀ ਹੈ ਤਾਂ 96 ਫ਼ੀਸਦੀ ਕੈਨੇਡੀਅਨ ਲੋਕ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਪ੍ਰਤੀ ਲਾਹਪਰਵਾਹੀ ਵਰਤਦੇ ਹਨ।

ਇਹ ਸਰਵੇਖਣ ਕੈਨੇਡਾ ਦੀ 'ਫਾਇਨੈਨਸ਼ਿਅਲ ਕੰਜ਼ਿਊਮਰ ਏਜੰਸੀ'(ਵਿੱਤੀ ਖ਼ਪਤਕਾਰ ਏਜੰਸੀ) ਵਲੋਂ ਕੀਤਾ ਗਿਆ। ਇਹ ਸਰਕਾਰੀ ਏਜੰਸੀ ਕੈਨੇਡੀਅਨ ਲੋਕਾਂ ਨੂੰ ਉਨ੍ਹਾਂ ਦੇ ਪੈਸਿਆਂ ਦੀ ਵਰਤੋਂ ਸਬੰਧੀ ਜਾਣਕਾਰੀ ਦੇਣ ਦੇ ਨਾਲ-ਨਾਲ ਸਿੱਖਿਅਤ ਕਰਦੀ ਹੈ ਕਿ ਉਹ ਆਪਣੇ ਪੈਸੇ ਦਾ ਕੀ ਕਰ ਰਹੇ ਹਨ ਅਤੇ ਕੀ ਕਰ ਕਰ ਸਕਦੇ ਹਨ? ਇਹ ਸਰਵੇਖਣ 2,002 ਲੋਕਾਂ 'ਤੇ ਕੀਤਾ ਗਿਆ। ਇਹ ਸਰਵੇਖਣ ਬੈਂਕਿੰਗ ਸਬੰਧੀ ਅਧਿਕਾਰ, ਜ਼ਿੰਮੇਵਾਰੀਆਂ, ਖਾਤਿਆਂ ਦੀਆਂ ਰਿਪੋਰਟਾਂ ਅਤੇ ਵਿੱਤੀ ਜਾਣਕਾਰੀਆਂ 'ਤੇ ਅਧਾਰਤ ਸੀ।

ਇਸ ਸਰਵੇਖਣ ਮੁਤਾਬਕ 67 ਫ਼ੀਸਦੀ ਲੋਕਾਂ ਦਾ ਇਹ ਮੰਨਣਾ ਸੀ ਕਿ ਆਪਣੇ ਪਿਨ ਨੰਬਰਾਂ ਦੀ ਸਾਂਭ-ਸੰਭਾਲ ਦਾ ਅਰਥ ਹੈ ਕਿ ਇਸ ਬਾਰੇ ਆਪਣੇ ਪਤੀ/ਪਤਨੀ ਨੂੰ ਵੀ ਨਾ ਦੱਸਣਾ। ਜਦੋਂ ਕਿ 62 ਫ਼ੀਸਦੀ ਲੋਕਾਂ ਨੂੰ ਇਹ ਜਾਣਕਾਰੀ ਨਹੀਂ ਹੈ ਕਿ ਆਪਣੇ ਕ੍ਰੈਡਿਟ ਖਾਤੇ 'ਤੇ ਕਿਸ ਤਰ੍ਹਾਂ ਪੈਸਿਆਂ ਦਾ ਲੈਣ ਦੇਣ ਕਰਨਾ ਚਾਹੀਦਾ ਹੈ। ਸਿਰਫ਼ 4 ਫ਼ੀਸਦੀ ਲੋਕ ਹੀ ਸਰਵੇਖਣ ਦੇ ਗਲਤ ਜਾਂ ਸਹੀ ਸੁਆਲਾਂ ਦੇ ਸਾਰੇ ਜਵਾਬ ਦੇ ਸਕੇ।

ਇਸ ਤੋਂ ਬਾਅਦ ਏਜੰਸੀ ਵਲੋਂ ਇਨ੍ਹਾਂ ਜਵਾਬਾਂ ਦੀ ਸਾਲ 2006 'ਚ ਕੀਤੇ ਗਏ ਸਰਵੇਖਣ ਨਾਲ ਤੁਲਨਾ ਕੀਤੀ ਗਈ। ਐਫ.ਸੀ.ਏ.ਸੀ ਦੀ ਕਮਿਸ਼ਨਰ ਉਰਸਲਾ ਮੈਮਕੇ ਨੇ ਦੱਸਿਆ ਕਿ ਪਿਛਲੇ ਪੰਜ ਸਾਲਾਂ 'ਚ ਨਿੰਜੀ ਵਿੱਤੀ ਸਾਂਭ-ਸੰਭਾਲ ਸਬੰਧੀ ਕੁਝ ਅਹਿਮ ਖੇਤਰਾਂ ਦੀ ਜਾਣਕਾਰੀ 'ਚ ਗਿਰਾਵਟ ਦਾ ਰੁਝਾਨ ਵੇਖਿਆ ਗਿਆ ਹੈ।

ਐਫ.ਸੀ.ਏ.ਸੀ ਦੀ ਮੀਡੀਆ ਲੋਕ ਸੰਪਰਕ ਅਧਿਕਾਰੀ ਜੂਲੀ ਹੱਸਰ ਦਾ ਕਹਿਣਾ ਹੈ ਕਿ ਏਜੰਸੀ ਇਨ੍ਹਾਂ ਸਰਵੇਖਣਾਂ ਰਾਹੀਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਲੋਕ ਵਿੱਤੀ ਸਾਂਭ-ਸੰਭਾਲ ਬਾਰੇ ਕਿੰਨੇ ਕੁ ਚੇਤੰਨ ਹਨ ਅਤੇ ਉਨ੍ਹਾਂ ਨੂੰ ਸਿੱਖਿਅਤ ਕਰਨ ਲਈ ਕਿਸ ਤਰ੍ਹਾਂ ਦੇ ਨਵੇਂ ਪ੍ਰੋਗਰਾਮ ਉਲੀਕੇ ਜਾਣੇ ਚਾਹੀਦੇ ਹਨ।

Emergency Service 24x7
Free Estimate with Treatment
GOLDEN ARROW PEST CONTROL INC.

CALL @ 780 462 6669
Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.
PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts
ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।
M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

# ਪਲੈਨ ਨੌਰਡ: ਮੁਜ਼ਾਹਰਾਕਾਰੀਆਂ ਤੇ ਪੁਲਿਸ ਵਿਚਾਲੇ ਝੜਪਾਂ, 90 ਵਿਅਕਤੀ ਗ੍ਰਿਫ਼ਤਾਰ

ਮਾਂਟਰੀਅਲ, (ਨਦਬ) : ਮਾਂਟਰੀਅਲ ਦੇ ਪਾਲਾਇਸ ਡੈਸ ਕਾਂਗਰੈਸ ਵਿਖੇ ਪੂਰੇ ਸੁਰੱਖਿਆ ਘੇਰੇ ਵਿਚ ਚੱਲ ਰਹੇ ਸੰਮੇਲਨ ਦੇ ਦੂਜੇ ਦਿਨ ਮੁਜ਼ਾਹਰਾਕਾਰੀਆਂ ਦੀ ਇੱਕ ਵਾਰੀ ਫਿਰ ਦੰਗਾਂ ਰੋਕੂ ਪੁਲਿਸ ਨਾਲ ਝੜਪ ਹੋਈ। ਇਹ ਸੰਮੇਲਨ ਕਿਊਬਿਕ ਦੇ ਉਤਰੀ ਹਿੱਸੇ ਲਈ ਨੌਕਰੀਆਂ ਦੇ ਸਬੰਧ ਵਿਚ ਕਰਵਾਇਆ ਜਾ ਰਿਹਾ ਹੈ। ਕਿਊਬਿਕ ਦੇ 80 ਅਰਬ ਡਾਲਰ ਦੀ ਲਾਗਤ ਵਾਲੀ ਆਰਥਕ ਵਿਕਾਸ ਯੋਜਨਾ ਪਲੈਨ ਨੌਰਡ ਲਈ ਕੰਪਨੀਆਂ ਵਲੋਂ ਨਵੇਂ ਕਾਮੇ ਭਰਤੀ ਕੀਤੇ ਜਾਣ ਦੀ ਆਸ ਹੈ। ਪਰ ਕੁਝ ਫਰਸਟ ਨੇਸ਼ਨਜ਼ ਨੂੰ ਇਸ ਗੱਲ ਦੀ ਚਿੰਤਾ ਹੈ ਕਿ 25 ਸਾਲਾਂ ਦੀ ਇਹ ਰਣਨੀਤੀ ਕਿਵੇਂ ਜ਼ਾਹਰ ਹੋਣ ਜਾ ਰਹੀ ਹੈ। ਪ੍ਰਵਿਰਨਿਤੁਕ, ਜੋ ਕਿ ਇਨੂਇਟ ਪਿੰਡ ਹੈ, ਦੇ ਹੈਰੀ ਤੁਲੁਗਕ ਦਾ ਕਹਿਣਾ ਹੈ ਕਿ ਨੁਨਾਵਿਕ ਦੇ ਸਰੋਤਾਂ ਨੂੰ ਸਾਂਝਾ ਕਰਨ ਲਈ ਉਹ ਤਿਆਰ ਹਨ ਪਰ ਇਹ ਸੁਣਨ ਵਿਚ ਕਦੇ ਨਹੀਂ ਆਇਆ ਕਿ ਕਿਊਬਿਕ ਆਪਣੇ ਸਰੋਤਾਂ ਨੂੰ ਸਾਂਝਾ ਕਰਨਾ ਚਾਹੁੰਦਾ ਹੈ। ਜ਼ਿਕਰਯੋਗ ਹੈ ਕਿ ਕਈ ਐਬੋਰਿਜ਼ਨਲ ਗਰੁੱਪ ਕਨਵੈਨਸ਼ਨ ਸੈਂਟਰ ਦੇ ਬਾਹਰ ਟੈਂਟ ਲਾਈ ਬੈਠੇ ਸਨ। ਇਸ ਯੋਜਨਾਬੱਧ ਢੰਗ ਨਾਲ ਕੀਤੇ ਜਾ ਰਹੇ ਅੰਦੋਲਨ ਵਿਚ ਰੇਜੀਊ ਡੇ ਰਜ਼ਿਸਟੈਂਸ ਡੂ ਕਿਊਬਿਕੋਇਸ ਜਥੇਬੰਦੀ ਦੇ ਮੈਂਬਰਾਂ ਤੋਂ ਇਲਾਵਾ ਐਬੋਰਿਜ਼ਨਲ ਗਰੁੱਪਸ ਤੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ। ਡਾਊਨਟਾਊਨ ਸਥਿਤ ਕਾਨਫਰੰਸ ਸੈਂਟਰ ਨੇੜੇ ਇਨ੍ਹਾਂ ਸਾਰੀਆਂ ਜਥੇਬੰਦੀਆਂ ਵੱਲੋਂ ਦੰਗਾਰੋਕੂ ਪੁਲਿਸ ਬਲ ਦਾ ਸਾਹਮਣਾ ਕੀਤਾ ਗਿਆ। ਇਸ ਅੰਦੋਲਨ ਨੂੰ ਗੈਰਕਾਨੂੰਨੀ ਕਰਾਰ ਦੇ ਕੇ ਪੁਲਿਸ ਨੇ 90 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ। ਰੋਜ਼ਗਾਰ ਦੀ ਭਾਲ ਕਰਨ ਵਾਲੇ ਸੈਂਕੜੇ ਲੋਕ ਕਾਨਫਰੰਸ ਸੈਂਟਰ ਦੇ ਬਾਹਰ ਉਡੀਕ ਕਰਦੇ ਰਹੇ ਤੇ ਪੁਲਿਸ ਅਧਿਕਾਰੀਆਂ ਨੇ ਸੈਂਟਰ ਨੂੰ ਪੂਰੀ ਤਰ੍ਹਾਂ ਘੇਰਿਆ ਹੋਇਆ ਸੀ। ਇਮਾਰਤ ਦੇ ਅੰਦਰ ਪੁਲਿਸ ਦੀ ਨਿਗਰਾਨੀ ਵਿਚ 100 ਦੇ ਲੱਗਭਗ ਕਾਰੋਬਾਰੀ ਅਦਾਰਿਆਂ ਨੇ ਆਪਣੇ ਖੋਖੇ ਲਾਏ ਹੋਏ ਸਨ। ਇੱਥੇ ਦੱਸਣਾ ਬਣਦਾ ਹੈ ਕਿ ਬੀਤੇ ਦਿਨੀਂ ਮੁਜ਼ਾਹਰਾ ਕਰ ਰਹੇ ਸੈਂਕੜੇ ਵਿਦਿਆਰਥੀਆਂ ਨੂੰ ਖਿੰਡਾਉਣ ਲਈ ਰਾਇਟ ਪੁਲਿਸ ਨੇ ਅੱਥਰੂ ਗੈਸ ਤੇ ਭੀੜ ਨੂੰ ਤਿਤਰ ਬਿਤਰ ਕਰਨ ਵਾਲੇ ਗ੍ਰੇਨੇਡਾਂ ਦੀ ਵਰਤੋਂ ਕੀਤੀ। ਪ੍ਰੀਮੀਅਰ ਜੀਨ ਚਾਰੈਸਟ ਇਸ ਇਮਾਰਤ ਦੇ ਅੰਦਰ ਉਤਰ ਵਿੱਚ ਹੋ ਰਹੇ ਵਿਕਾਸ ਦੇ ਵਿਸ਼ੇ ਉੱਤੇ ਗੱਲ ਕਰ ਰਹੇ ਸਨ। ਪੁਲਿਸ ਨੂੰ ਵਧੇਰੇ ਦਖ਼ਲ ਉਦੋਂ ਦੇਣੀ ਪਈ ਜਦੋਂ ਵਿਦਿਆਰਥੀਆਂ ਦਾ ਇੱਕ ਟੋਲਾ ਇਮਾਰਤ ਦੇ ਅੰਦਰ ਦਾਖ਼ਲ ਹੋਣ ਵਿਚ ਕਾਮਯਾਬ ਹੋ ਗਿਆ ਤੇ ਪੁਲਿਸ ਨਾਲ ਉਲਝ ਪਿਆ। ਇਸ ਸਾਰੇ ਰੌਲੇ ਗੌਲੇ ਵਿਚ ਚਾਰੈਸਟ ਦੇ ਭਾਸ਼ਣ ਨੂੰ ਵੀ ਥੋੜ੍ਹੀ ਦੇਰ ਲਈ ਰੋਕਣਾ ਪਿਆ। ਇਸ ਦੌਰਾਨ ਦੋ ਪੁਲਿਸ ਅਧਿਕਾਰੀ ਤੇ ਦੋ ਮੁਜ਼ਾਹਰਾਕਾਰੀ ਜ਼ਖ਼ਮੀ ਹੋ ਗਏ ਜਦਕਿ 17 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਟਿਊਸ਼ਨ ਫੀਸਾਂ ਵਿੱਚ ਕੀਤੇ ਜਾਣ ਵਾਲੇ ਵਾਧੇ ਖਿਲਾਫ ਮਾਂਟਰੀਅਲ ਵਿੱਚ ਵਿਦਿਆਰਥੀ ਸੜਕਾਂ ਉੱਤੇ ਉਤਰ ਆਏ ਹਨ। ਸ਼ੁਕਰਵਾਰ ਵਾਲੀ ਕਾਰਵਾਈ ਇਸੇ ਲੜੀ ਦਾ ਅਗਲਾ ਹਿੱਸਾ ਸੀ। ਇਸੇ ਦੌਰਾਨ ਚਾਰੈਸਟ ਨੇ ਵਿਦਿਆਰਥੀਆਂ ਨੂੰ ਤਾੜਨਾ ਕਰਦਿਆਂ ਹੋਇਆਂ ਆਖਿਆ ਹੈ ਕਿ ਇਸ ਤਰ੍ਹਾਂ ਕੀਤੇ ਜਾਣ ਵਾਲੇ ਮੁਜ਼ਾਹਰਿਆਂ ਨਾਲ ਕੁਝ ਹੱਲ ਨਹੀਂ ਹੋਣ ਵਾਲਾ ਤੇ ਇਸ ਤਰ੍ਹਾਂ ਦੀਆਂ ਕਾਰਵਾਈਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪ੍ਰੀਮੀਅਰ ਨੇ ਆਖਿਆ ਕਿ ਇਹ 2012 ਹੈ, ਇਹ ਕਿਊਬਿਕ ਹੈ। ਸਾਡੇ ਮੰਤਰੀਆਂ ਦੇ ਦਫਤਰਾਂ ਦੇ ਬਾਹਰ ਗੈਸ ਦੇ ਟੈਂਕ, ਬੋਤਲ ਬੰਬ ਤੇ ਹੋਰ ਕਈ ਕੁਝ ਮਿਲ ਰਿਹਾ ਹੈ। ਕਈ ਮੰਤਰੀਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਤੱਕ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਲਾਸ ਨਾਂ ਦੀ ਵਿਦਿਆਰਥੀ ਜਥੇਬੰਦੀ ਨੂੰ ਤਾਂ ਅੱਤਵਾਦੀ ਟੋਲੇ ਦਾ ਨਾਂ ਤੱਕ ਦਿੱਤਾ।

## ਫੀਸਾਂ ਦੇ ਵਾਧੇ ਵਿਰੁੱਧ ਵਿਦਿਆਰਥੀਆਂ ਵਲੋਂ ਦਫਤਰਾਂ ਦੀ ਭੰਨ੍ਹ-ਤੋੜ

ਮਾਂਟਰੀਅਲ, (ਨਦਬ) : ਟਿਊਸ਼ਨ ਫੀਸਾਂ ਵਿਚ ਕੀਤੇ ਗਏ ਵਾਧੇ ਤੋਂ ਖਫ਼ਾ ਵਿਦਿਆਰਥੀਆਂ ਨੇ ਸੋਮਵਾਰ ਨੂੰ ਮਾਂਟਰੀਅਲ ਵਿਚ ਕਈ ਕਿਊਬਿਕ ਕੈਬਨਿਟ ਮੰਤਰੀਆਂ ਦੇ ਦਫ਼ਤਰਾਂ ਦੀ ਭੰਨ੍ਹ-ਤੋੜ ਕੀਤੀ। ਪ੍ਰਾਪਤ ਜਾਣਕਾਰੀ ਅਨੁਸਾਰ ਗੁੱਸੇ ਵਿਚ ਭਰੇ ਵਿਦਿਆਰਥੀਆਂ ਨੇ ਖਿੜਕੀਆਂ ਭੰਨ੍ਹ ਦਿੱਤੀਆਂ, ਦਫਤਰਾਂ ਉੱਤੇ ਬੋਤਲ ਬੰਬ ਤੇ ਲਾਲ ਰੰਗ ਦਾ ਪੇਂਟ ਵੀ ਸੁੱਟਿਆ। ਰਾਤ ਵੇਲੇ ਕਈ ਸਰਕਾਰੀ ਦਫਤਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਜਿਨ੍ਹਾਂ ਦਫਤਰਾਂ ਉੱਤੇ ਹਮਲਾ ਕੀਤਾ ਗਿਆ ਉਨ੍ਹਾਂ ਵਿਚ ਕਿਰਤ ਮੰਤਰੀ, ਵਿੱਤ ਮੰਤਰੀ ਤੇ ਮਨਿਸਟਰ ਇੰਚਾਰਜ ਆਫ਼ ਸੀਨੀਅਰਜ਼ ਦੇ ਦਫਤਰ ਸ਼ਾਮਲ ਹਨ। ਰੈਡ ਸਕੁਏਅਰਜ਼ ਨੂੰ ਵੀ ਰੰਗ ਦਿੱਤਾ ਗਿਆ। ਵਿਦਿਆਰਥੀ ਟੋਲੇ ਬੰਨ੍ਹ ਬੰਨ੍ਹ ਆਏ ਤੇ ਬਹੁਤੇ ਇਹ ਵੀ ਆਖ ਰਹੇ ਸਨ ਕਿ ਉਹ ਹਿੰਸਾ ਨਹੀਂ ਕਰ ਸਕਦੇ ਪਰ ਇਸ ਦੇ ਨਾਲ ਹੀ ਕਿਸੇ ਨੇ ਇਨ੍ਹਾਂ ਰੈਡ ਸਕੁਏਅਰਜ਼ ਦੀ ਵਰਤੋਂ ਕੀਤੀ ਜੋ ਵਿਦਿਆਰਥੀਆਂ ਦਾ ਨਿਸ਼ਾਨ ਹੈ।

ਬਜ਼ੁਰਗਾਂ ਦੇ ਮਾਮਲਿਆਂ ਬਾਰੇ ਮੰਤਰੀ ਦੇ ਦਫ਼ਤਰ ਵਿਚੋਂ ਕੁਝ ਅਜੀਬ ਸਾਮਾਨ ਮਿਲਣ ਤੋਂ ਬਾਅਦ ਉਨ੍ਹਾਂ ਤੋਂ ਉਹ ਥਾਂ ਖਾਲੀ ਕਰਵਾ ਲਈ ਗਈ। ਸੀ.ਈ.ਜੀ.ਈ.ਪੀ. ਵਿਖੇ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

# ਬਰੈਂਪਟਨ ਵਿਚ ਸਭ ਤੋਂ ਜ਼ਿਆਦਾ ਸ਼ੂਗਰ ਦੇ ਮਰੀਜ਼



ਬਰੈਂਪਟਨ, (ਨਦਬ) :ਨਵੇਂ ਅਧਿਐਨ ਤੋਂ ਸਾਹਮਣੇ ਆਇਆ ਹੈ ਕਿ ਦਸ ਲੱਖ ਤੋਂ ਵੀ ਵੱਧ ਓਨਟਾਰੀਓ ਵਾਸੀ ਸ਼ੂਗਰ ਦੇ ਮਰੀਜ਼ ਹਨ। ਸਮੁੱਚੇ ਓਨਟਾਰੀਓ ਦੇ ਮੁਕਾਬਲੇ ਇੱਕਲੇ ਗ੍ਰੇਟਰ ਟੋਰਾਂਟੋ ਏਰੀਏ ਵਿਚ ਹੀ ਅੱਧੇ ਸ਼ੂਗਰ ਦੇ ਮਰੀਜ਼ ਹਨ। ਪ੍ਰੋਵਿੰਸ ਵਿਚੋਂ ਬਰੈਂਪਟਨ, ਮਿਸੀਸਾਗਾ ਦੇ ਕੁੱਝ ਹਿੱਸਿਆਂ, ਇਟੋਬੀਕੋ, ਰੈਕਸਡੇਲ ਤੇ ਸਕਾਰਬੋਰੋ ਵਿਚ ਸ਼ੂਗਰ ਦੇ ਮਰੀਜ਼ ਸਭ ਤੋਂ ਜ਼ਿਆਦਾ ਹਨ। ਫਰਸਟ ਨੇਸ਼ਨਜ਼ ਕਮਿਊਨਿਟੀਜ਼ ਵਿਚ ਸਥਿਤੀ ਇਸ ਤੋਂ ਵੀ ਮਾੜੀ ਹੈ। ਉਥੇ ਤਿੰਨਾਂ ਵਿਚੋਂ ਇਕ ਵਿਅਕਤੀ ਸ਼ੂਗਰ ਦਾ ਮਰੀਜ਼ ਹੈ। ਇਹ ਰਿਪੋਰਟ ਕਲੀਨੀਕਲ ਇਵੈਲਿਊਏਟਿਵ ਸਾਇੰਸਿਜ਼ (ਆਈ.ਸੀ.ਈ.ਐਸ.) ਵੱਲੋਂ ਜਾਰੀ ਕੀਤੀ ਗਈ। ਇਸ ਵਿਚ ਪਹਿਲੀ ਵਾਰੀ ਓਨਟਾਰੀਓ ਦੇ ਸ਼ੂਗਰ ਦੇ ਮਰੀਜ਼ਾਂ ਦੀ ਦਰ ਦਾ ਖ਼ੁਲਾਸਾ ਕੀਤਾ ਗਿਆ। ਇਸ ਤੋਂ ਇਲਾਵਾ ਰਿਪੋਰਟ ਵਿਚ ਸ਼ੂਗਰ ਨਾਲ ਜੁੜੀਆਂ ਸਮੱਸਿਆਵਾਂ ਆਦਿ ਦਾ ਵੀ ਖ਼ੁਲਾਸਾ ਕੀਤਾ ਗਿਆ। ਇਹ ਵੀ ਦੱਸਿਆ ਕਿ ਇਸ ਬਿਮਾਰੀ ਦਾ ਇਲਾਜ ਕਰਵਾਉਣ ਲਈ ਕਿਹੜੇ ਵਿਅਕਤੀਆਂ ਨੂੰ ਅਸਾਨੀ ਨਾਲ ਮਦਦ ਮਿਲ ਸਕਦੀ ਹੈ। ਸ਼ੂਗਰ ਚਿਰਕਾਲੀਨ ਬਿਮਾਰੀ ਹੈ ਤੇ ਇਸ ਕਾਰਨ ਦਿਲ ਦਾ ਦੌਰਾ ਪੈ ਸਕਦਾ ਹੈ, ਗੁਰਦੇ ਕੰਮ ਕਰਨਾ ਬੰਦ ਕਰ ਸਕਦੇ ਹਨ, ਇਨਸਾਨ ਅੰਨ੍ਹਾਂ ਹੋ ਸਕਦਾ ਹੈ ਤੇ ਉਸ ਦਾ ਕੋਈ ਅੰਗ ਕੱਟਣਾ ਵੀ ਪੈ ਸਕਦਾ ਹੈ। ਆਈ.ਸੀ.ਈ.ਐਸ. ਅਨੁਸਾਰ ਪਹਿਲਾਂ ਕੀਤੇ ਗਏ ਅਧਿਐਨਾਂ ਦੇ ਤੁਲਨਾਤਮਕ ਅਧਿਐਨ ਤੋਂ ਪਤਾ ਲੱਗਿਆ ਹੈ ਕਿ 12 ਸਾਲਾਂ ਦੇ ਅੰਦਰ-ਅੰਦਰ ਹੀ ਓਨਟਾਰੀਓ ਵਿਚ ਸ਼ੂਗਰ ਦੇ ਮਾਮਲੇ ਦੁੱਗਣੇ ਹੋ ਗਏ ਹਨ।

ਮਾਹਰਾਂ ਦਾ ਕਹਿਣਾ ਹੈ ਕਿ ਓਨਟਾਰੀਓ ਤੇ ਦੁਨੀਆ ਦੇ ਬਹੁਤੇ ਹਿੱਸਿਆਂ ਵਿਚ ਸ਼ੂਗਰ ਦੇ ਮਾਮਲੇ ਮੋਟਾਪੇ, ਖਾਣ-ਪੀਣ ਦੀਆਂ ਗਲਤ ਆਦਤਾਂ ਤੇ ਬੈਠ ਕੇ ਕੰਮ ਕਰਨ ਕਾਰਨ ਵੱਧ ਰਹੇ ਹਨ। ਪਿੱਛੇ ਜਿਹੇ ਕੈਨੇਡਾ ਪਹੁੰਚੇ ਇਮੀਗ੍ਰੈਂਟਸ ਵਿਚੋਂ ਸਾਊਥ ਏਸ਼ੀਅਨਾਂ ਨੂੰ ਸ਼ੂਗਰ ਦੀ ਸਮੱਸਿਆ ਸਭ ਤੋਂ ਵੱਧ ਹੈ। ਜੀਟੀਏ ਦੇ ਆਲੇ ਦੁਆਲੇ ਜਿਵੇਂ ਬਰੈਂਪਟਨ ਤੇ ਮਿਸੀਸਾਗਾ ਵਿਚ ਸ਼ੂਗਰ ਦੇ ਮਰੀਜ਼ ਬਹੁਤੇ ਹਨ ਕਿਉਂਕਿ ਇਨ੍ਹਾਂ ਇਲਾਕਿਆਂ ਵਿਚ ਸਾਊਥ ਏਸ਼ੀਅਨ ਇਮੀਗ੍ਰੈਂਟਸ ਦੀ ਵਸੋਂ ਜ਼ਿਆਦਾ ਹੈ।

# ਮਰਹੂਮ ਲੇਅਟਨ ਦੀ ਸੀਟ 'ਤੇ ਮੁੜ ਐਨ.ਡੀ.ਪੀ. ਕਾਬਜ਼

ਮਾਂਟਰੀਅਲ (ਨਦਬ) ਐਨ.ਡੀ.ਪੀ. ਦੇ ਆਗੂ ਜੈਕ ਲੇਅਟਨ ਦੀ ਮੌਤ ਮਗਰੋਂ ਖਾਲੀ ਹੋਈ ਸੀਟ ਨੂੰ ਭਰਨ ਲਈ ਕਰਵਾਈ ਗਈ ਜ਼ਿਮਨੀ ਚੋਣ ਵਿਚ ਇਕ ਵਾਰੀ ਮੁੜ ਇਸ ਹਲਕੇ ਉੱਤੇ ਐਨ.ਡੀ.ਪੀ. ਦਾ ਹੀ ਕਬਜ਼ਾ ਹੋ ਗਿਆ। ਯਾਰਕ ਯੂਨੀਵਰਸਿਟੀ ਦੇ ਪ੍ਰੋਫੈਸਰ ਤੇ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੇ ਐਨ.ਡੀ.ਪੀ. ਦੇ ਉਮੀਦਵਾਰ ਕਰੇਗ ਸਕੌਟ ਨੇ ਇਸ ਹਲਕੇ ਤੋਂ ਅਸਾਨ ਜਿੱਤ ਦਰਜ ਕਰਵਾਈ। ਸਕਾਟ ਨੇ ਲਿਬਰਲ ਉਮੀਦਵਾਰ ਗ੍ਰੈਂਟ ਗੌਰਡਨ ਨੂੰ ਕਰਾਰੀ ਹਾਰ ਦਿੱਤੀ। ਜੇਤੂ ਅੰਦਾਜ਼ ਵਿਚ ਸਕਾਟ ਨੇ ਇਹ ਐਲਾਨ ਕੀਤਾ ਕਿ ਇਸ ਇਲਾਕੇ ਵਿਚ ਐਨ.ਡੀ.ਪੀ. ਦੇ ਪ੍ਰਸ਼ੰਸਕ ਬਣੇ ਰਹਿਣਗੇ। ਸਕਾਟ ਨੇ ਆਖਿਆ ਕਿ ਟੋਰਾਂਟੋ-ਡੈਨਫੋਰਥ ਦੇ ਲੋਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਹੈ। ਹੁਣ ਜਲਦ ਹੀ ਐਨ.ਡੀ.ਪੀ. ਓਟਵਾ ਵਿਚ ਵੀ ਕੰਜ਼ਰਵੇਟਵਾਂ ਦੀ ਪਿੱਠ ਲਵਾਏਗੀ। ਪਾਰਟੀ ਦੀ ਅੰਤਰਿਮ ਆਗੂ ਨਿਕੋਲ ਟਰਮਲ ਨੇ ਸਕਾਟ ਨੂੰ ਵਧਾਈ ਦਿੱਤੀ। ਐਨ.ਡੀ.ਪੀ. ਦੀ ਜਿੱਤ ਦਾ ਐਲਾਨ ਹੋਣ ਤੋਂ ਪਹਿਲਾਂ ਹੀ ਲਿਬਰਲਾਂ ਦੇ ਅੰਤਰਿਮ ਆਗੂ ਬੌਬ ਰੇਅ ਨੇ ਮੰਚ ਉੱਤੇ ਪਹੁੰਚ ਕੇ ਐਨ.ਡੀ.ਪੀ. ਨੂੰ ਵਧਾਈਆਂ ਦਿੱਤੀਆਂ।

ਛਪਦੇ-ਛਪਦੇ

# ਕਿਊਬਿਕ ਵਿੱਚ ਟਿਊਸ਼ਨ ਫੀਸ ਬਾਰੇ ਸਰਕਾਰ ਅਤੇ ਵਿਦਿਆਰਥੀ ਆਗੂਆਂ ਵਿਚਾਲੇ ਸਮਝੌਤਾ

## ਗੇਂਦ ਵਿਦਿਆਰਥੀਆਂ ਦੇ ਪਾਲੇ ਵਿੱਚ



ਮਾਂਟਰੀਅਲ, (ਨਦਬ) : ਟਿਊਸ਼ਨ ਫੀਸਾਂ ਵਿੱਚ ਵਾਧੇ ਨੂੰ ਲੈ ਕੇ ਤਿੰਨ ਮਹੀਨੇ ਤੋਂ ਚੱਲ ਰਹੇ ਰੇੜਕੇ ਨੂੰ ਖ਼ਤਮ ਕਰਨ ਲਈ ਅਖੀਰ ਕਿਊਬਿਕ ਸਰਕਾਰ ਤੇ ਵਿਦਿਆਰਥੀ ਆਗੂ ਕਰਾਰ ਕਰਨ ਉੱਤੇ ਸਹਿਮਤ ਹੋ ਗਏ ਹਨ। ਹੁਣ ਇਸ ਕਰਾਰ ਨੂੰ ਪ੍ਰਵਾਨ ਕਰਨ ਜਾਂ ਨਾ ਕਰਨ ਬਾਰੇ ਗੇਂਦ ਵਿਦਿਆਰਥੀਆਂ ਦੇ ਪਾਲੇ ਵਿੱਚ ਪਹੁੰਚ ਗਈ ਹੈ। ਵਿਦਿਆਰਥੀ ਹੀ ਵੋਟ ਕਰਕੇ ਇਹ ਤੈਅ ਕਰਨਗੇ ਕਿ ਉਨ੍ਹਾਂ ਨੂੰ ਇਹ ਸਮਝੌਤਾ ਮਨਜ਼ੂਰ ਹੈ ਜਾਂ ਨਹੀਂ। ਵਿਦਿਆਰਥੀ ਆਗੂਆਂ ਦਾ ਕਹਿਣਾ ਹੈ ਕਿ ਉਹ ਨਹੀਂ ਜਾਣਦੇ ਕਿ ਉਨ੍ਹਾਂ ਦੇ ਸਾਥੀ ਇਸ ਫੈਸਲੇ ਨੂੰ ਕਬੂਲ ਕਰਨਗੇ ਜਾਂ ਨਹੀਂ। ਇਸ ਸਮੇਂ ਕਿਊਬਿਕ ਦੇ ਵਿਦਿਆਰਥੀ ਦੇਸ਼ ਵਿੱਚ ਪੋਸਟ ਸੈਕੰਡਰੀ ਸਿੱਖਿਆ ਲਈ ਸੱਭ ਤੋਂ ਘੱਟ ਫੀਸ ਦਿੰਦੇ ਹਨ। ਇਸ ਸਮਝੌਤੇ ਅਨੁਸਾਰ ਸਰਕਾਰ ਕਿਊਬਿਕ ਦੇ ਵਿਦਿਆਰਥੀਆਂ ਲਈ ਸੱਤ ਸਾਲਾ ਯੋਜਨਾ ਤਹਿਤ ਟਿਊਸ਼ਨ ਫੀਸ ਨੂੰ 1,625 ਡਾਲਰ ਤੱਕ ਪਹੁੰਚਾਵੇਗੀ। ਪਰ ਵਿਦਿਆਰਥੀਆਂ ਦੀਆਂ ਮੰਗਾਂ ਅਨੁਸਾਰ ਉਨ੍ਹਾਂ ਨੂੰ ਸੰਤੁਸ਼ਟ ਕਰਨ ਲਈ ਅਜਿਹਾ ਪ੍ਰਬੰਧ ਕੀਤਾ ਜਾਵੇਗਾ ਜਿੱਥੇ ਕਮੇਟੀ ਕੋਲ ਉਹ ਆਪਣੀ ਰਾਇ ਰੱਖ ਸਕਣਗੇ। ਇਹ ਕਮੇਟੀ ਯੂਨੀਵਰਸਿਟੀ ਬਜਟ ਵਿੱਚ ਬਚਤਾਂ ਦਾ ਖਿਆਲ ਰੱਖੇਗੀ। ਫਿਰ ਇਨ੍ਹਾਂ ਬਚਤਾਂ ਨੂੰ ਹੀ ਵਿਦਿਆਰਥੀਆਂ ਲਈ ਫੀਸ ਘਟਾਉਣ ਵਾਸਤੇ ਵਰਤਿਆ ਜਾਵੇਗਾ। ਫੀਸ ਘਟਾਉਣ ਦੇ ਹੋਰ ਰਾਹ ਵੀ ਹੋ ਸਕਦੇ ਹਨ ਜਿਵੇਂ ਕਿ ਪ੍ਰੀਖਿਆ ਫੀਸ ਘਟਾਉਣਾ ਤੇ ਬੇਸਿਕ ਟਿਊਸ਼ਨ ਦੀਆਂ ਵੱਧ ਰਹੀਆਂ ਕੀਮਤਾਂ ਨੂੰ ਤੈਅ ਕਰਨ ਲਈ ਹੋਰ ਹੀਲਾ ਵਰਤਣਾ।

ਜ਼ਿਕਰਯੋਗ ਹੈ ਕਿ ਫੀਸਾਂ ਵਿੱਚ ਵਾਧੇ ਨੂੰ ਲੈ ਕੇ ਕਿਊਬਿਕ ਦੇ ਵਿਦਿਆਰਥੀ ਪਿਛਲੇ ਤਿੰਨ ਮਹੀਨਿਆਂ ਤੋਂ ਮੁਜ਼ਾਹਰੇ ਤੇ ਰੈਲੀਆਂ ਕਰ ਰਹੇ ਸਨ। ਇਹ ਕਰਾਰ ਉਸ ਸਮੇਂ ਕੀਤਾ ਗਿਆ ਹੈ ਜਦੋਂ ਕਿਊਬਿਕ ਦੇ ਲਿਬਰਲਾਂ ਦੀ ਵਿਕਟੋਰੀਆਵਿੱਲੇ ਵਿੱਚ ਮੀਟਿੰਗ ਖ਼ਤਮ ਹੋਈ।

ਇੱਥੇ ਮੀਟਿੰਗ ਦੌਰਾਨ ਵਿਦਿਆਰਥੀਆਂ ਵੱਲੋਂ ਕੀਤੇ ਗਏ ਹਿੰਸਕ ਮੁਜ਼ਾਹਰੇ ਕਾਰਨ ਨੌ ਵਿਅਕਤੀਆਂ ਨੂੰ ਜ਼ਖ਼ਮੀ ਹੋਣ ਮਗਰੋਂ ਹਸਪਤਾਲ ਭਰਤੀ ਕਰਵਾਇਆ ਗਿਆ। ਐਤਵਾਰ ਦੁਪਹਿਰੇ ਇਸ ਕਰਾਰ ਦੀ ਜਾਣਕਾਰੀ ਪ੍ਰੀਮੀਅਰ ਜੀਨ ਚਾਰੈਸਟ ਨੇ ਕਿਊਬਿਕ ਲਿਬਰਲ ਪਾਰਟੀ ਦੀ ਮੀਟਿੰਗ ਵਿੱਚ ਦਿੱਤੀ।

# ਕਿਊਬਾ ਮੁੱਦਾ : ਅਮਰੀਕਾ ਅਤੇ ਕੈਨੇਡਾ ਯੂਨੀਫਾਇਡ ਲੈਟਿਨ ਅਮਰੀਕੀ ਦੇਸ਼ਾਂ ਦੇ ਵਿਰੁੱਧ

ਕਰਟਾਗੇਨਾ: ਬੀਤੇ ਦਿਨੀ ਅਮਰੀਕੀ ਦੇਸ਼ਾਂ ਦੀ ਹੋਈ ਕਾਨਫੰਰਸ ਵਿਚ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਵਿਕਾਸਸ਼ੀਲ ਖੇਤਰ ਦੇ ਆਪਣੇ ਸਮਰਥੱਨ ਲਈ ਆਏ ਸਨ। ਪਰ ਉਨ੍ਹਾਂ ਨੂੰ ਉਥੋਂ ਅਗਲੇ ਦਿਨ ਕਿਊਬਾ ਦੇ ਭਾਗ ਲੈਣ ਸੰਬਧੀ ਆਪਣੀ ਸਰਕਾਰ ਦੇ ਰਵਈਏ ਕਾਰਨ ਨਿਰਾਸ਼ ਹੋ ਕੇ ਜਾਣਾ ਪਿਆ।

ਜ਼ਿਕਰਯੋਗ ਹੈ ਕਿ ਸਿਰਫ਼ ਅਮਰੀਕਾ ਅਤੇ ਕਨੇਡਾ ਹੀ ਹਨ ਹੋ ਕਿਊਬਾ ਦੇ ਭਵਿਖੀ ਕਾਨਫ੍ਰੰਸਾਂ ਵਿਚ ਭਾਗ ਲੈਣ ਦੇ ਸਮਝੌਤੇ 'ਚ ਰੁਕਾਵਟਾਂ ਪਾ ਰਹੇ ਹਨ। ਇਥੋਂ ਤੱਕ ਕੇ ਇਸ ਕਾਨਫਰੰਸ ਦੇ ਆਯੋਜਕ ਕੋਲੰਬਿਆਈ ਰਾਸ਼ਟਰਪਤੀ ਜੁਆਨ ਮੈਨੂਅਲ ਸੈਂਤੋਸ਼ ਨੇ ਵੀ ਇਹ ਕਿਹਾ ਹੈ ਕਿ ਹੁਣ ਤੋਂ ਤਿੰਨ ਸਾਲਾਂ ਭਾਅਦ ਹੋਣ ਵਾਲੀ ਅਗਲੀ ਕਾਨਫੰਰਸ 'ਚ ਜੇਕਰ ਕਿਊਬਾ ਨੂੰ ਹਿੱਸਾ ਨਾ ਲੈਣ ਦਿੱਤਾ ਗਿਆ ਤਾਂ ਇਸ ਨੂੰ ਬਰਦਾਸ਼ਤ ਨਹੀਂ ਕਲੀਤਾ ਜਾਵੇਗਾ।

ਸ੍ਰੀ ਹਾਰਪਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਕੈਨੇਡਾ ਤਾਂ ਕਿਊਬਾ ਦੀ ਹਮਾਇਤ ਲਈ ਤਿਆਰ ਹੈ ਤੇ ਉਹ ਅਮਰੀਕਾ ਵਲੋਂ ਇਸ ਦੇਸ਼ 'ਤੇ ਪਾਬੰਦੀ ਲਗਾਉਣ ਦੇ ਫੈਸਲੇ ਨਾਲ ਵੀ ਸਹਿਮਤੀ ਨਹੀਂ ਰੱਖਦਾ। ਪਰ 2001 'ਚ ਕਿਊਬੈਕ ਸ਼ਹਿਰ 'ਚ ਹੋਈ ਕਾਨਫੰਰਸ 'ਚ ਲਿਬਰਲ ਪ੍ਰਧਾਨ ਮੰਤਰੀ ਜਨ ਚੇਰੇਟੀਅਨ ਵਲੋਂ ਬਣਾਏ ਗਏ ਸਿਧਾਂਤ ਕਿ ਕਾਨਫੰਰਸ 'ਚ ਭਾਗ ਲੈਣ ਵਾਲਾ ਸੂਬਾ ਜਾਂ ਦੇਸ਼ ਲੋਕਤੰਤਰਕ ਹੋਣਾ ਚਾਹੀਦਾ ਹੈ, ਨਾਲ ਵੀ ਕੈਨੇਡਾ ਖੜਾ ਹੈ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਕਿਊਬਾ ਨੂੰ ਵੱਖਰਾ ਕਰਨ ਦੇ ਫੈਸਲੇ ਦੇ ਹਮਾਇਤੀ ਤਾਂ ਨਹੀਂ ਹਾਂ ਪਰ ਸਾਡਾ ਮੰਨਣਾ ਹੈ ਕਿ ਅਮਰੀਕੀਆਂ ਦੀ ਇਹ ਕਾਨਫਰੰਸ ਸਿਰਫ਼ ਜਮਹੂਰੀ ਦੇਸ਼ਾਂ ਲਈ ਹੀ ਹੈ। ਉਨ੍ਹਾਂ ਕਿਹਾ ਕਿ ਕਿਊਬਾ ਨੂੰ ਭਵਿੱਖ 'ਚ ਇਕ ਲੋਕਤੰਤਰਕ ਦੇਸ਼ ਵਜੋਂ ਭਾਗ ਲੈਣ ਲਈ ਹੱਲਾਸ਼ੇਰੀ ਦੇਣੀ ਚਾਹੀਦੀ ਹੈ।

ਹਾਰਪਰ ਨੇ ਅੱਗੇ ਕਿਹਾ ਕਿ ਸਾਡਾ ਇਹ ਮੰਨਣਾ ਹੈ ਕਿ ਅਮਰੀਕੀ ਦੋਸਤਾਂ ਦੀ ਨੀਤੀ ਦੇ ਉਲਟ ਕੈਨੇਡੀਆਈ ਨੀਤੀ ਹੀ ਐਸੀ ਨੀਤੀ ਹੈ ਜਿਸ ਰਾਹੀਂ ਮਨਮਾਫਿਕ ਨਤੀਜੇ ਹਾਸਲ ਕੀਤੇ ਜਾ ਸਕਦੇ ਹਨ। ਹਾਰਪਰ ਨੇ ਅੱਗੇ ਕਿਹਾ ਕਿ ਉਹ ਇਸ ਮਸਲੇ ਨੂੰ ਇਕ ਸਿਧਾਂਤ ਵਜੋਂ ਦੇਖਦੇ ਹਨ।

ਅੱਗੇ ਕੀ ਹੋਣਾ ਹੈ ਇਸ ਬਾਰੇ ਤਾਂ ਕਿਆਸਆਰੀਆਂ ਜਾਰੀ ਹਨ। ਸੈਨਟੋਸ ਦਾ ਕਹਿਣਾ ਹੈ ਕਿ ਪਨਾਮਾ 'ਚ ਅਗਲੇ ਤਿੰਨ ਸਾਲਾਂ ਬਾਅਦ ਹੋਣ ਵਾਲੀ ਕਾਨਫਰੰਸ 'ਚ ਕਿਊਬਾ ਵਲੋਂ ਹਿੱਸਾ ਲੈਣ ਸਬੰਧੀ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।

ਇਸ ਸਾਲ ਦੀ ਕਾਨਫਰੰਸ ਲੈਟਿਨੀ ਅਮਰੀਕੀ ਦੇਸ਼ਾਂ 'ਚ ਆਪਸੀ ਇਕਮੁਠਤਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਬਿਆਨ ਕਰਦੀ ਸੀ। ਸੈਨਟੋਸ ਨੇ ਕਾਨਫਰੰਸ ਦੀ ਸਮਾਪਤੀ ਮੌਕੇ ਬੋਲਦਿਆਂ ਸਾਰੇ ਦੇਸ਼ਾਂ ਨੂੰ ਬਰਾਬਰੀ ਦਾ ਦਰਜਾ ਦੇਣ ਦੀ ਇੱਛਾ ਦਾ ਪ੍ਰਗਟਾਵਾ ਕੀਤਾ। ਕਿਊਬਾ ਦੇ ਸਾਬਕਾ ਕੈਨੇਡੀਅਨ ਸਫ਼ੀਰ ਮਾਰਕ ਐਂਟਵਿਸਲ ਦਾ ਕਹਿਣਾ ਹੈ ਕਿ ਮਸਲੇ ਸਦਾ ਉਹੀ ਨਹੀਂ ਹੁੰਦੇ, ਜੋ ਦਿੱਸਦੇ ਹਨ। ਅਸਲ 'ਚ ਬ੍ਰਾਜ਼ੀਲ ਅਤੇ ਮੈਕਸਿਕੋ ਵਰਗੀਆਂ ਮਜ਼ਬੂਤ ਇਲਾਕਾਈ ਤਾਕਤਾਂ ਵਲੋਂ ਕਿਊਬਾ ਨੂੰ ਤਾਂ ਇਕ ਪਲੇਟਫਾਰਮ ਵਾਂਗ ਹੀ ਵਰਤਿਆ ਜਾ ਰਿਹਾ ਹੈ।

ਇਸ ਕਾਨਫਰੰਸ ਦੌਰਾਨ ਹਾਰਪਰ ਨੇ ਵਪਾਰ ਅਤੇ ਨਿਵੇਸ਼ ਦੀਆਂ ਲਾਹੇਵੰਦ ਸੰਭਾਵਨਾਵਾਂ ਦੀ ਹਮਾਇਤ ਕਰਦਿਆਂ ਵਿਦੇਸ਼ੀ ਨਿਵੇਸ਼ਕਾਂ ਨੂੰ ਕੈਨੇਡਾ 'ਚ ਵਪਾਰ ਅਤੇ ਨਿਵੇਸ਼ ਦਾ ਸੱਦਾ ਦਿੱਤਾ।

ਇਸ ਤੋਂ ਇਲਾਵਾ ਵਖ-ਵਖ ਦੇਸ਼ਾਂ ਦੇ ਆਗੂਆਂ ਨੇ ਨਸ਼ੀਲੇ ਪਦਾਰਥਾਂ ਵਿਰੁਧ ਜੰਗ ਵਿੱਢਣ ਲਈ ਗੱਲਬਾਤ ਸ਼ੁਰੂ ਕਰਨ 'ਤੇ ਸਹਿਮਤੀ ਪ੍ਰਗਟਾਈ। ਇਸ ਦੇ ਨਾਲ ਹੀ ਮੈਕਸਿਕੋ ਅਤੇ ਕੇਂਦਰੀ ਅਮਰੀਕਾ 'ਚ ਵੱਧ ਰਹੀ ਅਰਾਜਕਤਾ 'ਤੇ ਠੱਲ੍ਹ ਪਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਗਿਆ।

# ਕੌਂਸਲਰਾਂ ਦੀ ਆਪਸੀ ਧੜੇਬੰਦੀ ਕਾਰਨ ਮੈਨੀਟੋਬਾ ਵਾਟਰ ਪਾਰਕ ਯੋਜਨਾ 'ਤੇ ਪਾਣੀ ਫਿਰਨ ਲੱਗਾ



ਮੈਨੀਟੋਬਾ 'ਚ ਚਲ ਰਹੇ ਵਾਟਰ ਪਾਰਕ ਦੇ ਮੁੱਦੇ ਸਬੰਧੀ ਕੌਂਸਲਰਾਂ ਦੀ ਆਪਸੀ ਧੜੇਬੰਦੀ ਸਦਕਾ ਲੱਗਦਾ ਹੈ ਕਿ ਇਸ ਯੋਜਨਾ 'ਤੇ ਪਾਣੀ ਫਿਰ ਰਿਹਾ ਹੈ। ਕੌਂਸਲਰ ਜਸਟਿਨ ਸਵੈਂਡਲ ਦਾ ਮੰਨਣਾ ਹੈ ਕਿ ਸਿਆਸੀ ਦਲੇਰੀ ਦੀ ਕਮੀ ਦੇ ਨਤੀਜੇ ਵਜੋਂ ਹੀ ਕਈ ਈ.ਪੀ.ਸੀ. ਮੈਂਬਰਾਂ 'ਚ ਆਪਸੀ ਮਤਭੇਦ ਹਨ। ਵਿਨੀਪੈਗ ਦੀ ਹਾਲੀਆ ਵਾਟਰ ਪਾਰਕ ਯੋਜਨਾ ਲਈ 7 ਮਿਲੀਅਨ ਡਾਲਰ ਦੀ ਗ੍ਰਾਂਟ ਦੇਣ ਸਬੰਧੀ ਬੀਤੇ ਦਿਨੀਂ ਸ਼ਹਿਰ ਦੀ ਕੌਂਸਲ ਦੀ ਕਾਰਜਕਾਰੀ ਨੀਤੀ ਕਮੇਟੀ(ਐਗਜ਼ੀਕਿਊਟਿਵ ਪਾਲਿਸੀ ਕਮੇਟੀ) ਦੇ ਪੰਜ ਮੈਂਬਰਾਂ ਵਿਚਾਲੇ ਹੋਈ ਮੀਟਿੰਗ ਦਾ ਮਕਸਦ ਦੋਨਾਂ ਕਮੇਟੀਆਂ ਦੇ ਮੈਂਬਰਾਂ ਨੂੰ ਇਸ ਯੋਜਨਾ ਸਬੰਧੀ ਉਠੇ ਮਸਲੇ ਦੇ ਹਲ ਲਈ ਪ੍ਰੇਰਨਾ ਸੀ। ਇਸ ਮਟਿੰਗ ਤੋਂ ਪਹਿਲਾਂ ਵੀ ਈ.ਪੀ.ਸੀ. ਦੇ ਕੌਂਸਲਰਾਂ ਦੀ ਇਕ ਮੀਟਿੰਗ ਹੋਈ ਸੀ ਜਿਸ ਵਿਚ ਕੌਂਸਲਰ ਜਸਟਿਨ ਸਵੈਂਡਲ, ਪਾਊਲਾ ਹੈਵਿਕਸਬੈਕ, ਰੱਸ ਵਾੱਟ, ਡੈਨ ਵੈਂਡਲ, ਸਕਾਟ ਫਿਲਡਿੰਗ ਸ਼ਾਮਲ ਸਨ। ਇਸ ਮੀਟਿੰਗ 'ਚ ਪਾਰਸਲ ਫੋਰ ਨਾਂ ਦੀ ਖਾਲੀ ਪਈ ਥਾਂ ਨੂੰ ਕੈਨਾਲਟਾ ਵਜੋਂ ਜਾਣੇ ਜਾਂਦੇ ਹੋਟਲਾਂ ਦੇ ਬਹੁਤ ਵੱਡੇ ਕਾਰੋਬਾਰੀ, ਡ੍ਰਮਹੈਲੱਰ ਨੂੰ 6 ਮਿਲੀਅਨ ਡਾਲਰ 'ਚ ਵੇਚਣ ਦੇ ਹੱਕ 'ਚ ਸਰਬਸੰਮਤੀ ਨਾਲ ਵੋਟ ਪਾਈ ਗਈ। ਜ਼ਿਕਰਯੋਗ ਹੈ ਕਿ ਇਸ ਹੋਟਲ ਮਾਲਕ ਵਲੋਂ 'ਦ ਫੋਰਕਸ' ਦੇ ਨੇੜੇ ਇਸ 2.2 ਹੈਕਟੇਅਰ ਥਾਂ 'ਤੇ 250 ਕਮਰਿਆਂ ਵਾਲਾ ਹੋਟਲ, 50,000 ਸੁਕੇਅਰ ਫੁੱਟ ਦਾ ਵਾਟਰ ਪਾਰਕ ਅਤੇ 450 ਸਟਾਲ ਪਾਰਕੇਡ ਬਣਾਉਣ ਦੀ ਯੋਜਨਾ ਹੈ।

ਸ਼ਹਿਰ ਦੀ ਇਸ ਯੋਜਨਾ ਤਹਿਤ ਅਗਲੇ 25 ਸਾਲਾਂ ਲਈ 700,000 ਡਾਲਰ ਦੀ ਕੀਮਤ ਵਾਲੇ ਐਡਮਸ਼ਿਨ ਸ੍ਰੈਡਿਟਸ ਦੇ ਬਦਲੇ ਕੈਨਾਲਟਾ ਨੂੰ 7 ਮਿਲੀਅਨ ਡਾਲਰ ਦੇਣੇ ਹਨ।ਪਰ ਇਸ ਯੋਜਨਾ ਦੀ ਵਿਸਤਰਿਤ ਜਾਣਕਾਰੀ ਨਾ ਹੋਣ ਕਰਕੇ ਅਤੇ ਨਾ ਖੁਸ਼ ਹਲਕਿਆਂ ਵਲੋਂ ਵੱਧ ਰਹੇ ਫੋਨ ਕਾਲਾਂ ਤੇ ਈ-ਮੇਲਾਂ ਕੌਂਸਲ ਦੇ ਕਈ ਮੈਂਬਰਾਂ ਦੀ ਸਿਰ ਦਰਦੀ ਦਾ ਕਾਰਨ ਬਣੀਆਂ ਹੋਈਆਂ ਹਨ। ਬੀਤੇ ਦਿਨੀਂ ਕੈਨਾਲਟਾ ਯੋਜਨਾ ਸਬੰਧੀ ਹੋਈ ਇਸ ਮੀਟਿੰਗ 'ਚ ਖਾਸ ਤੌਰ 'ਤੇ ਵੈਂਡਲ ਅਤੇ ਫਿਲਡਿੰਗ ਨੇ ਇਸ ਪ੍ਰਤੀ ਆਪਣੀ ਬੇਭਰੋਸਗੀ ਜਤਾਉਣੀ ਸ਼ੁਰੂ ਕਰ ਦਿੱਤੀ ਹੈ। ਫਿਲਡਿੰਗ ਨੇ ਤਾਂ ਇਸ ਸਬੰਧੀ ਲੋੜੀਂਦੀਆਂ ਸੋਧਾਂ ਲਈ ਆਪਣੀ ਸਹਿਮਤੀ ਪ੍ਰਗਟਾ ਦਿੱਤੀ ਪਰ ਵੈਂਡਲ ਦਾ ਮੰਨਣਾ ਹੈ ਕਿ ਜਦੋਂ ਤੱਕ ਕੈਨਾਲਟਾ ਜਨਤਕ ਪਹੁੰਚ ਸਬੰਧੀ ਸਮਝੌਤਾ ਮੁਕੰਮਲ ਨਹੀਂ ਕਰਦਾ, ਸਾਈਟ ਪਲਾਨ ਅਤੇ ਬਿਲਡਿੰਗ ਯੋਜਨਾ ਨੂੰ ਜਮ੍ਹਾਂ ਨਹੀਂ ਕਰਾਉਂਦਾ ਤੇ ਮਨੁੱਖੀ ਅਧਿਕਾਰਾਂ ਸਬੰਧੀ ਜਨਤਾ, ਦ ਫੋਰਕਸ ਤੇ ਕੈਨੇਡੀਅਨ ਮਿਊਜ਼ੀਅਮ ਦੇ ਨਾਲ ਇਸ ਸਬੰਧੀ ਰੂਬਰੂ ਨਹੀਂ ਹੁੰਦਾ ਉਦੋਂ ਤੱਕ ਵੋਟਾਂ ਨੂੰ ਪਿੱਛੇ ਪਾਇਆ ਜਾਣਾ ਚਾਹੀਦਾ ਹੈ। ਇਨ੍ਹਾਂ ਮਤਭੇਦਾਂ ਸਦਕਾ ਮੀਟਿੰਗ ਕਿਸੇ ਵੀ ਸਰਬਸੰਮਤੀ ਵਾਲੇ ਫੈਸਲੇ 'ਤੇ ਪੁੱਜ ਨਹੀਂ ਸਕੀ। ਇਸ ਮੀਟਿੰਗ ਦੇ ਦੌਰਾਨ ਸਭ ਤੋਂ ਪਹਿਲਾਂ ਹੈਵਿਕਸਬੈਕ ਵਿਚੋਂ ਉਠ ਕੇ ਚਲੀ ਗਈ ਉਸ ਤੋਂ ਬਾਅਦ ਸਵੈਂਡਲ ਚਲਾ ਗਿਆ। ਜਾਣ ਤੋਂ ਪਹਿਲਾਂ ਉਸ ਨੇ ਕੈਨਾਲਟਾ ਯੋਜਨਾ ਵਿਚ ਬਿਨਾ ਕਿਸੇ ਤਬਦੀਲੀ ਦੇ ਹੀ ਕੌਂਸਲ ਵੋਟ ਨੂੰ ਮੁਲਤਵੀ ਕਰਨ ਬਾਰੇ ਜ਼ੋਰ ਦਿੱਤਾ। ਆਮ ਤੌਰ 'ਤੇ ਸ਼ਹਿਰੀ ਕੌਂਸਲ ਵਿਖੇ ਈ.ਪੀ.ਸੀ ਦੀਆਂ ਵੋਟਾਂ ਨੂੰ ਘੱਟ ਹੀ ਮੰਨਿਆ ਜਾਂਦਾ ਹੈ। ਕਈ ਅਹਿਮ ਮਾਮਲਿਆਂ 'ਤੇ ਮੇਅਰ ਬਹੁਮਤ ਹਾਸਲ ਕਰਨ ਲਈ ਇਸ ਗੈਰ ਸਰਕਾਰੀ ਕੈਬਿਨਟ ਦਾ ਆਸਰਾ ਲੈਂਦਾ ਹੈ। ਪਰ ਇਸ ਵਾਰ ਇਸ ਮਾਮਲੇ 'ਚ ਮੇਅਰ ਦੀ ਗੈਰ ਮੌਜੂਦਗੀ ਕਾਰਨ ਕੋਈ ਵੀ ਇਸ ਮੁੱਦੇ ਦੇ ਕਿਸੇ ਸਰਬਸੰਮਤ ਨਤੀਜੇ 'ਤੇ ਨਹੀਂ ਪਹੁੰਚ ਪਾਇਆ, ਹਾਂ, ਐਨਾ ਜ਼ਰੂਰ ਹੋਇਆ ਕਿ ਈ.ਪੀ.ਸੀ ਦੀਆਂ ਕੁਝ ਕੁ ਸਖ਼ਸ਼ੀਅਤਾਂ ਬਿਨਾਂ ਸ਼ੁਕ ਥੋੜ੍ਹੀ ਬਹੁਤੀ ਸਹਿਮਤੀ ਬਣਾਉਣ 'ਚ ਸਫਲ ਹੋਈਆਂ ਸਨ। ਇਸ ਮੀਟਿੰਗ ਤੋਂ ਬਾਅਦ ਕੌਂਸਲ ਦੀ ਹੋਈ ਮੀਟਿੰਗ ਵਿਚ ਤਾਂ ਦਾਣੇ ਜ਼ਮੀਨ 'ਤੇ ਖਿਲਰੇ ਹੋਏ ਨਜ਼ਰ ਆਏ ਜਦੋਂ ਸਵੈਂਡਲ ਵਲੋਂ ਬਹੁਮਤ ਲਈ ਹੋਣ ਵਾਲੀਆਂ ਵੋਟਾਂ ਨੂੰ ਦੋ ਮਹੀਨਿਆਂ ਲਈ ਹੋਰ ਅੱਗੇ ਟਪਾਉਣ ਦੀ ਕੋਸ਼ਿਸ਼ ਨੂੰ ਖਾਰਜ ਕਰ ਦਿੱਤਾ ਗਿਆ। ਹੋਰ ਤਾਂ ਹੋਰ ਉਸ ਨੂੰ ਸਮਾਪਤੀ ਭਾਸ਼ਣ ਦੇਣ ਦਾ ਵੀ ਮੌਕਾ ਨਹੀਂ ਦਿੱਤਾ ਗਿਆ। ਇਸ ਤੋਂ ਇਲਾਵਾ ਡਿਪਟੀ ਮੇਅਰ ਵੀ ਮੂੰਹ ਤਕਦਾ ਰਹਿ ਗਿਆ ਜਦੋਂ ਵੈਂਡਲ ਵਲੋਂ ਤਜਵੀਜ਼ ਕੀਤੇ ਕੈਨਾਲਟਾ ਯੋਜਨਾ ਵਿਚ ਸੋਧ ਤੇ ਇਸ ਨੂੰ ਅੱਗੇ ਪਾਉਣ ਦੀ ਤਜਵੀਜ਼ ਨੂੰ ਕੌਂਸਲ ਨੇ 10-5 ਵੋਟ ਦਿੱਤੇ। ਵੋਟਾਂ ਤੋਂ ਬਾਅਦ ਵੈਂਡਲ ਨੇ ਪਤੱਰਕਾਰਾਂ ਨੂੰ ਕਿਹਾ, "ਐਨੇ ਵੱਡੇ ਨਿਵੇਸ਼ ਦੇ ਮਾਮਲੇ ਵਿਚ ਮੈਨੂੰ ਲੱਗਦਾ ਹੈ ਕਿ ਇਸ ਤਰ੍ਹਾਂ ਦੀ ਜਾਣਕਾਰੀ ਲੈਣਾ ਕੋਈ ਗਲਤ ਗੱਲ ਨਹੀਂ ਹੈ।" ਉਸ ਨੇ ਅੱਗੇ ਕਿਹਾ, "ਜਦੋਂ ਤੁਹਾਡੇ ਕੋਲ ਕੰਮ ਯੋਜਨਾ ਹੋਵੇ, ਸਾਈਟ ਪਲਾਨ ਹੋਵੇ ਅਤੇ ਇਹ ਪਤਾ ਹੋਵੇ ਕਿ ਬਿਲਡਿੰਗ ਦੀ ਉਸਾਰੀ ਕਿਥੇ ਹੋਣੀ ਹੈ ਤਾਂ ਉਸ ਵੇਲੇ ਜਨਤਾ ਤੋਂ ਹਾਂ-ਪੱਖੀ ਫੈਸਲਾ ਲੈਣਾ ਜ਼ਿਆਦਾ ਅਸਾਨ ਹੋ ਜਾਂਦਾ ਹੈ। ਕਿਉਂਕਿ ਇਹ ਕੈਨਾਲਟਾ ਯੋਜਨਾ ਪ੍ਰਤੀ ਪੂਰੀ ਤਰ੍ਹਾਂ ਅਪ੍ਰਵਾਨੀ ਨਹੀਂ ਹੈ ਇਸ ਕਰਕੇ ਵੈਂਡਲ ਦੇ ਬਹੁਮਤ ਨੇ ਓਕਤ ਵੈਟਰਨ ਕੌਂਸਲਰ ਨੂੰ ਇਸ ਮਸਲੇ 'ਤੇ ਠੰਡੇ ਹੋ ਕੇ ਸੋਚਣ ਦਾ ਮੌਕਾ ਦਿੱਤਾ ਹੈ। ਹੁਣ ਤਾਂ ਵਾਟਰ ਪਾਰਕ ਯੋਜਨਾ ਲਈ ਬਹੁਮਤ ਹਾਸਲ ਕਰਨ ਲਈ ਸਿਰਫ਼ ਓਲਡ ਕਿਲਡੋਨਨ ਕੌਂਸਲਰ ਦੇਵੀ ਸ਼ਰਮਾ ਦੀ ਵੋਟ ਹੀ ਬਚੀ ਹੈ। 7 ਹੋਰ ਕੌਂਸਲਰ ਤਾਂ ਪਹਿਲਾਂ ਹੀ ਵਾਟਰ ਪਾਰਕ ਯੋਜਨਾ ਦੇ ਵਿਰੁਧ ਖੜ੍ਹੇ ਹਨ ਜਦ ਕਿ 6 ਜਣੇ ਦੂਜੇ ਪਾਸੇ ਖੜ੍ਹੇ ਹਨ ਇਸ ਤੋਂ ਇਲਾਵਾ ਪਰੋ-ਡਿਵੈਲਪਮੈਂਟ ਕੌਂਸਲ ਦੇ ਸਪੀਕਰ ਗ੍ਰੈਂਟ ਨਾਰਡਮੈਨ ਹਨ। ਜੇਕਰ ਉਹ ਕੈਨਾਲਟਾ ਵਿਰੁਧ ਬੋਲਦੇ ਹਨ ਤਾਂ ਵਿਰੋਧੀ ਧਿਰ 'ਚ ਤੇਜ਼ੀ ਆ ਜਾਵੇਗੀ।

ਇਸ ਦੌਰਾਨ ਫਿਲਡਿੰਗ ਅਤੇ ਜੈਫ਼ ਬ੍ਰੋਵਾਟੀ ਦ ਪੱਖ ਹੌਲਾ ਪੈਂਦਾ ਨਜ਼ਰ ਆਉਂਦਾ ਹੈ, ਕਿਉਂਕਿ ਕੈਨਾਲਟਾ ਉਨ੍ਹਾਂ ਦੇ ਫੋਨ ਦੇ ਜੁਆਬ ਨਹੀਂ ਦੇ ਰਿਹਾ ਹੈ। ਹੁਣ ਕੌਂਸਲ 'ਚ ਕੈਨਾਲਟਾ ਦੇ ਤਿੰਨ ਹਮਾਇਤੀ ਸਵੈਂਡਲ, ਹੈਵਿਕਸਬੈਕ ਅਤੇ ਵਾੱਟ ਹੀ ਬਚੇ ਹਨ। ਉਨ੍ਹਾਂ ਮੁਤਾਬਕ ਕੌਂਸਲ ਦੇ ਕਥਿਤ ਮੀਸਣੇ ਫੈਸਲੇ 'ਤੇ ਉਹ ਆਪਣੀ ਨਿਰਾਸ਼ਾ ਨਹੀਂ ਲੁਕਾ ਪਾਏ ਅਤੇ ਹੋ ਸਕਦਾ ਹੈ ਕਿ ਓਕਤ ਹੋਟਲੀਅਰ ਵੀ ਵਿਨੀਪੈਗ 'ਚ 75 ਮਿਲੀਅਨ ਡਾਲਰ ਦੇ ਨਿਵੇਸ਼ ਤੋਂ ਮਨ੍ਹਾ ਕਰ ਦੇਵੇ।

**ਵੋਟਾਂ ਦੀ ਵਿਸਥਾਰ 'ਚ ਜਾਣਕਾਰੀ**

ਬਹਰਹਾਲ ਪਾਰਸਲ ਫੋਰ ਦੇ ਨਾਂ ਤੋਂ ਜਾਣਿਆ ਜਾਂਦਾ ਗਰੇਵਲ ਪਾਰਕਿੰਗ ਲਾਟ ਹੋਟਲ ਤੇ ਵਾਟਰ ਪਾਰਕ ਬਣਾਉਣ ਦੇ ਕੌਂਸਲਰ ਵੈਂਡਲ ਦੇ ਪ੍ਰਸਤਾਵ ਨੂੰ 10-5 ਦਾ ਸਮਰਥਨ ਹਾਸਲ ਹੋਣ ਕਰਕੇ ਇਹ ਮਾਮਲਾ ਠੰਡੇ ਬਸਤੇ ਵਿਚ ਪਿਆ ਹੀ ਨਜ਼ਰ ਆਉਂਦਾ ਹੈ। ਇਸ ਪ੍ਰਸਤਾਵ ਤਹਿਤ ਕੈਨਾਲਟਾ ਵਲੋਂ ਜਨਤਕ ਪਹੁੰਚ ਸਬੰਧੀ ਸਮਝੌਤਾ, ਸਾਈਟ ਪਲਾਨ ਅਤੇ ਵਿਸਤਾਰ ਰੂਪ 'ਚ ਬਿਲਡਿੰਗ ਯੋਜਨਾ ਤੇ ਮਨੁੱਖੀ ਅਧਿਕਾਰਾਂ ਸਬੰਧੀ ਜਨਤਾ, ਦ ਫੋਰਕਸ ਤੇ ਕੈਨੇਡੀਅਨ ਮਿਊਜ਼ੀਅਮ ਦੇ ਨਾਲ ਇਸ ਸਬੰਧੀ ਰੂਬਰੂ ਹੋਣ ਦੀ ਸੂਰਤ 'ਚ ਹੀ ਉਸ ਦੀ ਵਾਪਸੀ ਸੰਭਵ ਹੈ।

ਪ੍ਰਸਤਾਵ ਨੂੰ ਅੱਗੇ ਪਾਉਣ ਅਤੇ ਹੋਰ ਜਾਣਕਾਰੀ ਹਾਸਲ ਕਰਨ ਦੇ ਹੱਕ 'ਚ ਵੋਟ ਪਾਉਣ ਵਾਲੇ(10 ਵੋਟਾਂ): ਵੈਂਡਲ, ਦੇਵੀ ਸ਼ਰਮਾ, ਜੈਨੀ ਗਰਬਸੀ, ਸਕਾਟ ਫਿਲਡਿੰਗ, ਜੈਫ ਬ੍ਰੋਵੇਟੀ, ਹਾਰਵੇਅ ਸਮਿਥ, ਜਾਨ ਓਰਲੀਕੋਅ, ਰਾਸ ਐਡੀ, ਥਾਮਸ ਸਟੀਨ, ਬ੍ਰਾਇਨ ਸਾਇਸ।

ਕੈਨਾਲਟਾ ਯੋਜਨਾ ਦੇ ਮੁਕੰਮਲ ਵਿਰੋਧ ਕਰਕੇ ਵੈਂਡਲ ਦੇ ਪ੍ਰਸਤਾਵ ਦੇ ਵਿਰੁਧ (ਦੋ ਵੋਟਾਂ): ਗ੍ਰੈਂਟ ਨਾਰਡਮਨ ਅਤੇ ਮਾਈਕ ਪਗਟਾਖਾਨ।

ਕੈਨਾਲਟਾ ਦੇ ਮੌਜੂਦਾ ਯੋਜਨਾ ਦੇ ਪੱਖ 'ਚ ਹੋਣ ਕਰਕੇ ਵੈਂਡਲ ਦੇ ਪ੍ਰਸਤਾਵ ਵਿਰੁਧ (ਤਿੰਨ ਵੋਟਾਂ): ਜਸਟਿਨ ਸਵੈਂਡਲ, ਪਾਊਲਾ ਹੈਵਿਕਸਬੈਕ ਅਤੇ ਰੱਸ ਵਾੱਟ।

ਮੇਅਰ ਸੈਮ ਕਾਟਜ਼ ਨੇ ਇਸ ਮਾਮਲੇ ਤੋਂ ਆਪਣੇ ਆਪ ਨੂੰ ਮੀਟਿੰਗ ਵਿਚ ਸ਼ਾਮਲ ਨਾ ਹੋ ਕੇ ਬਚਾਇਆ ਹੈ ਕਿਉਂਕਿ ਉਹ ਉੱਤਰੀ ਪਾਰਸਲ ਫੋਰ ਦੇ ਸ਼ਾਅ ਪਾਰਕ ਵਿਖੇ ਵਿਨੀਪੈਗ ਗੋਲਡਆਈਜ਼ ਦਾ ਬਹੁਮਤ ਪ੍ਰਾਪਤ ਹੈ।

ਨਦਬ

## ਏਸ਼ੀਅਨ ਲੋਕਾਂ ਲਈ ਵੀ ਸਥਾਨਕ ਕਾਸ਼ਤਕਾਰਾਂ ਵਲੋਂ 'ਸਾਊਥ ਕਾਮਨ ਫਾਰਮਰਜ਼ ਮਾਰਕੀਟ' 'ਚ ਹਾਜ਼ਰ ਹਨ ਖਾਣ-ਪੀਣ ਦੀਆਂ ਤਾਜ਼ੀਆਂ ਵਸਤਾਂ



ਆਓ, 'ਸਾਊਥ ਕਾਮਨ ਫਾਰਮਰਜ਼ ਮਾਰਕੀਟ' ਦੇ ਮੰਤਵਾਂ ਉੱਪਰ ਸੰਖੇਪ ਝਾਤ ਮਾਰੀਏ। ਪਹਿਲਾ ਮੰਤਵ, ਵਸਨੀਕਾਂ ਦੇ ਸਾਰੇ ਹਿੱਸਿਆਂ ਲਈ ਭਾਈਚਾਰਕ ਮੰਡੀ ਉਸਾਰਨਾ ਹੈ। ਕੇਵਲ ਐਂਗਲੋ-ਸੈਕਸਨਾਂ ਲਈ ਹੀ ਨਹੀਂ, ਜਿਹੜਾ ਕਿ ਬਹੁਤੀਆਂ ਮੰਡੀਆਂ ਦਾ ਮਾਪਦੰਡ ਹੁੰਦਾ ਹੈ। ਅਜਿਹਾ ਕਰਕੇ ਮੈਂ ਮਹਿਸੂਸ ਕਰਦਾ ਹਾਂ ਕਿ ਅਸੀਂ ਵੱਖ-ਵੱਖ ਭਾਈਚਾਰਿਆਂ ਦਰਮਿਆਨ ਉਸਰੀਆਂ ਦੀਵਾਰਾਂ ਨੂੰ ਘਟਾ ਦੇਵਾਂਗੇ, ਜਿਹੜੀਆਂ ਇਕ-ਦੂਜੇ ਭਾਈਚਾਰੇ ਦੀ ਵਿਰਾਸਤ ਅਤੇ ਰੀਤੀ-ਰਿਵਾਜ਼ਾਂ ਦੀ ਜਾਣਕਾਰੀ ਦੀ ਘਾਟ ਕਾਰਨ ਬਣੀਆਂ ਹੋਈਆਂ ਹਨ।

ਮੈਂ, ਸਾਡੇ ਕਿਸਾਨਾਂ ਵਿਚੋਂ ਬਹੁਤਿਆਂ ਨਾਲ ਤੁਹਾਡੀ ਪਕਵਾਨ ਸ਼ੈਲੀ ਨੂੰ ਧਿਆਨ 'ਚ ਰਖਦਿਆਂ ਖਾਸ ਜੜ੍ਹੀ-ਬੂਟੀਆਂ ਦੀ ਕਾਸ਼ਤ ਕਰਨ ਦੀ ਗੱਲਬਾਤ ਕੀਤੀ ਹੈ, ਕੁਝ ਨੇ ਕਿਹਾ ਕਿ ਉਹ ਯਤਨ ਕਰਨਗੇ। ਪਰ ਜੇਕਰ ਤੁਸੀਂ ਮੰਡੀ ਨਹੀਂ ਆਉਗੇ ਤੇ ਇਸ ਦੀ ਮੰਗ ਨਹੀਂ ਕਰੋਗੇ ਤਾਂ ਉਹ ਉਗਾਉਣੀਆਂ ਬੰਦ ਕਰ ਦੇਣਗੇ। ਇਕ ਜੋੜੇ ਨੇ ਕਿਹਾ ਕਿ ਉਹ ਪੁਦੀਨਾ, ਧਨੀਆ, ਬੇਸਿਲ ਤੇ ਦੂਸਰੀਆਂ ਕਿਸਮਾਂ ਉਗਾਉਣਗੇ, ਉਹ ਲੰਮੇ ਬੈਂਗਣ ਵੀ ਉਗਾਉਣ ਜਾ ਰਹੇ ਹਨ ਅਤੇ ਵੱਡੇ ਤਾਜ਼ੇ ਟਮਾਟਰ ਜਿਹੜੇ ਤੁਹਾਨੂੰ ਅਜਿਹਾ ਸਵਾਦ ਦੇਣਗੇ, ਜਿਹੜਾ ਸਟੋਰ ਵਿਚੋਂ ਹਾਸਲ ਨਹੀਂ ਹੋ ਸਕਦਾ।

ਮੈਂ, ਸ਼ਹਿਰ ਦੇ ਇਸ ਹਿੱਸੇ ਦੇ ਲੋਕਾਂ ਨੂੰ ਮੰਡੀ ਦੇ ਵਿਕਰੇਤਾਵਾਂ ਨੂੰ ਮਿਲਣ ਵਾਲੇ ਮੌਕਿਆਂ ਬਾਰੇ ਦੱਸਣਾ ਚਾਹਾਂਗਾ। ਸਾਡੀ ਖੁੱਲ੍ਹੀ/ਜਨਤਕ ਮੰਡੀ ਹੈ, ਜਿਹੜੀ ਕਿ ਅਲਬਰਟਾ ਸਿਹਤ ਵਿਭਾਗ ਦੁਆਰਾ ਸੁਰੱਖਿਅਤ ਹੈ। ਇਸ ਦਾ ਭਾਵ ਹੈ ਕਿ ਇਸ ਮੰਡੀ ਤੋਂ ਇਲਾਵਾ ਹੋਰਨਾਂ ਮੰਡੀਆਂ 'ਚ ਖਰੀਦੇ ਜਾਣ ਵਾਲਾ ਭੋਜਨ ਨੂੰ ਕੋਈ ਵੀ ਚੈਕ ਨਹੀਂ ਕਰ ਸਕਦਾ ਕਿ ਜੋ ਭੋਜਨ ਖਰੀਦ ਰਹੇ ਹੋ, ਉਹ ਸਾਫ਼ ਅਤੇ ਸੁਰੱਖਿਅਤ ਥਾਵਾਂ ਵਿਚ ਬਣਿਆ ਹੈ।

'ਸਾਊਥ ਕਾਮਨ ਫਾਰਮਰਜ਼ ਮਾਰਕੀਟ' 'ਤੇ ਵਿਕਰੇਤਾ ਅਲਬਰਟਾ ਸਿਹਤ ਵਿਭਾਗ ਵੱਲੋਂ ਮਨਜ਼ੂਰਸ਼ੁਦਾ ਰਸੋਈਆਂ 'ਚ ਭੋਜਨ ਤਿਆਰ ਕਰਦੇ ਹਨ ਅਤੇ ਸਿਹਤ ਵਿਭਾਗ ਵੱਲੋਂ ਜਾਰੀ 'ਫੂਡ ਪਰਮਿਟ' ਰੱਖਦੇ ਹਨ।

ਕੁਝ ਕਮਿਊਨਿਟੀ ਹਾਲ ਹਨ, ਜਿਹੜੇ ਰੋਜ਼ਾਨਾਂ ਕਿਰਾਏ 'ਤੇ ਆਪਣੀਆਂ ਰਸੋਈਆਂ ਕਿਰਾਏ 'ਤੇ ਦਿੰਦੇ ਹਨ ਪਰ ਇਹ ਤੁਹਾਡੀ ਘਰੇਲੂ ਰਸੋਈ ਨਹੀਂ ਹੋ ਸਕਦੀ। ਇਸ ਮੰਡੀ 'ਚ ਹੀ ਰਹਿੰਦਿਆਂ ਵੱਡੇ ਪੱਧਰ 'ਤੇ ਕੰਮ ਕਰਨ ਲਈ ਲਿਡਊਕ ਵਿਚ ਵੀ ਇਹ ਸੁਵਿਧਾਵਾਂ ਉਪਲਬਧ ਹਨ। ਸੋਮਾ, ਸਵੀਟੀ ਵੱਲੋਂ ਬਣਾਈ ਵਧੀਆ ਬਟਰ ਕਰੀ ਜਾਂ ਕੋਈ ਵੀ ਹੋਰ ਚੀਜ਼ ਜੋ ਤੁਹਾਡੇ ਦੋਸਤ ਅਤੇ ਪਰਿਵਾਰ ਹਮੇਸ਼ਾਂ ਮੰਗ ਕਰਦੇ ਹਨ, ਆਸਾਨੀ ਨਾਲ ਬਣਾ ਸਕਦੇ ਹੋ। ਤੁਸੀਂ ਸ਼ਿਲਪਕਾਰੀ, ਕਲਾਕਾਰੀ ਜਾਂ ਸਿਲਾਈ ਤੇ ਵੀ ਹੱਥ ਅਜ਼ਮਾ ਸਕਦੇ ਹੋ, ਜਿਹੜੀ ਤੁਹਾਡੇ ਭਾਈਚਾਰੇ ਦੇ ਮੈਂਬਰ ਪਸੰਦ ਕਰਦੇ ਹਨ। ਸਿੱਧੇ ਸਟੋਰ ਖੋਲ੍ਹਣ ਤੋਂ ਪਹਿਲਾਂ ਇਹ ਮੰਡੀ ਪੂਰੇ ਸਮੇਂ ਦਾ ਵਧੀਆ ਰੁਝੇਵਾਂ ਹੈ। 'ਸਾਊਥ ਕਾਮਨ ਫਾਰਮਰਜ਼ ਮਾਰਕੀਟ' ਦੀਆਂ ਸਮੁੱਚੀਆਂ ਸੰਭਾਵਨਾਵਾਂ ਦੇ ਸਨਮੁੱਖ ਸਭ ਤੋਂ ਪਹਿਲਾਂ ਇਹ ਕਿਸਾਨ ਮੰਡੀ ਹੈ ਅਤੇ ਕਦੇ ਵੀ 'ਫਲੀ ਮਾਰਕੀਟ' ਨਹੀਂ ਬਣੇਗੀ।

ਆਓ, 'ਸਾਊਥ ਕਾਮਨ ਫਾਰਮਰਜ਼ ਮਾਰਕੀਟ' ਵਿੱਚ ਇੱਕ ਵਿਕਰੇਤਾ ਦੀ ਹੈਸੀਅਤ 'ਚ ਆਉਣ ਤੋਂ ਪਹਿਲਾਂ ਇਸ ਮੰਡੀ 'ਚ ਹੋ ਰਹੇ ਕੰਮਾਂ ਬਾਰੇ ਕੋਈ ਵੀ ਵਿਚਾਰ ਮੈਨੇਜਰ ਬਰਾਇਨ ਨਾਲ 780-465-5882 'ਤੇ ਸਾਂਝਾ ਕਰੀਏ। ਅਨੁਵਾਦ: ਕਿਰਤਮੀਤ

## ਅਦਾਲਤ ਨੇ ਬਚਪਨ 'ਚ ਹੋਏ ਵਿਆਹ ਨੂੰ ਕੀਤਾ ਰੱਦ



*ਕੈਪਸ਼ਨ-ਜੋਧਪੁਰ ਦੀ ਅਦਾਲਤ ਦੇ ਬਾਹਰ ਆਪਣੇ ਵਿਆਹ ਦੇ ਰੱਦ ਹੋਣ ਸਬੰਧੀ ਸਰਟੀਫਿਕੇਟ ਦਿਖਾਉਂਦੀ ਹੋਈ 18 ਸਾਲਾ ਭਾਰਤੀ ਮਹਿਲਾ ਲਕਸ਼ਮੀ ਸਰਗਾਰਾ*

ਵਿਨੀਪੈਗ(ਨਦਬ)-ਭਾਰਤ ਦੇ ਰੇਗਿਸਤਾਨੀ ਸੂਬੇ ਰਾਜਸਥਾਨ ਦੇ ਜੋਧਪੁਰ ਸ਼ਹਿਰ ਦੀ ਅਦਾਲਤ ਨੇ 18 ਸਾਲ ਦੀ ਲਕਸ਼ਮੀ ਅਤੇ 20 ਸਾਲ ਦੇ ਉਸ ਦੇ ਪਤੀ ਰਾਕੇਸ਼ ਦੇ ਬਚਪਨ 'ਚ ਹੋਏ ਵਿਆਹ ਨੂੰ ਰੱਦ ਕਰ ਦਿੱਤਾ। ਜਦੋਂ ਲਕਸ਼ਮੀ ਦੀ ਉਮਰ ਇਕ ਸਾਲ ਅਤੇ ਰਾਕੇਸ਼ ਦੀ ਉਮਰ ਤਿੰਨ ਸਾਲ ਸੀ ਉਦੋਂ ਉਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ ਦਾ ਵਿਆਹ ਕਰ ਦਿੱਤਾ।

ਜ਼ਿਕਰਯੋਗ ਹੈ ਕਿ ਰਾਜਸਥਾਨ ਦੇ ਕੁਝ ਇਲਾਕਿਆਂ 'ਚ ਅਜੇ ਵੀ ਬਾਲ ਵਿਆਹ ਕੀਤੇ ਜਾਂਦੇ ਹਨ। ਲਕਸ਼ਮੀ ਵੱਡੇ ਹੋਣ ਤਕ ਬਚਪਨ 'ਚ ਹੋਏ ਇਸ ਵਿਆਹ ਬਾਰੇ ਬਿਲਕੁਲ ਅਣਜਾਣ ਸੀ। ਜਦੋਂ ਉਸ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਬੱਚਿਆਂ ਦੇ ਅਧਿਕਾਰਾਂ ਸਬੰਧੀ ਜਥੇਬੰਦੀ 'ਸਾਰਥੀ' ਟਰਸਟ ਤੋਂ ਮਦਦ ਮੰਗੀ। ਇਸ ਟਰੱਸਟ ਦੀਆਂ ਕੋਸ਼ਿਸ਼ਾਂ ਸਦਕਾ ਹੀ ਇਹ ਇਤਿਹਾਸਕ ਫੈਸਲਾ ਹੋਇਆ। ਜ਼ਿਕਰਯੋਗ ਹੈ ਕਿ ਵਿਆਹ ਦੀ ਮਨਸੂਖੀ ਦਾ ਫੈਸਲਾ ਅਕਸ਼ਿਆ ਤ੍ਰਿਤਿਆ ਦੇ ਮੌਕੇ ਹੋਇਆ ਜਦੋਂ ਇਥੇ ਅਕਸਰ ਲੋਕੀ ਆਪਣੇ ਬੱਚਿਆਂ ਦੇ ਵਿਆਹ ਕਰਦੇ ਹਨ ਕਿਉਂਕਿ ਇਸ ਦਿਨ ਨੂੰ ਉਹ ਸ਼ੁਭ ਮੰਨਦੇ ਹਨ।

### ਨਵਾਂ ਸੀਜ਼ਨ, ਪੁਰਾਣਾ ਸਟੇਡੀਅਮ

# ਬਾਂਬਰਸ ਵਲੋਂ ਸਤੰਬਰ ਤਕ ਕਿਤੇ ਹੋਰ ਨਾ ਖੇਡਣ ਦੀ ਪੁਸ਼ਟੀ

ਵਿਨੀਪੈਗ (ਨਦਬ): ਸੂਤਰਾਂ ਮੁਤਾਬਕ ਵਿਨੀਨੈਗ ਬਲਿਊ ਬਾਂਬਰਸ ਮੈਨੀਟੋਬਾ ਯੂਨੀਵਰਸਿਟੀ ਵਿਖੇ ਬਣੇ ਉਨ੍ਹਾਂ ਦੇ ਨਵੇਂ ਸਟੇਡੀਅਮ 'ਚ ਸਤੰਬਰ ਤੱਕ ਨਹੀਂ ਖੇਡਣਗੇ। ਹਾਲ ਦੀ ਘੜੀ ਇਸ ਸਟੇਡੀਅਮ ਦੀ ਦੇਖ-ਰੇਖ ਸੀ.ਐਫ.ਐਲ. ਕਲੱਬ ਕਰ ਰਿਹਾ ਹੈ ਅਤੇ 33,500 ਸੀਟਾਂ ਵਾਲੇ ਇਨਵੈਸਟਰਸ ਗਰੁਪ ਫੀਲਡ 'ਚ ਪਹਿਲੀ ਖੇਡ ਮਜ਼ਦੂਰ ਦਿਵਸ ਤੋਂ ਬਾਅਦ ਖੇਡੀ ਜਾਣੀ ਸੀ। ਅਜੇ ਇਸ ਗੱਲ ਦੀ ਦੁਬਿਧਾ ਹੈ ਕਿ ਸਤੰਬਰ 'ਚ ਤੈਅਸ਼ੁਦਾ ਖੇਡ ਕਦੋਂ ਹੋਣੀ ਹੈ। ਨਵੇਂ ਸਟੇਡੀਅਮ 'ਚ ਖੇਡਣ ਤੋਂ ਪਹਿਲਾਂ ਇਹ ਫੁਟਬਾਲ ਕਲੱਬ ਕਨੈਡਾ ਇੰਨਸ ਸਟੇਡੀਅਮ 'ਚ 26 ਜੁਲਾਈ ਨੂੰ ਐਡਮਿੰਟਨ ਵਿਰੁਧ ਸਥਾਨਕ ਟੀਮ ਨਾਲ ਹੋਣ ਵਾਲੇ ਮੁਕਾਬਲੇ ਸਮੇਤ ਘੱਟੋ-ਘੱਟ ਚਾਰ ਸੀਜ਼ਨ 'ਚ ਖੇਡਾਂ ਕਰਵਾਉਣ ਦੀਆਂ ਤਿਆਰੀਆਂ ਦੀ ਕਾਰਗੁਜ਼ਾਰੀਆਂ 'ਚ ਰੁਝਿਆ ਹੋਇਆ ਹੈ। ਟੀਮ ਦਾ ਮੁੜ ਸੋਧਿਆ ਗੇਮ ਪਲੈਨ ਉਨ੍ਹਾਂ ਵੱਡੀ ਗਿਣਤੀ ਦੇ ਸਾਰੇ ਪ੍ਰਸ਼ੰਸਕਾਂ, ਜਿਨ੍ਹਾਂ ਨੇ ਨਵੇਂ ਸਟੇਡੀਅਮ ਦੀਆਂ ਨਵੀਂਆਂ ਸੋਧੀਆਂ ਕੀਮਤਾਂ 'ਤੇ ਟਿਕਟਾਂ ਖਰੀਦੀਆਂ ਹਨ, ਲਈ ਦੁਬਿਧਾ ਦਾ ਵਾਇਸ ਹੈ।

ਦਰਪੇਸ਼ ਸੱਮਸਿਆਵਾਂ ਤਾਂ ਇਹ ਹਨ ਕਿ ਨਵੇਂ ਸਟੇਡੀਅਮ ਦੀਆਂ ਮਹਿੰਗੀਆਂ ਟਿਕਟਾਂ ਖਰੀਦਣ ਵਾਲੇ ਵੱਡੀ ਗਿਣਤੀ ਦੇ ਪ੍ਰਸ਼ੰਸਕਾਂ ਨੂੰ ਅਜੇ ਵੀ ਅਗਲੀਆਂ ਚਾਰ ਰੈਗੂਲਰ ਸੀਜ਼ਨ ਖੇਡਾਂ ਅਤੇ ਇਕ ਪ੍ਰੀ ਸੀਜ਼ਨ ਗੇਮ ਪੁਰਾਣੇ ਸਟੇਡੀਅਮ 'ਚ ਹੀ ਦੇਖਣੀਆਂ ਪੈਣਗੀਆਂ।

# ਤਿੰਨ ਬਿੱਲੀਆਂ 'ਚ ਸਿਮਟੇ ਸਰਬਜੀਤ ਦੀ ਜ਼ਿੰਦਗੀ ਦੇ ਰੰਗ

## ਸਾਲਾਂ ਤੋਂ ਨਹੀਂ ਦੇਖਿਆ ਆਸਮਾਨ, ਰੰਗ ਵੀ ਭੁੱਲ ਚੁੱਕਾ ਹੈ ਪਾਕਿ ਜੇਲ੍ਹ 'ਚ ਬੰਦ ਇਹ ਭਾਰਤੀ



ਚੰਡੀਗੜ੍ਹ, (ਨਦਬ) : ਸਾਲਾਂ ਤੋਂ ਉਸ ਨੇ ਆਸਮਾਨ, ਦਰਖਤ-ਪੌਦੇ ਅਤੇ ਪੰਛੀ ਨਹੀਂ ਦੇਖੇ। ਸਹਾਰਾ ਹੈ ਤਾਂ ਜੇਲ੍ਹ ਵਿਚ ਆਉਣ ਵਾਲੀਆਂ ਤਿੰਨ ਬਿੱਲੀਆਂ ਦਾ। ਇਨ੍ਹਾਂ ਵਿਚ ਹੀ ਉਸ ਨੂੰ ਹੁਣ ਵੱਖ-ਵੱਖ ਰੰਗ ਦਿਖਦੇ ਹਨ। ਇਹ ਹਾਲ ਹੈ ਪਾਕਿਸਤਾਨ ਦੀ ਕੋਟਲਖਪਤ ਜੇਲ੍ਹ ਵਿਚ ਬੰਦ ਭਾਰਤੀ ਕੈਦੀ ਸਰਬਜੀਤ ਦਾ। ਹਾਲ ਹੀ ਵਿਚ ਭਾਰਤ ਤੋਂ ਗਏ ਵਕੀਲਾ ਦੇ 15 ਮੈਂਬਰੀ ਵਫ਼ਦ ਨੇ ਸਰਬਜੀਤ ਨਾਲ ਜੇਲ੍ਹ ਵਿਚ ਮੁਲਾਕਾਤ ਕੀਤੀ।

ਇਸ ਵਫ਼ਦ ਦੀ ਅਗਵਾਈ ਕਰਨ ਵਾਲੇ ਵਕੀਲ ਡਾ. ਅਨਮੋਲ ਰਤਨ ਸਿੱਧੂ ਨੇ ਕਿਹਾ ਕਿ ਪਾਕਿਸਤਾਨ ਵਿਚ ਸਰਬਜੀਤ ਨਾਲ ਮੁਲਾਕਾਤ ਬੇਹੱਦ ਖਾਸ ਰਹੀ। ਬੈਰਕ ਵਿਚ ਇਕੱਲੇ ਬੰਦ ਹੋਣ ਕਾਰਨ ਲੰਬੇ ਸਮੇਂ ਤੋਂ ਸਰਬਜੀਤ ਨੇ ਤਾਜ਼ੀ ਹਵਾ ਮਹਿਸੂਸ ਨਹੀਂ ਕੀਤੀ ਹੈ। ਪਰ ਉਮੀਦ ਬਰਕਰਾਰ ਹੈ ਕਿ ਇਕ ਦਿਨ ਵਤਨ ਵਾਪਸੀ ਜ਼ਰੂਰ ਹੋਵੇਗੀ। ਉਸ ਦੀ ਬੈਰਕ ਵਿਚ ਤਿੰਨ ਵੱਖ-ਵੱਖ ਰੰਗਾਂ ਦੀਆਂ ਬਿੱਲੀਆਂ ਆਉਂਦੀਆਂ ਰਹਿੰਦੀਆਂ ਹਨ। ਸਰਬਜੀਤ ਦਾ ਕਹਿਣਾ ਹੈ ਕਿ ਇਨ੍ਹਾਂ ਬਿੱਲੀਆਂ ਵਿਚ ਉਸ ਨੂੰ ਤਿੰਨ ਵੱਖ-ਵੱਖ ਰੰਗ ਦੇਖਣ ਨੂੰ ਮਿਲਦੇ ਹਨ। ਬਾਕੀ ਰੰਗਾਂ ਨੂੰ ਉਹ ਭੁੱਲ ਚੁੱਕਾ ਹੈ।

### ਹਨ੍ਹੇਰੀ ਕੋਠੜੀ 'ਚ ਜਿਉਂਦੀ ਹੈ ਵਤਨ ਵਾਪਸੀ ਦੀ ਉਮੀਦ

**ਬੇਟੀਆਂ ਦੀ ਬਹੁਤ ਯਾਦ ਆਉਂਦੀ ਹੈ**

ਸਰਬਜੀਤ ਦਾ ਕਹਿਣਾ ਹੈ ਕਿ ਉਸ ਨੂੰ ਆਪਣੀਆਂ ਦੋਨਾਂ ਬੇਟੀਆਂ ਦੀ ਬਹੁਤ ਯਾਦ ਆਉਂਦੀ ਹੈ। 21 ਸਾਲ ਪਹਿਲਾਂ ਉਹ ਉਨ੍ਹਾਂ ਤੋਂ ਵਿਛੜ ਗਿਆ ਸੀ। ਹਨ੍ਹੇਰੀ ਕੋਠੜੀ ਵਿਚ ਦਿਨ ਲੰਘਾ ਰਹੇ ਸਰਬਜੀਤ ਦੀ ਜ਼ਿੰਦਗੀ ਵਿਚ ਰੌਸ਼ਨੀ ਹੈ ਤਾਂ ਸਿਰਫ ਉਮੀਦ ਦੀ। ਉਮੀਦ ਇਹ ਹੈ ਕਿ ਉਹ ਇਕ ਦਿਨ ਰਿਹਾਅ ਹੋਵੇਗਾ ਅਤੇ ਘਰ ਪਰਤੇਗਾ ਆਪਣੇ ਪਰਿਵਾਰ ਦੇ ਕੋਲ। ਜ਼ਿੰਦਗੀ ਦੀ ਨਵੀਂ ਸ਼ੁਰੂਆਤ ਕਰੇਗਾ।

**ਹੌਸਲਾ ਵਧਾਉਣ ਲਈ ਧੰਨਵਾਦ**

ਡਾ. ਸਿੱਧੂ ਨੇ ਕਿਹਾ ਕਿ ਸਰਬਜੀਤ ਨਾਲ ਲਗਪਗ ਸੱਤ-ਅੱਠ ਮਿੰਟ ਦੀ ਮੁਲਾਕਾਤ ਬੇਹੱਦ ਉਤਸ਼ਾਹਜਨਕ ਸੀ। ਸਰਬਜੀਤ ਨੇ ਵਫ਼ਦ ਦਾ ਧੰਨਵਾਦ ਕੀਤਾ ਕਿ ਉਹ ਉਸ ਨੂੰ ਮਿਲਣ ਜੇਲ੍ਹ ਆਏ। ਸਰਬਜੀਤ ਦੀ ਭੈਣ ਦਲਬੀਰ ਕੌਰ ਨੇ ਵੀ ਟੈਲੀਫੋਨ 'ਤੇ ਵਫ਼ਦ ਦਾ ਧੰਨਵਾਦ ਕੀਤਾ।

**ਜ਼ਰਦਾਰੀ ਤੋਂ ਕੀਤੀ ਰਿਹਾਈ ਦੀ ਮੰਗ**

ਡਾ. ਸਿੱਧੂ ਨੇ ਕਿਹਾ ਕਿ ਵਫ਼ਦ ਨੇ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਤੋਂ ਸਰਬਜੀਤ ਦੀ ਰਿਹਾਈ ਦੀ ਮੰਗ ਕੀਤੀ ਹੈ। ਰਾਸ਼ਟਰਪਤੀ ਨੂੰ ਚਿੱਠੀ ਲਿਖ ਕੇ ਕਿਹਾ ਗਿਆ ਹੈ ਕਿ ਮਨੁੱਖੀ ਆਧਾਰ 'ਤੇ 21 ਸਾਲ ਤੋਂ ਜੇਲ੍ਹ ਵਿਚ ਬੰਦ ਸਰਬਜੀਤ ਨੂੰ ਰਿਹਾਅ ਕਰ ਕੇ ਭਾਰਤ ਭੇਜ ਦਿੱਤਾ ਜਾਵੇ। ਇਸ ਨਾਲ ਦੋਨਾਂ ਦੇਸ਼ਾਂ ਦੇ ਰਿਸ਼ਤੇ ਸੁਧਰਨਗੇ।

**662 ਭਾਰਤੀ ਕੈਦੀ ਹਨ ਪਾਕਿਸਤਾਨ 'ਚ**

ਭਾਰਤੀ ਵਿਦੇਸ਼ ਮੰਤਰਾਲੇ ਅਨੁਸਾਰ ਇਸ ਸਮੇਂ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ 662 ਭਾਰਤੀ ਬੰਦ ਹਨ। ਇਸ ਵਿਚੋਂ 219 ਆਮ ਨਾਗਰਿਕ ਹਨ, 369 ਮਛੇਰੇ ਅਤੇ 74 ਲਾਪਤਾ ਸੈਨਿਕ ਹਨ। ਇਸ ਤੋਂ ਇਲਾਵਾ ਇਕ ਜਿਉਂਦਾ ਯੁੱਧਬੰਦੀ ਵੀ ਹੈ। ਜਦੋਂ ਕਿ ਪਾਕਿਸਤਾਨ ਦਾ ਕਹਿਣਾ ਹੈ ਕਿ ਉਥੋਂ ਦੀਆ ਜੇਲ੍ਹਾਂ ਵਿਚ 237 ਮਛੇਰੇ ਹਨ। ਯੁੱਧਬੰਦੀ ਇਕ ਵੀ ਨਹੀਂ ਹੈ। ਉਥੇ ਪਾਕਿਸਤਾਨ ਦੇ ਸਾਬਕਾ ਮੰਤਰੀ ਨੇ ਕੁਝ ਦਿਨ ਪਹਿਲਾਂ ਖੁਲਾਸਾ ਕੀਤਾ ਸੀ ਕਿ ਇਕ ਯੁੱਧਬੰਦੀ ਜੇਲ੍ਹ ਵਿਚ ਬੰਦ ਹੈ।

# ਕਾਂਗਰਸ ਨੇ ਕੀਤਾ ਪ੍ਰਧਾਨ ਮੰਤਰੀ ਦੀ ਯਾਤਰਾ ਦਾ 'ਬਾਈਕਾਟ'!

## ਬਠਿੰਡਾ ਰਿਫਾਈਨਰੀ ਦੇ ਉਦਘਾਟਨ ਮੌਕੇ 'ਤੇ ਨਹੀਂ ਪਹੁੰਚਿਆ ਕੋਈ ਸੀਨੀਅਰ ਨੇਤਾ

ਚੰਡੀਗੜ੍ਹ, (ਨਦਬ) : ਪ੍ਰਧਾਨ ਮੰਤਰੀ ਦੀ ਬਠਿੰਡਾ ਯਾਤਰਾ ਦੌਰਾਨ ਕਾਂਗਰਸ ਨੇਤਾਵਾਂ ਦੀ ਗ਼ੈਰ-ਹਾਜ਼ਰੀ ਸਿਆਸੀ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣ ਗਈ ਹੈ। ਵਿਧਾਨ ਸਭਾ ਚੋਣਾਂ ਵਿਚ ਹਾਰ ਤੋਂ ਬਾਅਦ ਅੰਦਰੂਨੀ ਗੁੱਟਬਾਜ਼ੀ ਵਿਚ ਉਲਝੀ ਪੰਜਾਬ ਕਾਂਗਰਸ ਦੇ ਸਾਰੇ ਸੀਨੀਅਰ ਬਠਿੰਡਾ ਰਿਫਾਈਨਰੀ ਦੇ ਉਦਘਾਟਨ ਲਈ ਪਹੁੰਚੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਪ੍ਰੋਗਰਾਮ ਵਿਚ ਨਹੀਂ ਪਹੁੰਚੇ। ਕੇਵਲ ਦੋ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਅਤੇ ਵਿਜੇਇੰਦਰ ਸਿੰਗਲਾ ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੇ ਹੀ 'ਹਾਜ਼ਰੀ' ਭਰੀ। ਪ੍ਰਦੇਸ਼ ਕਾਂਗਰਸ ਦੇ ਨੇਤਾਵਾਂ ਦੇ ਇਸ ਰਵੱਈਏ ਨੂੰ ਪ੍ਰਧਾਨ ਮੰਤਰੀ ਦੀ ਯਾਤਰਾ ਦਾ ਬਾਈਕਾਟ ਕੀਤੇ ਜਾਣ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ, ਹਾਲਾਂਕਿ ਪੁੱਛਣ 'ਤੇ ਕਾਂਗਰਸੀ ਨੇਤਾਵਾਂ ਨੇ ਆਪਣੀ ਗ਼ੈਰ ਹਾਜ਼ਰੀ ਦਾ ਠੀਕਰਾ

### ਦੋ ਸੰਸਦ ਮੈਂਬਰਾਂ ਅਤੇ ਸੁਨੀਲ ਜਾਖੜ ਨੇ ਹੀ ਲਗਾਈ ਪ੍ਰਧਾਨ ਮੰਤਰੀ ਕੋਲ 'ਹਾਜ਼ਰੀ'

ਸੂਬਾ ਸਰਕਾਰ ਸਿਰ ਭੰਨਦਿਆਂ ਦਲੀਲ ਦਿੱਤੀ ਕਿ ਉਨ੍ਹਾਂ ਨੂੰ ਸੱਦਾ ਹੀ ਨਹੀਂ ਭੇਜਿਆ ਗਿਆ। ਪ੍ਰਦੇਸ਼ ਕਾਂਗਰਸ ਨੇਤਾਵਾਂ ਵੱਲੋਂ ਪ੍ਰਧਾਨ ਮੰਤਰੀ ਦੀ ਯਾਤਰਾ ਦਾ 'ਬਾਈਕਾਟ' ਇਸ ਆਧਾਰ 'ਤੇ ਵੀ ਮੰਨਿਆ ਜਾ ਰਿਹਾ ਹੈ ਕਿ ਮੁੱਖੀ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਜਦੋਂ 'ਵਿਰਾਸਤ-ਏ-ਖਾਲਸਾ' ਦੇ ਉਦਘਾਟਨ ਲਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਨਾ ਲਿਆ ਸੀ, ਤਦ ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਰੋਕਣ ਵਿਚ ਸਫ਼ਲਤਾ ਹਾਸਲ ਕਰ ਲਈ ਸੀ। ਬਠਿੰਡਾ ਰਿਫਾਈਨਰੀ ਦੇ ਉਦਘਾਟਨ ਲਈ ਜਦੋਂ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਸੱਦਿਆ ਤਾਂ ਕੈਪਟਨ ਅਮਰਿੰਦਰ ਸਿੰਘ ਸਮੇਤ ਕੋਈ ਵੀ ਸੀਨੀਅਰ ਨੇਤਾ ਪ੍ਰਧਾਨ ਮੰਤਰੀ ਦਾ ਸਵਾਗਤ ਤੱਕ ਕਰਨ ਨਹੀਂ ਪਹੁੰਚਿਆ।

ਦੂਸਰੇ ਪਾਸੇ ਕੈਪਟਨ ਨੂੰ ਪ੍ਰਧਾਨ ਅਹੁਦੇ ਤੋਂ ਹਟਾਉਣ ਦੀ ਮੁਹਿੰਮ ਵਿਚ ਜਗਮੀਤ ਸਿੰਘ ਬਰਾੜ, ਕਾਂਗਰਸ ਵਿਧਾਇਕ ਦਲ ਦੀ ਸਾਬਕਾ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ, ਗੁਰਦਾਸਪੁਰ ਤੋਂ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਤੇ ਭੁਲੱਥ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਵੀ ਪ੍ਰਧਾਨ ਮੰਤਰੀ ਦਾ ਸਵਾਗਤ ਤੱਕ ਕਰਨ ਨਹੀਂ ਪਹੁੰਚੇ। ਪਟਿਆਲਾ ਦੀ ਸੰਸਦ ਮੈਂਬਰ ਅਤੇ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਅਤੇ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਅੰਬਿਕਾ ਸੋਨੀ ਵੀ ਸਮਾਗਮ ਵਿਚ ਸ਼ਾਮਲ ਨਹੀਂ ਹੋਈ। ਪੰਜਾਬ ਤੋਂ ਰਾਜ ਸਭਾ ਮੈਂਬਰ ਅਤੇ ਕੇਂਦਰੀ ਯੋਜਨਾ ਰਾਜ ਮੰਤਰੀ ਅਸ਼ਵਨੀ ਕੁਮਾਰ ਹੀ ਪ੍ਰਧਾਨ ਮੰਤਰੀ ਨਾਲ ਮੰਚ 'ਤੇ ਹਾਜ਼ਰ ਰਹੇ।

# ਉਪ ਰਸ਼ਟਰਪਤੀ ਅਹੁਦੇ ਲਈ ਬਾਦਲ ਦੇ ਨਾਮ ਦੀ ਚਰਚਾ



ਨਵੀਂ ਦਿੱਲੀ : ਦੇਸ਼ ਦੇ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਦੀ ਚੋਣ ਦੀ ਸਰਗਰਮੀ ਵਿਚਾਲੇ ਐਨ.ਡੀ.ਏ ਨੇ ਨਵਾਂ ਪਾਸਾ ਸੁਟਿਆ ਹੈ। ਸੂਤਰਾਂ ਅਨੁਸਾਰ ਐਨ.ਡੀ.ਏ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਨਾਮ ਉਪ ਰਾਸ਼ਟਰਪਤੀ ਅਹੁਦੇ ਲਈ ਵਧਾ ਰਿਹਾ ਹੈ। ਹਾਲਾਂਕਿ ਕੋਈ ਵੀ ਨੇਤਾ ਇਸ ਦੀ ਪੁਸ਼ਟੀ ਨਹੀਂ ਕਰ ਰਿਹਾ ਹੈ। ਸੂਤਰਾਂ ਅਨੁਸਾਰ ਯੂ.ਪੀ.ਏ ਦੇ ਸਹਿਯੋਗੀ ਦਲ ਜੇਕਰ ਐਨ.ਡੀ.ਏ ਤੋਂ ਆਪਣੇ ਪੱਖ ਵਿਚ ਵੋਟ ਕਰਨ ਦੀ ਅਪੀਲ ਕਰਨਗੇ ਤਾਂ ਘੱਟ ਗਿਣਤੀ ਹੋਣ ਕਾਰਨ ਪ੍ਰਕਾਸ਼ ਸਿੰਘ ਬਾਦਲ ਲਈ ਐਨ.ਡੀ.ਏ ਉਨ੍ਹਾਂ ਤੋਂ ਸਮਰਥਨ ਚਾਹੇਗਾ। ਇਸ ਸਥਿਤੀ ਵਿਚ ਬਾਦਲ ਦੀ ਸਥਿਤੀ ਮਜ਼ਬੂਤ ਹੋ ਜਾਵੇਗੀ।

# ਸਕੂਲ ਫੀਸ ਲਈ ਵੀ ਕਰਜ਼ਾ

ਬੰਗਲੌਰ (ਨਦਬ) ਸਟੇਟ ਬੈਂਕ ਆਫ ਹੈਦਰਾਬਾਦ ਨੇ ਪਿਛਲੇ ਸਾਲ 1200 ਕਰੋੜ ਰੁਪਏ ਦੇ ਕਰਜ਼ੇ ਵੰਡੇ। ਇਸ ਵਿਚੋਂ ਤਿੰਨ ਸੌ ਕਰੋੜ ਰੁਪਏ ਸਕੂਲ ਫੀਸ ਲਈ ਕਰਜ਼ੇ ਵਜੋਂ ਦਿੱਤੇ ਗਏ ਸਨ। ਇਸ ਤਰ੍ਹਾਂ ਸੈਂਟਰਲ ਬੈਂਕ ਆਫ ਇੰਡੀਆ ਨੂੰ 2008-09 ਵਿਚ ਸਕੂਲ ਫੀਸ ਦੇ ਕਰਜ਼ੇ ਲਈ 105 ਅਰਜ਼ੀਆਂ ਮਿਲੀਆਂ। ਇਨ੍ਹਾਂ ਦੀ ਗਿਣਤੀ ਸਾਲ 2011-12 ਵਿਚ ਵਧ ਕੇ 1,100 ਹੋ ਗਈ।

ਮਤਲਬ ਸਾਫ ਹੈ। ਸਕੂਲਾਂ ਦੀ ਲਗਾਤਾਰ ਵਧ ਰਹੀ ਫੀਸ ਕਾਰਨ ਹੁਣ ਲੋਕਾਂ ਨੂੰ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ। ਕਰਜ਼ੇ ਦੀ ਪੇਸ਼ਕਸ਼ ਨਾਲ ਬੈਂਕ ਤੁਹਾਡੀ ਮਦਦ ਲਈ ਤਿਆਰ ਹਨ। ਠੀਕ ਉਵੇਂ ਹੀ ਜਿਵੇਂ ਬੱਚਿਆਂ ਦੀ ਉਚੇਰੀ ਸਿੱਖਿਆ ਲਈ ਕਰਜ਼ਾ ਦਿੱਤਾ ਜਾਂਦਾ ਹੈ। ਹਾਲਾਂਕਿ ਹਾਲੇ ਸਕੂਲ ਫੀਸ ਕਰਜ਼ਾ ਬਹੁਤ ਲੋਕਪ੍ਰਿਯ ਨਹੀਂ ਹੈ। ਫਿਰ ਵੀ ਸ਼ੁਰੂਆਤ ਤਾਂ ਹੋ ਹੀ ਚੁੱਕੀ ਹੈ।

ਸੈਂਟਰਲ ਬੈਂਕ ਆਫ ਇੰਡੀਆ ਦੇ ਜਨਰਲ ਮੈਨੇਜਰ ਰਾਮ ਸਾਂਗਾਪੂਰੇ ਕਹਿੰਦੇ ਹਨ, 'ਅਜਿਹੇ ਕਰਜ਼ੇ ਦੀ ਮੰਗ ਤੇਜ਼ੀ ਨਾਲ ਵਧ ਰਹੀ ਹੈ। ਸਕੂਲਾਂ ਦੀ ਵਧਦੀ ਫੀਸ ਲੋਕਾਂ ਨੂੰ ਮਜਬੂਰ ਕਰ ਰਹੀ ਹੈ ਕਿ ਉਹ ਸਾਡੇ ਕੋਲ ਕਰਜ਼ੇ ਲਈ ਆਉਣ।' ਸਟੇਟ ਬੈਂਕ ਆਫ ਹੈਦਰਾਬਾਦ ਦੇ ਇਕ ਅਧਿਕਾਰੀ ਮੁਤਾਬਕ, 'ਅਸੀਂ ਸਕੂਲ ਫੀਸ ਲਈ ਕਰਜ਼ੇ ਦੀ ਸਹੂਲਤ ਦਾ ਪ੍ਰਚਾਰ ਤੇਜ਼ ਕਰ ਰਹੇ ਹਾਂ। ਪਿਛਲੇ ਕੁਝ ਸਾਲਾਂ ਵਿਚ ਇਸ ਖੇਤਰ ਵਿਚ ਕਾਫੀ ਵਾਧਾ ਦੇਖਿਆ ਗਿਆ ਹੈ।

**ਹਾਲੇ ਕੀ ਹੈ ਸਥਿਤੀ :**

ਆਮ ਤੌਰ 'ਤੇ ਲੋਕ ਬੱਚਿਆਂ ਦੇ ਸਕੂਲ ਦੀ ਫੀਸ ਦੇਣ ਲਈ ਕਰਜ਼ਾ ਲੈਂਦੇ ਹਨ। ਇਸ ਲਈ ਉਨ੍ਹਾਂ ਨੂੰ 15 ਫੀਸਦੀ ਤੱਕ ਵਿਆਜ ਦੇਣਾ ਪੈਂਦਾ ਹੈ। ਮਿਡਲ ਅਤੇ ਹਾਇਰ ਸੈਕੰਡਰੀ ਦੇ ਪੱਧਰ ਦੀ ਪੜ੍ਹਾਈ ਦੌਰਾਨ ਨਿੱਜੀ ਸਕੂਲ ਸਾਲਾਨਾ 50 ਹਜ਼ਾਰ ਤੋਂ ਦੋ-ਢਾਈ ਲੱਖ ਰੁਪਏ ਤੱਕ ਫੀਸ ਵਸੂਲਦੇ ਹਨ।

**ਅੱਗੇ ਕੀ ਬਦਲਾਅ :**

ਕੁਝ ਬੈਂਕ ਸਕੂਲ ਫੀਸ ਦੇਣ ਲਈ 12.5 ਫੀਸਦੀ ਵਿਆਜ ਦੀ ਦਰ ਨਾਲ ਕਰਜ਼ੇ ਦੀ ਸਹੂਲਤ ਦੇ ਰਹੇ ਹਨ। ਇਨ੍ਹਾਂ ਵਿਚ ਬੈਂਕ ਆਫ ਬੜੌਦਾ, ਸੈਂਟਰਲ ਬੈਂਕ ਆਫ ਇੰਡੀਆ, ਸਟੇਟ ਬੈਂਕ ਆਫ ਹੈਦਰਾਬਾਦ, ਜੰਮੂ-ਕਸ਼ਮੀਰ ਬੈਂਕ ਪ੍ਰਮੁੱਖ ਹਨ। ਆਉਣ ਵਾਲੇ ਦਿਨਾਂ ਵਿਚ ਲਗਪਗ ਸਾਰੇ ਬੈਂਕ ਨਿਯਮਾਂ ਵਿਚ ਬਦਲਾਅ ਕਰਕੇ ਇਸ ਦਿਸ਼ਾ ਵਿਚ ਅੱਗੇ ਵਧ ਸਕਦੇ ਹਨ।


**Asian Western Grocery Store**

**8324 - 160 Ave. Edmonton, AB. T5Z 3P1**

**NOW OPEN**

*All indian, Fijian, South African Grocery*

**ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ**

ਸਾਫ ਸੁਥਰੀ ਅਤੇ ਵਧੀਆ ਗਰੋਸਰੀ, ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











**For more information call**

**Balraj @**

**780-756-2225**

**780-660-2061**

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਫਿਰਕੂ ਤਣਾਅ ਨੂੰ ਨਾਂਹ



ਪੰਜਾਬ ਦੇ ਪਿੰਡੇ ਤੋਂ ਫਿਰਕੂ ਜਨੂੰਨ ਦੇ ਕਹਿਰ ਦੀਆਂ ਲਾਸ਼ਾਂ ਅਜੇ ਤੱਕ ਮਿਟੀਆਂ ਨਹੀਂ ਹਨ। ਦੇਸ਼ ਦਾ ਬਟਵਾਰਾ ਹੋਵੇ ਜਾਂ ਖਾਲਿਸਤਾਨੀ ਲਹਿਰ, ਯਾਦ ਕਰਕੇ ਪੰਜਾਬ ਨੂੰ ਖ਼ੌਫ਼ ਆਉਂਦਾ ਹੈ। ਇਸੇ ਕਰਕੇ ਪੰਜਾਬ ਵਾਸੀ ਅਜਿਹੀ ਕਿਸੇ ਵੀ ਸਥਿਤੀ ਦੇ ਪੈਦਾ ਹੋਣ ਨੂੰ ਵਾਹ ਲੱਗਦੀ ਰੋਕਦੇ ਹਨ, ਜਿਸ ਵਿਚੋਂ ਫਿਰਕੂ ਦੀ ਬੂ ਆਉਂਦੀ ਹੋਵੇ। ਹਰ ਪੰਜਾਬੀ ਆਪਣੇ-ਆਪਣੇ ਢੰਗ ਨਾਲ ਫਿਰਕੂ ਤਣਾਅ ਨੂੰ ਟਾਲਣ ਦਾ ਯਤਨ ਕਰਦਾ ਹੈ, ਅਜਿਹਾ ਕਰਦਿਆਂ ਭਾਵੇਂ ਉਸ ਨੂੰ ਕਿੰਨਾ ਵੀ ਮਾਲੀ ਨੁਕਸਾਨ ਕਿਉਂ ਨਾ ਸਹਿਣਾ ਪਵੇ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੇ ਕਾਤਲ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੇ ਸਵਾਲ 'ਤੇ ਪੰਜਾਬ ਵਿਚ ਇਕਦਮ ਭੜਕਾਹਟ ਵਾਲਾ ਮਾਹੌਲ ਪੈਦਾ ਹੋ ਗਿਆ। ਪ੍ਰਸਥਿਤੀਆਂ ਨਾਟਕੀ ਢੰਗ ਨਾਲ ਬਦਲੀਆਂ। 31 ਮਾਰਚ ਦਾ ਦਿਨ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਲਈ ਅਦਾਲਤ ਵਲੋਂ ਨਿਸ਼ਚਤ ਕੀਤਾ ਗਿਆ ਸੀ। ਇਸ ਫਾਂਸੀ ਦੇ ਵਿਰੁੱਧ ਆਵਾਜ਼ ਉਠਣੀ ਸ਼ੁਰੂ ਹੋਈ ਤਾਂ ਛੇਤੀ ਹੀ ਮੁੱਦਾ ਜਜ਼ਬਾਤੀ ਰੰਗ ਵਿਚ ਰੰਗਿਆ ਗਿਆ। ਫਾਂਸੀ ਦਾ ਵਿਰੋਧ ਕਰਨ ਜਾਂ ਫਾਂਸੀ ਦੇ ਫੈਸਲੇ ਨੂੰ ਟਾਲਣ ਵਿਚ ਲਗਪਗ ਪੰਜਾਬ ਦੀਆਂ ਸਭ ਧਿਰਾਂ ਸ਼ਾਮਲ ਹੋ ਗਈਆਂ। ਬੰਦ ਦਾ ਸੱਦਾ ਦਿੱਤਾ ਗਿਆ ਤਾਂ ਸਾਰੇ ਪੰਜਾਬੀਆਂ ਨੇ ਬੰਦ ਰੱਖਿਆ। ਕਾਂਗਰਸ ਪਾਰਟੀ ਦੀ ਲੀਡਰਸ਼ਿਪ ਨੇ ਖੁਦ ਫਾਂਸੀ ਦੀ ਸਜ਼ਾ ਨੂੰ ਮੁੜ ਵਿਚਾਰਨ 'ਤੇ ਜ਼ੋਰ ਦਿੱਤਾ, ਏਥੋਂ ਤੱਕ ਕਿ ਬੇਅੰਤ ਸਿੰਘ ਦੇ ਪਰਿਵਾਰ ਨੇ ਵੀ ਰਾਜੋਆਣਾ ਦੀ ਫਾਂਸੀ ਰੁਕਵਾਉਣ ਲਈ ਪੂਰਨ ਸਹਿਯੋਗ ਦੇਣ ਦਾ ਵਚਨ ਦਿੱਤਾ। ਰਾਜੋਆਣਾ ਦੀ ਫਾਂਸੀ ਦੇ ਸਵਾਲ 'ਤੇ ਪੰਜਾਬ ਨਾ ਤਾਂ ਸਿਆਸੀ ਲੀਹਾਂ 'ਤੇ ਹੀ ਦੋਫਾੜ ਹੋਇਆ ਅਤੇ ਨਾ ਹੀ ਫਿਰਕੂ ਲੀਹਾਂ 'ਤੇ। ਉਹ ਇਸ ਬਹਿਸ ਵਿਚ ਵੀ ਨਹੀਂ ਉਲਝਿਆ ਕਿ ਕਿਸੇ ਅਪਰਾਧੀ ਲਈ ਅਦਾਲਤ ਵਲੋਂ ਨਿਸ਼ਚਤ ਕੀਤੀ ਗਈ ਸਜ਼ਾ ਬਾਰੇ ਕੀ ਨਜ਼ਰੀਆ ਅਪਣਾਉਣਾ ਚਾਹੀਦਾ ਹੈ। ਪੰਜਾਬੀਆਂ ਨੇ ਬਸ ਇਕ ਆਵਾਜ਼ ਹੋ ਕੇ ਪੰਜਾਬ ਦੇ ਅਮਨ ਚੈਨ ਅਤੇ ਭਾਈਚਾਰੇ ਨੂੰ ਹੀ ਤਰਜੀਹ ਦਿੱਤੀ। ਉਨ੍ਹਾਂ ਦੀ ਇਹ ਭਾਵਨਾ ਰੰਗ ਵੀ ਲਿਆਈ ਅਤੇ ਭਾਰਤ ਦੀ ਰਾਸ਼ਟਰਪਤੀ ਨੇ ਬਲਵੰਤ ਸਿੰਘ ਰਾਜੋਆਣਾ ਨੂੰ 31 ਮਾਰਚ ਨੂੰ ਫਾਂਸੀ ਦੇਣ ਦਾ ਫੈਸਲਾ ਰੱਦ ਕਰ ਦਿੱਤਾ ਤੇ ਸਥਿਤੀ ਪੂਰੀ ਤਰ੍ਹਾਂ ਨਾਰਮਲ ਹੋ ਗਈ। ਇਸੇ ਦੌਰਾਨ ਨੌਜਵਾਨਾਂ ਵਿਚ ਕਾਫੀ ਭੜਕਾਹਟ ਪੈਦਾ ਕਰ ਦਿੱਤੀ ਗਈ ਸੀ। ਇਸ ਭੜਕਾਹਟ ਦਾ ਪੰਜਾਬ ਦੀ ਦੁਬਾਰਾ ਸੱਤਾ ਵਿਚ ਆਈ ਅਕਾਲੀ-ਭਾਜਪਾ ਸਰਕਾਰ ਨੂੰ ਲਾਭ ਜ਼ਰੂਰ ਹੋਇਆ। ਉਨ੍ਹਾਂ ਨੂੰ ਉਹ ਸਾਰੇ ਵਾਅਦੇ ਨੌਜਵਾਨਾਂ ਨੂੰ ਭੁਲਾਉਣ ਵਿਚ ਵਕਤੀ ਕਾਮਯਾਬੀ ਹਾਸਲ ਹੋ ਗਈ, ਜਿਹੜੇ ਚੋਣਾਂ ਦੌਰਾਨ ਉਨ੍ਹਾਂ ਨਾਲ ਕੀਤੇ ਗਏ ਸਨ, ਜਿਵੇਂ ਹਰੇਕ ਨੌਜਵਾਨ ਨੂੰ ਲੈਪਟਾਪ ਦੇਣਾ, ਹਰੇਕ ਬੇਰੁਜ਼ਗਾਰ ਨੌਜਵਾਨ ਨੂੰ ਇਕ ਹਜ਼ਾਰ ਰੁਪਿਆ ਭੱਤਾ ਦੇਣਾ ਆਦਿ। ਦੁਬਾਰਾ ਸੱਤਾ ਵਿਚ ਆਈ ਸਰਕਾਰ ਨੇ ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡ ਲਏ। ਆਪਣਾ ਪੰਥਕ ਏਜੰਡਾ ਵੀ ਕਾਇਮ ਰੱਖਿਆ ਅਤੇ ਨੌਜਵਾਨਾਂ ਦਾ ਅਸਲ ਮੁੱਦਿਆਂ ਤੋਂ ਧਿਆਨ ਵੀ ਲਾਂਭੇ ਕਰ ਦਿੱਤਾ। ਖ਼ੈਰ, ਅਜਿਹਾ ਕਰਨਾ ਸਾਡੀ ਸਿਆਸਤ ਦਾ ਸੁਭਾਅ ਹੀ ਬਣ ਗਿਆ ਹੈ। ਮਹੱਤਵਪੂਰਨ ਗੱਲ ਇਸ ਪ੍ਰਸੰਗ ਦੀ ਇਹ ਹੈ ਕਿ ਪੰਜਾਬ ਨੇ ਬੜੀ ਦ੍ਰਿੜ੍ਹਤਾ ਨਾਲ ਫਿਰਕੂ ਤਣਾਅ ਨੂੰ ਨਾਂਹ ਆਖੀ ਹੈ, ਬੀਤੇ ਦਾ ਸਬਕ ਵੀ ਇਹੋ ਹੈ।

## ਪੰਜਾਬ ਦੇ ਬਾਬੇ

ਬਾਬੇ ਬਣ ਲੋਕਾਂ ਨੂੰ ਮਗਰ ਲਾਉਣ 'ਚ ਵੀ ਪੰਜਾਬੀਆਂ ਦਾ ਕੋਈ ਮੁਕਾਬਲਾ ਨਹੀਂ। ਪੰਜਾਬੀਆਂ ਦੀ ਇਹੋ 'ਸਿਫ਼ਤ' ਕਾਰਨ ਹੀ ਅੱਜ ਪੰਜਾਬ ਵਿਚ ਡੇਰਾਵਾਦ ਦੀ ਚੜ੍ਹਤ ਹੈ। ਇਸ ਕੰਮ ਲਈ ਕਿਸੇ ਵਿਸ਼ੇਸ਼ ਅਧਿਆਤਮਕ ਸਾਧਨ ਦੀ ਲੋੜ ਨਹੀਂ, ਬਸ ਬਾਬਾ ਬਣਨ ਲਈ ਪਹਿਲਕਦਮੀ ਹੀ ਕਰਨੀ ਹੁੰਦੀ ਹੈ। ਪਹਿਲਕਦਮੀ 'ਚ ਪੰਜਾਬੀ ਘੱਟ ਹੀ ਪਿੱਛੇ ਹਟਣ ਵਾਲੇ ਹਨ। ਬਾਬਾ ਬਣ ਲੋਕਾਂ ਨੂੰ ਮਗਰ ਲਾਉਣ ਦੀ ਪਹਿਲਕਦਮੀ ਕਰਨ ਵਾਲੇ ਅੱਜ ਵੱਡੇ-ਵੱਡੇ ਡੇਰਿਆਂ ਦੇ ਮਾਲਕ ਬਣੇ ਹੋਏ ਹਨ। ਉੱਝ ਲੋਕ ਤਾਂ ਪਹਿਲਾਂ ਹੀ ਆਪਣੀ ਵਿਸ਼ੇਸ਼ ਮਾਨਸਿਕਤਾ ਕਾਰਨ ਮਗਰ ਲੱਗਣ ਲਈ ਤਿਆਰ ਬੈਠੇ ਹੁੰਦੇ ਹਨ, ਬਸ ਕੋਈ ਬਾਬੇ ਦੇ ਭੇਖ ਵਿਚ ਉਨ੍ਹਾਂ ਦੇ ਅੱਗੇ ਆਉਣਾ ਚਾਹੀਦਾ ਹੈ ਤੇ ਉਸ 'ਬਾਬੇ' ਨੇ ਵੀ ਲੋਕਾਂ ਭਾਵ ਖਾਨਦਾਨੀ ਸ਼ਰਧਾਲੂਆਂ ਨੂੰ ਕੁਝ ਘੜੀਆਂ-ਘੜਾਈਆਂ ਗੱਲਾਂ ਹੀ ਕਹਿਣੀਆਂ ਹੁੰਦੀਆਂ ਹਨ, ਜਿਵੇਂ ਕਿ ਈਸ਼ਵਰ 'ਤੇ ਭਰੋਸਾ ਰੱਖੋ, ਮਾਇਆ ਨਾਲ ਮੋਹ ਨਾ ਕਰੋ, ਬੰਦਗੀ ਕਰੋ ਆਦਿ। ਲੋਕਾਂ ਦੇ ਆਉਣ-ਜਾਣ, ਬੈਠਣ ਆਦਿ ਦਾ ਪ੍ਰਬੰਧ ਕਰਨਾ ਹੁੰਦਾ ਹੈ। ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਦਾ ਭਰੋਸਾ ਪੈਦਾ ਕਰਨਾ ਹੁੰਦਾ ਹੈ। ਇਹ ਆਮ ਜਿਹੀਆਂ ਗੱਲਾਂ ਲਈ ਕਿਸੇ ਖਾਸ ਪੜ੍ਹਾਈ-ਲਿਖਾਈ ਦੀ ਲੋੜ ਨਹੀਂ। ਲੋਕਾਂ ਨੂੰ ਪ੍ਰਵਚਨ ਦੇਣ ਲਈ ਲੋਕ ਜੋਗੀਆਂ ਟੂਕਾਂ ਤਕਰੀਬਨ ਹਰੇਕ ਹੀ ਜਾਣਦਾ ਹੈ। ਇਸ ਲਈ ਤਕਰੀਬਨ ਹਰ ਪੰਜਾਬੀ ਬਾਬਾ ਬਣਨ ਦੀ ਮੁਢਲੀ ਯੋਗਤਾ ਰੱਖਦਾ ਹੈ, ਬਸ ਜ਼ਰਾ ਮਚਲਾ ਬਣਨ ਦੀ ਲੋੜ ਹੈ। ਖ਼ੈਰ, ਲੋਕ ਤਾਂ ਮਨਚਲਿਆਂ ਨੂੰ ਵੀ ਬਾਬਾ ਮੰਨਣ ਤੋਂ ਸੰਕੋਚ ਨਹੀਂ ਕਰਦੇ। ਬਹੁਤ ਸਾਰੇ ਬਾਬੇ ਮਨਚਲਿਆਂ ਵਾਂਗ



'ਪ੍ਰਵਚਨ' ਕਰਕੇ ਸੰਗਤ ਦਾ ਮਨ ਮੋਂਹਦੇ ਹਨ। ਇਨ੍ਹੀਂ ਦਿਨੀਂ ਇਕ ਬਾਬਾ ਚਰਚਾ 'ਚ ਹੈ। ਸੰਜੋਗਵੱਸ ਇਹ ਬਾਬਾ ਵੀ ਪੰਜਾਬੀ ਹੈ। 'ਨਿਰਮਲ ਬਾਬਾ' ਨਾਂ ਨਾਲ ਆਪਣਾ ਦਰਬਾਰ ਚਲਾ ਰਹੇ ਇਸ ਬਾਬੇ ਦਾ ਅਸਲ ਨਾਂ ਨਿਰਮਲਜੀਤ ਸਿੰਘ ਨਰੂਲਾ ਹੈ। ਬਾਬਿਆਂ ਵਾਲੀਆਂ ਹੋਰ ਗੱਲਾਂ ਦੇ ਨਾਲ-ਨਾਲ ਇਹ 'ਤੀਸਰੀ ਅੱਖ' ਰੱਖਣ ਦਾ ਵੀ ਦਾਅਵੇਦਾਰ ਹੈ, ਲੋਕਾਂ 'ਤੇ ਕਿਰਪਾ ਵਰਸਾਉਂਦਾ ਹੈ, ਕਈ ਤਰ੍ਹਾਂ ਦੇ ਪ੍ਰਪੰਚ ਰਚਾਉਂਦਾ ਹੈ। ਟੀ.ਵੀ. ਚੈਨਲਾਂ 'ਤੇ ਲਾਈਵ ਸ਼ੋਅ ਕਰਦਾ ਹੈ। ਜਿਸ ਦੌਰਾਨ ਉਹ ਉਨ੍ਹਾਂ ਲੋਕਾਂ ਨੂੰ ਬੁਲਵਾਉਂਦਾ ਹੈ, ਜਿਨ੍ਹਾਂ ਉਪਰ ਉਸ ਦੀ ਕਿਰਪਾ ਹੋਈ ਅਤੇ ਉਨ੍ਹਾਂ ਦੇ ਵਿਗੜੇ ਕੰਮ ਬਣ ਗਏ। ਉਸ ਦਾ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੰਬੋਧਨ ਹੋਣ ਦਾ ਢੰਗ ਕੁਝ ਅਜਿਹਾ ਹੈ ਕਿ ਸੁਝਵਾਨ ਲੋਕ ਸੁਣ ਕੇ ਹੱਸੇ ਬਿਨਾਂ ਨਹੀਂ ਰਹਿ ਸਕਦੇ। ਹੈਰਾਨੀ ਹੁੰਦੀ ਹੈ ਕਿ ਲੋਕ ਏਨੀ ਆਸਾਨੀ ਨਾਲ ਕਿਵੇਂ ਮੂਰਖ ਬਣ ਜਾਂਦੇ ਹਨ। ਦਰਅਸਲ, ਆਮ ਲੋਕ ਮਾਸੂਮ ਹੁੰਦੇ ਹਨ ਤੇ ਇਹ ਬਾਬੇ ਉਨ੍ਹਾਂ ਦੀ ਇਸ ਮਾਸੂਮੀਅਤ ਦਾ ਭਰਪੂਰ ਲਾਭ ਉਠਾ ਰਹੇ ਹਨ। ਨਿਰਮਲ ਬਾਬਾ ਲੋਕਾਂ ਨੂੰ ਦਸਵੰਧ ਕੱਢਣ ਲਈ ਵੀ ਪ੍ਰੇਰਿਤ ਕਰਦਾ ਹੈ। ਨਿਰਮਲ ਬਾਬਾ ਨੇ ਬਾਬਾ-ਉਦਯੋਗ ਵਿਚ ਆਪਣੇ ਪੈਰ ਚੰਗੀ ਤਰ੍ਹਾਂ ਜਮਾ ਲਏ ਹਨ। ਉਸ ਦਾ ਕਾਰੋਬਾਰ ਆਨਲਾਈਨ ਹੈ। ਬਾਕੀ ਬਾਬਿਆਂ ਵਿਚ ਉਸ ਦਾ ਸਥਾਨ ਸੁਰੱਖਿਅਤ ਹੋ ਗਿਆ ਹੈ ਤੇ ਬਾਕੀ ਬਾਬਿਆਂ ਨਾਲੋਂ ਉਹ ਕਿਸੇ ਪੱਖੋਂ ਘੱਟ ਜਾਂ ਵੱਖਰਾ ਵੀ ਨਹੀਂ ਹੈ। ਸੋਚਣ ਵਾਲੀ ਜਾਂ ਹੈਰਾਨ ਹੋਣ ਵਾਲੀ ਗੱਲ ਇਹ ਨਹੀਂ ਕਿ ਨਿਰਮਲਜੀਤ ਸਿੰਘ ਨਰੂਲਾ ਕੀ ਕਰੀ ਜਾ ਰਿਹਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਪੰਜਾਬੀਆਂ ਨੇ ਇਹ ਕੀ ਕੰਮ ਫੜ ਲਿਆ ਹੈ? ਦਰਅਸਲ, ਪੰਜਾਬੀਆਂ ਨੇ ਮੱਧਕਾਲੀ ਵਿਰਸੇ ਤੇ ਸੋਚ ਨੂੰ ਆਪਣੇ ਜੀਵਨ ਵਿਚ ਵੱਡੀ ਥਾਂ ਦੇ ਰੱਖੀ ਹੈ ਤੇ ਇਹੋ ਮੱਧਕਾਲੀ ਵਿਰਸਾ ਬਾਬਾ-ਉਦਯੋਗ ਵਿਚ ਕੱਚੇ ਮਾਲ ਵਜੋਂ ਵਰਤਿਆ ਜਾ ਰਿਹਾ ਹੈ।

## ਭਾਈ ਲਾਲੋ ਦੇ ਦੇਸ਼ ਵਿਚ



ਗੁਰੂ ਨਾਨਕ ਦੇਵ ਦੁਆਰਾ ਸਤਿਕਾਰੇ ਕਿਰਤੀ ਭਾਈ ਲਾਲੋ ਦੇ ਦੇਸ਼ ਵਿਚ ਕਿਰਤੀਆਂ ਨੂੰ ਕਿੰਨੀਆਂ ਮਾੜੀਆਂ ਅਤੇ ਅਸੁਰੱਖਿਅਤ ਹਾਲਤਾਂ ਵਿਚ ਕੰਮ ਕਰਨਾ ਪੈਂਦਾ ਹੈ, ਇਸ ਦਾ ਅੰਦਾਜ਼ਾ ਪਿਛਲੇ ਦਿਨੀਂ ਜਲੰਧਰ ਵਿਖੇ ਵਾਪਰੇ ਦਰਦਨਾਕ ਹਾਦਸੇ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਥੇ ਸ਼ੀਤਲ ਫਾਈਬਰ ਫੈਕਟਰੀ ਦੀ ਇਮਾਰਤ ਡਿੱਗਣ ਨਾਲ ਸੈਂਕੜੇ ਮਜ਼ਦੂਰ ਮਲਬੇ ਹੇਠ ਦੱਬੇ ਗਏ, ਜਿਨ੍ਹਾਂ ਵਿਚੋਂ ਡੇਢ ਦਰਜਨ ਕਿਰਤੀਆਂ ਦੀ ਜਾਨ ਚਲੀ ਗਈ। ਇਮਾਰਤ ਉਸਾਰੀ ਅਧੀਨ ਸੀ ਅਤੇ ਇਸ ਦੀ ਉਸਾਰੀ ਵਿਚ ਵਰਤੀ ਜਾ ਰਹੀ ਅਣਗਹਿਲੀ ਇਸ ਭਿਆਨਕ ਹਾਦਸੇ ਦਾ ਕਾਰਨ ਬਣੀ। ਇਹ ਫੈਕਟਰੀ ਉਦਯੋਗਪਤੀ ਸ਼ੀਤਲ ਵਿਜ ਦੀ ਹੈ, ਜਿਹੜਾ ਧਾਰਮਕ ਸਮਾਗਮ ਕਰਨ ਲਈ ਵੀ ਕਾਫੀ ਪ੍ਰਸਿੱਧ ਹੈ। ਜ਼ਾਹਰ ਹੈ ਕਿ ਧਾਰਮਕ ਅਸਥਾਨਾਂ ਨੂੰ ਹੋਰਨਾਂ ਉਦਯੋਗਪਤੀਆਂ ਵਾਂਗ ਚੋਖਾ ਦਾਨ ਵੀ ਦਿੰਦਾ ਹੋਵੇਗਾ। ਸਾਡੇ ਦੇਸ਼ ਦੀ ਤ੍ਰਾਸਦੀ ਇਹ ਹੈ ਕਿ ਇਥੇ ਧਾਰਮਕ ਅਸਥਾਨਾਂ 'ਤੇ ਤਾਂ ਬੇਤਹਾਸ਼ਾ ਖਰਚ ਕੀਤਾ ਜਾ ਰਿਹਾ ਹੈ, ਸੰਗਮਰਮਰ 'ਤੇ ਸੰਗਮਰਮਰ ਚੜ੍ਹਾਇਆ ਜਾ ਰਿਹਾ ਹੈ, ਪਰ ਕਿਰਤੀਆਂ ਦੇ ਕੰਮ ਕਰਨ ਦੀਆਂ ਥਾਵਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਪੰਜਾਬ ਦੀਆਂ ਆਮ ਫੈਕਟਰੀਆਂ ਵਿਚ ਕਿਰਤੀਆਂ ਦੀ ਹਾਲਤ ਬਹੁਤ ਤਰਸਯੋਗ ਹੁੰਦੀ ਹੈ। ਉਹ ਗੰਦੀਆਂ-ਮੰਦੀਆਂ ਥਾਵਾਂ 'ਤੇ ਕੰਮ ਕਰਨ ਲਈ ਮਜਬੂਰ ਹਨ ਤੇ ਉਨ੍ਹਾਂ ਦੇ ਰਹਿਣ ਦੀਆਂ ਥਾਵਾਂ ਹੋਰ ਵੀ ਭੈੜੀਆਂ ਤੇ ਪ੍ਰਦੂਸ਼ਤ ਹਨ। 'ਕਿਰਤ' ਦੇਸ਼ ਪੰਜਾਬ ਦਾ ਰੂਹਾਨੀ ਆਦਰਸ਼ ਹੈ ਤਾਂ ਫਿਰ ਕਿਰਤੀ ਪ੍ਰਤੀ ਅਸੀਂ ਅਮਾਨਵੀ ਵਤੀਰਾ ਕਿਉਂ ਧਾਰਨ ਕਰ ਰੱਖਿਆ ਹੈ? ਸ਼ੀਤਲ ਫਾਈਬਰ ਫੈਕਟਰੀ ਵਿਚ ਵਾਪਰਿਆ ਹਾਦਸਾ ਸਾਡੇ ਸਾਹਮਣੇ ਇਹ ਬਹੁਤ ਵੱਡਾ ਸਵਾਲ ਪੇਸ਼ ਕਰ ਰਿਹਾ ਹੈ। ਕੀ ਅਸੀਂ ਇਸ ਦਾ ਜਵਾਬ ਦੇਣ ਲਈ ਤਿਆਰ ਹਾਂ?

### ਛੇਕੜਲੀ ਗੱਲ

ਬਲਵੰਤ ਸਿੰਘ ਰਾਮੂਵਾਲੀਆ ਬਾਦਲਾਂ ਦੀ ਖ਼ੁਸ਼ਾਮਦ ਲਈ ਆਪਣੀ ਵਿਰਾਸਤੀ ਢਾਡੀ ਕਲਾ ਦਾ ਖੂਬ ਪ੍ਰਯੋਗ ਕਰ ਰਿਹਾ ਹੈ। ਉਸ ਨੇ ਸੁਖਬੀਰ ਸਿੰਘ ਬਾਦਲ ਨੂੰ ਪੰਜਾਬ ਦੀ ਸਿਆਸਤ ਦੇ ਚਾਣਕੀਆ ਦਾ ਖ਼ਿਤਾਬ ਦੇ ਰੱਖਿਆ ਹੈ। ਇਕ ਥਾਂ ਉਹ ਇਹ ਵੀ ਕਹਿ ਰਿਹਾ ਸੀ, ''ਸ. ਸੁਖਬੀਰ ਸਿੰਘ ਬਾਦਲ ਨੇ ਤਾਂ ਭੁੱਜੇ ਦਾਣੇ ਹਰੇ ਕਰ ਦਿਖਾਏ।''

ਕਿਸੇ ਨੇ ਸੁਣ ਕੇ ਚੁਟਕੀ ਲਈ, ''ਕਾਸ਼! ਸੁਖਬੀਰ ਸਿੰਘ ਬਾਦਲ ਚੱਲੇ ਹੋਏ ਕਾਰਤੂਸ ਵੀ ਚਲਾ ਸਕਦਾ ਹੁੰਦਾ!''

## ਸੰਤੋਖ ਸਿੰਘ ਧੀਰ ਦੀਆਂ ਕਹਾਣੀ 'ਤੇ ਅਧਾਰਿਤ ਕਹਾਣੀ ਇਕ ਪਿੰਡ ਦੀ ਦਾ ਸਫ਼ਲ ਮੰਚਨ

ਸ਼੍ਰੋਮਣੀ ਸਾਹਿਤਕਾਰ ਸੰਤੋਖ ਸਿੰਘ ਧੀਰ ਦੀ ਯਾਦ ਵਿਚ ਸਰਘੀ ਕਲਾ ਕੇਂਦਰ ਮੁਹਾਲੀ ਵੱਲੋਂ ਸੰਗੀਤ ਨਾਟਕ ਅਕਾਦਮੀ ਦਿੱਲੀ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਨਾਟਕ ਕਹਾਣੀ ਇਕ ਪਿੰਡ ਦੀ ਜੋ ਸ੍ਰੀ ਸੰਤੋਖ ਸਿੰਘ ਧੀਰ ਦੀਆਂ ਪੰਜ ਵਿਸ਼ਵ ਪ੍ਰਸਿੱਧ ਸ਼ਾਹਕਾਰ ਕਹਾਣੀਆਂ ਕੋਈ ਇੱਕ ਸਵਾਰ, ਸਾਂਝੀ ਕੰਧ, ਸਵੇਰ ਹੋਣ ਤੱਕ, ਭੇਤ ਆਲੀ ਗੱਲ ਅਤੇ ਗੱਲਾਂ ਲਈ ਗੱਲਾਂ ਦੀਆ 'ਤੇ ਅਧਾਰਿਤ ਹੈ ਜਿਸ ਦਾ ਨਾਟਕੀ ਰੂਪਾਂਤਰਨ ਅਤੇ ਨਿਰਦੇਸ਼ਨਾ ਸੰਜੀਵਨ ਸਿੰਘ ਨੇ ਕੀਤਾ। ਨਾਟਕ ਵਿਚ ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਸ਼ਾਹ ਹੁਸੈਨ ਦੀਆ ਕਾਫ਼ੀਆਂ ਦਾ ਪ੍ਰਯੋਗ ਵੀ ਕੀਤਾ ਗਿਆ। ਇਸ ਮੌਕੇ ਸ੍ਰੀ ਮਨਪ੍ਰੀਤ ਸਿੰਘ ਬਾਦਲ (ਪ੍ਰਧਾਨ ਪੰਜਾਬ ਪੀਪਲਜ਼ ਪਾਰਟੀ) ਵਿਸ਼ੇਸ਼ ਮਹਿਮਾਨ ਵੱਜੋਂ ਸ਼ਾਮਿਲ ਹੋਏ ਅਤੇ ਉਹਨਾਂ ਕਿਹਾ 'ਨਾਟਕ ਵਰਗੀ ਖਰਚੀਲੀ ਅਤੇ ਔਕੜਾ ਭਰੀ ਵਿਧਾ ਨੂੰ ਸਰਕਾਰਾਂ ਦੀ ਬੇਮੁਖੀ ਦੇ ਬਾਵਜੂਦ ਵੀ ਸਰਘੀ ਕਲਾ ਕੇਂਦਰ ਵਰਗੀਆਂ ਨਾਟ ਸੰਸਥਾਵਾਂ ਵਲੋਂ ਪਿਛਲੇ 22 ਸਾਲਾਂ ਤੋਂ ਨਿਰੰਤਰ ਜਾਰੀ ਰਖਣਾ ਆਪਣੇ ਆਪ ਵਿੱਚ ਵਿਲਖਣ ਗੱਲ ਹੈ। ਉਹਨਾਂ ਸੰਜੀਵਨ ਦੀ ਪੰਜਾਬੀ ਰੰਗਮੰਚ ਪ੍ਰਤੀ ਸਮਰਪਣ



ਦੀ ਭਾਵਨਾਂ ਦਾ ਵੀ ਵਿਸ਼ੇਸ਼ ਜ਼ਿਕਰ ਕੀਤਾ। ਪੰਡਿਤ ਰਾਮ ਪ੍ਰਕਾਸ਼ (ਪ੍ਰਧਾਨ ਪਰਸੂ ਰਾਮ ਭਵਨ ਚੰਡੀਗੜ੍ਹ) ਨੇ ਪ੍ਰਧਾਨਗੀ ਭਾਸ਼ਨ ਵਿੱਚ ਕਿਹਾ ਕਿ ਨਾਟਕ 'ਕਹਾਣੀ ਇੱਕ ਪਿੰਡ ਦੀ' ਨੇ ਪੁਰਾਣੇ ਪੇਂਡੂ ਜੀਵਨ ਨੂੰ ਮੰਚ ਉਤੇ ਜੀਵੰਤ ਕਰ ਦਿੱਤਾ ਹੈ। ਇਸ ਮੰਚਨ ਸਮੇਂ ਭਗਵੰਤ ਮਾਨ ਵੀ ਸ਼ਾਮਿਲ ਹੋਏ।

ਇਹ ਨਾਟਕ ਪੰਜਾਬ ਦੇ ਪਿੰਡਾਂ ਦੀ ਰੋਜ਼ਮਰ੍ਹਾਂ ਦੀ ਜ਼ਿੰਦਗੀ, ਸਾਦਗੀ ਅਤੇ ਨਿਰਛਲਤਾ ਦੀ ਤਸਵੀਰ ਪੇਸ਼ ਕਰਦਾ ਹੈ।ਕਿਵੇਂ ਲੋਕ ਇੱਕ ਦੂਜੇ ਦੇ ਦੁੱਖਾਂ-ਸੁੱਖਾਂ ਦੇ ਸਾਂਝੀ ਹਨ ਅਤੇ ਮੁਸੀਬਤਾਂ ਅਤੇ ਆਫਤਾਂ ਦਾ ਇੱਕ-ਜੁਟ ਹੋਕੇ ਟਾਕਰਾ ਕਰਦੇ ਹਨ। ਨਾਟਕ ਦੇ ਰੂਪਾਂਤਰਕਾਰ ਸੰਜੀਵਨ ਸਿੰਘ ਨੇ ਦੱਸਿਆ ਕਿ ਪੰਜਾਬੀ ਨਾਟਕ ਦੇ ਖੇਤਰ ਵਿੱਚ ਇੱਕ ਕਹਾਣੀ ਜਾਂ ਨਾਵਲ ਦੇ ਨਾਟਕੀ ਰੂਪਾਂਤਰ ਤਾਂ ਅਕਸਰ ਹੁੰਦੇ ਰਹਿੰਦੇ ਹਨ। ਪਰ ਮੇਰੀ ਇੱਛਾ ਪੰਜਾਬੀ ਨਾਟਕ ਦੇ ਖੇਤਰ ਵਿਚ ਕੁਝ ਨਵਾਂ ਤਜ਼ਰਬਾ ਕਰਨਾ ਦੀ ਸੀ। ਇਸ ਲਈ ਮੈਂ ਸਿਰਮੌਰ ਪੰਜਾਬੀ ਸਾਹਿਤਕਾਰ ਸ੍ਰੀ ਸੰਤੋਖ ਸਿੰਘ ਧੀਰ ਦੀਆਂ ਪੰਜ ਵਿਸ਼ਵ ਪ੍ਰਸਿੱਧ ਸ਼ਾਹਕਾਰ ਕਹਾਣੀਆਂ ਕੋਈ ਇੱਕ ਸਵਾਰ, ਸਾਂਝੀ ਕੰਧ, ਸਵੇਰ ਹੋਣ ਤੱਕ, ਭੇਤ ਆਲੀ ਗੱਲ ਅਤੇ ਗੱਲਾਂ ਲਈ ਗੱਲਾਂ ਦੀ ਚੋਣ ਕੀਤੀ। ਮੈਂ ਸਾਰੀਆਂ ਕਹਾਣੀਆਂ ਨੂੰ ਇਕ ਸੂਤਰ ਵਿੱਚ ਇੰਜ ਪਰੋਣਾ ਚਾਹੁੰਦਾ ਸੀ ਕਿ ਇਹਨਾਂ ਕਹਾਣੀਆਂ ਦੇ ਪਾਤਰ ਨਾਟਕ ਦੇ ਆਰੰਭ ਤੋਂ ਅੰਤ ਤੱਕ ਵਿਚਰਣ। ਜਿਨ੍ਹਾਂ ਦਰਸ਼ਕਾਂ ਨੇ ਇਹ ਕਹਾਣੀਆਂ ਪੜ੍ਹੀਆਂ ਹਨ ਉਹਨਾਂ ਨੂੰ ਇਹਨਾਂ ਕਹਾਣੀਆਂ ਦਾ ਝਲਕਾਰਾ ਅਤੇ ਕਿਰਦਾਰ/ਪਾਤਰ ਸਾਰੇ ਨਾਟਕ ਦੌਰਾਨ ਨਜ਼ਰੀਂ ਪੈਂਦੇ ਹਨ ਅਤੇ ਜਿਹਨਾਂ ਦਰਸ਼ਕਾਂ ਨੇ ਇਹ ਕਹਾਣੀਆਂ ਨਹੀਂ ਪੜੀਆਂ ਉਹਨਾਂ ਵਾਸਤੇ ਨਾਟਕ ਕਹਾਣੀ ਇੱਕ ਪਿੰਡ ਦੀ ਇੱਕ ਮੁਕੰਮਲ ਅਤੇ ਨਿਰਵਿਘਨ ਪੇਸ਼ਕਾਰੀ ਹੋਵੇਗੀ।

ਕਾਮਾਗਾਟਾਮਾਰੂ, ਅਜੀਤਰਾਮ, ਰਿਸ਼ਤਿਆਂ ਦਾ ਕੀ ਰੱਖੀਏ ਨਾਂ, ਫ਼ਰੀਡਮ ਫ਼ਾਈਟਰ, ਕੁਦੇਸਣ, ਗਾਨੀ, ਕੈਮਲੂਪਸ ਦੀਆਂ ਮੱਛੀਆਂ,ਪੁਨਰ ਜਨਮ ਵਰਗੇ ਨਾਟਕਾਂ ਦੀ ਸਫ਼ਲ ਪੇਸ਼ਕਾਰੀ ਤੋਂ ਬਾਅਦ

# ਪੰਜਾਬੀ ਆਰਟਸ ਐਸੋਸ਼ੀਏਸ਼ਨ ਆਫ਼ ਐਡਮਿੰਟਨ

## ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਦੇ ਸਹਿਯੋਗ ਨਾਲ

ਉਘੇ ਰੰਗਕਰਮੀ ਤੇ ਨਿਰਦੇਸ਼ਕ **ਜਸਪਾਲ ਢਿਲੋਂ** ਦੀ ਨਿਰਦੇਸ਼ਨਾ ਹੇਠ ਪੇਸ਼ ਕਰਦੀ ਹੈ

ਸ਼ਹੀਦ ਭਗਤ ਸਿੰਘ ਦੇ ਜੇਲ੍ਹ ਦੌਰਾਨ ਆਖ਼ਰੀ ਦਿਨਾਂ ਦੇ ਘਟਨਾਕ੍ਰਮ ਨੂੰ ਦਰਸਾਉਂਦਾ ਦਵਿੰਦਰ ਦਮਨ ਦਾ ਲਿਖਿਆ ਨਾਟਕ










ਅਤੇ ਅਜ਼ਾਦੀ ਤੋਂ ਬਾਅਦ ਦੇ ਭਾਰਤੀ ਸਰਕਾਰੀ-ਤੰਤਰ ਦਾ ਹਾਲ ਦਰਸਾਉਂਦਾ ਜਤਿੰਦਰ ਬਰਾੜ ਦਾ ਲਿਖਿਆ ਨਾਟਕ

## ‘ਫ਼ਾਈਲ ਚਲਦੀ ਰਹੀ...’



ਟਿਕਟ $10

**ਪ੍ਰੋਗਰਾਮ**

**9 ਜੂਨ 2012**

ਬਾਅਦ ਦੁਪਹਿਰ 3 ਤੋਂ 5 ਵਜੇ ਤੱਕ

ਵਿਕਟੋਰੀਆ ਸਕੂਲ ਆਫ਼ ਆਰਟਸ
10210-108 ਐਵੀਨਿਊ ਐਡਮਿੰਟਨ
Victoria School of Arts
10210-108 Ave T5H 1A8

ਸਹਿਯੋਗੀ ਸੰਸਥਾਵਾਂ: **ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ, ਮੈਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ, ਸੈਕੂਲਰ ਪੀਪਲਜ਼ ਐਸੋਸੀਏਸ਼ਨ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

ਜੋਗਿੰਦਰ ਰੰਧਾਵਾ 780-914-6251, ਨਵਤੇਜ ਬੈਂਸ 780-200-2872, ਕਸ਼ਮੀਰ ਬਦੇਸ਼ਾ 780-462-3071, ਬਖ਼ਸ਼ ਸੰਘਾ 780-660-7520, ਕਿਰਤਮੀਤ ਕੁਹਾੜ 780-200-5328, ਲਾਡੀ ਸੂਸ 780-297-6105, ਜਸਬੀਰ ਸੰਘਾ 780-863-4055, ਸੁਰਿੰਦਰ ਦਿਓਲ 780-239-9038, ਗੁਰਤੇਜ ਬਰਾੜ 780-906-0371, ਵਰਿੰਦਰ ਭੱਚੂ 780-299-5301, ਹਰਜਿੰਦਰ ਬਦੇਸ਼ਾ 780-265-1920, ਗੁਰਮੇਲ ਧਾਲੀਵਾਲ 780-265-6990, ਗੁਰਚਰਨ ਸ਼ਰਮਾ 780-554-2570, ਸੋਨੀ ਗਿੱਲ 780-497-8801, ਦਲਬੀਰ ਸਾਂਗਿਆਂਣ 780-995-5475, ਡਾ. ਪੀ.ਆਰ. ਕਾਲੀਆ 780-485-2989, , ਗੁਰਚਰਨ ਬਰਾੜ 780-265-3752, ਰਵਿੰਦਰ ਸ਼ਾਹੀ 780-267-0452, ਗੁਰਜੀਤ ਕੰਗ 780-271-1699, ਅਨੰਤਬੀਰ ਥਿੰਦ 780-200-1791, ਸਨੀ ਧਾਲੀਵਾਲ 780-885-8380, ਜਗਦੇਵ ਸੋਹੀ 780-940-9941, ਗੁਰਸੇਵਕ ਮਾਨ 780-710-3710,

# A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ





## A-WIN: Making Life Easy

### Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**



### What we Offer

- Home / Auto Insurance
- RV Insurance
- Life and Financial Services
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

- ◈ ਕਾਰ, ਮੋਟਰਸਾਈਕਲ ਇੰਸ਼ੋਰੈਂਸ
- ◈ ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ◈ ਟਰੱਕ: ਲੌਂਗਹਾਲ ਅਤੇ ਗਰੈਵਲ
- ◈ ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ◈ ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

Providing Peace of Mind
100 Years & Beyond
SMI
SASKATCHEWAN MUTUAL INSURANCE COMPANY

**Discounts up to 60%**

**Payment Options available**

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

અમે અંગ્રેજી, પંજાબી, ગુજરાતી, હિન્દી, અને ઉર્દૂ ભાષામાં સેવા આપીએ છીએ.

**We Provide Services In English, Punjabi, Gujrati, Hindi & Urdu**

## Edmonton: 780-465-6900

ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਸਿੰਘ, ਦੀਪਕ ਸ਼ਾਹ, ਰਮਨ ਗਿੱਲ

## Calgary: 403-775-2100

ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

ADVANCED
Roofing Systems Ltd.
RESIDENTIAL COMMERCIAL

Residential/Commercial Insurance Claims • Asphalt & Specialty Shingles • Siding, Soffits,Fascia • 2 Ply Membranes (SBS) • Cedar Shakes New & Re-Roof Specialists • Condominums Welcome • Steep Roofs Welcome Licaenced & Insured • Pine Shake Replacement • Roof Top Snow removel • FREE Estimates

Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

Gurkeerat Holding Ltd.

- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

DRIVING SCHOOL LTD.
Authorised teach Certification Course
EDMONTON'S NO. 1 DRIVING SCHOOL
ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ
ਭਰੋਸੇਮੰਦ ਨਾਮ G DRIVING SCHOOL
Services available in English, Punjabi, Hindi & Urdu
Male & Female Instructors are available
VEHICLE PROVIDE FOR ROAD TEST
Free Pickup & Drop Off in Edmonton & Area
Gurcharan Singh Garcha (M.Sc. M.Ed.)
9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

PIZZA99
Serving for over 16 years
Call (780) 450-9900
ਮਸਾਲੇਦਾਰ ਮੱਛੀ ਦੇ ਪਕੌੜੇ,
ਵਧੀਆ ਸਰਵਿਸ, ਵਧੀਆ ਫੂਡ, ਵਾਜ਼ਬ ਕੀਮਤਾਂ
ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ
www.pizza99.com
ਪਰਮਜੀਤ ਸਿੰਘ ਬਾਠ
FREE DELIVERY Millwoods ONLY
Buy any Pizza at regular price & get Second Pizza of equal or less value Free or Chicken wings Free and 3rd Pizza Half Price.
Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm
RENNET FREE CHEESE 1543 Millwoods Road East, Edmonton AB.

KOPY CENTRE & PRINTING
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers • Brochures • Invitation Cards • Tickets • Binders • PDF Files • Scanning • Lamination • Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

EconoLodge BY CHOICE HOTELS
Red Deer Econo Lodge Inn & Suites
www.choicehotels.com
Reservations 1-877-424-6423



403-346-4188
Cell: 403-505-4188
Email: econolodgereddeer@shaw.ca



Varinder Sidhu
President
37433 Highway 2 South, East Side Gasoline Alley
Red Deer, Alberta T4E 1B3

$299,900
Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

2 storey
Detached home
3 bedrooms
1 1/2 baths
1140 sq.ft
5 Appliances
Only 2



OR



Duplex
3 bedrooms
2 1/2 baths
1268 sq.ft
Single Garage
Fireplace
5 Appliances



ਫਾਇਨਾਂਨਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ
FINANCING AVAILABLE
No Down Payment, No Problem
Call Rennie @ 780-966-1688
rennie1688@gmail.com

ADVANCED Roofing Systems Ltd.

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits, Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates




Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

## Gurkeerat Holding Ltd.



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

## G DRIVING SCHOOL LTD.

Authorised teach Certification Course



Gurcharan Singh Garcha (M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu




- Male & Female Instructors are available
- VEHICLE PROVIDE FOR ROAD TEST
- Free Pickup & Drop Off in Edmonton & Area

9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

## PIZZA 99





Serving for over 16 years

Call (780) 450-9900

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜ਼ਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

FREE DELIVERY Millwoods ONLY

Buy any Pizza at regular price & get Second Pizza of equal or less value Free or Chicken wings Free and 3rd Pizza Half Price.

ਪਰਮਜੀਤ ਸਿੰਘ ਬਾਠ

www.pizza99.com

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE — 1543 Millwoods Road East, Edmonton AB.

## KOPY CENTRE & PRINTING



"On Time ~ Every Time"

Digital Printing & Photo Copy

• Business Cards • Letter Heads • Invoices (NCR) • Flyers • Brochures • Invitation Cards • Tickets • Binders • PDF Files • Scanning • Lamination • Internet Service • Fax Service • Computer Service etc...

We do Art Work as well...

Tel: (780) 437-0200
Fax: (780) 437-0227 • kopycent@telus.net

9126B - 51 Ave. Edmonton, AB T6E 5L8

## Red Deer Econo Lodge Inn & Suites

EconoLodge BY CHOICE HOTELS

www.choicehotels.com

Reservations 1-877-424-6423



403-346-4188

Cell: 403-505-4188

Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3

## $299,900

Incl. Home, lot & net GST

ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

2 storey
Detached home
3 bedrooms
1 1/2 baths
1140 sq.ft
5 Appliances
Only 2



OR



Duplex
3 bedrooms
2 1/2 baths
1268 sq.ft
Single Garage
Fireplace
5 Appliances



ਫਾਇਨਾਂਨਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE

No Down Payment, No Problem

Call Rennie @ 780-966-1688

rennie1688@gmail.com

**ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ 'ਚ ਵਧ ਰਹੇ ਪੀੜ੍ਹੀ-ਪਾੜ੍ਹੇ ਨੂੰ ਘਟਾਉਣ ਦੀ ਕੋਸ਼ਿਸ਼ ਲਈ ਯਤਨਸ਼ੀਲ:**

# ਪੰਜਾਬੀ ਕਲਚਰਲ ਐਸੋਸੀਏਸ਼ਨ ਆਫ ਅਲਬਰਟਾ

ਪੇਸ਼ ਕਰਦੀ ਹੈ

# ਮੇਲਾ ਮਾਂਵਾਂ-ਧੀਆਂ ਦਾ

## On 13th May 2012 @ 2 pm

Punjabi Cultural Association of Alberta, Edmonton

Celebrating 14th Annual

# MELA MAVAN-DHIAN DA

@ Capilano Conference Centre 4960-93 Ave Edmonton

ਆਓ ਤੇ ਆਨੰਦ ਮਾਣੋ ਇਕ ਸਭਿਆਚਾਰਕ ਸ਼ਾਮ ਦਾ ਜਿਸ ਵਿੱਚ ਮਨੋਰੰਜਨ, ਗਿੱਧਾ, ਬੋਲੀਆਂ ਅਤੇ ਡੀਜੇ ਮਿਊਜ਼ਿਕ ਮਨੋਰੰਜਨ ਤੋਂ ਇਲਾਵਾ ਸਾਡਾ ਮੰਤਵ ਹੈ:

- ◈ ਔਰਤਾਂ ਦਾ ਆਪਸ ਵਿਚ ਮੇਲ-ਮਿਲਾਪ ਤੇ ਜਾਣ ਪਹਿਚਾਣ ਵਧਾਉਣਾ
- ◈ ਮਾਂ-ਧੀ ਦੇ ਰਿਸ਼ਤੇ ਨੂੰ ਹੋਰ ਗੂੜ੍ਹਾ ਕਰਨਾ



Tickets: $5.00

**ATTRACTIONS : Mehndi Stall, Childrens Rides, Gidha, Dance with live D.J. Music**

Free Admission for kids up to 12 Years : No Admission for boys above 12 years

Sponcers:
Driving School Ltd. G Pride in Safety
Gurcharan Singh Garcha
DRIVING SCHOOL LTD.
Ph: Off 780-229-1332 Cell: 780-907-0332

Century 21
Balkaran Sidhu
Platinum Realty
balkaran.sidhu@century21.ca
Office: 780-439-3300 Cell: 780-951-9011

Harkesh Sohi
white rock landscaping
Off: 780-469-0029 Cell: 780-266-0407
5810 meridian st. Edmonton

*For More Info Call:*

◈ ਬਖ਼ਸ਼ ਸੰਘਾ:780 461 7528 ◈ ਅਰਵਿੰਦ ਸੇਖੋਂ: 780 965 950 ◈ ਕੁਲਦੀਪ ਧਾਲੀਵਾਲ : 780 278 0627 ◈ ਪਰਮਿੰਦਰ (ਟਿਪੀ) ਗਿੱਲ 780 465 4716

# ਅਰਪਨ ਲਿਖਾਰੀ ਸਭਾ ਵਲੋਂ ਰਵਿੰਦਰ ਰਵੀ ਨੂੰ ਸਨਮਾਨਤ ਕਰਨ ਦਾ ਫੈਸਲਾ







ਕੈਲਗਰੀ (ਨਦਬ) ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ ਕੋਸੋ ਹਾਲ ਵਿਚ ਸਤਨਾਮ ਸਿੰਘ ਢਾਅ, ਕਾਮਰੇਡ ਰਣਧੀਰ ਗਿੱਲ, ਸੀਨੀਅਰ ਸੋਸਾਇਟੀ (ਇੰਕਾ) ਦੇ ਪ੍ਰਧਾਨ ਨਾਇਬ ਸਿੰਘ ਸੰਧੂ ਅਤੇ ਬੀਬੀ ਵਿੱਦਿਆ ਪਾਲ ਦੇ ਪ੍ਰਧਾਨਗੀ ਮੰਡਲ ਹੇਠ ਹੋਈ।

ਸਭਾ ਦੇ ਜਨਰਲ ਸਕੱਤਰ ਇਕਬਾਲ ਖ਼ਾਨ ਨੇ ਮਹਿਮਾਨਾਂ ਨੂੰ 'ਜੀ ਆਇਆਂ' ਕਿਹਾ। ਕਵੀਸ਼ਰ ਸਰੂਪ ਸਿੰਘ ਮੰਡੇਰ ਨੇ ਸਮਾਗਮ ਦੀ ਸ਼ੁਰੂਆਤ ਕਰਦਿਆਂ ਹੰਸਾ ਸਿੰਘ ਬਰਾੜ ਦਾ ਲਿਖਿਆ ਬਹੱਤਰ-ਕਲਾ ਛੰਦ ਪੇਸ਼ ਕੀਤਾ। ਕੁੰਦਨ ਸਿੰਘ ਸ਼ੇਰਗਿਲ ਨੇ ਅਖੌਤੀ ਸੰਤਾਂ ਦੀ ਗੱਲ ਕਰਦੀ ਕਵਿਤਾ ਸਾਂਝੀ ਕੀਤੀ। ਗ਼ਜ਼ਲਕਾਰ ਕੇਸਰ ਸਿੰਘ ਨੀਰ ਨੇ ਗ਼ਜ਼ਲ ਸੁਣਾਈ। ਹਰਮਿੰਦਰ ਕੌਰ ਢਿੱਲੋਂ ਨੇ ਵੀ ਆਪਣੀ ਰਚਨਾ ਸੁਣਾਈ। ਮਾ. ਬਚਿੱਤਰ ਸਿੰਘ ਗਿੱਲ ਨੇ ਕਾਮਰੇਡ ਰਣਧੀਰ ਸਿੰਘ ਗਿੱਲ ਦੇ ਇਨਕਲਾਬੀ ਪਰਿਵਾਰਕ ਪਿਛੋਕੜ ਬਾਰੇ ਚਾਨਣਾ ਪਾਇਆ। ਰਣਧੀਰ ਸਿੰਘ ਗਿੱਲ ਨੇ ਆਖਿਆ ਕਿ ਸਮੇਂ ਸਿਰ ਕੀਤੇ ਫ਼ੈਸਲੇ ਲਹਿਰਾਂ ਨੂੰ ਕਾਮਯਾਬੀ ਦੁਆ ਜਾਂਦੇ ਹਨ ਤੇ ਬੇਮੌਕੇ ਕੀਤੇ ਫ਼ੈਸਲੇ ਲਹਿਰਾਂ ਨੂੰ ਅਸਫ਼ਲਤਾ ਵੱਲ ਧੱਕ ਦਿੰਦੇ ਹਨ। ਪੂਰਨ ਸਿੰਘ ਪਾਂਧੀ ਵਲੋਂ ਰਣਧੀਰ ਗਿੱਲ ਦੇ ਜੀਵਨ ਬਾਰੇ ਲਿਖੀ ਪੁਸਤਕ 'ਬੁਲੰਦ ਪ੍ਰਵਾਜ਼' ਰਣਧੀਰ ਸਿੰਘ ਰੋਹਾਂ ਵਲੋਂ ਅਰਪਨ ਲਿਖਾਰੀ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ ਰਾਹੀਂ ਸਭਾ ਨੂੰ ਭੇਟ ਕੀਤੀ।

ਸਕੱਤਰ ਹਰਜੀਤ, ਗੁਰਚਰਨ ਕੌਰ, ਗੁਰਨਾਮ ਸਿੰਘ ਗਿੱਲ, ਕਹਾਣੀਕਾਰਾ ਸਤਪਾਲ ਕੌਰ, ਅਜੈਬ ਸਿੰਘ ਸੇਖੋਂ, ਪ੍ਰਭਦੇਵ ਸਿੰਘ ਗਿੱਲ, ਇੰਜੀ. ਗੁਰਦਿਆਲ ਸਿੰਘ ਖਹਿਰਾ ਨੇ ਵੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਮਾ. ਭਜਨ ਸਿੰਘ ਗਿੱਲ ਨੇ ਆਪਣੀ ਜਥੇਬੰਦੀ 'ਪ੍ਰੋਗੈਸਿਵ ਕਲਚਰਲ ਐਸੋਸੀਏਸ਼ਨ' ਵਲੋਂ ਸਭਾ ਨੂੰ ਦੋ ਕਿਤਾਬਾਂ (ਇਕ ਸੰਸਥਾ ਇਕ ਲਹਿਰ ਭਾਜੀ ਗੁਰਸ਼ਰਨ ਸਿੰਘ, ਰੈੱਡ ਸਟਾਰ ਉਵਰ ਇੰਡੀਆ) ਭੇਟ ਕੀਤੀਆਂ। ਸਭਾ ਦੇ ਮੈਂਬਰ ਡਾ. ਮਨਜੀਤ ਸਿੰਘ ਸੋਹਲ ਨੇ ਸਭਾ ਦੇ ਸਾਲਾਨਾ ਸਮਾਗਮ ਬਾਰੇ ਗੱਲਬਾਤ ਕੀਤੀ। ਪੈਰੀ ਮਾਹਲ ਨੇ ਰੀਅਲ ਇਸਟੇਟ ਦੇ ਕੁਝ ਜ਼ਰੂਰੀ ਨੁਕਤੇ ਸਾਂਝੇ ਕੀਤੇ। ਸਭਾ ਦੇ ਨਵੇਂ ਬਣੇ ਮੈਂਬਰ ਸੁਖਵੀਰ ਗਰੇਵਾਲ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਅਪ੍ਰੈਲ ਮਹੀਨੇ ਵਿਚ ਡਾ. ਜਗਤਾਰ ਅਤੇ ਅਮਰੀਕ ਸਿੰਘ ਪੂੰਨੀ ਦੀ ਬਰਸੀ 'ਤੇ ਉਨ੍ਹਾਂ ਦੀ ਸਹਿਤਕ ਦੇਣ ਬਾਰੇ ਗੱਲ ਕਰਿਦਿਆਂ ਸ਼ਰਧਾਂਜਲੀ ਭੇਟ ਕੀਤੀ। 2 ਜੂਨ ਨੂੰ ਸਭਾ ਦੇ ਸਾਲਾਨਾ ਸਮਾਗਮ ਵਿਚ ਬੀ.ਸੀ. ਵਿਚ ਰਹਿੰਦੇ ਬਹੁਪੱਖੀ ਲੇਖਕ ਆਲੋਚਕ ਰਾਵਿੰਦਰ ਰਵੀ ਨੂੰ ਸਨਮਾਨਤ ਕੀਤਾ ਜਾਵੇਗਾ।

# ਬੱਚਿਆਂ ਦਾ ਪੰਜਾਬੀ ਬੋਲਣ ਦੀ ਮੁਹਾਰਤ ਦਾ ਮੁਕਾਬਲਾ





ਕੈਲਗਰੀ (ਨਦਬ) ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ 14 ਅਪ੍ਰੈਲ 2012 ਦਿਨ ਸ਼ਨੀਵਾਰ ਨੂੰ ਖਚਾਖਚ ਭਰੇ ਫਾਲਕਿਨਰਿਜ/ਕੈਸਲਰਿਜ ਕਮਿਊਨਟੀ ਹਾਲ ਵਿਚ ਬੱਚਿਆਂ ਦਾ ਪੰਜਾਬੀ ਬੋਲਣ ਦੀ ਮੁਹਾਰਤ ਦਾ ਮੁਕਾਬਲਾ ਕਰਵਾਇਆ ਗਿਆ। ਇਸ ਵਿਚ 16 ਸਾਲ ਤੱਕ ਦੀ ਉਮਰ ਦੇ 51 ਬੱਚਿਆਂ ਨੇ ਭਾਗ ਲਿਆ। ਬੱਚਿਆਂ ਦੇ ਨਾਵਾਂ ਦੀ ਰਜਿਸਟ੍ਰੇਸ਼ਨ ਦੀ ਜ਼ਿੰਮੇਵਾਰੀ ਜੋਗਿੰਦਰ ਸੰਘਾ, ਹਰਪ੍ਰਕਾਸ਼ ਜਨਾਗਲ, ਗੁਰਬਚਨ ਬਰਾੜ ਵਲੋਂ ਨਿਭਾਈ ਗਈ। ਮੰਗਲ ਚੱਠਾ ਵਲੋਂ ਸਭਾ ਦੀਆਂ ਕਿਤਾਬਾਂ ਅਤੇ ਮਾ. ਭਜਨ ਸਿੰਘ ਗਿੱਲ ਵਲੋਂ ਆਪਣੇ ਫੋਰਮ ਵਲੋਂ ਕਿਤਾਬਾਂ ਦੀ ਪ੍ਰਦਰਸ਼ਨੀ ਲਗਾਈ ਗਈ। ਸਟੇਜ ਦੀ ਜ਼ਿੰਮੇਵਾਰੀ ਸੰਭਾਲਦਿਆਂ ਜਨਰਲ ਸਕੱਤਰ ਬਲਜਿੰਦਰ ਸੰਘਾ ਨੇ ਸਭਾ ਦੇ ਪ੍ਰਧਾਨ ਮਹਿੰਦਰਪਾਲ ਐਸ.ਪਾਲ, ਜਸਵੰਤ ਸਿੰਘ ਗਿੱਲ, ਪ੍ਰੋ. ਮਨਜੀਤ ਸਿੰਘ ਸਿੱਧੂ, ਡਾ. ਮਹਿੰਦਰ ਸਿੰਘ ਹੱਲਣ ਅਤੇ ਹਰਪ੍ਰਕਾਸ਼ ਜਨਾਗਲ ਨੂੰ ਪ੍ਰਧਾਨਗੀ ਮੰਡਲ ਵਿਚ ਬੈਠਣ ਦਾ ਸੱਦਾ ਦਿੱਤਾ। ਪ੍ਰਧਾਨ ਮਹਿੰਦਰਪਾਲ ਐਸ. ਪਾਲ ਨੇ ਸਭ ਨੂੰ ਜੀ ਆਇਆ ਕਿਹਾ। ਪ੍ਰੋ. ਮਨਜੀਤ ਸਿੰਘ ਸਿੱਧੂ ਨੇ ਸਭਾ ਦੇ ਕੰਮਾਂ ਬਾਰੇ ਸੰਖੇਪ ਜਾਣਕਾਰੀ ਦਿਤੀ। ਪ੍ਰੋ. ਦਲਜਿੰਦਰ ਜੌਹਲ ਦੀ ਅਗਵਾਈ ਵਿਚ ਬੱਚਿਆਂ ਨੇ ਗਿੱਧਾ ਅਤੇ ਭੰਗੜਾ ਪਾਇਆ। ਬਲਵੀਰ ਗੋਰੇ ਅਤੇ ਤਰਲੋਚਨ ਸੈਂਭੀ ਨੇ ਪੰਜਾਬੀ ਮਾਂ ਬੋਲੀ ਨਾਲ ਸਬੰਧਤ ਕਵੀਸ਼ਰੀ ਨਾਲ ਅਜਿਹਾ ਰੰਗ ਬੰਨ੍ਹਿਆ ਕਿ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਹਰਚਰਨ ਪ੍ਰਹਾਰ, ਬ੍ਰਹਮਪ੍ਰਕਾਸ਼ ਸਿੰਘ ਲੁੱਡੂ, ਕੁਲਦੀਪ ਪ੍ਰਮਾਰ, ਮਨਪ੍ਰੀਤ ਬਰਾੜ, ਰਣਜੀਤ ਸਿੱਧੂ, ਡੈਨ ਸਿੱਧੂ, ਗੁਰਚਰਨ ਕੌਰ ਥਿੰਦ, ਸੁਖਵੀਰ ਗਰੇਵਾਲ ਅਤੇ ਉਪਾਰਜੀਤ ਸਿੰਘ ਨੇ ਜੱਜਾਂ ਦੀ ਸੇਵਾ ਨਿਭਾਈ ਅਤੇ ਨਤੀਜਾ ਜੋਗਿੰਦਰ ਸੰਘਾ ਨੇ ਐਲਾਨਿਆ। ਅੱਠ ਸਾਲ ਤੱਕ ਦੇ ਬੱਚਿਆਂ ਵਿਚੋਂ ਨਵਰੀਤ ਕੌਰ ਪਹਿਲਾ, ਰਮਨੀਕ ਸੰਧੂ ਦੂਸਰਾ, ਪ੍ਰਭਲੀਨ ਕੌਰ ਗਰੇਵਾਲ ਨੂੰ ਤੀਸਰਾ ਇਨਾਮ ਮਿਲਿਆ, ਅੱਠ ਸਾਲ ਤੋਂ ਬਾਰਾਂ ਸਾਲ ਤੱਕ ਦੇ ਬੱਚਿਆਂ ਵਿਚੋਂ ਉਪਿੰਦਰ ਸਿੰਘ ਉੱਪਲ ਪਹਿਲਾ, ਯੁਵਰਾਜ ਸਿੰਘ ਦੂਸਰਾ, ਹਰਲੀਨ ਕੌਰ ਗਰੇਵਾਲ ਤੀਸਰਾ ਅਤੇ ਬਾਰਾਂ ਤੋਂ ਸੋਲਾਂ ਸਾਲ ਤੱਕ ਦੇ ਬੱਚਿਆਂ ਵਿਚੋਂ ਸੁਖਦੀਪ ਸਿੰਘ ਸੱਗੂ ਪਹਿਲਾ, ਤੇਜਵੀਰ ਸਿੰਘ ਥਿੰਦ ਦੂਸਰਾ, ਸਾਹਿਬ ਸਿੰਘ ਬੀਸਲਾ ਤੀਸਰੇ ਸਥਾਨ 'ਤੇ ਰਹੇ। ਜੇਤੂ ਬੱਚਿਆਂ ਨੂੰ ਸਭਾ ਵਲੋ ਤਰਲੋਚਨ ਸੈਂਭੀ, ਬੀਜਾ ਰਾਮ, ਬਲਵੀਰ ਗੋਰਾ, ਬਖਸੀਸ਼ ਗੋਸਲ (ਰੇਡੀਓ ਹੋਸਟ), ਰਣਜੀਤ ਲਾਡੀ, ਮੰਗਲ ਚੱਠਾ, ਗੁਰਲਾਲ ਰੁਪਾਲੋਂ, ਬਲਜਿੰਦਰ ਸੰਘਾ, ਦਰਸ਼ਨ ਕੰਗ ਐਮ.ਐਲ.ਏ.ਜੀ ਨੇ ਪਲੈਕਸ ਨਾਲ ਸਨਮਾਨਤ ਕੀਤਾ।

ਦਲਜਿੰਦਰ ਜੋਹਲ ਨੂੰ ਸਮਾਜ ਸੇਵੀ ਪਾਲੀ ਵਿਰਕ ਅਤੇ ਸਭਾ ਦੇ ਮੈਂਬਰ ਗੁਰਬਚਨ ਬਰਾੜ ਵਲੋਂ ਸਨਮਾਨਤ ਕੀਤਾ ਗਿਆ। ਜਸਵੰਤ ਸਿੰਘ ਗਿੱਲ, ਹਰਪ੍ਰਕਾਸ਼ ਜਨਾਗਲ, ਪ੍ਰੋ. ਮਨਜੀਤ ਸਿੰਘ ਸਿੱਧੂ ਵਲੋਂ ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਹਰ ਇਕ ਬੱਚੇ ਨੂੰ ਸਰਟੀਫਿਕੇਟ ਦਿੱਤਾ ਗਿਆ। ਸਭਾ ਵਲੋਂ ਸੁਖਪਾਲ ਪ੍ਰਮਾਰ, ਰਣਜੀਤ ਲਾਡੀ, ਬੀਜਾ ਰਾਮ, ਜੋਗਿੰਦਰ ਸੰਘਾ, ਬਲਵੀਰ ਗੋਰਾ, ਅਵਨਿੰਦਰ ਨੂਰ, ਤਰਲੋਚਨ ਸੈਂਭੀ, ਮੰਗਲ ਚੱਠਾ, ਗੁਰਲਾਲ ਰੁਪਾਲੋਂ, ਕਰਨਵੀਰ ਕੁਲਾਰ ਅਤੇ ਰਾਜਨ ਸੰਘਾ ਨੇ ਆਪਣੀਆਂ ਜ਼ਿੰਮੇਵਾਰੀਆਂ ਬਾਖੂਬੀ ਨਿਭਾਈਆਂ। ਸਭਾ ਵਲੋਂ ਬਿੱਲ ਕਾਹਲੋਂ, ਤਰਸੇਮ ਪਰਹਾਰ, ਜਸਵੀਰ ਸਹੋਤਾ, ਸੁਰੀਤਮ ਰਾਏ, ਮਾ. ਭਜਨ ਸਿੰਘ ਗਿੱਲ, ਰਜੇਸ਼ ਅੰਗਰਾਲ, ਜਸਜੀਤ ਧਾਮੀ, ਸੁਰਿੰਦਰ ਰੰਦੇਵ, ਚੰਦ ਸਿੰਘ ਸਦਿਓੜਾ ਦਾ ਸਹਿਯੋਗ ਲਈ ਧੰਨਵਾਦ ਕੀਤਾ।

ਇਸ ਪ੍ਰੋਗਰਾਮ ਨਾਲ ਸਬੰਧਤ ਤਸਵੀਰਾਂ ਸਭਾ ਦੀ ਵੈਬਸਾਈਟ www.punjabilikharisabha.com ਤੇ ਜਾਕੇ ਵੀ ਦੇਖ ਸਕਦੇ ਹੋ।

## ਪੰਜਾਬੀ ਆਰਟਸ ਐਸੋਸੀਏਸ਼ਨ ਆਫ਼ ਐਡਮਿੰਟਨ ਵੱਲੋਂ ਨਾਟਕਾਂ ਦੀ ਸ਼ਾਮ 9 ਜੂਨ ਨੂੰ

ਐਡਮਿੰਟਨ (ਨਦਬ)- ਕਾਮਾਗਾਟਾਮਾਰੂ, ਅਜੀਤਰਾਮ, ਰਿਸ਼ਤਿਆਂ ਦਾ ਕੀ ਰੱਖੀਏ ਨਾਂ, ਫ਼ਰੀਡਮ ਫ਼ਾਈਟਰ, ਕਦੇਸਨ, ਗਾਨੀ, ਕੈਪਲੂਸ ਦੀਆਂ ਮੱਛੀਆਂ, ਪੁਨਰ ਜਨਮ ਆਦਿ ਵਰਗੇ ਨਾਟਕਾਂ ਦੀ ਸਫ਼ਲ ਪੇਸ਼ਕਾਰੀ ਤੋਂ ਬਾਅਦ ਪੰਜਾਬੀ ਆਰਟਸ ਐਸੋਸੀਏਸ਼ਨ ਆਫ਼ ਐਡਮਿੰਟਨ ਦੇ ਕਲਾਕਾਰ ਇੱਕ ਵਾਰ ਫਿਰ 9 ਜੂਨ ਨੂੰ ਨਾਟਕਾਂ ਦੀ ਸ਼ਾਮ ਲੈ ਕੇ ਦਰਸ਼ਕਾਂ ਦੇ ਸਨਮੁੱਖ ਹੋ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਮੈਂਬਰਾਂ ਨੇ ਦੱਸਿਆ ਕਿ 9 ਜੂਨ ਨੂੰ ਸ਼ਾਮ 3 ਤੋਂ 5 ਵਿਕਟੋਰੀਆ ਸਕੂਲ ਆਫ਼ ਆਰਟਸ 10210-108 ਐਵੀਨਿਊ ਐਡਮਿੰਟਨ ਵਿਖੇ ਕਰਵਾਏ ਜਾਣ ਵਾਲੇ ਇਨ੍ਹਾਂ ਨਾਟਕਾਂ 'ਚ ਸ਼ਹੀਦ ਭਗਤ ਸਿੰਘ ਦੇ ਜ਼ੇਲ ਦੌਰਾਨ ਆਖ਼ਰੀ ਦਿਨਾਂ ਦੇ ਘਟਨਾਕ੍ਰਮ ਨੂੰ ਦਰਸਾਉਂਦਾ ਨਾਟਕ 'ਛਿਪਣ ਤੋਂ ਪਹਿਲਾਂ ' ਅਤੇ ਭਾਰਤ ਦੇ ਸਰਾਕਾਰੀ ਤੰਤਰ-ਬਣਤਰ ਦਾ ਹਾਲ ਦਰਸਾਉਂਦਾ ' ਫ਼ਾਈਲ ਚਲਦੀ ਰਹੀ ' ਸ਼ਾਮਿਲ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਨ੍ਹਾਂ ਨਾਟਕਾਂ ਨੂੰ ਮਸ਼ਹੂਰ ਨਿਰਦੇਸ਼ਕ ਜਸਪਾਲ ਢਿਲੋਂ ਦੀ ਨਿਰਦੇਸ਼ਨਾਂ ਹੇਠ ਖੇਡਿਆ ਜਾਵੇਗਾ। ਇਸ ਸਬੰਧੀ ਹੋਰ ਜਾਣਕਾਰੀ ਲਈ ਜੋਗਿੰਦਰ ਰੰਧਾਵਾ ਨਾਲ 780-914-6251, ਨਵਤੇਜ ਬੈਂਸ ਨਾਲ 780-200-2872, ਬਖ਼ਸ਼ ਸੰਘਾ ਨਾਲ 780-660-7520, ਗੁਰਜੀਤ ਕੰਗ ਨਾਲ 780-271-1699, ਸੋਨੀ ਗਿੱਲ ਨਾਲ 780-497-8801, ਸੁਰਿੰਦਰ ਦਿਓਲ ਨਾਲ 780-239-9038 ਜਾਂ ਕਿਰਤਮੀਤ ਕੁਹਾੜ ਨਾਲ 780-200-5328 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਮੇਲਾ 'ਮਾਵਾਂ-ਧੀਆਂ ਦਾ' 13 ਮਈ ਨੂੰ

ਐਡਮਿੰਟਨ (ਨਦਬ)-ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ ਆਪਣੇ ਸਲਾਨਾ ਸਮਾਗਮਾਂ ਦੀ ਸ਼ੁਰੂਆਤ ਕਰਦਿਆਂ ਇਸ ਸਾਲ ਦਾ ਪਹਿਲਾਂ ਸਮਾਗਮ ਮੇਲਾ 'ਮਾਵਾਂ-ਧੀਆਂ ਦਾ' 13 ਮਈ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀ.ਸੀ.ਏ. ਦੀ ਸਭਿਆਚਾਰ ਨਿਰਦੇਸ਼ਕਾ ਬਖ਼ਸ਼ ਸੰਘਾ, ਸਭਿਆਚਾਰ ਨਿਰਦੇਸ਼ਕ ਸੁਖਦੇਵ ਧੰਨੋਆ, ਪ੍ਰਧਾਨ ਗੁਰਚਰਨ ਬਰਾੜ ਨੇ ਦੱਸਿਆ ਕਿ 13 ਮਈ ਐਤਵਾਰ ਨੂੰ ਕਰਵਾਏ ਜਾਣ ਵਾਲਾ ਇਹ ਮੇਲਾ ਕੈਪੀਲੈਨੋ ਕਾਨਫ਼ਰੈਂਸ ਹਾਲ 4960-93 ਐਵੀਵਿਊ ਐਡਮਿੰਟਨ ਵਿਖੇ ਦੁਪਿਹਰ 2 ਤੋਂ ਸ਼ਾਮ 5 ਵਜੇ ਕਰਵਾਇਆਂ ਜਾ ਰਿਹਾ ਹੈ। ਜੇਕਰ ਕੋਈ ਵੀ ਕਲਾਕਾਰ ਜਾਂ ਸੰਸਥਾ ਇਸ ਸਮਾਗਮ 'ਚ ਸਮੂਲੀਅਤ ਕਰਨਾ ਚਾਹੁੰਦੀ ਹੈ ਤਾਂ, ਇਸ ਲਈ ਬਖ਼ਸ਼ ਸੰਘਾ ਨਾਲ 780-660-7520, ਸੁਖਦੇਵ ਧੰਨੋਆ 780-700-5022 ਜਾਂ ਗੁਰਚਰਨ ਬਰਾੜ ਨਾਲ 780-265-3752 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬੀ ਲਿਖਾਰੀ ਸਭਾ ਕੈਲਗਰੀ ਦਾ 13ਵਾਂ ਸਲਾਨਾ ਸਮਾਗਮ 26 ਮਈ ਨੂੰ ਹੋਵੇਗਾ

ਕੈਲਗਰੀ (ਬਲਜਿੰਦਰ ਸੰਘਾ) ਪੰਜਾਬੀ ਲਿਖਾਰੀ ਸਭਾ ਕੈਲਗਰੀ (ਰਜਿ) ਜਿਸ ਦਾ ਮੁੱਖ ਟੀਚਾ ਪੰਜਾਬੀ ਮਾਂ ਬੋਲੀ ਨੂੰ ਵਿਦੇਸ਼ਾਂ ਵਿਚ ਪ੍ਰਫੁੱਲਤ ਕਰਨਾ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੰਜਾਬੀ ਨਾਲ ਜੋੜਨਾ ਹੈ। ਸਮੇਂ-ਸਮੇਂ ਅਜਿਹੇ ਪ੍ਰੋਗਾਰਮ ਉਲਕੀਦੀ ਰਹਿੰਦੀ ਹੈ ਅਤੇ ਪਿਛਲੇ 12 ਸਾਲ ਤੋਂ ਹਰ ਸਾਲ ਇਕ ਸਲਾਨਾ ਸਮਾਗਮ ਕੀਤਾ ਜਾਂਦਾ ਹੈ। ਜਿਸ ਵਿਚ ਕੈਨੇਡਾ ਦੀ ਧਰਤੀ ਤੇ ਰਹਿੰਦੇ ਪੰਜਾਬੀ ਮਾਂ ਬੋਲੀ ਨਾਲ ਜੁੜੇ ਕਿਸੇ ਪ੍ਰਸਿੱਧ ਲੇਖਕ ਜਾ ਲੇਖਿਕਾ ਦਾ ਸਨਮਾਨ ਕੀਤਾ ਜਾਂਦਾ ਹੈ। ਇਸ ਸਾਲ 13ਵੇਂ ਸਲਾਨਾ ਸਮਾਗਮ ਵਿਚ ਪ੍ਰਸਿੱਧ ਲੇਖਕ ਤੇ ਵਿਦੇਸ਼ ਵਿਚ ਪੰਜਾਬੀ ਬੋਲੀ ਲਈ ਕੰਮ ਕਰਨ ਵਾਲੇ ਸਾਧੂ ਬਿਨਿੰਗ ਜੀ (ਵੈਨਕੂਵਰ) ਨੂੰ ਸਵ: ਇਕਬਾਲ ਅਰਪਨ ਯਾਦਗਾਰੀ ਅਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ । ਇਸ ਅਵਾਰਡ ਵਿਚ ਇਕ ਪਲੈਕ ਅਤੇ 1000 ਕਨੇਡੀਅਨ ਡਾਲਰ ਦੀ ਰਾਸ਼ੀ ਦਿੱਤੀ ਜਾਂਦੀ ਹੈ। ਇਹ ਪ੍ਰੋਗਰਾਮ 26 ਮਈ 2012 ਦਿਨ ਸ਼ੱਚਿਰਵਾਰ ਨੂੰ ਫਾਲਕਿਨਰਿੱਜ/ਕੈਸਲਰਿੱਜ ਕਮਿਊਨਟੀ ਹਾਲ ਨਾਰਥ ਈਸਟ ਕੈਲਗਰੀ ਵਿਚ ਠੀਕ 1:30 ਤੋਂ 4:30 ਤੱਕ ਹੋਵੇਗਾ। ਲੇਖਕਾਂ ਦੀਆਂ ਰਚਨਾਵਾਂ, ਕਵਸ਼ੀਰੀ, ਗਾਇਕੀ ਤੋਂ ਇਲਾਵਾ ਅਲਾਈਟ ਪੰਜਾਬੀ ਅਦਾਰੇ ਦੇ ਬੱਚੇ ਪੰਜਾਬੀ ਕਲਚਰ ਨਾਲ ਸਬੰਧਤ ਆਈਟਮ ਪੇਸ਼ ਕਰਨਗੇ। ਚਾਹ ਅਤੇ ਸਨੈਕਸ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ । ਪੰਜਾਬੀ ਬੋਲੀ ਨਾਲ ਸਬੰਧ ਰੱਖਣ ਵਾਲੇ ਹਰ ਵਿਆਕਤੀ ਨੂੰ ਇਸ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ। ਇਸ ਸਬੰਧੀ ਹੋਰ ਜਾਣਕਾਰੀ ਲਈ ਸਭਾ ਦੇ ਪ੍ਰਧਾਨ ਮਹਿੰਦਰਪਾਲ ਐਸ.ਪਾਲ ਨਾਲ 403-880-1677 ਜਾਂ ਜਨਰਲ ਸਕੱਤਰ ਬਲਜਿੰਦਰ ਸੰਘਾ ਨਾਲ 403-680-3212 ਤੇ ਸੰਪਰਕ ਕੀਤਾ ਜਾ ਸਕਦਾ ਹੈ।

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX FOR FAST REFUND USE E-FILES
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ
ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ

Ph : 780 469 2677 Fax : 780 469 2026

# ਕਲਾ ਕੇਂਦਰ ਟੋਰਾਂਟੋ ਵਲੋਂ ਤਿੰਨ ਕਿਤਾਬਾਂ ਲੋਕ ਅਰਪਣ ਅਤੇ ਇੱਕ ਸਫਲ ਗੋਸ਼ਟੀ ਦਾ ਆਯੋਜਨ

ਬਰੈਂਪਟਨ:- ਕਲਾ ਕੇਂਦਰ ਟੋਰਾਂਟੋ ਦੇ ਇਤਿਹਾਸ ਵਿਚ 6 ਮਈ 2012 ਦਾ ਦਿਨ ਇਤਿਹਾਸਕ ਹੋ ਨਿਬੜਿਆ, ਜਦੋਂ ਲੇਖਕਾਂ ਤੇ ਪਾਠਕਾਂ ਦੇ ਭਰਪੂਰ ਇਕੱਠ ਵਿੱਚ ਤਿੰਨ ਕਿਤਾਬਾਂ ਲੋਕ ਅਰਪਣ ਕਰਨ ਦੇ ਨਾਲ ਨਾਲ ਗੋਸ਼ਟੀ ਦੇ ਰੂਪ ਵਿੱਚ ਇਨ੍ਹਾਂ ਤੇ ਭਰਪੂਰ ਸੰਵਾਦ ਵੀ ਰਚਾਇਆ ਗਿਆ। ਮੈਲਨੀ ਅਤੇ ਸਟੀਲ ਦੀ ਨੁੱਕਰ ਤੇ ਸਥਿਤ ਰੌਇਲ ਇੰਡੀਆ ਸਵੀਟ ਐਂਡ ਰੈਸਟੋਰੈਂਟ, ਬਾਰਾਂ ਵਜੇ ਦੇ ਕਰੀਬ ਹੀ ਸਾਹਿਤ ਪ੍ਰੇਮੀਆਂ ਨਾਲ ਭਰ ਗਿਆ। ਖਾਣ ਪੀਣ ਦੇ ਨਾਲ ਨਾਲ ਕਿਤਾਬਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ ਸੀ। ਕੁਲਜੀਤ ਮਾਨ ਨੇ ਮੰਚ ਸੰਭਾਲਦਿਆਂ ਸਭ ਨੂੰ ਜੀ ਆਇਆਂ ਕਿਹਾ ਤੇ ਮੰਚ ਤੇ ਆਉਣ ਲਈ ਮੇਜਰ ਮਾਂਗਟ, ਬਲਬੀਰ ਸੰਘੇੜਾ ਅਤੇ ਮਿਨੀ ਗਰੇਵਾਲ ਜੀ ਸੱਦਾ ਦਿੱਤਾ ਗਿਆ। ਇਸਦੇ ਨਾਲ ਹੀ ਭਾਰਤ ਤੋਂ ਕੈਨੇਡਾ ਦੇ ਦੌਰੇ ਤੇ ਆਈ ਨਾਮਵਰ ਕਵਿੱਤਰੀ ਡਾ: ਗੁਰਮਿੰਦਰ ਸਿੱਧੂ ਨੂੰ ਵੀ ਸਮਾਗਮ ਦੀ ਪ੍ਰਧਾਨਗੀ ਕਰਨ ਲਈ ਮੰਚ ਤੇ ਬੁਲਾਇਆ ਗਿਆ। ਨਾਟਕ ਦੇ ਖੇਤਰ ਦੀ ਮਸ਼ਹੂਰ ਸਖਸ਼ੀਅਤ ਪ੍ਰੋ: ਕਮਲਜੀਤ ਕੌਰ ਜੋ ਚੰਡੀਗੜ ਤੋਂ ਟੋਰਾਂਟੋ ਆਏ ਹੋਏ ਨੇ ਸ਼ਮਾ ਰੌਸ਼ਨ ਕਰਕੇ ਸਮਾਗਮ ਦਾ ਆਰੰਭ ਕੀਤਾ।



ਮੇਜਰ ਮਾਂਗਟ ਦਾ ਕਹਾਣੀ ਸੰਗ੍ਰਹਿ ਮੋਮਬੱਤੀ ਲੋਕ ਅਰਪਿਤ ਕਰਦੇ ਹੋਏ ਸੁਰਜਨ ਜੀਰਵੀ, ਬਲਰਾਜ ਚੀਮਾ, ਸੁਖਮਿੰਦਰ ਰਾਮਪੁਰੀ,ਜਸਵੀਰ ਕਾਲਰਵੀ, ਗੁਰਮਿੰਦਰ ਸਿੱਧੂ ਅਤੇ ਮਾਂਗਟ ਪਰਿਵਾਰ।

ਜਿਨਾਂ ਪੁਸਤਕਾਂ ਤੇ ਅੱਜ ਗੱਲ ਹੋਣੀ ਸੀ ਮੇਜਰ ਮਾਂਗਟ (ਮੋਮਬੱਤੀ) ਬਲਬੀਰ ਸੰਘੇੜਾ ( ਉੱਤਰੀ ਅਮਰੀਕਾ ਦੀਆਂ ਕਹਾਣੀਆਂ ਔਰਤਾਂ ਦੀਆਂ ਕਲਮਾਂ ਤੋਂ) ਤੇ ਮਿਨੀ ਗਰੇਵਾਲ ਦਾ ਸਫਰਨਾਮਾ (ਅਣਜਾਣੀਆਂ ਧਰਤੀਆਂ) ਸਨ। ਸਭ ਤੋਂ ਪਹਿਲਾਂ ਬਲਬੀਰ ਸੰਘੇੜਾ ਜੀ ਦੀ ਪੁਸਤਕ ਨੂੰ ਲੋਕ ਅਰਪਿਤ ਕੀਤਾ ਗਿਆ ਤੇ ਇਹ ਰਸਮ ਨਿਭਾਈ ਉਸਦੀ ਹੋਣਹਾਰ ਪੋਤਰੀ ਤੇ ਨਵੀ ਪੀੜ੍ਹੀ ਦੀ ਪ੍ਰਤੀਨਿੱਧਤਾ ਕਰਦੀ ਕਮੀਲ ਸੰਘੇੜਾ ਨੇ। ਉਨ੍ਹਾਂ ਆਪਣੇ ਸ਼ਬਦਾਂ ਵਿੱਚ ਬਲਬੀਰ ਸੰਘੇੜਾ ਨੂੰ ਸੂਝਵਾਨ, ਸਿਰੜੀ ਅਤੇ ਉਤਸ਼ਾਹ ਭਰਨ ਵਾਲੀ ਲੇਖਕਾ ਕਿਹਾ। ਇਸ ਪੁਸਤਕ ਤੇ ਪਰਚਾ ਜਤਿੰਦਰ ਰੰਧਾਵਾ ਜੀ ਵਲੋਂ ਪੜ੍ਹਿਆ ਗਿਆ। ਜਿਸ ਵਿੱਚ ਪੁਸਤਕ ਵਿੱਚ ਸ਼ਾਮਲ ਸਾਰੀਆਂ ਕਹਾਣੀਆਂ ਤੇ ਪੜਚੋਲ ਕੀਤੀ ਤੇ ਬਾਕੀ ਪੱਖਾਂ ਨੂੰ ਵਿਚਾਰਿਆ। ਪੁਸਤਕ ਵਿਚ ਸ਼ਾਮਲ ਲੇਖਕਾਂਵਾਂ ਦੀ ਮੰਚ ਵਲੋਂ ਜਾਣਕਾਰੀ ਦਿੱਤੀ ਗਈ ਤੇ ਸਭ ਨੇ ਤਾੜੀਆਂ ਦੀ ਗੂੰਜ ਨਾਲ ਉਨ੍ਹਾਂ ਦਾ ਸੁਆਗਤ ਕੀਤਾ।

ਦੂਸਰੀ ਪੁਸਤਕ ਮਿਨੀ ਗਰੇਵਾਲ ਦੀ ਅਣਜਾਣੀਆਂ ਧਰਤੀਆਂ ਕੰਪਿਊਟਰ ਦੇ ਧਨੀ ਕਿਰਪਾਲ ਸਿੰਘ ਪੰਨੂ, ਮੰਚ ਦੇ ਪ੍ਰਧਾਨ ਜੀ ਅਤੇ ਗਰੇਵਾਲ ਪਰਿਵਾਰ ਵਲੋਂ ਸਮੂਹਿਕ ਤੌਰ ਤੇ ਰਿਲੀਜ ਕੀਤੀ ਗਈ। ਇਸ ਪੁਸਤਕ ਤੇ ਪਰਚਾ ਕੁਲਜੀਤ ਮਾਨ ਜੀ ਨੇ ਪੜ੍ਹਿਆ ਤੇ ਮੰਚ ਸੰਚਾਲਨਾ ਮੇਜਰ ਸਿੰਘ ਨਾਗਰਾ ਵਲੋਂ ਕੀਤੀ ਗਈ। ਆਪਣੇ ਪਰਚੇ ਵਿੱਚ ਕੁਲਜੀਤ ਮਾਨ ਜੀ ਨੇ ਮਿਨੀ ਗਰੇਵਾਲ ਦੀ ਸਖਸ਼ੀਅਤ ਨੂੰ ਬਿਆਨਦਿਆਂ ਉਸਦੇ ਸਫਰ ਦੀ ਬਾਰੀਕੀਆਂ ਅਤੇ ਸਫਰਨਾਮਾ ਵਿਧਾ ਦੀਆਂ ਬੰਦਿਸ਼ਾਂ ਤੋਂ ਵੀ ਜਾਣੂ ਕਰਵਾਇਆ। ਉਨ੍ਹਾਂ ਦੇ ਕਾਵਿਕ ਅੰਦਾਜ ਵਿੱਚ ਲਿਖੇ ਗਏ ਪਰਚੇ ਨੂੰ ਵੀ ਭਰਪੂਰ ਸ਼ਲਾਘਾ ਮਿਲੀ।

ਤੀਸਰੀ ਪੁਸਤਕ ਮੇਜਰ ਮਾਂਗਟ ਦਾ ਨਵ-ਪ੍ਰਕਾਸ਼ਤ ਕਹਾਣੀ ਸੰਗ੍ਰਹਿ ਮੋਮਬੱਤੀ ਸੀ ਜਿਸ ਦਾ ਵਿਮੋਚਨ ਕਰਨ ਲਈ ਮੰਚ ਤੇ ਆਏ ਸਰਵ ਸ੍ਰੀ ਸੁਰਜਨ ਜੀਰਵੀ, ਬਲਰਾਜ ਚੀਮਾਂ, ਸੁਖਮਿੰਦਰ ਰਾਮਪੁਰੀ, ਜਸਵੀਰ ਕਾਲਰਵੀ, ਡਾ:ਗੁਰਮਿੰਦਰ ਸਿੱਧੂ ਅਤੇ ਮਾਂਗਟ ਪਰਿਵਾਰ। ਇਸ ਪੁਸਤਕ ਤੇ ਪਰਚਾ ਨਾਮਵਰ ਲੇਖਕ ਅਤੇ ਵਿਦਵਾਨ ਜਸਵੀਰ ਕਾਲਰਵੀ ਜੀ ਵਲੋਂ ਪੇਸ਼ ਕੀਤਾ ਗਿਆ ਜਿਸ ਵਿੱਚ ਮੇਜਰ ਮਾਂਗਟ ਦੀ ਕਹਾਣੀ ਕਲਾ ਦਾ ਅਧਿਅਨ, ਸਮੀਖਿਆ ਅਤੇ ਸਥਾਨ ਤੇ ਖੁੱਲ ਕੇ ਤਬਸਰਾ ਕੀਤਾ ਗਿਆ। ਇਸ ਪਰਚੇ ਨੇ ਵੀ ਖੂਬ ਪ੍ਰਭਾਵਤ ਕੀਤਾ ਤੇ ਵਾਹ ਵਾਹ ਖੱਟੀ।

ਪਰਚਿਆਂ ਦੀ ਗੰਭੀਰਤਾ ਦੇ ਨਾਲ ਨਾਲ ਮਾਨਸਿਕ ਤਰੋ-ਤਾਜਗੀ ਲਈ ਗੀਤਾਂ ਦਾ ਪ੍ਰਵਾਹ ਵੀ ਚੱਲਿਆ ਜਿਸ ਵਿੱਚ ਸ਼ਿਵਰਾਜ ਸਨੀ, ਇਕਬਾਲ ਬਰਾੜ, ਸੁਖਮਿੰਦਰ ਰਾਮਪੁਰੀ ਅਤੇ ਹਰਮੇਸ਼ ਨੇ ਆਪਣੇ ਗੀਤਾਂ ਨਾਲ ਸਭ ਨੂੰ ਝੂਮਣ ਲਾ ਦਿੱਤਾ। ਫੇਰ ਦੌਰ ਸ਼ੁਰੂ ਹੋਇਆ ਪਰਚਿਆਂ ਤੇ ਬਹਿਸ ਦਾ ਅਤੇ ਲੇਖਕਾਂ ਨੂੰ ਮੁਬਾਰਕਾਂ ਦੇਣ ਦਾ ਇਸ ਬਹਿਸ ਦੀ ਸ਼ੁਰੂਆਤ ਨਾਮਵਰ ਕਵਿੱਤਰੀ ਸੁਰਜੀਤ ਨੇ ਕੀਤੀ ਤੇ ਇਸ ਭਾਗ ਲਿਆ ਜਸਵਿੰਦਰ ਸੰਧੂ, ਕਮਲਜੀਤ ਕੌਰ, ਬਲਰਾਜ ਚੀਮਾ, ਸੁਖਮਿੰਦਰ ਰਾਮਪੁਰੀ, ਸੁਖਿੰਦਰ (ਸੰਪਾਦਕ ਸੰਵਾਦ) ਜੈਕਾਰ ਦੁੱਗਲ, ਨਾਹਰ ਔਜਲਾ, ਪ੍ਰਵੀਨ ਕੌਰ (ਚਿਤਰਕਾਰ) ਬਰਜਿੰਦਰ ਗੁਲਾਟੀ, ਗੁਰਦਾਸ ਮਿਨਹਾਸ, ਡਾ: ਅਰਵਿੰਦਰ ਕੌਰ, ਜਗਦੇਵ ਨਿੱਝਰ, ਅਤੇ ਸੁਰਜਨ ਜੀਰਵੀ ਨੇ। ਸਮਾਗਮ ਦੀ ਸਮਾਪਤੀ ਡਾ: ਗੁਰਮਿੰਦਰ ਸਿੱਧੂ ਦੇ ਪ੍ਰਧਾਨਗੀ ਭਾਸ਼ਨ ਅਤੇ ਇੱਕ ਖੂਬਸੂਰਤ ਕਵਿਤਾ ਨਾਲ ਹੋਈ। ਮੇਜਰ ਸਿਘ ਨਾਗਰਾ ਨੇ ਕਲਾ ਕੇਂਦਰ ਟੋਰਾਂਟੋ ਵਲੋਂ ਆਏ ਮਹਿਮਾਨਾ ਦਾ ਧੰਨਵਾਦ ਕੀਤਾ। ਇਹ ਸਮਾਗਮ ਬਹੁਤ ਹੀ ਸਫਲ ਹੋ ਨਿਬੜਿਆ। ਇਸ ਮੌਕੇ ਜੁੜੇ ਵਿਸ਼ਾਲ ਇਕੱਠ ਵਿੱਚ ਹੇਠ ਲਿਖੀਆਂ ਮਹੱਤਵਪੂਰਨ ਸਖਸ਼ੀਅਤਾਂ ਨੇ ਵੀ ਪ੍ਰਗਰਾਮ ਵਿੱਚ ਸ਼ਮੂਲੀਅਤ ਕੀਤੀ ਜਿਨਾ ਵਿਚ ਨਾਮਵਰ ਕਵਿੱਤਰੀ ਨੀਰੂ ਅਸੀਮ, ਸੁਰਿੰਦਰ ਸੁਰਿੰਦ, ਨਿਰਮਲ ਨਿੱਝਰ, ਰਸ਼ਪਿੰਦਰ ਮਾਂਗਟ, ਜੋਗਿੰਦਰ ਸੰਘੇੜਾ, ਤਰਿਮਨ, ਕਰਮਨ, ਬਿਸਮਨ, ਅਮਨ ਧਾਲੀਵਾਲ, ਗੁਰਪਿੰਦਰ ਬੰਟੂ, ਦਲਜੀਤ ਸਿੰਘ ਮੋਗਾ (ਸਕਾਈਡੋਮ ਆਟੋ) ਹਰਜੀਤ ਬਾਜਵਾ (ਪੱਤਰਕਾਰ) ਦਪਿੰਦਰ ਸਿੰਘ ਲੂੰਬਾ (ਫਸਟ ਚੁਅਇਸ ਟੀ ਵੀ ਚੈਨਲ), ਸਰਲਾ ( ਇੰਚਾਰਜ ਬਰੈਂਪਟਨ ਲਾਇਬਰੇਰੀ) ਗੁਰਪ੍ਰੀਤ ਕੌਰ, ਪਰਾਗ, ਮਨਮੋਹਨ ਗੁਲਾਟੀ, ਲਾਲ ਸਿੰਘ ਸੰਘੇੜਾ ਅਤੇ ਅਨੇਕਾਂ ਹੋਰ ਸਖਸ਼ੀਅਤਾਂ ਨੇ। ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਕੁਲਜੀਤ ਮਾਨ ਤੇ ਮੇਜਰ ਸਿੰਘ ਨਾਗਰਾ ਵਲੋਂ ਬਾਖੂਬੀ ਕੀਤਾ ਗਿਆ।

## ਸ਼ਰਮਾਂ ਪਰਿਵਾਰ ਨੂੰ ਸਦਮਾ-ਬੇਟੇ ਦਾ ਦਿਹਾਂਤ



ਲੰਘੀ 27 ਅਪ੍ਰੈਲ ਨੂੰ ਐਡਮਿੰਟਨ ਵਸਦੇ ਗੁਰਚਰਨ ਸ਼ਰਮਾਂ ਤੇ ਉਰਮਲਾ ਸ਼ਰਮਾਂ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ 21 ਸਾਲਾ ਲੜਕੇ ਗੋਰਵ ਸ਼ਰਮਾਂ ਦੀ ਸੜਕ ਹਾਦਸੇ 'ਚ ਮੌਤ ਹੋ ਗਈ। ਗੋਰਵ ਪੜਾਈ ਅਤੇ ਪਾਰਟ ਟਾਈਮ ਕੰਮ ਕਰ ਰਿਹਾ ਸੀ।

ਜਿਕਰਯੋਗ ਹੈ ਕਿ ਗੋਰਵ ਦਾ 4 ਮਈ ਨੂੰ ਜਨਮ ਦਿਨ ਵੀ ਸੀ 'ਤੇ ਉਸ ਨੇ 22ਵੇਂ ਸਾਲ 'ਚ ਪੈਰ ਰੱਖਣਾ ਸੀ। ਗੁਰਚਰਨ ਸ਼ਰਮਾਂ ਦਾ ਪਿਛਲਾ ਪਿੰਡ ਈਸੀ ਜਿਲਾ ਸੰਗਰੂਰ ਹੈ ਤੇ ਉਹ ਲੰਮੇ ਸਮੇਂ ਤੋਂ ਐਡਮਿੰਟਨ ਸ਼ਹਿਰ 'ਚ ਰਹਿ ਕੇ ਸਾਹਿਤਕ ਤੇ ਸਭਿਆਚਾਰਕ ਗਤੀਵਿਧੀਆਂ 'ਚ ਭਾਗ ਲੈ ਰਹੇ ਹਨ।

Gurav Sharma,
4 May 1990 to 27 April 2012

ਅਦਾਰਾ 'ਨਵੀਂ ਦੁਨੀਆ'
ਤੇ 'ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ'
ਸ਼ਰਮਾਂ ਪਰਿਵਾਰ ਦੇ ਦੁੱਖ 'ਚ ਸ਼ਰੀਕ ਹੁੰਦਾ ਹੈ।

ਗੁਰਚਰਨ ਸ਼ਰਮਾਂ ਨਾਲ 780-554-2570 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ ਹੋਈ



ਪ੍ਰਧਾਨ ਪਰਮਿੰਦਰ ਬੱਦੋਵਾਲ



ਵਾਈਸ-ਪ੍ਰਧਾਨ ਕੁਲਵੀਰ ਉਪਲ



ਮੁੱਖ ਪ੍ਰਬੰਧਕ ਹਰਜਿੰਦਰ ਸਿੰਘ ਢੇਸੀ

ਐਡਮਿੰਟਨ (ਨਦਬ)- ਪਿਛਲੇ 20 ਸਾਲਾਂ ਤੋਂ ਲਗਾਤਾਰ ਪੰਜਾਬੀ ਸਭਿਆਚਾਰ ਦੀ ਸੇਵਾ ਕਰਦੀ ਆ ਰਹੀ ਸੰਸਥਾ ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੇ ਚੋਣ ਕੀਤੀ ਗਈ। ਜਿਸ 'ਚ ਪਰਮਿੰਦਰ ਬੱਦੋਵਾਲ ਨੂੰ ਪ੍ਰਧਾਨ, ਕੁਲਵੀਰ ਉਪਲ ਨੂੰ ਵਾਈਸ-ਪ੍ਰਧਾਨ ਤੇ ਹਰਜਿੰਦਰ ਸਿੰਘ ਢੇਸੀ ਨੂੰ ਮੁੱਖ ਪ੍ਰਬੰਧਕ ਨਿਯੁਕਤ ਕੀਤਾ ਗਿਆ।

ਨਵ-ਨਿਯੁਕਤ ਅਹੁਦੇਦਾਰਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਸੰਸਥਾ ਜਿਵੇਂ ਪਹਿਲਾਂ ਸਭਿਆਚਾਰ ਦੀ ਸੇਵਾ ਕਰਦੀ ਆ ਰਹੀ ਹੈ ਉਵੇਂ ਹੀ ਯਤਨਸ਼ੀਲ ਰਹੇਗੀ। ਉਨ੍ਹਾਂ ਕਿਹਾ ਕਿ ਆਉਦੀਆਂ ਗਰਮੀਆਂ 'ਚ ਵੀ ਸੰਸਥਾ ਵੱਲੋਂ ਸਭਿਆਚਾਰਕ ਤੇ ਖੇਡ ਮੇਲੇ ਉਤਸ਼ਾਹ ਨਾਲ ਕਰਵਾਏ ਜਾਣਗੇ। ਉਕਤ ਅਹੁਦੇਦਾਰਾਂ ਨੇ ਅੱਗੇ ਕਿਹਾ ਕਿ ਇਨ੍ਹਾਂ ਮੇਲਿਆਂ 'ਚ ਭਾਈਚਾਰੇ ਨੂੰ ਖੁੱਲਾ ਸੱਦਾ ਦੇਣਗੇ ਤਾਂ ਜੋ ਪੰਜਾਬੀ ਸਭਿਆਚਾਰ ਨੂੰ ਘਰ-ਘਰ ਤੱਕ ਪਹੁੰਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਰਹਿੰਦੇ ਅਹੁਦੇਦਾਰਾਂ ਦਾ ਵੀ ਅਗਲੀ ਮੀਟਿੰਗ 'ਚ ਐਲਾਨ ਕਰ ਦਿੱਤਾ ਜਾਵੇਗਾ। ਹੋਰ ਜਾਣਕਾਰੀ ਲਈ ਪਰਮਿੰਦਰ ਬੱਦੋਵਾਲ ਨਾਲ 780-264-2300, ਕੁਲਵੀਰ ਉਪਲ ਨਾਲ 78-297-8656, ਜਾਂ ਹਰਜਿੰਦਰ ਸਿੰਘ ਢੇਸੀ ਨਾਲ 780-233-3647 'ਤੇ ਸੰਪਰਕ ਕੀਤਾ ਜਾ ਸਕਦਾ ਹੈ।

GILL HOME INSPECTION LTD.
COMMERCIAL & RESIDENTIAL
Registered Home Inspector **Kulvir Gill**
GHI
OAHI
Ontario Association of Certified Home Inspectors
ਗਰੇਟਰ ਟਰਾਂਟੋ ਵਿੱਚ ਘਰਾਂ ਦੀ
ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
Cell: 416 839 3436 ▲ Ph: 905 479 5807

# ਆਪਣੇ ਬੱਚਿਆਂ ਨੂੰ ਸੁਪਨੇ ਲੈਣ ਦੇ ਮੌਕੇ ਦਿਓ...



ਨਰਿੰਦਰ ਰਿਆੜ
ਅਸਿਸਟੈਂਟ ਪ੍ਰਿੰਸੀਪਲ,
ਜੇ.ਪਰਸੀ ਪੇਜ ਹਾਈ ਸਕੂਲ
narinder.riar@epsb.ca

ਹਾਈ ਸਕੂਲ ਬਹੁਤ ਸਾਰੇ ਲੋਕਾਂ ਲਈ ਬਹੁਤ ਕੁਝ ਹੈ। ਕਈ ਇਸ ਨੂੰ ਅਕਾਦਮਿਕ ਮਿਹਨਤ ਸਮਝਦੇ ਹਨ, ਜਿਸਦਾ ਸਬੰਧ ਤੁਹਾਡੇ ਬੱਚੇ ਨੂੰ ਯੂਨੀਵਰਸਿਟੀ ਵਿਚ ਵਧੀਆ ਪ੍ਰੋਗਰਾਮ ਮਿਲਣ ਦੀ ਸੰਭਾਵਨਾ ਨਾਲ ਹੈ ਅਤੇ ਜਿਸ ਨਾਲ ਅੱਗੋਂ ਤੁਹਾਡੇ ਬੱਚੇ ਨੂੰ ਜ਼ਿਆਦਾ ਸਨਮਾਨਯੋਗ ਨੌਕਰੀ ਮਿਲ ਸਕੇਗੀ। ਕੁਝ ਹੋਰ ਇੱਛਾ ਕਰਦੇ ਹਨ ਕਿ ਉਨ੍ਹਾਂ ਦਾ ਬੱਚਾ ਟਰੇਡਜ਼ ਵਿਚ ਕੈਰੀਅਰ ਤਲਾਸ਼ ਕਰਨ ਦੇ ਯੋਗ ਹੋ ਜਾਵੇਗਾ ਅਤੇ ਫਿਰ ਤਕਨੀਕੀ ਕਾਲਜ ਵਲ ਵਧੇਗਾ ਅਤੇ ਫਿਰ ਛੇਤੀ ਹੀ ਉਨ੍ਹਾਂ ਦੀ ਆਪਣੀ ਕੰਪਨੀ ਚੱਲ ਨਿਕਲੇਗੀ। ਤੁਹਾਡੇ ਬੱਚੇ ਦਾ ਭਵਿੱਖ ਮਹੱਤਵਪੂਰਨ ਹੈ, ਫਿਰ ਵੀ ਪਾਠਕ੍ਰਮ ਤੋਂ ਅੱਗੇ ਵੀ ਬਹੁਤ ਕੁਝ ਹੈ।

ਕਿਸੇ ਵਿਅਕਤੀ ਦੇ ਸੰਪੂਰਨ ਕੈਰੀਅਰ ਵਿਚ ਕੇਵਲ ਨੌਕਰੀ ਹੀ ਸ਼ਾਮਲ ਨਹੀਂ ਹੁੰਦੀ, ਸਗੋਂ ਦੇਖਣ ਵਾਲੀ ਗੱਲ ਇਹ ਹੈ ਕਿ ਉਹ ਪੂਰਨ-ਸਿਰਜਿਤ ਸਮੇਂ ਨੂੰ ਕਿਸ ਤਰ੍ਹਾਂ ਬਿਤਾਉਂਦੇ ਹਨ, ਉਹ ਕਿਸ ਤਰ੍ਹਾਂ ਆਪਣੇ ਭਾਈਚਾਰੇ ਦੀ ਮਦਦ ਕਰਦੇ ਹਨ ਅਤੇ ਕਿਸ ਤਰ੍ਹਾਂ ਆਪਣੇ ਆਪ ਅਤੇ ਆਪਣੇ ਭਵਿੱਖ ਦੇ ਪਰਿਵਾਰ ਲਈ ਅੱਗੇ ਵਧਦੇ ਹਨ। ਹਾਈ ਸਕੂਲ ਤੁਹਾਡੇ ਬੱਚਿਆਂ ਲਈ ਨਵੀਆਂ ਸਰਗਰਮੀਆਂ ਅਜ਼ਮਾਉਣ ਦਾ ਅਵਸਰ ਹੈ। ਉਨ੍ਹਾਂ ਨੂੰ ਖੇਡਾਂ ਲਈ ਉਤਸ਼ਾਹਿਤ ਕਰੋ, ਭਾਵੇਂ ਕਿ ਉਨ੍ਹਾਂ ਨੂੰ ਸਪੱਸ਼ਟ ਵੀ ਨਾ ਹੋਵੇ ਕਿ ਇਹ ਕੀ ਹੋਣਗੀਆਂ। ਅਧਿਐਨ ਦਾ ਕਾਰਜ-ਕ੍ਰਮ ਤਿਆਰ ਕਰਨ ਲਈ ਉਨ੍ਹਾਂ ਨਾਲ ਕੰਮ ਕਰੋ, ਜਿਹੜਾ ਉਨ੍ਹਾਂ ਦੀ ਸਫ਼ਲਤਾ ਲਈ ਸਹਾਈ ਹੋਵੇਗਾ।

ਖੇਡਾਂ ਲਈ ਟੀਮਾਂ ਲੈ ਜਾਣ ਦੀ ਅਤੇ ਮੁਕਾਬਲਿਆਂ ਦੀ ਪੇਸ਼ਕਸ਼ ਕਰੋ ਤਾਂ ਕਿ ਤੁਸੀਂ ਹੋਰ ਖਿਡਾਰੀਆਂ ਨੂੰ ਮਿਲ ਸਕੋ। ਦਾਦੇ-ਦਾਦੀਆਂ ਅਤੇ ਪਰਿਵਾਰ ਨੂੰ ਖੇਡਾਂ ਦਿਖਾਉਣ ਲਈ ਲਿਆਓ। ਜੇਕਰ ਇਹ ਤੁਹਾਡੇ ਬੱਚੇ ਲਈ ਜ਼ਰੂਰੀ ਹਨ ਤਾਂ ਬਾਕੀ ਪਰਿਵਾਰ ਲਈ ਵੀ ਜ਼ਰੂਰੀ ਹੋਣੀਆਂ ਚਾਹੀਦੀਆਂ ਹਨ। ਆਪਣੇ ਵਿਦਿਆਰਥੀ ਨਾਲ ਮਿਲ ਕੇ ਕਲਾਸਾਂ ਲਈ, ਅਭਿਆਸ ਲਈ ਅਤੇ ਖੇਡਾਂ ਲਈ ਸਖ਼ਤ ਮਿਹਨਤ ਕਰੋ। ਜੇਕਰ ਤੁਸੀਂ ਖੇਡ ਤੋਂ ਵਾਕਫ਼ ਨਹੀਂ ਹੋ ਤਾਂ ਸਵਾਲ ਪੁੱਛੋ ਤੇ ਖੇਡ ਬਾਰੇ ਸਿੱਖੋ। ਇਹ ਛੋਟੀਆਂ ਸਰਗਰਮੀਆਂ ਉਨ੍ਹਾਂ ਚੀਜ਼ਾਂ ਬਾਰੇ ਤੁਹਾਨੂੰ ਤੁਹਾਡੇ ਬੱਚਿਆਂ ਨਾਲ ਜੋੜਦੀਆਂ ਹਨ ਜਿਹੜੀਆਂ ਉਨ੍ਹਾਂ ਲਈ ਮਹੱਤਵਪੂਰਨ ਹਨ।

ਯਾਦ ਰੱਖੋ ਲੜਕੇ ਤੇ ਲੜਕੀਆਂ ਦੋਵਾਂ ਦੀਆਂ ਖੇਡਾਂ ਦਾ ਖੇਡਣਾਂ, ਰੈਫ਼ਰੀ ਬਣਨਾ, ਕੋਚਿੰਗ ਦੇਣਾ ਆਦਿ ਸਭ ਕੁਝ ਤੁਹਾਡੇ ਬੱਚਿਆਂ ਦੇ ਸੁਨਹਿਰੀ ਭਵਿਖ ਵਿਚ ਸਹਾਈ ਹੋਵੇਗਾ ਅਤੇ ਇਕ ਦਿਨ ਤੁਸੀਂ ਆਪਣੇ ਪੋਤੇ-ਪੋਤੀਆਂ ਨੂੰ ਸ਼ਾਨਦਾਰ ਜੀਵਨ ਸ਼ੈਲੀ ਵਲ ਵਧਦਿਆਂ ਦੇਖ ਕੇ ਉਨ੍ਹਾਂ ਨਾਲ ਆਪਣੀ ਖੁਸ਼ੀ ਸਾਂਝੀ ਕਰ ਸਕੋਗੇ। ਤੁਹਾਡੇ ਬੱਚੇ ਦਾ ਕੈਰੀਅਰ ਪੇਸ਼ਾ ਤੁਹਾਡੇ ਨਾਲ ਸਬੰਧ ਰੱਖਦਾ ਹੈ, ਵਧੀਆ ਸਰਬਪੱਖੀ ਮਨੁੱਖ ਵਜੋਂ ਉਸਦਾ ਵਿਕਾਸ ਤੁਹਾਨੂੰ ਖੁਸ਼ੀ ਦੇਵੇਗਾ। ਉਨ੍ਹਾਂ ਦੀਆਂ ਸੰਗੀਤ, ਕਲਾ ਅਤੇ ਖੇਡਾਂ ਵਿਚ ਰੁਚੀਆਂ ਨੂੰ ਉਤਸ਼ਾਹਿਤ ਕਰਨਾ ਉਦੋਂ ਆਸਾਨ ਹੋ ਜਾਂਦਾ ਹੈ ਜਦੋਂ ਉਨ੍ਹਾਂ ਨੂੰ ਆਪਣੇ ਪਰਿਵਾਰ ਦੀ ਮਦਦ ਮਿਲਦੀ ਹੈ।

ਯਾਦ ਕਰੋ ਜਦੋਂ ਤੁਸੀਂ ਜਵਾਨ ਹੁੰਦੇ ਸੀ, ਸਕੂਲ ਮਹੱਤਵਪੂਰਨ ਸੀ, ਪਰ ਤੁਸੀਂ ਗਣਿਤ ਜਾਂ ਵਿਗਿਆਨ ਦੇ ਸੁਪਨੇ ਨਹੀਂ ਸੀ ਲੈਂਦੇ, ਇਹ ਚੈਂਪੀਅਨਸ਼ਿੱਪਾਂ, ਗਾਇਕੀ, ਨਾਚ ਅਤੇ ਸਿਰਜਣਾ ਬਾਰੇ ਹੁੰਦੇ ਸਨ। ਆਪਣੇ ਬੱਚਿਆਂ ਨੂੰ ਸੁਪਨਾ ਲੈਣ ਦਾ ਅਵਸਰ ਦਿਓ ਅਤੇ ਆਪਣੇ ਸੁਪਨਿਆਂ ਵਲ ਵਧਣ ਦਿਓ। ਆਪਣੇ ਬੱਚੇ ਨੂੰ ਉਸ ਵਿਸ਼ੇਸ਼ ਵਿਅਕਤੀ ਵਰਗਾ ਬਣਨ ਵਿਚ ਮਦਦ ਦਿਓ ਜਿਸਨੂੰ ਤੁਸੀਂ ਜਾਣਦੇ ਹੋ ਅਤੇ ਜਿਸ ਵਰਗਾ ਉਹ ਬਣ ਸਕਦੇ ਹਨ।

# 21 ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ ਸੰਵਿਧਾਨ ਦਾ ਖੁੱਲ੍ਹਾ ਉਲੰਘਣ

ਚੰਦਰ ਸ਼ਰਮਾ

ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸਪਸ਼ਟ ਅਤੇ ਫੈਸਲਾਕੁੰਨ ਬਹੁਮਤ ਮਿਲਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਦਾ ਚਾਅ ਸੱਤਵੇਂ ਆਸਮਾਨ 'ਤੇ ਹੈ। 117 ਮੈਂਬਰੀ ਵਿਧਾਨ ਸਭਾ ਵਿਚ ਅਕਾਲੀ-ਭਾਜਪਾ ਨੂੰ 68 ਸੀਟਾਂ ਮਿਲੀਆਂ ਹਨ ਅਤੇ ਇਕੱਲੇ ਸ਼੍ਰੋਮਣੀ ਅਕਾਲੀ ਦਲ ਨੂੰ 56 ਸੀਟਾਂ। ਡੇਢ ਮਹੀਨੇ ਵਿਚ ਹੀ ਨਵੀਂ ਸਰਕਾਰ ਨੇ ਆਪਣੇ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਵਜ਼ਾਰਤ ਬਣਾਉਣ ਦੇ ਤੁਰੰਤ ਬਾਅਦ ਮੁੱਖ ਮੰਤਰੀ ਨੇ 21 ਮੁੱਖ ਸੰਸਦੀ ਸਕੱਤਰਾਂ ਨੂੰ ਮੰਤਰੀ ਮੰਡਲ ਵਿਚ ਸ਼ਾਮਿਲ ਕਰਕੇ ਦੇਸ਼ ਵਿਚ ਇਕ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ। ਮੁੱਖ ਮੰਤਰੀ ਸਮੇਤ 18 ਵਿਧਾਇਕਾਂ ਨੂੰ ਮੰਤਰੀ (ਸਾਰੇ ਕੈਬਨਿਟ ਮੰਤਰੀ) ਬਣਾਉਣ ਤੋਂ ਬਾਅਦ 21 ਵਿਧਾਇਕਾਂ ਨੂੰ ਮੁੱਖ ਸੰਸਦੀ ਸਕੱਤਰ ਦੇ ਅਹੁਦਿਆਂ ਨਾਲ ਨਿਵਾਜਿਆ ਗਿਆ ਹੈ। ਇਕ ਵਿਧਾਇਕ ਵਿਧਾਨ ਸਭਾ ਸਪੀਕਰ ਚੁਣਿਆ ਜਾ ਚੁੱਕਾ ਹੈ ਅਤੇ ਇਕ ਵਿਧਾਇਕ ਵਿਧਾਨ ਸਭਾ ਦਾ ਡਿਪਟੀ ਸਪੀਕਰ ਨਿਯੁਕਤ ਕੀਤਾ ਜਾਣਾ ਹੈ। ਇਸ ਤਰ੍ਹਾਂ ਅਕਾਲੀ-ਭਾਜਪਾ ਦੇ 68 ਮੈਂਬਰਾਂ ਵਿਚੋਂ 40 ਵਿਧਾਇਕਾਂ ਨੂੰ ਲਾਭਕਾਰੀ ਅਹੁਦਿਆਂ ਨਾਲ ਨਿਵਾਜਿਆ ਜਾ ਚੁੱਕਾ ਹੈ। ਮੰਨਿਆ ਜਾ ਰਿਹਾ ਹੈ ਕਿ ਹਾਲੇ ਕੁਝ ਵਿਧਾਇਕਾਂ ਨੂੰ ਵੱਖ-ਵੱਖ ਨਿਗਮਾਂ ਅਤੇ ਬੋਰਡਾਂ ਦਾ ਚੇਅਰਮੈਨ ਬਣਾਇਆ ਜਾਣਾ ਹੈ। ਭਾਵੇਂ ਪੰਜਾਬ ਦੇ ਸਾਰੇ ਨਿਗਮ ਅਤੇ ਬੋਰਡ ਭਾਰੀ ਘਾਟੇ ਵਿਚ ਚੱਲ ਰਹੇ ਹਨ ਅਤੇ ਆਪਣੇ ਕਰਮਚਾਰੀਆਂ ਨੂੰ ਤਨਖਾਹ ਤੱਕ ਦੇਣ ਲਈ ਕਰਜ਼-ਦਰ-ਕਰਜ਼ ਲੈ ਰਹੇ ਹੋਣ, ਪਰ ਇਸ ਸੱਚਾਈ ਤੋਂ ਸਿਆਸੀ ਨੇਤਾਵਾਂ ਨੂੰ ਕੋਈ ਫਰਕ ਨਹੀਂ ਪੈਂਦਾ।

ਜਨਤਾ ਦੇ ਖ਼ੂਨ-ਪਸੀਨੇ ਦੀ ਕਮਾਈ ਨਾਲ ਐਸ਼ੋ-ਆਰਾਮ ਦੀ ਸਹੂਲਤਾਂ ਜੁਟਾਉਣਾ ਅਤੇ ਲਾਭ ਕਮਾਉਣਾ ਸਮਕਾਲੀਨ ਸਿਆਸਤ ਦੀ ਸਥਾਈ ਆਦਤ ਬਣ ਗਈ ਹੈ। ਇੰਨਾ ਹੀ ਨਹੀਂ, ਸੱਤਾ ਦੇ ਲਾਲਚੀ ਨੇਤਾ ਹੁਣ ਸੰਵਿਧਾਨ ਨਾਲ ਧੋਖਾ ਕਰਨ ਵਿਚ ਵੀ ਪਿੱਛੇ ਨਹੀਂ ਹਨ। ਪੰਜਾਬ ਵਿਚ 21 ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ ਇਸ ਗੱਲ ਦਾ ਸਬੂਤ ਹੈ। ਸੰਵਿਧਾਨ ਵਿਚ ਮੁੱਖ ਸੰਸਦੀ ਸਕੱਤਰ ਜਾਂ ਸੰਸਦੀ ਸਕੱਤਰ ਦੀ ਕੋਈ ਵਿਵਸਥਾ ਨਹੀਂ ਹੈ ਅਤੇ ਨਾ ਹੀ ਕੇਂਦਰ ਜਾਂ ਰਾਜ ਸਰਕਾਰ ਨੇ ਇਸ ਤਰ੍ਹਾਂ ਦਾ ਕੋਈ ਕਾਨੂੰਨ ਬਣਾਇਆ ਹੈ, ਜਿਸ ਦੇ ਤਹਿਤ ਮੁੱਖ ਸੰਸਦੀ ਸਕੱਤਰ ਜਾਂ ਸੰਸਦੀ ਸਕੱਤਰ ਦੀ ਨਿਯੁਕਤੀ ਕੀਤੀ ਜਾ ਸਕਦੀ ਹੋਵੇ।

ਹਿਮਾਚਲ ਪ੍ਰਦੇਸ਼ ਹਾਈਕੋਰਟ ਨੇ ਸਾਲ 2005 ਵਿਚ ਹਿਮਾਚਲ ਵਿਚ ਮੁੱਖ ਸੰਸਦੀ ਸਕੱਤਰਾਂ ਅਤੇ ਸੰਸਦੀ ਸਕੱਤਰਾਂ ਦੀ ਨਿਯੁਕਤੀ ਨੂੰ ਲੈ ਕੇ ਵਿਵਸਥਾ ਦਿੱਤੀ ਸੀ ਕਿ ਸੰਵਿਧਾਨ ਦੀ ਕਿਸੇ ਵੀ ਧਾਰਾ ਤਹਿਤ ਮੁੱਖ ਸੰਸਦੀ ਸਕੱਤਰ ਦੀ ਨਿਯੁਕਤੀ ਲਈ ਕੋਈ ਵਿਵਸਥਾ ਨਹੀਂ ਕੀਤੀ ਗਈ ਹੈ। ਹਾਈਕੋਰਟ ਦਾ ਕਹਿਣਾ ਸੀ ਕਿਉਂਕਿ



ਸੰਵਿਧਾਨ ਦੀ ਧਾਰਾ 164 ਤਹਿਤ ਮੰਤਰੀਆਂ ਦੀ ਨਿਯੁਕਤੀ ਕੀਤੀ ਜਾਂਦੀ ਹੈ ਅਤੇ ਇਸੇ ਤਹਿਤ ਉਨ੍ਹਾਂ ਦੇ ਅਧਿਕਾਰ, ਫਰਜ਼ ਅਤੇ ਜ਼ਿੰਮੇਵਾਰੀਆਂ ਨੂੰ ਪਰਿਭਾਸ਼ਤ ਕੀਤਾ ਗਿਆ ਹੈ, ਇਸ ਵਿਚ ਮੁੱਖ ਸੰਸਦੀ ਸਕੱਤਰ ਜਾਂ ਸੰਸਦੀ ਸਕੱਤਰ ਦੇ ਕਿਸੇ ਵੀ ਅਹੁਦੇ ਦੀ ਕੋਈ ਵਿਵਸਥਾ ਨਹੀਂ ਹੈ। ਹਾਈਕੋਰਟ ਨੇ ਆਪਣੇ ਫੈਸਲੇ ਵਿਚ ਇਥੋਂ ਤੱਕ ਕਿਹਾ ਸੀ ਕਿ ਸੰਵਿਧਾਨਿਕ ਵਿਵਸਥਾ ਨਹੀਂ ਹੋਣ ਦੇ ਬਾਵਜੂਦ ਮੁੱਖ ਮੰਤਰੀ ਵਲੋਂ ਮੁੱਖ ਸੰਸਦੀ ਸਕੱਤਰ ਜਾਂ ਸੰਸਦੀ ਸਕੱਤਰ ਨੂੰ ਨਿਯੁਕਤ ਕਰਨਾ ਸੰਵਿਧਾਨ ਨਾਲ 'ਫਰਾਡ' ਵਰਗਾ ਹੈ। ਇਸੇ ਫੈਸਲੇ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਵੀ ਪੰਜਾਬ ਵਿਚ ਅਮਰਿੰਦਰ ਸਿੰਘ ਸਰਕਾਰ ਦੇ ਸਮੇਂ ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ 'ਤੇ ਹਿਮਾਚਲ ਹਾਈਕੋਰਟ ਦੇ ਫੈਸਲੇ ਦਾ ਹਵਾਲਾ ਦਿੱਤਾ ਸੀ ਅਤੇ ਇਨ੍ਹਾਂ ਅਹੁਦਿਆਂ ਨੂੰ ਅਸੰਵਿਧਾਨਕ ਕਰਾਰ ਦਿੱਤਾ ਸੀ।

ਅਦਾਲਤ ਵਲੋਂ ਅਸੰਵਿਧਾਨਿਕ ਅਹੁਦਿਆਂ ਦੀ ਸ਼੍ਰੇਣੀ ਵਿਚ ਕਰਾਰ ਦਿੱਤੇ ਜਾਣ ਤੋਂ ਇਲਾਵਾ ਮੁੱਖ ਸੰਸਦੀ ਸਕੱਤਰ ਜਾਂ ਸੰਸਦੀ ਸਕੱਤਰ ਦੀ ਨਿਯੁਕਤੀ ਸੰਵਿਧਾਨ ਦੀ 91ਵੀਂ ਸੋਧ ਦਾ ਵੀ ਨਾ ਕੇਵਲ ਖੁੱਲ੍ਹਾ ਉਲੰਘਣ ਹੈ, ਬਲਕਿ ਇਸ ਕਾਨੂੰਨ ਦੀ ਮੂਲ ਭਾਵਨਾ ਦੀ ਹੱਤਿਆ ਕਰਨ ਵਰਗਾ ਹੈ। ਮੂਲ ਰੂਪ ਨਾਲ ਇਸ ਕਾਨੂੰਨ ਨੂੰ ਮੰਤਰੀ ਮੰਡਲ ਦਾ ਆਕਾਰ ਸੀਮਤ ਕਰਨ ਲਈ ਬਣਾਇਆ ਗਿਆ ਸੀ। ਇਸ ਕਾਨੂੰਨ ਨੇ ਸਿਆਸੀ ਨੇਤਾਵਾਂ ਦੇ ਹੱਥ ਬੰਨ੍ਹ ਦਿੱਤੇ ਸਨ, ਪਰ ਕਾਨੂੰਨ ਦਾ ਉਲੰਘਣ ਕਰਨ ਲਈ ਸਿਆਸੀ ਨੇਤਾਵਾਂ ਨੇ ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ ਦਾ ਵਧੀਆ ਤਰੀਕਾ ਲੱਭਿਆ ਹੈ।

ਮੰਤਰੀ ਮੰਡਲ ਦੇ ਵੱਡੇ ਆਕਾਰ ਅਤੇ ਸਰਕਾਰੀ ਖਜ਼ਾਨੇ 'ਤੇ ਬੋਝ ਨੂੰ ਕਾਬੂ ਕਰਨ ਦੇ ਮਕਸਦ ਨਾਲ ਹੀ ਕੇਂਦਰ ਨੇ ਸਾਲ 2003 ਵਿਚ 91ਵੀਂ ਸੋਧ ਪਾਸ ਕੀਤੀ ਸੀ। ਇਸ ਕਾਨੂੰਨ ਤਹਿਤ ਮੰਤਰੀ ਮੰਡਲ ਦਾ ਆਕਾਰ ਕਿਸੇ ਵੀ ਸੂਰਤ ਵਿਚ ਮੈਂਬਰਾਂ ਦੀ ਕੁੱਲ੍ਹ ਗਿਣਤੀ ਦਾ 10 ਫੀਸਦੀ ਤੋਂ ਜ਼ਿਆਦਾ ਨਹੀਂ ਹੋ ਸਕਦਾ। ਸਾਲ 2003 ਵਿਚ ਕੇਂਦਰ ਵਿਚ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਐਨ. ਡੀ. ਏ. ਸਰਕਾਰ ਸੀ ਅਤੇ ਤਦ ਭਾਜਪਾ ਅਤੇ ਅਕਾਲੀ ਦਲ ਦੋਵੇਂ ਹੀ ਇਸ ਦੇ ਮੈਂਬਰ ਸਨ। ਦੋਵੇਂ ਪਾਰਟੀਆਂ ਮੰਤਰੀ ਮੰਡਲ ਦੇ ਛੋਟੇ ਆਕਾਰ ਦੀਆਂ ਸਭ ਤੋਂ ਵੱਡੀਆਂ ਹਿਮਾਇਤੀ ਸਨ। ਇਸ ਨੂੰ ਵਿਡੰਬਨਾ ਹੀ ਕਿਹਾ ਜਾਵੇਗਾ ਕਿ ਹੁਣ ਉਹੀ ਅਕਾਲੀ-ਭਾਜਪਾ ਉਸੇ ਕਾਨੂੰਨ ਦੀ ਆਤਮਾ ਦੀ ਹੱਤਿਆ ਕਰਨ ਵਿਚ ਮੋਹਰੀ ਹਨ, ਜਿਸ ਨੂੰ ਪਾਸ ਕਰਵਾਉਣ ਵਿਚ ਉਸ ਦੀ ਸਭ ਤੋਂ ਅਹਿਮ ਭੂਮਿਕਾ ਰਹੀ ਹੈ।

ਪੰਜਾਬ ਵਿਚ ਭਾਜਪਾ ਦੇ ਕੁੱਲ 12 ਵਿਧਾਇਕ ਹਨ ਅਤੇ ਇਨ੍ਹਾਂ ਵਿਚੋਂ 11 ਨੂੰ ਹਾਲੇ ਤੱਕ ਮੰਤਰੀ ਜਾਂ ਮੁੱਖ ਸੰਸਦੀ ਸਕੱਤਰ ਦੇ ਅਹੁਦੇ ਨਾਲ ਨਿਵਾਜਿਆ ਜਾ ਚੁੱਕਾ ਹੈ। ਇਕ ਵਿਧਾਇਕ ਬਚਿਆ ਹੈ ਅਤੇ ਉਸ ਨੂੰ ਵਿਧਾਨ ਸਭਾ ਦੇ ਸਪੀਕਰ ਦੇ ਅਹੁਦੇ ਨਾਲ ਨਿਵਾਜਿਆ ਜਾਣਾ ਤੈਅ ਹੈ। ਹਿਮਾਚਲ ਪ੍ਰਦੇਸ਼ ਹਾਈਕੋਰਟ ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ ਨੂੰ ਸੰਵਿਧਾਨਕ ਫਰਾਡ ਕਰਾਰ ਦੇ ਚੁੱਕੀ ਹੈ। ਕੁਝ ਹੋਰ ਹਾਈਕੋਰਟ ਵੀ ਇਸ ਤਰ੍ਹਾਂ ਦੀ ਵਿਵਸਥਾ ਦੇ ਚੁੱਕੇ ਹਨ। ਇੰਨਾ ਸਭ ਕੁਝ ਹੋਣ ਦੇ ਬਾਵਜੂਦ ਪੰਜਾਬ ਵਿਚ ਇਕ ਜਾਂ ਦੋ ਨਹੀਂ, 21 ਮੁੱਖ ਸੰਸਦੀ ਸਕੱਤਰ ਨਿਯੁਕਤ ਕੀਤੇ ਗਏ ਹਨ। ਇਸ ਨੂੰ ਸੰਵਿਧਾਨ ਨਾਲ ਸਭ ਤੋਂ ਵੱਡਾ ਫਰਾਡ ਨਹੀਂ ਤਾਂ ਹੋਰ ਕੀ ਕਿਹਾ ਜਾਵੇ?

ਧੁਖਦਾ ਕਾਲਮ

# 'ਜੈ-ਜੈ ਕਾਰ ਕਿਰਤ ਦੀ ਹੋਵੇ...'

**ਸੁਸ਼ੀਲ ਦੁਸਾਂਝ**

ਇਕ ਵਾਰ ਫੇਰ ਰਸਮ ਨਿਭਾਈ ਗਈ ਹੈ! ਮਜ਼ਦੂਰਾਂ ਦਾ ਕੌਮਾਂਤਰੀ ਦਿਹਾੜਾ ਮਈ ਦਿਵਸ ਮਨਾਉਣ ਦੀ ਰਸਮ। ਇਹ ਹੀ ਦਿਨ ਹੀ ਹੈ ਜਦੋਂ ਦੁਨੀਆ ਦੇ ਹਰ ਕੋਨੇ ਵਿਚ 'ਦੁਨੀਆ ਭਰ ਦੇ ਮਜ਼ਦੂਰੋ ਇਕ ਹੋ ਜਾਓ' ਦਾ ਨਾਅਰਾ ਇਕੋ ਵੇਲੇ ਲਗਦਾ ਹੈ। ਅਸੀਂ ਇਸ ਨਾਅਰੇ ਦੇ ਪੂਰਨ ਹਮਾਇਤੀ ਹੀ ਨਹੀਂ ਸਗੋਂ ਨਾਅਰਾ ਲਾਉਣ ਵਾਲਿਆਂ ਵਿਚ ਵੀ ਸ਼ਾਮਲ ਹਾਂ ਪਰ ਸਾਡੇ ਸਮੇਤ ਇਹ ਨਾਅਰਾ ਲਾਉਣ ਵਾਲਾ ਹਰ ਬੰਦਾ ਇਕ ਪਲ ਲਈ ਤਾਂ ਜ਼ਰੂਰ ਸੋਚੇ ਕਿ ਕੀ ਅੱਜ ਸੱਚਮੁੱਚ ਹੀ ਇਹ ਨਾਅਰਾ ਮਹਿਜ਼ ਇਕ ਰਸਮ ਨਹੀਂ ਰਹਿ ਗਿਆ ਹੈ? ਬਾਕੀ ਦਿਨਾਂ ਨਾਲੋਂ ਅੱਜ ਦਾ ਦਿਨ ਥੋੜ੍ਹਾ ਵੱਖਰਾ ਦਿਖਾਈ ਦਿੰਦਾ ਹੈ ਪਰ ਅਸਲੀਅਤ ਵਿਚ ਹੋਰਨਾਂ ਦਿਨਾਂ ਨਾਲੋਂ ਇਹਦਾ ਕੋਈ ਫਰਕ ਨਹੀਂ ਹੈ। ਸਾਰੀ ਦੁਨੀਆ ਦੇ ਮਜ਼ਦੂਰਾਂ ਨੂੰ ਇਕ ਹੋਣ ਦੇ ਨਾਅਰੇ ਲਾਉਣ ਵਾਲੇ ਅਸੀਂ ਹਰ ਤੀਸਰੇ ਦਿਨ ਇਕ ਨਵਾਂ ਧੜਾ ਬਣਾ ਕੇ ਆਪਣੇ-ਆਪ ਨੂੰ ਸਾਰਿਆਂ ਨਾਲੋਂ ਵੱਡੇ ਇਨਕਲਾਬੀ ਹੋਣ ਦੇ ਸਰਟੀਫਿਕੇਟ ਦੇਣ ਦੇ ਕੁਚੱਕਰ ਵਿਚ ਪੈ ਚੁੱਕੇ ਹਾਂ। ਕੁਝ ਮਿਤਰਾਂ ਨੂੰ ਇਹ ਗੱਲਾਂ ਕੌੜੀਆਂ ਲੱਗ ਸਕਦੀਆਂ ਹਨ ਤੇ ਇਨ੍ਹਾਂ ਨੂੰ ਕੱਟਣ ਲਈ ਉਨ੍ਹਾਂ ਕੋਲ ਦਲੀਲਾਂ ਦਾ ਟੋਕਰਾ ਹੋ ਸਕਦਾ ਹੈ ਪਰ ਸੱਚ ਕਿਸੇ ਦਲੀਲ ਦਾ ਮੁਹਤਾਜ ਨਹੀਂ ਹੋਇਆ ਕਰਦਾ।

ਸੱਚ ਕੀ ਹੈ? ਸੱਚ ਇਹ ਹੈ ਕਿ ਆਪਣੇ ਮੁਲਕ ਵਿਚ 40 ਕਰੋੜ ਦੇ ਕਰੀਬ ਮਜ਼ਦੂਰ ਹਨ ਪਰ ਕੰਮ ਸਿਰਫ 4 ਕਰੋੜ ਕੋਲ ਹੈ ਬਾਕੀ ਦੇ 36 ਕਰੋੜ ਮਜ਼ਦੂਰਾਂ ਦਾ ਕੋਈ ਠੌਰ ਟਿਕਾਣਾ ਨਹੀਂ। ਉਨ੍ਹਾਂ ਲਈ ਆਪਣੇ ਸਾਹਾਂ ਨੂੰ ਬਚਾ ਕੇ ਰੱਖਣ ਦੀ ਲੜਾਈ ਹੀ ਜੀ ਦਾ ਜੰਜਾਲ ਬਣੀ ਹੋਈ ਹੈ ਜਿਹੜੇ 4 ਕਰੋੜ ਮਜ਼ਦੂਰਾਂ ਕੋਲ ਰੁਜ਼ਗਾਰ ਹੈ ਵੀ; ਉਨ੍ਹਾਂ 'ਤੇ ਛਾਂਟੀ ਦੀ ਤਲਵਾਰ ਲਟਕ ਰਹੀ ਹੈ। ਰੁਜ਼ਗਾਰ ਦੇ ਨਵੇਂ ਦਰਵਾਜ਼ੇ ਤਾਂ ਕੀ ਖੁਲ੍ਹਣੇ ਹਨ; ਜਿੱਥੇ ਰੁਜ਼ਗਾਰ ਹੈ; ਉਥੇ ਕਿਰਤ ਕਨੂੰਨਾਂ ਦੀ ਸ਼ਰੇਆਮ ਉਲੰਘਣਾ ਨੂੰ ਪ੍ਰਬੰਧਕਾਂ ਅਤੇ ਮਾਲਕਾਂ ਨੇ ਆਪਣਾ ਜਨਮ-ਸਿੱਧ ਅਧਿਕਾਰ ਬਣਾ ਲਿਆ ਹੈ। ਉਦਾਰੀਕਰਨ ਦੇ ਨਵੇਂ ਦੌਰ ਵਿਚ ਪਿਛਲੇ 15-16 ਵਰ੍ਹਿਆਂ ਵਿਚ ਹੀ ਇਕ ਕਰੋੜ ਦੇ ਕਰੀਬ ਮਜ਼ਦੂਰਾਂ ਨੂੰ ਫੈਕਟਰੀਆਂ ਵਿਚੋਂ ਧੱਕੇ ਮਾਰ-ਮਾਰ ਕੇ ਕੱਢਿਆ ਜਾ ਚੁੱਕਾ ਹੈ। ਸੱਚ ਇਹ ਵੀ ਹੈ ਕਿ ਮਜ਼ਦੂਰਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ ਤੇ ਇਹਦੇ ਹਿਸਾਬ ਨਾਲ ਮਜ਼ਦੂਰਾਂ ਦੀਆਂ ਜਥੇਬੰਦੀਆਂ ਵੀ ਵੱਧ ਰਹੀਆਂ ਹਨ ਪਰ ਮਜ਼ਦੂਰ ਅੰਦੋਲਨ ਕਿਧਰੇ ਦਿਖਾਈ ਨਹੀਂ ਦਿੰਦੇ। ਇਹ ਬੜੀ ਅਜੀਬ ਸਥਿਤੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਅੱਜ ਜਦੋਂ ਹਾਲਾਤ ਮਜ਼ਦੂਰ ਅੰਦੋਲਨਾਂ ਦੇ ਪ੍ਰਚੰਡ ਹੋਣ ਦੇ ਬਣ ਰਹੇ ਹਨ ਉਦੋਂ ਇਹ ਅੰਦੋਲਨ ਕਿਉਂ ਨਹੀਂ ਮਘ ਰਹੇ? ਦਰਅਸਲ, ਹਰ ਮਜ਼ਦੂਰ ਜਥੇਬੰਦੀ ਆਪੋ-ਆਪਣੀ ਸਿਆਸੀ ਪਾਰਟੀ ਦੀ ਸਤਾਪ੍ਰਸਤ ਸਿਆਸਤ ਵਿਚ ਬੁਰੀ ਤਰ੍ਹਾਂ ਗਲਤਾਨ ਹੋ ਚੁੱਕੀ ਹੈ। ਬਹੁਤੀ ਦੂਰ ਨਾ ਜਾਂਦੇ ਹੋਏ ਜੇਕਰ ਭਾਰਤ ਦੀਆਂ ਦੋ ਵੱਡੀਆਂ ਮਜ਼ਦੂਰ ਜਥੇਬੰਦੀਆਂ ਸੀਟੂ ਅਤੇ ਏਟਕ ਦੀ ਗੱਲ ਹੀ ਕਰਨੀ ਹੋਵੇ ਤਾਂ ਇਨ੍ਹਾਂ ਦੋਵਾਂ ਜਥੇਬੰਦੀਆਂ ਦੇ ਆਕਾ ਕਾਂਗਰਸ ਦੀ ਅਗਵਾਈ ਵਾਲੀ ਸਾਂਝੇ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ) ਅਕਸਰ ਸਰਕਾਰ ਦੇ 'ਸੰਕਟ ਮੋਚਨ' ਬਣਦੇ ਰਹੇ ਹਨ।

ਆਪਣੇ ਮੁਲਕ ਵਿਚ ਮਜ਼ਦੂਰਾਂ ਦੇ ਸੋਸ਼ਣ ਦੀ ਜਿੰਨੀ ਗਲ ਕੀਤੀ ਜਾਵੇ ਉਹ ਘੱਟ ਹੈ। ਮਜ਼ਦੂਰਾਂ ਤੋਂ 18-20 ਘੰਟੇ ਕੰਮ ਕਰਵਾ ਕੇ ਵੀ ਉਨ੍ਹਾਂ ਨੂੰ ਪੂਰਾ ਮਿਹਨਤਾਨਾ ਨਹੀਂ ਦਿੱਤਾ ਜਾਂਦਾ। ਕਈ ਥਾਵਾਂ 'ਤੇ ਤਾਂ ਮਜ਼ਦੂਰੀ ਦਿੱਤੀ ਹੀ ਨਹੀਂ ਜਾਂਦੀ; ਸਿਰਫ ਇਕ ਵੇਲੇ ਦੀ ਰੋਟੀ ਹੀ ਇਨ੍ਹਾਂ ਦੀ ਮਜ਼ਦੂਰੀ ਮੰਨ ਲਈ ਜਾਂਦੀ ਹੈ। ਇਹਦੇ ਵਲ ਨਾ ਤਾਂ ਸਰਕਾਰਾਂ ਦਾ ਕੋਈ ਧਿਆਨ ਹੈ ਅਤੇ ਨਾ ਹੀ ਮਜ਼ਦੂਰ ਜਥੇਬੰਦੀਆਂ ਦੀ ਕੋਈ ਪਹਿਲਕਦਮੀ ਦਿਖਾਈ ਦਿੰਦੀ ਹੈ। ਹਾਂ, ਕਦੇ-ਕਦਾਈਂ ਖ਼ਬਰ ਆਉਂਦੀ ਹੈ ਕਿ ਕਿਸੇ ਮਜ਼ਦੂਰ ਜਥੇਬੰਦੀ ਨੇ ਕਿਸੇ ਭੱਠੇ ਆਦਿ ਤੋਂ ਕੁਝ ਬੰਧੂਆਂ ਮਜ਼ਦੂਰਾਂ ਨੂੰ ਮੁਕਤ ਕਰਵਾਇਆ ਹੈ ਪਰ ਕਰੋੜਾਂ ਮਜ਼ਦੂਰਾਂ ਵਾਲੇ ਮੁਲਕ ਵਿਚ ਇਹ ਆਟੇ ਵਿਚ ਲੂਣ ਵੀ ਨਹੀਂ ਹੈ।

ਦੁਖੀ ਕਰਨ ਵਾਲੀ ਗੱਲ ਇਹ ਵੀ ਹੈ ਕਿ ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਦੇ ਦਬਾਅ ਹੇਠ ਘੜੀਆਂ ਜਾ ਰਹੀਆਂ ਸਾਡੇ ਮੁਲਕ ਦੀਆਂ ਨੀਤੀਆਂ 'ਤੇ ਕਿਸੇ ਕਿਸਮ ਦੀ ਕੋਈ ਰੋਕ-ਟੋਕ ਹੁਣ ਨਹੀਂ ਹੈ। ਇਨ੍ਹਾਂ ਨੀਤੀਆਂ ਦੇ ਚਲਦਿਆਂ ਆਉਣ ਵਾਲਾ ਸਮਾਂ ਭਾਰਤ ਦੇ ਆਮ ਬੰਦੇ ਲਈ ਬਹੁਤ ਹੀ ਡਰਾਉਣ ਹੋਣ ਵਾਲਾ ਹੈ। ਆਮ ਬੰਦੇ ਲਈ ਜੀਉਂਦੇ ਰਹਿਣ ਦੀ ਲੜਾਈ ਹੀ ਬੜੀ ਮੁਸ਼ਕਲ ਹੋਣ ਵਾਲੀ ਹੈ। ਇਨ੍ਹਾਂ ਪ੍ਰਸਥਿਤੀਆਂ ਵਿਚ ਇਹ ਹੈਰਾਨੀ ਦੀ ਗੱਲ ਨਹੀਂ ਕਿ ਸਰਕਾਰੀ ਮੁਲਾਜ਼ਮਾਂ ਤੋਂ ਹੜਤਾਲ ਦਾ ਅਧਿਕਾਰ ਵੀ ਖੋਹ ਲਿਆ ਗਿਆ ਹੈ ਪਰ ਮਜ਼ਦੂਰਾਂ/ਮੁਲਾਜ਼ਮਾਂ ਦੀਆਂ ਸਭ ਤੋਂ ਵੱਡੀਆਂ ਮੁੱਦਈ ਪਾਰਟੀਆਂ ਮਜ਼ਦੂਰਾਂ ਦੇ ਇਸ ਮੌਲਿਕ ਅਧਿਕਾਰ ਨੂੰ ਵਾਪਸ ਕਰਵਾਉਣ ਲਈ ਰੱਤੀ ਭਰ ਵੀ ਸਰਗਰਮ ਨਹੀਂ।

ਅਸਲ ਵਿਚ ਭਾਰਤ ਦੀਆਂ ਟਰੇਡ ਯੂਨੀਅਨਾਂ ਨੂੰ ਅੱਜ ਲਾਜ਼ਮੀ ਤੌਰ 'ਤੇ ਆਪਣੇ-ਆਪ ਅੰਦਰ ਝਾਤੀ ਮਾਰਨ ਦੀ ਡਾਢੀ ਲੋੜ ਹੈ। ਇਨ੍ਹਾਂ ਨੂੰ ਇਹ ਦੇਖਣਾ ਹੀ ਪਵੇਗਾ ਕਿ ਇਹ ਕਿਹਦੇ ਲਈ ਲੜ ਰਹੀਆਂ ਹਨ। ਕੀ ਇਹ ਸੱਚਮੁੱਚ ਹੀ ਮਜ਼ਦੂਰਾਂ ਦੀ ਲੜਾਈ ਲੜ ਰਹੀਆਂ ਹਨ ਜਾਂ ਫਿਰ ਆਪੋ-ਆਪਣੀਆਂ ਸਿਆਸੀ ਪਾਰਟੀਆਂ ਦੀ ਰਾਜਨੀਤੀ ਨੂੰ ਮਜ਼ਦੂਰਾਂ ਉਪਰ ਠੋਸਣ ਦੇ ਆਤਮ-ਘਾਤੀ ਰਾਹ ਪੈ ਚੁੱਕੀਆਂ ਹਨ। ਇਹ ਕੌੜੀ ਸਚਾਈ ਹੈ ਕਿ ਭਾਰਤੀ ਸਿਆਸਤ ਵਿਚ ਲੋਕ-ਪੱਖੀ ਸਿਆਸਤ ਦੇ ਅਲੰਬਰਦਾਰਾਂ ਨੇ ਸੱਤਾ ਨਾਲ ਗਲਵਕੜੀਆਂ ਪਾਈ ਰੱਖੀਆਂ ਹਨ। ਇਸ ਸਥਿਤੀ ਵਿਚ ਭਾਰਤ ਦੇ ਮਜ਼ਦੂਰ ਅੰਦੋਲਨ ਦਾ ਕੋਈ ਭਵਿੱਖ ਨਹੀਂ ਹੈ। ਭਾਰਤੀ ਮਜ਼ਦੂਰ ਜਾਂ ਕਹਿ ਲਓ ਮੁਲਕ ਨੂੰ ਬਚਾਉਣ ਦੀ ਲੜਾਈ ਲੜਨ ਲਈ ਜ਼ਰੂਰੀ ਹੈ ਕਿ 'ਸੱਤਾ ਦੀ ਗਲਵਕੜੀ ਸਿਆਸਤ' ਨੂੰ ਤਿਲਾਂਜਲੀ ਦਿੱਤੀ ਜਾਵੇ। ਜੇਕਰ ਮਜ਼ਦੂਰ/ਮੁਲਾਜ਼ਮ ਦਿੱਲੀ ਦਰਬਾਰ ਵਿਚ ਬੈਠੇ ਆਪਣੇ 'ਨੁਮਾਇੰਦਿਆਂ' ਵੱਲ ਹੀ ਦੇਖੀ ਗਏ ਤਾਂ ਪਾਰ ਉਤਾਰਾ ਤਾਂ ਇਕ ਪਾਸੇ ਰਿਹਾ ਬੇੜਾ ਡੁੱਬਿਆ ਹੀ ਲਓ। ਇਨ੍ਹਾਂ ਹਾਲਤਾਂ ਵਿਚ ਮਜ਼ਦੂਰ ਜਥੇਬੰਦੀਆਂ ਨੂੰ ਪਾਰਟੀ ਸਿਆਸਤ ਤੋਂ ਉਪਰ ਉੱਠ ਕੇ ਲੋਕ ਮੁਕਤੀ ਦੀ ਲੜਾਈ ਨੂੰ ਆਪਣਾ ਪਹਿਲਾ ਏਜੰਡਾ ਬਣਾਉਣਾ ਪਵੇਗਾ। ਨਹੀਂ ਤਾਂ ਤਸਵੀਰ ਨਹੀਂ ਬਦਲੀ ਜਾ ਸਕੇਗੀ। ਆਓ ਹੁਣ ਤਾਂ ਸੱਚ ਦਾ ਪੱਲਾ ਫੜ ਲਈਏ ਤਾਂ ਹੀ ਇਹ ਦਿਨ ਰਸਮ ਦੀ ਥਾਂ ਕਿਰਤ ਦੀ ਜੈ-ਜੈਕਾਰ ਕਰਨ ਵਾਲੇ ਦਿਨ ਵਿਚ ਤਬਦੀਲ ਹੋ ਸਕੇਗਾ। ਮਿਤਰੋ! ਤੁਸੀਂ ਰਸਮਾਂ ਨੂੰ ਤੋੜਨ ਵਾਲੇ ਲੋਕ ਹੋ, ਰਸਮਾਂ ਨਿਭਾਉਂਦੇ ਚੰਗੇ ਨਹੀਂ ਲੱਗਦੇ। ਆਓ ਲੋਕ ਸ਼ਾਇਰ ਪ੍ਰੋ. ਮੋਹਨ ਸਿੰਘ ਨਾਲ ਇਕ-ਮਿਕ ਹੋਈਏ-

'ਦਾਤੀਆਂ ਕਲਮਾਂ ਅਤੇ ਹਥੌੜੇ ਕੱਠੇ ਕਰ ਲਓ ਸੰਦ ਓ ਯਾਰ,
ਜੈ-ਜੈ ਕਾਰ ਕਿਰਤ ਦੀ ਹੋਵੇ ਜ਼ੁਲਮ ਦੀ ਲੱਗੇ ਕੰਡ ਓ ਯਾਰ।'

# ਢਿੱਡਾਂ ਅਤੇ ਗੁਦਾਮਾਂ ਵਿਚਲਾ ਫਾਸਲਾ

ਇਨਸਾਨ ਜਿਸ ਦਿਨ ਧਰਤੀ 'ਤੇ ਉਤਰਿਆ ਹੀ ਸੀ ਉਸੇ ਦਿਨ ਤੋਂ ਆਪਣੇ ਪੇਟ ਦੀ ਭੁੱਖ ਲਈ ਜੂਝਦਾ ਆ ਰਿਹਾ। ਉਸ ਦੀ ਸੂਝ ਦਾ ਆਰੰਭ ਖੁਰਾਕ ਵਾਸਤੇ ਜੱਦੋ-ਜਹਿਦ ਤੋਂ ਹੀ ਹੋਇਆ ਸੀ। ਇਸ ਸੱਚ ਨੂੰ ਗ੍ਰਹਿਣ ਕਰਨ ਵਾਲੇ ਪਹਿਲੇ ਵਿਅਕਤੀਆਂ ਵਿਚ ਪੰਜਾਬੀਆਂ ਦਾ ਸ਼ੁਮਾਰ ਰਿਹਾ ਹੈ। ਦਮੋਦਰ ਤੋਂ ਬਾਅਦ ਹੀਰ ਦਾ ਕਿੱਸਾ ਲਿਖਣ ਵਾਲੇ ਮਹਾਨ ਸ਼ਾਇਰ ਮੁਕਬਲ ਨੇ ਅਨਾਜ ਬਾਰੇ ਇਨਸਾਨੀ ਸੂਝ ਨੂੰ ਇੰਝ ਪੇਸ਼ ਕੀਤਾ ਸੀ:

ਦਾਣਾ ਇਕ ਜ਼ਮੀਨ 'ਤੇ ਨਜ਼ਰ ਆਵੇ,
ਉਸਨੂੰ ਪਲਕਾਂ ਦੇ ਨਾਲ ਉਠਾਈਏ ਜੀ।

ਮਹਾਨ ਸੂਫੀ ਸ਼ਾਇਰ ਬੁੱਲ੍ਹੇ ਸ਼ਾਹ ਨੇ ਤਾਂ ਜ਼ਿੰਦਗੀ ਦੇ ਇਸ ਸੱਚ ਦਾ ਦਾਰਸ਼ਨਿਕ ਨਿਚੋੜ ਹੀ ਪੇਸ਼ ਕਰਕੇ ਰੱਖ ਦਿੱਤਾ ਸੀ:

ਪੰਜ ਰੁਕਨ ਇਸਲਾਮ ਦੇ,
ਤੇ ਛੇਵਾਂ ਬੁੱਲ੍ਹਿਆ ਟੁੱਕ (ਰੋਟੀ)।
ਜੇ ਛੇਵਾਂ ਨਾ ਹੋਵੇ,
ਤੇ ਬਾਕੀ ਜਾਂਦੇ ਮੁੱਕ।

ਇਸ ਤੋਂ ਵੱਡਾ ਸੱਚ ਅੱਜ ਤੱਕ ਕਿਸੇ ਤੋਂ ਨਹੀਂ ਆਖਿਆ ਜਾ ਸਕਿਆ। ਜਰਮਨੀ ਦੇ ਫਿਲਾਸਫਰ ਫਰੈਡਰੇਕ ਦਾ ਇਹ ਕਥਨ ਵੀ ਬੁੱਲ੍ਹੇ ਸ਼ਾਹ ਦੇ ਬਿਆਨ ਦਾ ਉਲੱਚਾ ਹੀ ਪ੍ਰਤੀਤ ਹੁੰਦਾ ਹੈ ਕਿ ਕੁਝ ਵੀ ਸੋਚਣ ਲਈ ਪੇਟ ਵਿਚ ਅੰਨ ਜਾਣਾ ਚਾਹੀਦਾ। ਇਸ ਕਰਕੇ, ਸੋਚੀ ਸਮਝੀ ਅਤੇ ਯੋਜਨਾਬੱਧ ਸਾਜ਼ਿਸ਼ ਅਧੀਨ, ਮਨੁੱਖ ਨੂੰ ਖੁਰਾਕ ਤੋਂ ਮਹਿਰੂਮ ਰੱਖਣ ਤੋਂ ਵੱਡਾ ਹੋਰ ਕੋਈ ਜ਼ੁਰਮ ਨਹੀਂ ਹੋ ਸਕਦਾ। ਪਰ ਮੁਕਬਲ ਅਤੇ ਬੁੱਲ੍ਹੇ ਸ਼ਾਹ ਦੀ ਧਰਤੀ ਉਪਰ ਅੱਜ ਇਹੋ ਹੀ ਕੀਤਾ ਜਾ ਰਿਹਾ। ਅਨਾਜ ਗੁਦਾਮਾਂ ਵਿਚ ਬੰਦ ਹੈ ਅਤੇ ਭੁੱਖ ਨਾਲ ਵਿਛੀਆਂ ਲਾਸ਼ਾਂ ਖੁੱਲ੍ਹੇ ਮੈਦਾਨ ਵਿਚ ਪਈਆਂ ਹਨ

ਭੁੱਖ ਦਾ ਇਹ ਵਰਤਾਰਾ ਸਾਰੀ ਦੁਨੀਆ ਵਿਚ ਫੈਲ ਚੁੱਕਿਆ ਹੈ। ਇਹ ਉਸ ਪ੍ਰਬੰਧ ਦਾ ਨਤੀਜਾ ਹੈ ਜਿਹੜਾ ਮਨੁੱਖ ਨੇ ਉਸਾਰ ਲਿਆ ਹੈ। ਮੁਨਾਫੇ ਦਾ ਪ੍ਰਬੰਧ। ਹਰ ਚੀਜ਼ ਅਤੇ ਹਰ ਘਟਨਾ ਵਿਚੋਂ ਮੁਨਾਫਾ ਕਿਵੇਂ ਹਾਸਲ ਕਰਨਾ ਹੈ। ਇਹੋ ਹੀ ਇਕ-ਇਕ ਮਨੋਰਥ ਨਜ਼ਰ ਆ ਰਿਹਾ ਹੈ।

ਪੰਜਾਬ ਦੇ ਵੱਖ-ਵੱਖ ਥਾਵਾਂ 'ਤੇ ਲੱਖਾਂ ਬੋਰੀਆਂ ਕਣਕ ਗਲ-ਸੜਕੇ ਬਰਬਾਦ ਹੋਣ ਦੀਆਂ ਲਗਾਤਾਰ ਆ ਰਹੀਆਂ ਕੇ ਰੱਖੀ ਹੋਈ ਸੀ। ਇਹ ਇਕ ਹਜ਼ਾਰ ਬੋਰੀ ਸਾਰੀ ਦੀ ਸਾਰੀ ਗਲ੍ਹ-ਸੜ ਕੇ ਬਦਬੂ ਮਾਰਨ ਲੱਗ ਪਈ ਹੈ। ਇਹ ਕਣਕ ਸੰਪੂਰਨ ਗ੍ਰਾਮੀਣ ਯੋਜਨਾ ਅਧੀਨ ਗਰੀਬ ਮਜ਼ਦੂਰਾਂ ਨੂੰ ਸਪਲਾਈ ਕਰਨ ਵਾਸਤੇ ਸੀ। ਪ੍ਰੰਤੂ ਉਹ ਗਰੀਬਾਂ ਦੇ ਢਿੱਡ ਵਿਚ ਪੈਣ ਦੀ ਥਾਂ ਬਰਬਾਦੀ ਦੇ ਪੇਟ ਵਿਚ ਚਲੀ ਗਈ। ਛਪੀਆਂ ਰਿਪੋਰਟਾਂ ਅਨੁਸਾਰ ਕੁਝ ਸਾਲ ਪਹਿਲਾਂ ਕਣਕ ਵਿਚ ਹੋ ਰਹੀ ਧਾਂਦਲੀ ਦੀਆਂ ਸ਼ਿਕਾਇਤਾਂ ਕਾਰਨ ਬੋਰੀਆਂ ਨੂੰ ਕਮਰੇ ਵਿਚ ਸੀਲ ਕਰ ਦਿੱਤਾ ਗਿਆ ਸੀ। ਪ੍ਰੰਤੂ ਅੱਜ ਤੱਕ ਨਾ ਹੀ ਇਸ ਮਾਮਲੇ ਬਾਰੇ ਜਾਂਚ-ਪੜਤਾਲ ਹੋਈ ਅਤੇ ਨਾ ਹੀ ਕਣਕ ਨੂੰ ਬਰਬਾਦ ਹੋਣ ਤੋਂ ਬਚਾਉਣ ਲਈ ਕੋਈ ਉਪਰਾਲਾ ਹੀ ਕੀਤਾ ਗਿਆ। ਬਾਅਦ ਵਿਚ ਇਸੇ ਤਰ੍ਹਾਂ ਦੀਆਂ ਹੀ ਖਬਰਾਂ, ਇਸੇ ਜ਼ਿਲ੍ਹੇ ਦੇ ਹੋਰ ਗੁਦਾਮਾਂ ਤੋਂ ਵੀ ਆਉਣੀਆਂ ਆਰੰਭ ਹੋ ਗਈਆਂ ਜਿਵੇਂ ਕਿ ਪਿੰਡ ਕੱਚਾ-ਪੱਕਾ ਨੇੜੇ ਪੰਜਾਬ ਐਗਰੋ ਦੀਆਂ ਦੋ ਲੱਖ ਬੋਰੀਆਂ, ਠੱਕਰਪੁਰਾ ਵਿਚ ਮਾਰਕਫੈਡ ਦੀਆਂ 55 ਹਜ਼ਾਰ ਬੋਰੀਆਂ ਅਤੇ ਨੇੜੇ ਹੀ ਪੈਂਦੇ ਪਿੰਡ ਜੋਧਪੁਰ ਵਿਚ ਪੰਜਾਬ ਐਗਰੋ ਦੀਆਂ 1300 ਬੋਰੀਆਂ ਕਣਕ ਬਰਬਾਦ ਹੋ ਗਈ।



ਸਤਨਾਮ ਚਾਨਾ

ਹੁਣ ਪਿਛਲੇ ਦਿਨੀਂ ਜ਼ਿਲ੍ਹਾ ਮੁਕਤਸਰ ਦੇ ਵੱਖ-ਵੱਖ ਸਟੋਰਾਂ ਦੀਆਂ ਖਬਰਾਂ ਛਪਣੀਆਂ ਸ਼ੁਰੂ ਹੋ ਗਈਆਂ ਹਨ। ਦੋ ਤਾਂ ਇਕ ਦਿਨ ਪਹਿਲਾਂ ਹੀ ਛਪੀਆਂ ਹਨ ਕਿ ਇਕ ਗੁਦਾਮ ਵਿਚ 1,65000 ਅਤੇ ਦੂਜੇ ਵਿਚ 3,00,000 ਬੋਰੀਆਂ ਸਨ ਜਿਹੜੀਆਂ ਲਗਭਗ ਸਾਰੀਆਂ ਹੀ ਬਰਬਾਦ ਹੋ ਚੁੱਕੀਆਂ ਹਨ। ਇਹ ਗੱਲ ਸਮਝ ਤੋਂ ਬਾਹਰ ਹੋ ਗਈ ਹੈ ਕਿ ਜੇਕਰ ਵੱਧ ਤੋਂ ਵੱਧ ਅਨਾਜ ਪੈਦਾ ਕਰਕੇ ਨਸ਼ਟ ਹੀ ਕਰ ਦੇਣਾ ਹੈ ਤਾਂ ਖੇਤੀਬਾੜੀ ਅਧੀਨ ਰਕਬਾ ਲਿਆਉਣ ਅਤੇ ਝਾੜ ਦੀ ਮਾਤਰਾ ਵਿਚ ਵਾਧਾ ਕਰਨ ਦੀਆਂ ਸਕੀਮਾਂ ਕਾਹਦੇ ਲਈ ਬਣਾਈਆਂ ਜਾ ਰਹੀਆਂ ਹਨ? ਅਜੇ ਹੁਣੇ ਜਿਹੇ ਹੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਕ ਖੇਤੀ ਖੋਜ ਸੰਸਥਾ



ਖਬਰਾਂ ਪੜ੍ਹਕੇ ਸਾਨੂੰ ਸੰਯੁਕਤ ਰਾਸ਼ਟਰ ਦੇ ਰਿਪੋਰਟਰ ਜੀਨ ਜੇਗਲਰ ਵੱਲੋਂ ਜਨਵਰੀ 2010 ਵਿਚ ਖੁਰਾਕ ਦੇ ਮੌਲਿਕ ਅਧਿਕਾਰ ਬਾਰੇ ਤਿਆਰ ਕੀਤੀ ਰਿਪੋਰਟ ਯਾਦ ਆ ਗਈ ਹੈ। ਉਸ ਨੇ ਕਿਹਾ ਸੀ ਕਿ "ਸੰਸਾਰ ਕੁਦਰਤੀ ਨਿਆਮਤਾਂ ਨਾਲ ਨੱਕੋ-ਨੱਕ ਭਰਿਆ ਪਿਆ ਹੈ ਪਰ ਇਹ ਬੰਦੇ ਨੂੰ ਤੱਤ ਚੜ੍ਹਾ ਦੇਣ ਵਾਲਾ ਸਕੈਂਡਲ ਹੈ ਕਿ ਸੰਸਾਰ ਵਿਚ ਇਕ ਅਰਬ ਤੋ ਂਵਧੇਰੇ ਲੋਕ ਭੁੱਖਮਰੀ ਦਾ ਸ਼ਿਕਾਰ ਹਨ ਤੇ ਹਰ ਸਾਲ ਸੱਠ ਲੱਖ ਬੱਚੇ ਭੁੱਖ ਨਾਲ ਜੁੜੇ ਕਾਰਨਾਂ ਕਾਰਨ ਮਰ ਜਾਂਦੇ ਹਨ।" ਪੰਜਾਬ ਦੀਆਂ ਉਪਰੋਕਤ ਖਬਰਾਂ ਨਾ ਕੇਵਲ ਸ਼ਰਮਿੰਦਗੀ ਭਰੀਆਂ ਹਨ ਸਗੋਂ ਪੰਜਾਬ ਦੇ ਪ੍ਰਸ਼ਾਸਨ ਦੀ ਮਰੀ ਹੋਈ ਆਤਮਾ ਅਤੇ ਇਨਸਾਨੀਅਤ ਨਾਲ ਬੇਕਿਰਕ ਦੁਸ਼ਮਣੀ ਦਾ ਸਬੂਤ ਪੇਸ਼ ਕਰਦੀਆਂ ਹਨ।

ਇਹ ਕੇਵਲ ਪੰਜਾਬ ਹੀ ਨਹੀਂ ਅਤੇ ਨਾ ਹੀ ਕੇਬਲ ਹਿੰਦੋਸਤਾਨ ਹੀ ਹੈ ਸਗੋਂ ਸੰਸਾਰ ਦਾ ਸਾਰਾ ਹੀ ਮੁਨਾਫਾਖੋਰ ਢਾਂਚਾ ਲੋਕਾਂ ਦੀ ਭੁੱਖ ਉਤੇ ਮਜ਼ੇ ਕਰ ਰਿਹਾ ਹੈ। ਸੱਚ ਇਹ ਹੈ ਕਿ ਸੰਯੁਕਤ ਰਾਸ਼ਟਰ ਦੀਆਂ ਸੂਚਨਾਵਾਂ ਅਨੁਸਾਰ, ਮਨੁੱਖ ਦੇ ਸਾਰੇ ਹੀ ਪੁਰਾਣੇ ਇਤਿਹਾਸ ਵਿਚ ਵੀਹਵੀਂ ਸਦੀ ਨੇ ਸਭ ਤੋਂ ਵਧੇਰੇ ਖੁਰਾਕ ਅਤੇ ਦੌਲਤਾਂ ਪੈਦਾ ਕੀਤੀਆਂ ਹਨ ਅਤੇ ਇਸੇ ਸਦੀ ਨੇ ਹੀ ਸਭ ਤੋਂ ਵਧੇਰੇ ਅਕਾਲ, ਭੁੱਖਮਰੀ ਅਤੇ ਰੋਗ ਪੈਦਾ ਕੀਤੇ ਹਨ। ਵੀਹਵੀਂ ਸਦੀ ਦੇ ਗਰੀਬ-ਗੁਰਬਿਆਂ ਦੀ ਦਸ਼ਾ ਪ੍ਰਾਚੀਨ ਮਨੁੱਖ ਨਾਲੋਂ ਰੱਤੀ ਭਰ ਵੀ ਬੇਹਤਰ ਨਹੀਂ ਹੋਈ ਜਾਪਦੀ। ਭਾਰਤ ਦੇ ਸਟੋਰ ਅਨਾਜ ਨਾਲ ਤੁੰਨੇ ਹੋਏ ਸੜ ਰਹੇ ਹਨ ਅਤੇ ਪੇਟ ਭੁੱਖ ਦੀ ਅੱਗ ਨਾਲ। ਪਿਛਲੇ ਕਈ ਦਿਨਾਂ ਤੋਂ ਖਬਰਾਂ ਆ ਰਹੀਆਂ ਹਨ ਕਿ ਜਿਹੜਾ ਅਨਾਜ ਗਰੀਬਾਂ ਵਿਚ ਵੰਡਣ ਲਈ ਸੀ ਉਹ ਅਫਸਰ ਸ਼ਾਹੀ ਦੀ ਮੁਜਰਮਾਨਾ ਅਣਗਹਿਲੀ ਕਾਰਨ ਗਲ ਸੜ ਕੇ ਬਦਬੂ ਮਾਰ ਰਿਹਾ ਹੈ। ਪਹਿਲੀ ਖਬਰ ਤਰਨਤਾਰਨ ਦੇ ਇਕ ਸਟੋਰ ਤੋਂ ਆਈ ਸੀ ਕਿ ਪਿੰਡ ਗੰਡੀਵਿੰਡ ਦੇ ਇਕ ਗੁਦਾਮ ਵਿਚ ਪਿਛਲੇ ਕਈ ਸਾਲਾਂ ਤੋਂ ਕਣਕ ਜੰਦਰਾ ਮਾਰ

ਵਿਚ ਬੋਲਦਿਆਂ ਵਿਗਿਆਨੀਆਂ ਨੂੰ ਹਲੂਣਾ ਦੇਣ ਦਾ ਯਤਨ ਕੀਤਾ ਸੀ ਕਿ ਦੇਸ਼ ਦੇ ਖੇਤੀ ਅਧੀਨ ਰਕਬੇ ਵਿਚ ਜਿਨ੍ਹਾਂ ਅਨਾਜ ਪੈਦਾ ਕਰਨ ਦੀ ਸਮਰੱਥਾ ਹੈ ਅਤੇ ਜਿਨ੍ਹਾਂ ਅਸਲ ਵਿਚ ਉਤਪਾਦਨ ਹੋ ਰਿਹਾ ਹੈ, ਉਸ ਵਿਚ ਅੰਤਾਂ ਦਾ ਪਾੜਾ ਹੈ। ਇਸ ਪਾੜੇ ਨੂੰ ਘਟਾਉਣ ਲਈ ਖੇਤੀ ਵਿਗਿਆਨੀਆਂ ਨੂੰ ਉਚੇਚੇ ਯਤਨ ਕਰਨੇ ਚਾਹੀਦੇ ਹਨ। ਇਸੇ ਤਰ੍ਹਾਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਹੈ ਕਿ ਜੇਕਰ ਉਹ ਖੇਤੀ ਉਤਪਾਦਨ ਵਿਚ ਵੱਡਾ ਉਛਾਲ ਲਿਆਉਣਾ ਚਾਹੁੰਦੇ ਹਨ ਅਤੇ ਫੂਡ ਸਕਿਉਰਿਟੀ ਬਿਲ ਨੂੰ ਸਫਲ ਬਣਾਉਣਾ ਚਾਹੁੰਦੇ ਹਨ ਤਾਂ ਉਹ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ 200 ਕਰੋੜ ਰੁਪਏ ਦੀ ਗ੍ਰਾਂਟ ਖੋਜ ਵਾਸਤੇ ਦੇਣ। ਕਿਉਂਕਿ ਕੇਂਦਰ ਸਰਕਾਰ ਆਉਣ ਵਾਲੇ ਸਮੇਂ ਵਿਚ ਦੇਸ਼ ਦੀ ਕੁੱਲ ਆਬਾਦੀ ਦੇ 63.5 ਫੀਸਦੀ ਨੂੰ ਸਬਸਿਡੀਜ਼ਡ ਰੇਟ 'ਤੇ ਅਨਾਜ ਸਪਲਾਈ ਕਰਨ ਦੀ ਸਕੀਮ ਬਣਾਈ ਬੈਠੀ ਹੈ। ਇਹੋ ਜਿਹੇ ਬਿਆਨਾਂ ਦੇ ਪ੍ਰਸੰਗ ਵਿਚ ਜੇਕਰ ਗੁਦਾਮਾਂ ਵਿਚ ਗਲ੍ਹ-ਸੜ ਰਹੇ ਅਨਾਜ ਨੂੰ ਦੇਖਿਆ ਜਾਵੇ ਤਾਂ ਇਹ ਸੋਚੇ ਬਿਨਾਂ ਨਹੀਂ ਰਿਹਾ ਜਾ ਸਕਦਾ ਕਿ ਸਿਆਸਤ ਕਿੰਨੀ ਖਚਰੀ ਅਤੇ ਹਿਰਦੇ ਰਹਿਤ ਹੋ ਗਈ ਹੈ?

ਪਿਛਲੇ ਸਾਲ ਜਦੋਂ, ਖੁੱਲ੍ਹੇ ਆਸਮਾਨ ਹੇਠ ਬਰਬਾਦ ਹੋਏ ਅਨਾਜ ਦੀਆਂ ਖਬਰਾਂ ਲਗਾਤਾਰ ਛਪੀਆਂ ਤਾਂ ਮਾਨਯੋਗ ਸੁਪਰੀਮ ਕੋਰਟ ਨੇ ਇਸ ਦਾ ਗੰਭੀਰ ਨੋਟਿਸ ਲੈਂਦਿਆਂ ਸਰਕਾਰ ਨੂੰ ਸਲਾਹ ਦਿੱਤੀ ਸੀ ਕਿ ਉਹ ਇਸ ਅਨਾਜ ਨੂੰ ਗਰੀਬਾਂ ਵਿਚ ਵੰਡ ਦੇਵੇ। ਪ੍ਰੰਤੂ ਅਜਿਹੀ ਕਿਸੇ ਵੀ ਪ੍ਰਤੱਖ ਕਾਰਵਾਈ ਦਾ ਧੂੰਆਂ ਨਹੀਂ ਨਿਕਲਿਆ ਸਗੋਂ ਗੁਦਾਮਾਂ 'ਚੋਂ ਬਦਬੂ ਦੀਆਂ ਲਪਟਾਂ ਦਾ ਉਠਣਾ ਬਦਸਤੂਰ ਜਾਰੀ ਹੈ। ਜ਼ਮੀਨ 'ਤੇ ਡਿੱਗੇ ਦਾਣੇ ਨੂੰ ਪਲਕਾਂ ਨਾਲ ਉਠਾਉਣ ਦੀ ਭਾਵਨਾ ਦਾ ਸਿਵਾ ਬਲ੍ਹ ਰਿਹਾ ਹੈ ਅਤੇ ਮੁਨਾਫਾ ਉਸ ਦੀ ਅੱਗ ਸੇਕ ਰਿਹਾ। ਪੂੰਜੀਵਾਦ ਦੀ ਜੈ ਹੋਵੇ!

# ਬੀਬੀ ਜਗੀਰ ਕੌਰ ਨੂੰ ਤਾਂ ਕੈਦ ਪਰ ਸਮਾਜਿਕ ਨੈਤਿਕਤਾ ਨੂੰ ਫਾਂਸੀ

ਇਹ ਗੱਲ ਉਸ ਸਮੇਂ ਦੀ ਹੈ ਜਦੋਂ ਸਿੱਖ ਮਿਸਲਾਂ ਹੋਂਦ ਵਿਚ ਆ ਰਹੀਆਂ ਸਨ। ਸਰਬੱਤ ਖਾਲਸਾ ਦੀ ਪਿਰਤ ਸ਼ੁਰੂ ਹੋ ਚੁੱਕੀ ਸੀ। ਸਿਰਕੱਢ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਨੂੰ ਖਾਲਸਾ ਨੇ ਪੰਥ ਵਿਚੋਂ ਇਸ ਕਰਕੇ ਛੇਕ ਦਿੱਤਾ ਸੀ ਕਿ ਉਸ ਦੇ ਪਰਿਵਾਰ ਨੇ ਧੀ ਦਾ ਕਤਲ ਕਰ ਦਿੱਤਾ ਸੀ ਹਾਲਾਂਕਿ ਇਹ ਘਟਨਾ ਉਸ ਦੀ ਜਾਣਕਾਰੀ ਅਤੇ ਹਾਜ਼ਰੀ ਤੋਂ ਬਿਨਾਂ ਵਾਪਰੀ ਸੀ। ਰਾਮਗੜ੍ਹੀਆ ਨੂੰ ਉਦੋਂ ਹੀ ਵਾਪਸ ਪੰਥ ਵਿਚ ਲਿਆ ਗਿਆ ਸੀ ਜਦੋਂ ਉਸਨੇ ਰਾਮ ਰੌਣੀ ਦੇ ਕਿਲ੍ਹੇ 'ਚ ਫਸੇ ਸਿੱਖਾਂ ਦੀ ਹਮਾਇਤ ਲਈ ਆਪਣੀ ਮੁਗਲ ਫੌਜ ਤੋਂ ਬਗਾਵਤ ਕਰਕੇ ਉਨ੍ਹਾਂ ਦੀ ਹਮਾਇਤ ਕੀਤੀ ਅਤੇ ਘੇਰਾ ਤੋੜ ਕੇ ਆਜ਼ਾਦ ਕੀਤੇ ਸਨ। ਇਹ ਜਾਨ ਤਲੀ 'ਤੇ ਰੱਖ ਕੇ ਦਿੱਤਾ ਇਮਤਿਹਾਨ ਸੀ। ਇਹ ਸਨ ਸਿੱਖ ਫਲਸਫੇ ਤੇ ਅਮਲ ਕਰਨ ਵਾਲੀਆਂ ਸਿੱਖ ਰਵਾਇਤਾਂ ਜਿਹੜੀਆ ਸਿੱਖ ਭਾਈਚਾਰੇ ਵਿਚ ਵਾਪਰਨ ਵਾਲੀ ਕਿਸੇ ਵੀ ਘਟਨਾ ਨੂੰ ਪਰਖਣ ਦਾ ਪੈਮਾਨਾ ਪੇਸ਼ ਕਰਦੀਆਂ ਹਨ। ਇਹੋ ਹੀ ਰਵਾਇਤਾਂ ਹਨ ਸਿੱਖ ਨੈਤਿਕਤਾ ਨੂੰ ਵੀ ਪਰਖਣ ਦੀਆਂ। ਇਸੇ ਤਰ੍ਹਾਂ ਦੀ ਹੀ ਨੈਤਿਕਤਾ ਦੇ ਮਿਆਰਾਂ ਨੂੰ ਸਥਾਪਤ ਕਰਨ ਵਾਲੀ ਘਟਨਾ ਨਾਮਧਾਰੀ ਸਿੱਖਾਂ ਦੀ ਹੈ ਜਿਨ੍ਹਾਂ ਨੂੰ ਕੂਕੇ ਕਿਹਾ ਗਿਆ ਹੈ। ਸਭ ਨੂੰ ਪਤਾ ਹੈ ਕਿ ਕੂਕੇ ਸਿੰਘਾਂ ਨੇ ਅੰਮ੍ਰਿਤਸਰ ਵਿਚ ਬੁਚੜਾਂ ਦਾ ਕਤਲ ਕਰਕੇ ਗਊਆਂ ਆਜ਼ਾਦ ਕੀਤੀਆਂ ਸਨ ਪਰ ਫੜੇ ਨਹੀਂ ਗਏ ਸਨ। ਕੁਝ ਹੋਰ ਨਿਰਦੋਸ਼ੇ ਫੜੇ ਗਏ, ਮੁੱਕਦਮਾ ਚੱਲਿਆ, ਦੋਸ਼ੀ ਕਰਾਰ ਦਿੱਤੇ ਗਏ ਅਤੇ ਮੌਤ ਦੀ ਸਜ਼ਾ ਸੁਣਾਈ ਗਈ। ਇਹ ਕੂਕੇ ਸਿੰਘਾਂ ਦੀ ਨੈਤਿਕਤਾ ਦੀ ਪਰਖ ਦੀ ਘੜੀ ਸੀ। ਜਦੋਂ ਨਿਰਦੋਸ਼ੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਣ ਵਾਲੀ ਸੀ ਤਾਂ ਅਸਲੀ ਦੋਸ਼ੀ ਕੂਕੇ, ਵਰਤੇ ਗਏ ਹਥਿਆਰਾਂ

ਅਦਾਲਤ ਵਲੋਂ ਗਰਦਾਨੇ ਮੁਜ਼ਰਿਮ ਦੇ ਪੈਰੀਂ ਹੱਥ ਲਗਾ ਰਹੇ ਨੇ ਸਗੋਂ ਸਵਾਲ ਸਮਾਜਿਕ ਮਿਆਰਾਂ ਦਾ ਹੈ। ਇਹ ਸਾਰੇ ਭੱਦਰਪੁਰਸ਼ ਨਹੀਂ ਜਾਣਦੇ ਕਿ ਉਹ ਧੀਆਂ ਦੇ ਕਤਲ, ਉਨ੍ਹਾਂ ਦੇ ਜ਼ਬਰੀ ਗਰਭਪਾਤ ਵਰਗੇ ਘਿਰਣਤ ਗੁਨਾਹਾਂ ਨੂੰ ਧਰਮ ਦਾ ਕੰਮ, ਸਮਾਜ ਸੇਵਾ ਦਾ ਕੰਮ ਜਾਂ ਦੇਸ਼ ਭਗਤੀ ਦਾ ਕੰਮ ਬਣਾ ਕੇ ਪੇਸ਼ ਕਰ ਰਹੇ ਹਨ। ਉਹ ਇਹ ਦੱਸਣਾ ਚਾਹੁੰਦੇ ਨੇ ਕਿ ਅਜਿਹਾ ਕਾਰਜ ਨੇਪਰੇ ਚਾੜ੍ਹਨ ਵਾਲ ਵਿਅਕਤੀ ਕੌਮ ਦੀ ਸੇਵਾ ਕਰ ਰਿਹਾ ਹੈ ਅਤੇ ਇਹ ਕੰਮ ਉਸਨੇ ਉਨ੍ਹਾਂ ਦੀਆਂ ਆਪਣੀਆਂ ਅਤੇ ਸਮਾਜ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਲਈ ਕਰ ਦਿਖਾਇਆ ਹੈ। ਇਸ ਕਰਕੇ ਉਹ ਅਜਿਹਾ ਕਾਰਜ ਕਰਨ ਵਾਲੇ ਵਿਅਕਤੀਆਂ ਤੋਂ ਕੁਰਬਾਨ ਜਾਂਦੇ ਹਨ। ਅਜਿਹਾ ਕਰਕੇ ਇਹ ਵਿਅਕਤੀ ਇਹ ਸਾਬਤ ਕਰਦੇ ਹਨ ਕਿ ਜਿਸਨੂੰ ਅਦਾਲਤ ਨੇ ਗੁਨਾਹਗਾਰ ਕਹਿ ਕੇ ਸਜ਼ਾ ਦਿੱਤੀ ਹੈ ਉਹ ਉਨ੍ਹਾਂ ਦਾ ਨਾਇਕ ਹੈ ਕਿਉਂਕਿ ਉਹ ਉਨ੍ਹਾਂ ਦੇ ਸਾਂਝੇ ਮਨੋਰਥ ਨੂੰ ਪੂਰਾ ਕਰਨ ਲਈ ਸਜ਼ਾ ਖਾ ਗਿਆ ਹੈ। ਜੇਕਰ ਪੰਜਾਬ, ਦਸਾਂ ਗੁਰੂਆਂ ਦਾ ਪੰਜਾਬ ਅਤੇ ਉਨ੍ਹਾਂ ਦੇ ਪੈਰੋਕਾਰ ਇਸ ਪਾਸੇ ਵੱਲ ਵਧਦੇ ਜਾ ਰਹੇ ਹਨ ਤਾਂ ਇਹ ਜ਼ਰੂਰ ਹੀ ਸੋਚਣ ਦੀ ਘੜੀ ਹੈ ਕਿ ਜਿਸ ਮਨੋਰਥ ਲਈ ਇਹ ਗੁਨਾਹ ਕੀਤਾ ਗਿਆ ਉਹ ਜਾਤੀ ਸੀ ਜਾਂ ਸਮਾਜਿਕ ਸੀ? ਕੀ ਉਹ ਭਾਈਚਾਰੇ ਦੇ ਅਸੂਲਾਂ ਜਾਂ ਉਸਦੇ ਗੌਰਵ ਨੂੰ ਬੁਲੰਦ ਕਰਨ ਲਈ ਕੀਤਾ ਗਿਆ ਸੀ? ਇਨ੍ਹਾਂ ਸਵਾਲਾਂ ਦੇ ਉਤਰਾਂ ਤੋਂ ਹੀ ਤੈਅ ਹੋ ਸਕਦਾ ਹੈ ਕਿ ਕਥਿਤ ਗੁਨਾਹ ਕਰਨ ਵਾਲਾ ਵਿਅਕਤੀ ਨਾਇਕ ਹੈ ਜਾਂ ਸਮਾਜ ਵਿਰੋਧੀ ਅਨਸਰ। ਸਮਾਜ ਹਰ ਉਤਮ ਕਾਰਜ ਕਰਨ ਵਾਲੇ ਦੀ ਦੇਰ ਜਾਂ ਸਵੇਰ, ਪ੍ਰਸ਼ੰਸਾ ਕਰਦਾ ਹੈ, ਉਸਨੂੰ ਸਨਮਾਨਤ ਕਰਦਾ ਹੈ। ਕਿਉਂਕਿ ਇਤਿਹਾਸ ਕੋਲ ਵਿਅਕਤੀਆਂ ਨੂੰ ਮਾਪਣ ਦਾ ਆਪਣਾ ਹੀ ਪੈਮਾਨਾ ਹੈ। ਆਮ ਕਰਕੇ ਅਜਿਹਾ ਵਿਅਕਤੀ ਜਿਹੜਾ ਆਪਣੇ ਜ਼ਮਾਨੇ ਦਾ ਬਹੁਤ ਹੀ ਸਤਿਕਾਰਤ ਵਿਅਕਤੀ ਹੁੰਦਾ ਹੈ ਇਤਿਹਾਸ ਉਸ ਨੂੰ ਘਿਰਣਤ ਪਾਤਰ ਬਣਾ ਦਿੰਦਾ ਹੈ। ਉਹ ਭਵਿੱਖ



ਸਮੇਤ ਜਾ ਕੇ ਪੇਸ਼ ਹੋਏ ਅਤੇ ਨਿਰਦੋਸ਼ੀਆਂ ਨੂੰ ਛੁਡਾ ਕੇ ਆਪ ਫਾਹੇ ਲੱਗ ਗਏ। ਇਹ ਰਵਾਇਤਾਂ ਅਤੇ ਇਹ ਨੈਤਿਕਤਾਂ ਦੇ ਕੇ ਗਏ ਸਨ ਗੁਰੂ ਸਹਿਬਾਨ ਜਿਨ੍ਹਾਂ ਤੇ ਅੱਜ ਪ੍ਰਸ਼ਨਚਿੰਨ੍ਹ ਲੱਗ ਗਿਆ ਹੈ। ਜ਼ੁਰਮ ਦੇ ਬਾਰੇ ਸਾਰਾ ਸੱਚ ਮੁਜ਼ਰਿਮ ਹੀ ਜਾਣ ਸਕਦਾ ਹੈ। ਜੇਕਰ ਉਹ ਦੁਨਿਆਵੀ ਸਜ਼ਾ ਤੋਂ ਬਚ ਜਾਣ ਤੇ ਆਪਣੇ ਆਪ ਨੂੰ ਮਾਨਸਿਕ ਸਜ਼ਾ ਹੀ ਦੇ ਲਵੇ, ਪਛਤਾਵਾ ਹੀ ਕਰ ਲਵੇ ਤਾਂ ਵੀ ਨੈਤਿਕਤਾ ਵਿਚ ਕੁਝ ਨਾ ਕੁਝ ਸਾਹਸੱਤ ਬਚਿਆ ਰਹਿ ਸਕਦਾ ਹੈ। ਇਸ ਵਕਤ ਇਹ ਪ੍ਰਸ਼ਨ ਏਜੰਡੇ ਉਪਰ ਨਹੀਂ ਕਿ ਬੀਬੀ ਜਗੀਰ ਕੌਰ ਦੇ ਮਸਲੇ ਵਿਚ ਸੱਚ ਕੀ ਹੈ। ਉਹਦੇ ਵਾਸਤੇ ਕੂਕੇ ਸਿੰਘਾਂ ਅਤੇ ਬਲਵੰਤ ਸਿੰਘ ਰਾਜੋਆਣਾ ਵਾਲੀ ਸਿੱਖ ਨੈਤਿਕਤਾ ਅਤੇ ਹਿੰਮਤ ਦੀ ਜ਼ਰੂਰਤ ਹੈ ਕਿ ਕਤਲ ਅਸੀਂ ਜਾਂ ਮੈਂ ਕੀਤਾ ਹੈ। ਪਰੰਤੂ ਜੋ ਕੁਝ, ਬੀਬੀ ਜਗੀਰ ਕੌਰ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ, ਸਿੱਖ ਆਗੂ ਅਤੇ ਸਰਕਾਰ ਦੇ ਮੰਤਰੀ ਕਰ ਰਹੇ ਹਨ ਉਹ ਚਿੰਤਾ ਦਾ ਵਿਸ਼ਾ ਹੈ। ਸਾਰਾ ਪੰਜਾਬ, ਪੰਜਾਬ ਦੀਆਂ ਔਰਤਾਂ ਅਤੇ ਧੀਆਂ ਉਨ੍ਹਾਂ ਵੱਲ ਇਕ ਟੱਕ ਦੇਖ ਰਹੇ ਪ੍ਰਤੀਤ ਹੁੰਦੇ ਹਨ। ਇਹ ਕੇਵਲ ਮੰਤਰੀਆਂ ਅਤੇ ਅਕਾਲੀ ਆਗੂਆਂ ਵੱਲੋਂ, ਜੇਲ੍ਹ ਦੇ ਅਧਿਕਾਰੀਆਂ ਵਲੋਂ ਬੀਬੀ ਜਗੀਰ ਕੌਰ ਨੂੰ ਵੀ.ਵੀ.ਆਈ.ਪੀ. ਮਿਆਰ ਪ੍ਰਦਾਨ ਕੀਤਾ ਜਾ ਰਿਹਾ ਹੈ, ਕੇਵਲ ਇਹ ਹੀ ਨਹੀਂ ਕਿ ਅਧਿਕਾਰੀ

ਵਾਸਤੇ ਕੋਹਝ ਅਤੇ ਸਮਾਜਿਕ ਸੜ੍ਹਾਂਦ ਦਾ ਪ੍ਰਤੀਨਿਧ ਪਾਤਰ ਬਣਾ ਦਿੱਤਾ ਜਾਂਦਾ ਹੈ। ਤਾਂ ਵੀ ਇਤਿਹਾਸ ਦੇ ਇਸ ਤਰਕ ਦੀ ਕੀਮਤ ਉਨ੍ਹਾਂ ਵਿਅਕਤੀਆਂ ਲਈ ਕੋਈ ਅਰਥ ਨਹੀਂ ਰੱਖਦੀ, ਜੋ ਵਰਤਮਾਨ ਵਿਚ ਹੀ ਜਿਊਣਾ ਚਾਹੁੰਦੇ ਹਨ। ਉਨ੍ਹਾਂ ਦਾ ਮਨੋਰਥ ਸਿਰਫ ਵਰਤਮਾਨ ਨੂੰ ਹੀ ਹੰਢਾਉਣਾ ਹੁੰਦਾ ਹੈ। ਪਰੰਤੂ ਪੰਜਾਬ ਦਾ ਸਭਿਆਚਾਰ, ਗੁਰੂ ਸਾਹਿਬਾਨ ਦੀ ਸਿੱਖਿਆ, ਪੀਰਾਂ ਫਕੀਰਾਂ ਦੇ ਬੋਲ ਅਜਿਹਾ ਉਪਦੇਸ਼ ਨਹੀਂ ਦਿੰਦੇ ਜੋ ਹੋ ਰਿਹਾ ਹੈ। ਇਹ ਮਾਮਲਾ ਹੁਣ, ਕਿਸੇ ਇਕ ਵਿਅਕਤੀ ਦਾ ਨਹੀਂ ਰਹਿ ਗਿਆ ਕਿ ਉਸ ਨੂੰ ਮੁਜ਼ਿਰਮ ਹੁੰਦਿਆਂ ਵੀ ਉਤਮ ਦਰਜਾ ਦਿੱਤਾ ਜਾ ਰਿਹਾ ਹੈ, ਸਗੋਂ ਇਹ ਸਮਾਜਿਕ-ਸੂਝ ਦਾ ਮਾਮਲਾ ਬਣ ਗਿਆ ਹੈ ਕਿ ਸਮਾਜ ਕਿਨ੍ਹਾਂ ਕਦਰਾਂ ਕੀਮਤਾਂ ਨੂੰ ਸਥਾਪਿਤ ਕਰਨਾ ਚਾਹੁੰਦਾ ਹੈ। ਨਾ ਹੀ ਇਹ ਮਾਮਲਾ ਹੈ ਕਿ ਕਿਸੇ ਇਕ ਧੀ ਦੇ ਸਿਵੇ ਦੀ ਰਾਖ ਉਡਾਈ ਜਾ ਰਹੀ ਹੈ, ਸਗੋਂ ਜੰਮਣ ਵਾਲੀਆਂ ਨੂੰ ਕਿਹੋ ਜਿਹਾ ਸਮਾਜ ਉਪਲਬਧ ਕਰਾਇਆ ਜਾ ਰਿਹਾ। ਇਹ ਸਵਾਲ ਸਾਰੀਆਂ ਹੀ ਮਾਵਾਂ ਅਤੇ ਸਾਰੀਆਂ ਹੀ ਧੀਆਂ ਦੇ ਹਨ। ਚੰਗਾ ਹੋਵੇ ਜੇ ਕਿਸੇ ਇਕ ਘਟਨਾ 'ਤੇ ਕੇਂਦਰਤ ਹੋਣ ਦੀ ਥਾਂ ਜਾਂ ਬੀਬੀ ਜਗੀਰ ਕੌਰ ਨਾਲ ਕੀਤੇ ਜਾ ਰਹੇ ਉਤਮ ਵਰਤਾਓ ਨੂੰ ਵਿਚਾਰਨ ਦੀ ਥਾਂ ਸਮਾਜਿਕ ਨੈਤਿਕਤਾ ਨੂੰ ਫਾਂਸੀ ਤੋਂ ਬਚਾਉਣ ਦੀ ਲੜਾਈ ਲੜੀ ਜਾਵੇ।

# ਖੇਤੀ ਦੇ ਕੁਝ-ਨਾ-ਕਰੋ ਤਰੀਕੇ ਵੱਲ

ਮਾਸਾਨੋਬੂ ਫ਼ੁਕੂਓਕਾ

ਤੀਹ ਸਾਲ ਮੈਂ ਸਿਰਫ ਆਪਣੀ ਖੇਤੀ ਵਿਚ ਹੀ ਲੱਗਿਆ ਰਿਹਾ ਤੇ ਇਨ੍ਹਾਂ ਸਾਲਾਂ ਦੌਰਾਨ ਆਪਣੀ ਬਰਾਦਰੀ ਤੋਂ ਬਾਹਰ ਲੋਕਾਂ ਨਾਲ ਮੇਰਾ ਕੋਈ ਖਾਸ ਰਾਬਤਾ ਨਹੀਂ ਸੀ। ਇਸ ਸਮੇਂ ਮੈਂ ਨੱਕ ਦੀ ਸੀਧ ਵਿਚ ਖੇਤੀ ਦੇ 'ਕੁਝ-ਨਾ-ਕਰੋ' ਤਰੀਕੇ ਵੱਲ ਵੱਧ ਰਿਹਾ ਸਾਂ।

ਕਿਸੇ ਨਵੇਂ ਤਰੀਕੇ ਨੂੰ ਵਿਕਸਤ ਕਰਨ ਦਾ ਆਮ ਢੰਗ ਇਸ ਤਰ੍ਹਾਂ ਦੀ ਘੋਖ ਕਰਨਾ ਹੁੰਦਾ ਹੈ ਕਿ, ''ਕਿਉਂ ਨਾ ਇਹ ਅਜ਼ਮਾਇਆ ਜਾਵੇ?'' ਜਾਂ ''ਕਿਉਂ ਨਾ ਉਹ ਕਰ ਕੇ ਵੇਖਿਆ ਜਾਵੇ?'' ਇਸ ਤਰ੍ਹਾਂ ਇਕ ਦੇ ਉਤੇ ਇਕ ਕਈ ਤਰ੍ਹਾਂ ਦੀਆਂ ਤਕਨੀਕਾਂ ਨੂੰ ਸਥਾਪਤ ਕੀਤਾ ਜਾਂਦਾ ਹੈ। ਇਹ ਖੇਤੀ ਦਾ ਆਧੁਨਿਕ ਤਰੀਕਾ ਹੈ ਅਤੇ ਇਸ ਤਰ੍ਹਾਂ ਦੇ ਤਰੀਕੇ ਵਿਚ ਕਿਉਂਕਿ ਇਕ ਤੋਂ ਬਾਅਦ ਇਕ ਕਰ ਕੇ ਕੰਮ ਹੋਰ ਜੁੜਦੇ ਜਾਂਦੇ ਹਨ, ਇਸ ਲਈ ਨਤੀਜਾ ਇਹੋ ਨਿਕਲਦਾ ਹੈ ਕਿ ਕਿਸਾਨ ਹੋਰ ਮਸਰੂਫ਼ ਹੁੰਦਾ ਚਲਾ ਜਾਂਦਾ ਹੈ।

ਮੇਰਾ ਤਰੀਕਾ ਇਸ ਤੋਂ ਬਿਲਕੁਲ ਪੁੱਠਾ ਸੀ। ਮੈਂ ਖੇਤੀ ਦਾ ਅਜਿਹਾ ਤਰੀਕਾ ਸਾਧ ਰਿਹਾ ਸਾਂ ਜਿਹੜਾ ਸੁਖਾਵਾਂ ਅਤੇ ਕੁਦਰਤੀ ਹੋਵੇ, ਜਿਹੜਾ ਖੇਤੀ ਦੇ ਕੰਮ ਨੂੰ ਮੁਸ਼ਕਲ ਕਰਨ ਦੀ ਬਜਾਏ ਆਸਾਨ ਕਰੇ। 'ਜੇ ਇਹ ਨਾ ਕੀਤਾ ਜਾਵੇ ਤਾਂ ਕਿਵੇਂ ਰਹੇਗਾ? ਜੇ ਉਹ ਨਾ ਕੀਤਾ ਜਾਵੇ ਤਾਂ ਕਿਵੇਂ ਰਹੇਗਾ?'' ਮੇਰੇ ਸੋਚਣ ਦਾ ਢੰਗ ਇਹ ਸੀ। ਅੰਤ ਵਿਚ ਮੈਂ ਇਸ ਨਤੀਜੇ 'ਤੇ ਪਹੁੰਚਿਆ ਕਿ ਹਲ ਵਾਹੁਣ ਦੀ ਕੋਈ ਲੋੜ ਨਹੀਂ ਹੁੰਦੀ, ਖਾਦ ਪਾਉਣ ਦੀ ਕੋਈ ਲੋੜ ਨਹੀਂ ਹੁੰਦੀ, ਕੰਪੋਸਟ (ਜੈਵਿਕ ਖਾਦ) ਬਣਾਉਣ ਦੀ ਕੋਈ ਲੋੜ ਨਹੀਂ ਹੁੰਦੀ ਤੇ ਕੀਟਮਾਰ ਦਵਾਈਆਂ ਵਰਤਣ ਦੀ ਕੋਈ ਲੋੜ ਨਹੀਂ ਹੁੰਦੀ। ਜੇਕਰ ਐਨ ਖੇਤੀ ਦੇ ਤੱਤ 'ਤੇ ਪਹੁੰਚਿਆ ਜਾਵੇ ਤਾਂ ਅਹਿਸਾਸ ਹੁੰਦਾ ਹੈ ਕਿ ਖੇਤੀ ਵਿਚ ਬਹੁਤ ਥੋੜ੍ਹੀਆਂ ਚੀਜ਼ਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਕੀਤੇ ਬਿਨਾਂ ਅਸਲ ਵਿਚ ਗੁਜ਼ਾਰਾ ਨਹੀਂ ਹੁੰਦਾ।

ਬੰਦੇ ਦੀਆਂ ਈਜਾਦ ਕੀਤੀਆਂ ਤਕਨੀਕਾਂ ਇਸ ਲਈ ਜ਼ਰੂਰੀ ਪ੍ਰਤੀਤ ਹੁੰਦੀਆਂ ਹਨ ਕਿਉਂਕਿ ਅਜਿਹੀਆਂ ਤਕਨੀਕਾਂ ਦੀ ਬਦੌਲਤ ਹੀ ਕੁਦਰਤੀ ਤਵਾਜ਼ਨ ਪਹਿਲਾਂ ਤੋਂ ਹੀ ਇੰਨਾ ਵਿਗੜਿਆ ਹੁੰਦਾ ਹੈ ਕਿ ਜ਼ਮੀਨ ਇਨ੍ਹਾਂ ਦੀ ਮੁਥਾਜ ਹੋ ਚੁੱਕੀ ਹੁੰਦੀ ਹੈ।

ਇਹੀ ਤਰਕ ਸਿਰਫ਼ ਖੇਤੀਬਾੜੀ 'ਤੇ ਨਹੀਂ, ਬਲਕਿ ਇਨਸਾਨੀ ਮੁਆਸ਼ਰੇ ਦੇ ਹੋਰ ਪਹਿਲੂਆਂ 'ਤੇ ਵੀ ਲਾਗੂ ਹੁੰਦਾ ਹੈ। ਡਾਕਟਰ ਅਤੇ ਦਵਾਈਆਂ ਉਦੋਂ ਜ਼ਰੂਰੀ ਹੋ ਜਾਂਦੀਆਂ ਹਨ ਜਦੋਂ ਲੋਕ ਬਿਮਾਰ ਵਾਤਾਵਰਣ ਪੈਦਾ ਕਰ ਲੈਂਦੇ ਹਨ। ਰਸਮੀ ਤਾਲੀਮ ਦਾ ਆਪਣੇ ਆਪ ਵਿਚ ਕੋਈ ਮੁੱਖ ਨਹੀਂ ਹੁੰਦਾ, ਪਰ ਜਦੋਂ ਮਨੁੱਖਤਾ ਇਕ ਐਸੀ ਸਥਿਤੀ ਪੈਦਾ ਕਰ ਲੈਂਦੀ ਹੈ, ਜਿਸ ਵਿਚ ਗੁਜ਼ਰ-ਬਸਰ ਲਈ 'ਤਾਲੀਮ-ਯਾਫ਼ਤਾ' ਹੋਣਾ ਲਾਜ਼ਮੀ ਹੋ ਜਾਂਦਾ ਹੈ ਤਾਂ ਰਸਮੀ ਤਾਲੀਮ ਜ਼ਰੂਰੀ ਹੋ ਜਾਂਦੀ ਹੈ।



ਜੰਗ ਖ਼ਤਮ ਹੋਣ ਤੋਂ ਪਹਿਲਾਂ ਜਦੋਂ ਮੈਂ ਸੰਤਰਿਆਂ ਦੇ ਬਾਗ਼ ਵਿਚ ਉਹ ਢੰਗ ਤਰੀਕੇ ਵਰਤਣ ਗਿਆ ਜਿਸ ਨੂੰ ਮੈਂ ਉਦੋਂ ਕੁਦਰਤੀ ਖੇਤੀ ਸਮਝਦਾ ਸਾਂ। ਉਸ ਵੇਲੇ ਮੈਂ ਦਰਖ਼ਤਾਂ ਨੂੰ ਛਾਂਗਿਆ ਨਹੀਂ ਅਤੇ ਬਾਗ਼ ਨੂੰ ਉਸ ਦੇ ਆਪਣੇ ਹਾਲ 'ਤੇ ਛੱਡ ਦਿੱਤਾ। ਨਤੀਜਤਨ, ਟਾਹਣੀਆਂ ਆਪਸ ਵਿਚ ਉਲਝ ਗਈਆਂ, ਬੂਟਿਆਂ 'ਤੇ ਕੀੜਿਆਂ ਨੇ ਹਮਲਾ ਕਰ ਦਿੱਤਾ ਤੇ ਲਗਪਗ ਦੋ ਕਿੱਲਿਆਂ ਵਿਚ ਸੰਤਰਿਆਂ ਦੇ ਬੂਟੇ ਕੁਮਲਾ ਕੇ ਮਰ ਗਏ। ਉਸ ਸਮੇਂ ਤੋਂ ਬਾਅਦ ਇਹ ਸਵਾਲ ਹਮੇਸ਼ਾਂ ਮੇਰੇ ਦਿਮਾਗ਼ ਵਿਚ ਘੁੰਮਦਾ ਰਿਹਾ ਕਿ 'ਕੁਦਰਤੀ ਪੈਟਰਨ ਕੀ ਹੈ?' ਜਵਾਬ ਤੱਕ ਪਹੁੰਚਣ ਦੀ ਪ੍ਰਕਿਰਿਆ ਵਿਚ, ਮੇਰੇ ਤੋਂ ਹੋਰ 400 ਦਰਖ਼ਤਾਂ ਦਾ ਸਫ਼ਾਇਆ ਹੋ ਗਿਆ। ਅੰਤ ਮੈਨੂੰ ਲੱਗਿਆ ਕਿ ਹੁਣ ਮੈਂ ਨਿਸ਼ਚੇ ਨਾਲ ਕਹਿ ਸਕਦਾ ਹਾਂ ਕਿ 'ਇਹ ਹੈ ਕੁਦਰਤੀ ਪੈਟਰਨ।' ਦਰਖ਼ਤ ਆਪਣੇ ਕੁਦਰਤੀ ਰੂਪ ਤੋਂ ਜਿੰਨਾ ਦੂਰ ਹੁੰਦੇ ਹਨ, ਛਂਗਾਈ ਅਤੇ ਕੀਟਮਾਰ ਦਵਾਈਆਂ ਦਾ ਇਸਤੇਮਾਲ ਓਨਾ ਹੀ ਜ਼ਿਆਦਾ ਜ਼ਰੂਰੀ ਹੋ ਜਾਂਦਾ ਹੈ; ਇਨਸਾਨੀ ਮੁਆਸ਼ਰੇ ਵਿਚ ਜ਼ਿੰਦਗੀ, ਕੁਦਰਤ ਤੋਂ ਜਿੰਨੀ ਜ਼ਿਆਦਾ ਦੂਰ ਹੁੰਦੀ ਜਾਂਦੀ ਹੈ, ਸਕੂਲੀ ਤਾਲੀਮ ਵੀ ਓਨੀ ਹੀ ਜ਼ਿਆਦਾ ਜ਼ਰੂਰੀ ਹੁੰਦੀ ਜਾਂਦੀ ਹੈ। ਕੁਦਰਤ ਵਿਚ ਰਸਮੀ ਤਾਲੀਮ ਦਾ ਕੋਈ ਕਿਰਦਾਰ ਨਹੀਂ।

ਬੱਚਿਆਂ ਦੇ ਪਾਲਣ-ਪੋਸ਼ਣ ਵਿਚ ਬਹੁਤ ਸਾਰੇ ਮਾਪੇ ਉਹੀ ਗਲਤੀ ਕਰਦੇ ਹਨ, ਜਿਹੜੀ ਮੈਂ ਸ਼ੁਰੂ ਵਿਚ ਆਪਣੇ ਬਗ਼ੀਚੇ ਵਿਚ ਕੀਤੀ। ਮਸਲਨ, ਬੱਚਿਆਂ ਨੂੰ ਸੰਗੀਤ ਸਿਖਾਉਣਾ ਓਨਾ ਹੀ ਗ਼ੈਰ-ਜ਼ਰੂਰੀ ਹੈ, ਜਿੰਨਾ ਬਗ਼ੀਚੇ ਦੇ ਦਰਖ਼ਤਾਂ ਦੀ ਛਂਗਾਈ ਕਰਨਾ। ਬੱਚੇ ਦੇ ਕੰਨਾਂ ਨੂੰ ਆਪਣੇ ਆਪ ਹੀ ਸੰਗੀਤ ਦੀ ਪਛਾਣ ਹੁੰਦੀ ਹੈ। ਝਰਨੇ ਦੀ ਕਲਕਲ, ਨਦੀ ਕਿਨਾਰੇ ਡੱਡੂਆਂ ਦੀ ਟਰਟਰ, ਜੰਗਲ ਵਿਚ ਸੁੱਕੇ ਪੱਤਿਆਂ ਦੀ ਸਰਸਰਾਹਟ, ਇਹ ਸਾਰੀਆਂ ਕੁਦਰਤੀ ਧੁਨੀਆਂ ਸੰਗੀਤ ਹਨ-ਅਸਲੀ ਸੰਗੀਤ। ਪਰ ਜਦੋਂ ਹੋਰ ਸੌ ਤਰ੍ਹਾਂ ਦਾ ਖੱਪ-ਖਾਨਾ ਬੱਚੇ ਦੇ ਕੰਨਾਂ ਵਿਚ ਪੈਂਦਾ ਹੈ ਤੇ ਸਰਵਣ-ਸ਼ਕਤੀ ਵਿਚ ਭੁਲੇਖੇ ਪੈਦਾ ਕਰਦਾ ਹੈ, ਬੱਚੇ ਦੀ ਸੰਗੀਤ ਵਿਚ ਰਸ ਲੈਣ ਦੀ ਸ਼ੁੱਧ ਸਮਰਥਾ ਵਿਗੜਨ ਲੱਗ ਜਾਂਦੀ ਹੈ। ਜੇ ਬੱਚੇ ਨੂੰ ਇਸੇ ਰਾਹ ਤੁਰਨ ਲਈ ਛੱਡ ਦਿੱਤਾ ਜਾਵੇ ਤਾਂ ਉਹ ਕਿਸੇ ਪੰਛੀ ਦਾ ਗੀਤ ਜਾਂ ਹਵਾ ਦੀ ਸਰਸਰਾਹਟ ਦਾ ਸੰਗੀਤ ਸੁਣ ਹੀ ਨਹੀਂ ਸਕੇਗਾ ਤੇ ਇਸ ਲਈ ਸੰਗੀਤ ਵਿਦਿਆ ਬੱਚੇ ਦੇ ਵਿਕਾਸ ਲਈ ਫਾਇਦੇ ਦੀ ਗੱਲ ਲੱਗਣ ਲੱਗ ਜਾਵੇਗੀ।

ਜਿਸ ਬੱਚੇ ਦੀ ਪਰਵਰਿਸ਼ ਇਹ ਧਿਆਨ ਵਿਚ ਰੱਖ ਕੇ ਕੀਤੀ ਜਾਂਦੀ ਹੈ ਕਿ ਉਸ ਦੀ ਸਰਵਣ-ਸ਼ਕਤੀ ਸ਼ੁੱਧ ਅਤੇ ਸਪਸ਼ਟ ਰਹੇ, ਹੋ ਸਕਦਾ ਹੈ ਕਿ ਅਜਿਹਾ ਬੱਚਾ ਵਾਇਲਿਨ ਜਾਂ ਪਿਆਨੋ 'ਤੇ ਮਸ਼ਹੂਰ ਧੁੰਨਾਂ ਨਾ ਵਜਾ ਸਕਦਾ ਹੋਵੇ, ਪਰ ਮੈਨੂੰ ਨਹੀਂ ਲਗਦਾ ਕਿ ਇਸ ਦਾ ਅਸਲੀ ਸੰਗੀਤ ਸੁਣਨ ਜਾਂ ਗਾਉਣ ਦੀ ਕਾਬਲੀਅਤ ਨਾਲ ਕੁਝ ਲੈਣਾ-ਦੇਣਾ ਹੈ। ਜਦੋਂ ਬਾਲ ਦੇ ਦਿਲ ਵਿਚੋਂ ਗੀਤ ਫੁਟ ਰਹੇ ਹੋਣ ਤਾਂ ਕਿਹਾ ਜਾ ਸਕਦਾ ਹੈ ਕਿ ਉਸ ਨੂੰ ਸੰਗੀਤ ਦਾ ਵਰਦਾਨ ਮਿਲਿਆ ਹੋਇਆ ਹੈ।ਲਗਪਗ ਹਰ ਕੋਈ ਸੋਚਦਾ ਹੈ 'ਕੁਦਰਤ' ਚੰਗੀ ਚੀਜ਼ ਹੈ, ਪਰ ਬਹੁਤ ਥੋੜ੍ਹੇ ਲੋਕ ਅਜਿਹੇ ਹਨ, ਜਿਹੜੇ ਕੁਦਰਤੀ ਅਤੇ ਗ਼ੈਰ-ਕੁਦਰਤੀ ਵਿਚਲੇ ਫ਼ਰਕ ਨੂੰ ਸਮਝ ਸਕਦੇ ਹਨ। ਜੇ ਕਿਸੇ ਫਲਦਾਰ ਦਰਖ਼ਤ ਵਿਚੋਂ ਫੁਟ ਰਹੀ ਇਕ ਵੀ ਟਾਹਣੀ ਨੂੰ ਕੈਂਚੀ ਨਾਲ ਕੱਟ ਦਿੱਤਾ ਜਾਵੇ ਤਾਂ ਅਜਿਹਾ ਵਿਗਾੜ ਪੈਦਾ ਹੋ ਜਾਂਦਾ ਹੈ ਕਿ ਫਿਰ ਠੀਕ ਨਹੀਂ ਕੀਤਾ ਜਾ ਸਕਦਾ। ਆਪਣੇ ਸੁਭਾਵਕ ਰੂਪ ਵਿਚ ਵੱਧ ਰਹੀਆਂ ਟਾਹਣੀਆਂ ਦਰਖ਼ਤ ਦੇ ਤਣੇ ਵਿਚੋਂ ਇਕ ਤੋਂ ਬਾਅਦ ਇਕ ਇਸ ਹਿਸਾਬ ਨਾਲ ਨਿਕਲਦੀਆਂ ਹਨ ਕਿ ਸਾਰੇ ਪੱਤਿਆਂ ਨੂੰ ਬਰਾਬਰ ਦੀ ਧੁੱਪ ਮਿਲਦੀ ਹੈ। ਜੇ ਇਸ ਤਰਤੀਬ ਵਿਚ ਵਿਘਨ ਪਾ ਦਿੱਤਾ ਜਾਵੇ ਤਾਂ ਟਾਹਣੀਆਂ ਵਿਚ ਟਕਰਾਅ ਦੀ ਸਥਿਤੀ ਪੈਦਾ ਹੋ ਜਾਂਦੀ ਹੈ, ਇਕ ਦੇ ਉਤੇ ਇਕ ਆ ਕੇ ਇਹ ਆਪਸ ਵਿਚ ਉਲਝਦੀਆਂ ਹਨ ਤੇ ਜਿਥੇ-ਜਿਥੇ ਧੁੱਪ ਨਹੀਂ, ਉਥੇ-ਉਥੇ ਪੱਤੇ ਮੁਰਝਾ ਜਾਂਦੇ ਹਨ ਤੇ ਫੇਰ ਕੀੜਿਆਂ ਦੀ ਮਾਰ ਸ਼ੁਰੂ ਹੋ ਜਾਂਦੀ ਹੈ। ਜੇ ਇਸ ਹਾਲਾਤ ਵਿਚ ਦਰਖ਼ਤ ਦੀ ਛਂਗਾਈ ਇਕਦਮ ਬੰਦ ਕਰ ਦਿੱਤੀ ਜਾਵੇ ਤਾਂ ਆਉਂਦੇ ਸਾਲ ਹੋਰ ਟਾਹਣੀਆਂ ਮੁਰਝਾ ਜਾਣਗੀਆਂ।

ਆਪਣੀ ਛੇੜਛਾੜ ਦੀ ਫ਼ਿਤਰਤ ਕਾਰਨ ਇਨਸਾਨ ਪਹਿਲਾਂ ਤਾਂ ਕੁਝ ਗਲਤ ਕੰਮ ਕਰਦਾ ਹੈ, ਫਿਰ ਉਸ ਨੁਕਸਾਨ ਨੂੰ ਦਰੁਸਤ ਕੀਤੇ ਬਗ਼ੈਰ ਉਦਾਂ ਹੀ ਛੱਡ ਦਿੰਦਾ ਹੈ ਤੇ ਜਦੋਂ ਮਾੜੇ ਨਤੀਜੇ ਇਕੱਠੇ ਹੋ ਜਾਂਦੇ ਹਨ, ਫਿਰ ਟਿੱਲ ਦਾ ਜ਼ੋਰ ਲਗਾ ਕੇ ਉਨ੍ਹਾਂ ਨੂੰ ਠੀਕ ਕਰਨ ਤੁਰਦਾ ਹੈ। ਜਦੋਂ ਠੀਕ ਕਰਨ ਵਿਚ ਕਾਮਯਾਬੀ ਹਾਸਲ ਹੋ ਰਹੀ ਨਜ਼ਰ ਆਉਂਦੀ ਹੈ ਤਾਂ ਬੱਚੇ ਨੂੰ ਲੱਗਦਾ ਹੈ ਜਿਵੇਂ ਬੜੀ ਮੱਲ ਮਾਰ ਲਈ ਹੋਵੇ। ਲੋਕੀਂ ਵਾਰ-ਵਾਰ, ਲਗਾਤਾਰ ਇਹੋ ਕਰਦੇ ਹਨ। ਇਹ ਕੁਝ ਇਸ ਤਰ੍ਹਾਂ ਹੀ ਹੈ ਜਿਵੇਂ ਕੋਈ ਮੂਰਖ ਪਹਿਲਾਂ ਤਾਂ ਘਰ ਦੀ ਛੱਤ 'ਤੇ ਛਾਲਾਂ ਮਾਰ-ਮਾਰ ਟਾਈਲਾਂ ਭੰਨ ਦੇਵੇ। ਫਿਰ ਜਦੋਂ ਮੀਂਹ ਪੈਣਾ ਸ਼ੁਰੂ ਹੋਵੇ ਤੇ ਛੱਤ ਚੋ ਪਵੇ ਤਾਂ ਫਟਾਫਟ ਛੱਤ 'ਤੇ ਚੜ੍ਹ ਕੇ ਉਹ ਮੁਰੰਮਤ ਕਰੇ ਤੇ ਅਖ਼ੀਰ ਵਿਚ ਚੌੜਾ ਹੋ ਕੇ ਖ਼ੁਸ਼ੀ ਮਨਾਵੇ ਕਿ ਉਸ ਨੇ ਸਮੱਸਿਆ ਦਾ ਬੜੀ ਚਮਤਕਾਰੀ ਹੱਲ ਲੱਭ ਲਿਆ ਹੈ।

ਸਾਇੰਸਦਾਨਾਂ ਦਾ ਵੀ ਇਹੋ ਹਾਲ ਹੈ। ਸਾਇੰਸਦਾਨ ਦਿਨੇ ਰਾਤ ਕਿਤਾਬਾਂ ਵਿਚ ਮੱਥਾ ਮਾਰ ਆਪਣੀ ਨਿਗਾਹ ਕਮਜ਼ੋਰ ਕਰ ਲੈਂਦਾ ਹੈ ਤੇ ਜੇ ਤੁਸੀਂ ਉਸ ਨੂੰ ਪੁੱਛੋ ਕਿ ਭਾਈ ਜਾਨ ਤੁਸੀਂ ਦਿਨੇ ਰਾਤ ਐਨੀ ਮਿਹਨਤ ਕਾਹਦੇ ਲਈ ਕਰ ਰਹੇ ਸੀ ਤਾਂ ਪਤਾ ਲੱਗਦਾ ਹੈ ਕਿ ਜਨਾਬ ਨਿਗਾਹ ਠੀਕ ਕਰਨ ਲਈ ਐਨਕ ਈਜਾਦ ਕਰ ਰਹੇ ਸਨ।

-ਅਨੁਵਾਦਕ : ਰਿਸ਼ੀ ਮੀਰਨਸ਼ਾਹ

# ਇਕ ਮਜ਼ਬੂਤ ਸਾਈਬਰ ਕਾਨੂੰਨ ਦੀ ਲੋੜ

ਮੁਕੁਲ ਵਿਆਸ

ਸਾਈਬਰ ਯੁੱਧ ਅਜਿਹੀ ਜੰਗ ਹੈ, ਜਿਸ ਨੂੰ ਲੜਣ ਲਈ ਜ਼ਮੀਨ, ਆਕਾਸ਼ ਜਾਂ ਸਮੁੰਦਰ ਦੀ ਜ਼ਰੂਰਤ ਨਹੀਂ ਪੈਂਦੀ। ਸਿਰਫ਼ ਕੰਪਿਊਟਰਾਂ ਨਾਲ ਛੱਡੇ ਗਏ 'ਹਥਿਆਰਾਂ' ਰਾਹੀਂ ਹੀ ਕਿਸੇ ਵੀ ਦੇਸ਼ ਦਾ ਭਾਰੀ ਨੁਕਸਾਨ ਕੀਤਾ ਜਾ ਸਕਦਾ ਹੈ। ਇਸ ਯੁੱਧ ਦੇ ਵਧਦੇ ਖ਼ਤਰੇ ਨੂੰ ਦੇਖਦੇ ਹੋਏ ਵੱਖ-ਵੱਖ ਦੇਸ਼ਾਂ ਨੇ ਜਵਾਬੀ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਭਾਰਤ ਵੀ ਆਪਣੀ ਸਾਈਬਰ ਸੁਰੱਖਿਆ ਚੁਸਤ-ਦਰੁਸਤ ਕਰਨ ਲਈ ਕਦਮ ਚੁੱਕ ਰਿਹਾ ਹੈ, ਪਰ ਕੰਪਿਊਟਰ ਸੁਰੱਖਿਆ ਮਾਹਰਾਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਚੀਨ, ਪਾਕਿਸਤਾਨ ਅਤੇ ਹੋਰ ਸਰੋਤਾਂ ਰਾਹੀਂ ਭਾਰਤ ਦੀ ਆਨਲਾਈਨ ਜਾਸੂਸੀ ਕੀਤੀ ਜਾ ਰਹੀ ਹੈ ਅਤੇ ਸਰਕਾਰੀ ਵੈਬਸਾਈਟਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਨ੍ਹਾਂ ਨੂੰ ਦੇਖਦੇ ਹੋਏ ਸਾਈਬਰ ਸੁਰੱਖਿਆ ਲਈ ਇੱਕੇ-ਦੁੱਕੇ ਕਦਮ ਕਾਫ਼ੀ ਨਹੀਂ ਹਨ। ਸਾਈਬਰ ਹਮਲਿਆਂ ਨੂੰ ਰੋਕਣ ਅਤੇ ਉਨ੍ਹਾਂ ਦਾ ਜਵਾਬ ਦੇਣ ਲਈ ਸਾਨੂੰ ਸੰਪੂਰਨ ਅਤੇ ਸ਼ਕਤੀਸ਼ਾਲੀ ਸੈਨਿਕ ਸਾਈਬਰ ਕਮਾਨ ਗਠਿਤ ਕਰਨ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

ਪਿਛਲੇ ਦਿਨੀਂ ਜਰਮਨੀ ਦੇ ਮਿਊਨਿਖ ਵਿਚ ਹੋਏ ਸੁਰੱਖਿਆ ਸੰਮੇਲਨ ਵਿਚ ਦੁਨੀਆ ਦੇ ਨਵੇਂ ਸੁਰੱਖਿਆ ਪਹਿਲੂਆਂ ਉਤੇ ਚਰਚਾ ਹੋਈ। ਸਾਈਬਰ ਜਾਸੂਸਾਂ ਦੀਆਂ ਵਧਦੀਆਂ ਗਤੀਵਿਧੀਆਂ ਅਤੇ 'ਸਟੁਕਸਨੇਟ' ਸਾਫਟਵੇਅਰ ਵਰਮ ਵਰਗੇ ਸਾਈਬਰ ਹਥਿਆਰਾਂ ਨਾਲ ਸਮੁੱਚਾ ਸੁਰੱਖਿਆ ਢਾਂਚਾ ਹੀ ਬਦਲ ਗਿਆ ਹੈ। ਸਟੁਕਸਨੇਟ ਦੀ ਵਰਤੋਂ ਦੋ ਸਾਲ ਪਹਿਲਾਂ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਵਿਚ ਭੰਨ-ਤੋੜ ਕਰਨ ਲਈ ਕੀਤੀ ਗਈ ਸੀ। ਸ਼ਾਂਤੀਕਾਲ ਵਿਚ ਕਿਸੇ ਦੇਸ਼ ਦੇ ਅਤਿਅੰਤ ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਨਸ਼ਟ ਕਰਨ ਲਈ ਪਹਿਲੀ ਵਾਰ ਸ਼ਕਤੀਸ਼ਾਲੀ ਸਾਈਬਰ ਹਥਿਆਰ ਦੀ ਵਰਤੋਂ ਕੀਤੀ ਗਈ। ਅੱਤਵਾਦੀ ਵੀ ਇਨ੍ਹਾਂ ਦੀ ਵਰਤੋਂ ਕਰ ਸਕਦੇ ਹਨ। ਉਨ੍ਹਾਂ ਲਈ ਸਟੁਕਸਨੇਟ ਵਰਗੇ ਸਾਈਬਰ ਹਥਿਆਰ ਚੋਰੀ ਕਰਨਾ ਅਤੇ ਉਨ੍ਹਾਂ ਦੀ ਵਰਤੋਂ ਕਰਨਾ ਜ਼ਿਆਦਾ ਆਸਾਨ ਹੋਵੇਗਾ। ਉਨ੍ਹਾਂ ਦੇ ਹੱਥਾਂ ਵਿਚ ਇਸ ਤਰ੍ਹਾਂ ਦੇ ਹਥਿਆਰ ਪ੍ਰਮਾਣੂ ਹਥਿਆਰਾਂ ਤੋਂ ਜ਼ਿਆਦਾ ਖ਼ਤਰਨਾਕ ਹੋਣਗੇ।

ਸਾਈਬਰ ਯੁੱਧ ਦਾ ਖ਼ਤਰਾ ਅਜਿਹੇ ਦੇਸ਼ਾਂ ਵਿਚ ਜ਼ਿਆਦਾ ਹੈ, ਜਿਥੇ ਸੂਚਨਾ ਤਕਨੀਕ ਦਾ ਵਿਕਾਸ ਜ਼ਿਆਦਾ ਹੋਇਆ ਹੈ। ਸਾਈਬਰ ਹਮਲੇ ਕਿਸੇ ਵੀ ਦੇਸ਼ ਦੀਆਂ ਜੰਗੀ ਸੰਸਥਾਵਾਂ, ਸੰਵੇਦਨਸ਼ੀਲ ਨੈਟਵਰਕਸ, ਬਿਜਲੀ ਗਰਿੱਡਾਂ, ਬੈਂਕਾਂ ਅਤੇ ਸੰਚਾਰ ਢਾਂਚੇ ਨੂੰ ਢਹਿ-ਢੇਰੀ ਕਰ ਸਕਦੇ ਹਨ। ਮਿਜ਼ਾਈਲਾਂ ਅਤੇ ਪ੍ਰਮਾਣੂ ਬੰਬਾਂ ਨਾਲ ਹੋਣ ਵਾਲੇ ਹਮਲਿਆਂ ਦੇ ਸਰੋਤਾਂ ਦਾ ਪਤਾ ਲਗਾ ਕੇ ਹਮਲੇ ਵੀ ਕੀਤੇ ਜਾ ਸਕਦੇ ਹਨ, ਪਰ ਸਾਈਬਰ ਹਮਲਿਆਂ ਵਿਚ ਅਸਲੀ ਦੁਸ਼ਮਣ ਦਾ ਪਤਾ ਲਗਾਉਣਾ ਬੇਹੱਦ ਮੁਸ਼ਕਲ ਹੈ। ਇਰਾਨ ਖ਼ਿਲਾਫ਼ ਸਟੁਕਸਨੇਟ ਦੀ ਵਰਤੋਂ ਕਿਸ ਨੇ ਕੀਤੀ ਸੀ, ਇਹ ਹਾਲੇ ਤੱਕ ਸਪਸ਼ਟ ਨਹੀਂ ਹੋਇਆ ਹੈ। ਹਾਲਾਂਕਿ ਸੁਰੱਖਿਆ ਮਾਹਰਾਂ ਨੇ ਇਸ ਵਿਚ ਅਮਰੀਕਾ ਜਾਂ ਇਜ਼ਰਾਈਲ ਦਾ ਹੱਥ ਹੋਣ ਦਾ ਸ਼ੱਕ ਜ਼ਾਹਰ ਕੀਤਾ ਹੈ ਕਿਉਂਕਿ ਸਟੁਕਸਨੇਟ ਵਰਗੇ ਸ਼ਕਤੀਸ਼ਾਲੀ ਕੰਪਿਊਟਰ ਵਰਮ ਦਾ ਵਿਕਾਸ ਕੋਈ ਸਾਧਨ ਸੰਪੰਨ ਦੇਸ਼ ਹੀ ਕਰ ਸਕਦਾ ਹੈ। ਸਾਈਬਰ ਹਮਲਿਆਂ ਨਾਲ ਨਜਿੱਠਣ ਲਈ ਅਮਰੀਕਾ ਅਤੇ ਬਰਤਾਨੀਆ ਸਮੇਤ ਕਈ ਦੇਸ਼ਾਂ ਨੇ ਸਾਈਬਰ ਫ਼ੌਜੀ ਬਲ ਕਾਇਮ ਕੀਤੇ ਹਨ। ਅਮਰੀਕਾ ਨੇ ਆਪਣੇ 15,000 ਨੈਟਵਰਕਾਂ ਦੀ ਨਿਗਰਾਨੀ ਕਰਨ ਅਤੇ ਕਿਸੇ ਵੀ ਸਮੇਂ ਜਵਾਬੀ ਹਮਲੇ ਕਰਨ ਲਈ ਸਾਈਬਰ ਕਮਾਨ ਦਾ ਗਠਨ ਕੀਤਾ ਹੈ। ਜਾਪਾਨ ਅਜਿਹਾ ਸਾਈਬਰ ਹਥਿਆਰ ਵਿਕਸਤ ਕਰ ਰਿਹਾ ਹੈ, ਜੋ ਨਾ ਕੇਵਲ ਸਾਈਬਰ ਹਮਲੇ ਦੇ ਸਥਾਨ ਦਾ ਪਤਾ ਲਗਾ ਕੇ ਉਸ ਨੂੰ ਬੰਦ ਕਰ ਦੇਵੇਗਾ, ਬਲਕਿ ਰਸਤੇ ਵਿਚ ਆਉਣ ਵਾਲੇ ਹਰ ਕੰਪਿਊਟਰ ਸਿਸਟਮ ਨੂੰ ਬੰਦ ਕਰ ਦੇਵੇਗਾ। ਜਾਪਾਨ ਦਾ ਕੰਪਿਊਟਰ ਵਾਇਰਸ ਇੰਟਰਨੈਟ ਨਾਲ ਜੁੜੇ ਸਾਰੇ ਸਰਵਰਾਂ ਅਤੇ ਕੰਪਿਊਟਰਾਂ ਨੂੰ ਬੰਦ ਕਰ ਸਕਦਾ ਹੈ। ਚੀਨ ਨੇ ਸਾਈਬਰ ਯੁੱਧ ਨੂੰ ਆਪਣੀ ਸਰਵਉੱਚ ਸੈਨਿਕ ਪਹਿਲ ਵਿਚ ਰੱਖਿਆ ਹੈ। ਚੀਨੀ ਫ਼ੌਜ ਵਿਚ ਦੋ ਜਾਂ ਤਿੰਨ ਹੈਕਰ ਬ੍ਰਿਗੇਡ ਕੰਮ ਕਰ ਰਹੀਆਂ ਹਨ। ਹੈਕਿੰਗ ਲਈ ਉਸ ਕੋਲ 30,000 ਕੰਪਿਊਟਰ ਪ੍ਰੋਫੈਸ਼ਨਲ ਵੀ ਹਨ। ਚੀਨੀ ਹੈਕਰ ਭਾਰਤ ਤੋਂ ਇਲਾਵਾ ਅਮਰੀਕਾ, ਬਰਤਾਨੀਆ ਅਤੇ ਜਰਮਨੀ ਵਰਗੇ ਦੇਸ਼ਾਂ ਦੇ ਸੰਵੇਦਨਸ਼ੀਲ ਨੈਟਵਰਕਾਂ 'ਤੇ ਨਿਯਮਤ ਰੂਪ ਨਾਲ ਹਮਲੇ ਕਰਦੇ ਰਹਿੰਦੇ ਹਨ। ਚੀਨੀ ਹੈਕਰਾਂ ਨੇ ਭਾਰਤ ਦੇ ਅਹਿਮ ਮੰਤਰਾਲਿਆਂ ਅਤੇ ਵਿਭਾਗਾਂ ਨੂੰ ਨਿਸ਼ਾਨਾ ਬਣਾਇਆ ਹੈ। ਭਾਰਤ-ਤਿੱਬਤ ਸੀਮਾ ਪੁਲਿਸ ਵਰਗੀਆਂ ਏਜੰਸੀਆਂ ਦੇ ਕੰਪਿਊਟਰਾਂ ਅਤੇ ਨੈਟਵਰਕਾਂ 'ਤੇ ਵੀ ਹਮਲੇ ਕੀਤੇ ਗਏ ਹਨ। ਇਨ੍ਹਾਂ ਨੂੰ ਦੇਖਦੇ ਹੋਏ ਹੀ ਸਾਡੀ ਸਰਕਾਰ ਨੇ ਸਾਈਬਰ ਸੁਰੱਖਿਆ ਸਮਰਥਾ ਨੂੰ ਮਜ਼ਬੂਤ ਕਰਨ ਦਾ ਨਿਸ਼ਚੇ ਕੀਤਾ ਹੈ। ਇਸ ਤਹਿਤ ਜੰਗ ਸਬੰਧੀ ਢਾਂਚੇ 'ਤੇ 24 ਘੰਟੇ ਨਿਗਰਾਨੀ ਲਈ ਵਿਸ਼ੇਸ਼ ਕਮਾਂਡ ਐਂਡ ਕੰਟਰੋਲ ਸੈਂਟਰ ਬਣਾਏ ਜਾਣਗੇ। ਸੁਰੱਖਿਆ ਸਬੰਧੀ ਕੈਬਨਿਟ ਕਮੇਟੀ ਦੇਸ਼ ਦੇ ਮਹੱਤਵਪੂਰਨ ਬੁਨਿਆਦੀ ਢਾਂਚੇ ਦੀ ਰੱਖਿਆ ਲਈ ਬਹੁ-ਪੱਧਰੀ ਸੁਰੱਖਿਆ ਯੋਜਨਾ ਨੂੰ ਮਨਜ਼ੂਰੀ ਦੇਣ ਵਾਲੀ ਹੈ।




Alberta Mortgage Centre

Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed

For FREE Consultation, please call
(780)479-2222

# 78, 4003-98 Street, Edmonton, AB www.albertamortgagecentre.com



Anuj Gupta
AMP, B.Com.
Associate Broker

Krishna(KK)Gupta, AMP
"Experienced, Knowledgeable, Committed"
Serving the Community Since 1999

CAAMP ACCHA · AXIOM · AMBA · BBB · think MORTGAGE think AMP™

# ਕਿਰਤੀਆਂ ਦੇ ਖ਼ੂਨ ਨਾਲ ਸਿੰਜਿਆ ਦਿਹਾੜਾ - ਪਹਿਲੀ ਮਈ



ਕੇਹਰ ਸ਼ਰੀਫ਼

ਪਹਿਲੀ ਮਈ ਦੇ ਕੁਰਬਾਨੀਆਂ ਭਰੇ ਇਤਿਹਾਸਕ ਦਿਹਾੜੇ ਨੂੰ ਦੁਨੀਆਂ ਭਰ ਦੇ ਕਿਰਤ ਕਰਨ ਵਾਲੇ ਭਾਈ ਲਾਲੋ ਹਰ ਵਰ੍ਹੇ ਹੀ ਪ੍ਰਣ ਦਿਵਸ ਵਜੋਂ ਮਨਾਉਂਦੇ ਹਨ। ਬਹੁਤ ਲੰਮੇ ਸਮੇਂ ਤੋਂ ਇਹ ਕਿਰਤੀਆਂ ਦਾ ਕੌਮਾਂਤਰੀ ਤਿਓਹਾਰ ਬਣ ਚੁੱਕਾ ਹੈ, ਕਿਉਂਕਿ ਇਸ ਦੇ ਪਿੱਛੇ ਉਨ੍ਹਾਂ ਦੇ ਆਪਣੇ ਕੀਤੇ ਕੰਮ ਦੀ ਰਾਖੀ ਦੇ ਸੰਘਰਸ਼ਾਂ ਦਾ ਲੰਮਾ ਇਤਿਹਾਸ ਹੈ ਜੋ ਲਗਾਤਾਰ ਅਜੇ ਵੀ ਚੱਲ ਰਿਹਾ ਹੈ ਅਤੇ ਇਹ ਘੋਲ ਉਦੋਂ ਤੱਕ ਚੱਲਦਾ ਰਹੇਗਾ ਜਦੋਂ ਤੱਕ ਕੰਮ ਕਰਨ ਵਾਲੇ ਆਪਣੇ ਹੱਕਾਂ ਨੂੰ ਪ੍ਰਾਪਤ ਕਰਕੇ ਸੁੱਖ ਦੀ ਰੋਟੀ ਨਾ ਖਾਣ ਲੱਗ ਪੈਣ।

ਗੱਲ ਬਹੁਤ ਪੁਰਾਣੀ ਨਹੀਂ, ਸਵਾ ਕੁ ਸਦੀ ਪੁਰਾਣੀ ਹੈ। ਮਜ਼ਦੂਰਾਂ ਨੂੰ ਸਿਰਫ਼ ਕੰਮ ਕਰਨ ਜੋਗੇ ਹੀ ਸਮਝਿਆ ਜਾਂਦਾ ਸੀ। ਉਨ੍ਹਾਂ ਦੇ ਜੀਵਨ ਤੇ ਖਾਹਿਸ਼ਾਂ ਦਾ ਕਿਸੇ ਭੜੂਏ ਨੂੰ ਕੋਈ ਫ਼ਿਕਰ ਨਹੀਂ ਸੀ। ਅਠਾਰ੍ਹਾਂ-ਵੀਹ ਘੰਟੇ ਰੋਜ਼ਾਨਾ ਕੰਮ ਕਰਨਾ ਬਹੁਤ ਸਾਰਿਆਂ ਦਾ "ਨਸੀਬ" ਬਣ ਚੁੱਕਾ ਸੀ। ਖਾਣ-ਪੀਣ, ਸੌਣ-ਪੈਣ, ਅਰਾਮ ਜਾਂ ਜ਼ਿੰਦਗੀ ਜੀਉਣ ਜੋਗਾ ਸਮਾਂ ਹੀ ਕੌਣ ਦਿੰਦਾ ਸੀ ਉਨ੍ਹਾਂ ਨੂੰ। ਜਦੋਂ ਪਾਣੀ ਗਲ਼ੋਂ ਉੱਪਰ ਚਲਾ ਜਾਵੇ ਤਾਂ ਮਨੁੱਖ ਜੀਉਣ ਲਈ ਚਾਰਾ ਕਰਦਾ ਹੈ। ਮਜ਼ਦੂਰਾਂ ਦੀ ਅਜਿਹੀ ਸਥਿਤੀ ਦੇ ਸਬੰਧ 'ਚ ਮਾਈਕਲ ਸ਼ਾਅਦ ਦੇ ਸ਼ਬਦ ਚੇਤੇ ਕਰਨੇ ਚਾਹੀਦੇ ਹਨ "ਲੱਖਾਂ ਮਜ਼ਦੂਰ ਭੁੱਖੇ ਮਰ ਰਹੇ ਹਨ ਤੇ ਉਹ ਅਵਾਰਾਗਰਦਾਂ ਵਰਗਾ ਜੀਵਨ ਬਤੀਤ ਕਰ ਰਹੇ ਹਨ। ਅਜਿਹੀ ਸਥਿਤੀ ਵਿਚ ਸਭ ਤੋਂ ਜ਼ਾਹਿਲ ਉਜਰਤੀ ਗੁਲਾਮ ਵੀ ਸੋਚਣਾ ਸ਼ੁਰੂ ਕਰ ਦਿੰਦਾ ਹੈ। ਸਾਂਝੀ ਮੁਸੀਬਤ ਉਨ੍ਹਾਂ ਨੂੰ ਸਪਸ਼ਟ ਕਰ ਦਿੰਦੀ ਹੈ ਕਿ ਉਹ ਹਰ ਹੀਲੇ ਇਕੱਠੇ ਹੋਣ ਤੇ ਉਹ ਹੋ ਜਾਂਦੇ ਹਨ"।

ਜਦੋਂ ਸਰਮਾਏਦਾਰਾਂ ਨੇ ਮਜ਼ਦੂਰਾਂ ਉੱਤੇ ਅਸਹਿ ਅਤੇ ਅਕਹਿ ਜੁਲਮ ਢਾਹੁਣੇ ਜਾਰੀ ਰੱਖੇ ਤਾਂ ਕਾਮਿਆਂ ਨੇ ਛੋਟੇ-ਛੋਟੇ ਗਰੁੱਪਾਂ ਰਾਹੀਂ ਸੋਚਣਾ ਸ਼ੁਰੂ ਕੀਤਾ ਕਿ ਅਜਿਹੀ ਜਾਲਮ ਸਥਿਤੀ ਵਿਚ ਜੀਉਣ ਦਾ ਸਬੱਬ ਕਿਵੇਂ ਬਣੇ, ਕਿਵੇਂ ਉਹ ਆਪਣੇ ਬਾਲ-ਬੱਚੇ ਪਾਲਣ ਆਦਿ। ਕੁਦਰਤੀ ਹੀ ਉਨ੍ਹਾਂ ਨੇ ਆਪਣੇ ਕਦਮ ਮਜ਼ਦੂਰ ਏਕੇ ਵੱਲ ਵਧਾਏ। 1881 ਵਾਲੇ ਦਹਾਕੇ ਵਿਚ ਮਜ਼ਦੂਰਾਂ ਨੇ ਆਪਣੇ ਆਪ ਨੂੰ 12 ਘੰਟੇ ਦੀ ਕੰਮ ਦਿਹਾੜੀ ਨੂੰ 8 ਘੰਟੇ ਦੀ ਕੰਮ ਦਿਹਾੜੀ ਦੀ ਮੰਗ ਦੁਆਲ਼ੇ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ, ਉਂਜ ਭਾਵੇਂ ਇਹ ਮੰਗ 1866 ਤੋਂ ਉੱਠੀ ਸੀ ਜਿਸ ਦਾ ਲਗਾਤਾਰ ਪ੍ਰਚਾਰ ਹੁੰਦਾ ਰਿਹਾ। 1885 ਤੱਕ 8 ਘੰਟੇ ਕੰਮ ਦੀ ਕੰਮ ਦਿਹਾੜੀ ਵਾਲੀ ਮੰਗ ਹਰ ਕਿਸੇ ਦੀ ਜ਼ੁਬਾਨ 'ਤੇ ਚੜ੍ਹ ਗਈ ਸੀ ਤੇ ਜਨਤਕ ਰੂਪ ਧਾਰ ਗਈ ਸੀ। ਅਮਰੀਕਾ ਦੇ ਸਾਰੇ ਵੱਡੇ ਸਨਅਤੀ ਕੇਂਦਰਾਂ 'ਚ ਮੁਜ਼ਾਹਰੇ ਹੋਏ। ਫੇਰ 1886 ਦੇ ਸ਼ੁਰੂ ਤੋਂ ਹੀ ਅਮਰੀਕਾ ਦੇ ਇਕ ਸਿਰੇ ਤੋਂ ਦੂਜੇ ਸਿਰੇ ਭਾਵ ਨਿਊਯਾਰਕ ਤੋਂ ਸਨਫਰਾਂਸਿਸਕੋ ਤੱਕ ਆਮ ਮੁਜ਼ਾਹਰੇ ਹੋਏ ਪਰ ਘੋਲ ਦਾ ਕੇਂਦਰ ਸ਼ਹਿਰ ਸ਼ਿਕਾਗੋ ਸੀ।

ਪਹਿਲੀ ਮਈ 1886 ਨੂੰ ਸ਼ਿਕਾਗੋ ਦੀ ਹੇਅ ਮਾਰਕੀਟ ਦੇ ਦੁਆਲੇ ਕਾਮੇ ਇਕੱਠੇ ਹੋਏ। ਇਸ ਦਿਨ 80 ਹਜ਼ਾਰ ਮਜ਼ਦੂਰਾਂ ਨੇ ਆਪਣੀਆਂ ਮੰਗਾਂ ਦੇ ਨਾਅਰਿਆਂ ਨਾਲ ਸ਼ਹਿਰ ਦੀਆਂ ਸੜਕਾਂ ਗੂੰਜਣ ਲਾ ਦਿੱਤੀਆਂ। ਇਹ ਮੁਜ਼ਾਹਰੇ ਅਗਲੇ ਦੋ ਦਿਨ ਵੀ ਜਾਰੀ ਰਹੇ ਪਰ ਤਿੰਨ ਮਈ ਨੂੰ ਪੁਲੀਸ ਨੇ ਬਿਨਾਂ ਕਿਸੇ ਭੜਕਾਹਟ ਦੇ ਅਤੇ ਬਿਨਾਂ ਕਿਸੇ ਚਿਤਾਵਨੀ ਤੋਂ ਹੱਕ ਮੰਗਦੇ ਨਿਹੱਥੇ ਮਜ਼ਦੂਰਾਂ 'ਤੇ ਗੋਲੀ ਚਲਾ ਦਿੱਤੀ, ਜਿਸ ਨਾਲ 6 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ 50 ਤੋਂ ਵੱਧ ਜ਼ਖ਼ਮੀ ਹੋ ਗਏ। 4 ਮਈ ਨੂੰ ਪੁਲੀਸ ਵਲੋਂ ਹੋਏ ਇਸ ਵਹਿਸ਼ੀ ਜਬਰ ਦੇ ਖਿਲਾਫ ਸ਼ਹਿਰ ਦੇ ਕੇਂਦਰੀ ਚੌਕ ਵਿਚ ਰੈਲੀ ਹੋਈ। ਇਸ ਰੈਲੀ ਵਿਚ ਕਿਸੇ ਹੜਤਾਲ ਤੋੜਨ ਵਾਲੇ ਸਰਕਾਰੀ ਏਜੰਟ ਨੇ ਭੜਕਾਹਟ ਪੈਦਾ ਕਰਨ ਵਾਸਤੇ ਬੰਬ ਸੁੱਟ ਦਿੱਤਾ। ਇਕ ਪੁਲਸੀਆ ਮਾਰਿਆ ਗਿਆ, ਪੰਜ ਹੋਰ ਵਿਅਕਤੀ ਜ਼ਖ਼ਮੀ ਹੋ ਗਏ। ਸਰਕਾਰ ਨੇ ਮੌਕਾ ਤਾੜ ਕੇ ਮਜ਼ਦੂਰ ਜਮਾਤ ਨੂੰ ਖੂਬ ਭੰਡਿਆ। ਮਜ਼ਦੂਰਾਂ ਤੇ ਅੰਨ੍ਹਾ ਤਸ਼ੱਦਦ ਕੀਤਾ ਅਤੇ ਬਹੁਤ ਸਾਰੀਆਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਆਖ਼ਰ ਝੂਠ ਦੇ ਪੁੱਤਰ ਬੇਈਮਾਨ ਸਰਕਾਰੀ ਅਧਿਕਾਰੀਆਂ ਨੇ ਕਾਲੇ ਦਿਲਾਂ ਵਾਲੇ ਭਾੜੇ ਦੇ ਟੱਟੂ ਪੈਸੇ ਨਾਲ ਖਰੀਦ ਕੇ ਝੂਠ ਦਾ ਜਾਲ ਬੁਣਿਆ। ਕਹੇ ਜਾਂਦੇ "ਇਨਸਾਫ ਦੇ ਫਰਿਸ਼ਤਿਆਂ" ਅੱਗੇ ਖਰੀਦੇ ਹੋਏ ਪੁਲੀਸ ਟਾਊਟਾਂ ਨੂੰ ਗਵਾਹਾਂ ਦੇ ਰੂਪ ਵਿਚ ਪੇਸ਼ ਕਰਕੇ ਘੜੇ ਘੜਾਏ ਫਤਵਿਆਂ ਰਾਹੀਂ ਬੇਕਸੂਰ ਮਜ਼ਦੂਰ ਆਗੂਆਂ ਨੂੰ ਫਾਂਸੀ ਦੀਆਂ ਸਜਾਵਾਂ ਸੁਣਾਈਆਂ। 11 ਨਵੰਬਰ 1887 ਨੂੰ ਅਲਬਰਟ ਪਾਰਸਨ, ਔਗਸਤ ਸਪਾਈਸ, ਜਾਰਜ ਏਂਜਲ ਅਤੇ ਅਡੋਲਫ ਫਿਸ਼ਰ ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ। ਉਨ੍ਹਾਂ ਸੂਰਮਿਆਂ ਨੇ ਆਪਣੀਆਂ ਜਾਨਾਂ ਆਪਣੇ ਲੋਕਾਂ ਅਤੇ ਆਪਣੇ ਕਾਜ਼ ਨੂੰ ਭੇਟ ਕਰ ਦਿੱਤੀਆਂ।

ਦੂਜੀ ਕੌਮਾਂਤਰੀ ਕਾਂਗਰਸ ਨੇ 1889 ਵਿਚ ਪਹਿਲੀ ਮਈ ਨੂੰ ਮਜ਼ਦੂਰਾਂ ਦੇ ਇਕਮੁੱਠਤਾ ਦਿਵਸ ਦੇ ਤੌਰ 'ਤੇ ਮਨਾਉਣ ਦਾ ਫੈਸਲਾ ਲਿਆ। 1890 ਤੋਂ ਪਹਿਲੀ ਮਈ ਦਾ ਦਿਹਾੜਾ ਸ਼ਹੀਦਾਂ ਦੀ ਯਾਦ ਵਜੋਂ ਸੰਸਾਰ ਪੱਧਰ 'ਤੇ ਮਨਾਇਆ ਜਾਂਦਾ ਹੈ ਜੋ ਮਜ਼ਦੂਰਾਂ ਦੀ ਕੌਮਾਂਤਰੀ ਸਾਂਝ ਨੂੰ ਤਕੜਿਆ ਕਰਦਾ ਹੈ। ਦੁਨੀਆਂ ਭਰ ਵਿਚ ਇਕ-ਦੋ ਦੇਸ਼ਾਂ ਨੂੰ ਛੱਡ ਕੇ ਇਸ ਦਿਨ ਸਰਕਾਰੀ ਛੁੱਟੀ ਹੁੰਦੀ ਹੈ। ਹਰ ਥਾਵੇਂ ਲੋਕ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਨ।



ਅੱਜ ਪਹਿਲਿਆਂ ਸਮਿਆਂ ਨਾਲੋਂ ਸੰਸਾਰ ਸਥਿਤੀ ਹੀ ਨਹੀਂ ਮਜ਼ਦੂਰਾਂ ਦੀ ਹਾਲਤ ਵੀ ਬਦਲੀ ਹੈ ਪਰ ਬੁਨਿਆਦੀ ਸਵਾਲਾਂ ਅੰਦਰ ਕਿੰਨੀ ਤਬਦੀਲੀ ਆਈ ਹੈ। ਇੱਥੇ ਸਰਮਾਏਦਾਰੀ ਦੇ ਖਾਸੇ ਬਾਰੇ ਦੁਨੀਆਂ ਦੇ ਮਹਾਨ ਚਿੰਤਕ ਕਾਰਲ ਮਾਰਕਸ ਦੇ ਵਿਚਾਰ ਚੇਤੇ ਕਰਨੇ ਬਹੁਤ ਸਾਰਥਕ ਹਨ। ਉਹਨੇ ਲਿਖਿਆ ਸੀ :

" ਸਰਮਾਏਦਾਰੀ ਜਿੱਥੇ ਵੀ ਹੋਂਦ ਵਿਚ ਆਈ ਹੈ, ਉੱਥੇ ਹੀ ਇਸ ਨੇ ਜਗੀਰੂ, ਪਿਤਾ-ਪੁਰਖੀ ਅਤੇ ਆਦਰਸ਼ਕ ਪੇਂਡੂ ਰਿਸ਼ਤਿਆਂ ਨੂੰ ਤਬਾਹ ਕਰ ਦਿੱਤਾ ਹੈ। ਇਸ ਨੇ ਬੜੀ ਬੇਰਹਿਮੀ ਨਾਲ ਮਨੁੱਖ ਨੂੰ ਆਪਣੇ ਕੁਦਰਤੀ ਵਡੇਰਿਆਂ ਨਾਲ ਜੋੜਨ ਵਾਲੀਆਂ ਜਗੀਰੂ ਤੰਦਾਂ ਨੂੰ ਤਾਰ-ਤਾਰ ਕਰ ਦਿੱਤਾ ਹੈ। ਇਸ ਨੇ ਮਨੁੱਖ ਦੇ ਮਨੁੱਖ ਨਾਲ ਰਿਸ਼ਤੇ ਨੂੰ ਨੰਗੇ ਚਿੱਟੇ ਸੁਆਰਥ ਅਤੇ ਪੈਸੇ ਦੀ ਕਦੇ ਨਾ ਪੂਰੀ ਹੋਣ ਵਾਲੀ ਭੁੱਖ ਉੱਤੇ ਨਿਰਭਰ ਕਰ ਦਿੱਤਾ ਹੈ। ਭਾਵ ਮਨੁੱਖ ਨੂੰ ਘੋਰ ਸੁਆਰਥੀ ਬਣਾ ਦਿੱਤਾ ਹੈ ਅਤੇ ਪੈਸੇ ਲਈ ਹਬੜਾ ਦਿੱਤਾ ਹੈ। ਇਸ ਨੇ ਮਨੁੱਖੀ ਨੇਕ ਲਗਨ, ਮਨੁੱਖੀ ਦਲੇਰੀ, ਮਨੁੱਖੀ ਜੋਸ਼ ਅਤੇ ਆਮ ਮਨੁੱਖੀ ਭਾਵਨਾਵਾਂ ਨੂੰ ਨਿੱਜੀ ਸੁਆਰਥ ਦੇ ਬਰਫ਼ੀਲੇ ਪਾਣੀਆਂ ਵਿਚ ਡੋਬ ਦਿੱਤਾ ਹੈ। ਇਸ ਨੇ ਮਨੁੱਖੀ ਸਵੈਮਾਣ ਨੂੰ ਵਿਕਾਊ ਮਾਲ ਬਣਾ ਦਿੱਤਾ ਹੈ ਅਤੇ ਬੜੀ ਮਹਿੰਗੀ ਕੀਮਤ ਤਾਰ ਕੇ ਪ੍ਰਾਪਤ ਕੀਤੀਆਂ ਗਈਆਂ ਮਨੁੱਖੀ ਆਜ਼ਾਦੀਆਂ ਨੂੰ ਖ਼ਤਮ ਕਰਕੇ ਬਿਨਾਂ ਸ਼ੱਕ ਇਕੋ-ਇਕ ਬੇ-ਜ਼ਮੀਰ ਆਜ਼ਾਦੀ ਤੱਕ ਸੀਮਤ ਕਰ ਦਿੱਤਾ ਹੈ, ਇਹ ਹੈ ਆਜ਼ਾਦ ਵਪਾਰ। ਸੰਖੇਪ ਵਿਚ ਧਾਰਮਕ ਅਤੇ ਰਾਜਸੀ ਭੁਲੇਖਿਆਂ ਦੇ ਪਰਦੇ ਹੇਠ ਕੀਤੀ ਜਾਂਦੀ ਲੁੱਟ ਖਸੁੱਟ ਦੀ ਥਾਂ ਇਸਨੇ ਨੰਗੀ, ਬੇਸ਼ਰਮ, ਸਿੱਧੀ, ਵਹਿਸ਼ੀ ਲੁੱਟ-ਖਸੁੱਟ ਨੂੰ ਦੇ ਦਿੱਤੀ ਹੈ। ਸਰਮਾਏਦਾਰੀ ਨੇ ਹੁਣ ਤੱਕ ਨੇਕ ਸਮਝੇ ਜਾਂਦੇ ਅਨੇਕ ਕਿੱਤਿਆਂ ਦੀ ਪਵਿੱਤਰਤਾ ਨੂੰ ਖ਼ਤਮ ਕਰ ਦਿੱਤਾ ਹੈ। ਪੁਜਾਰੀ, ਕਵੀ (ਸਾਹਿਤਕਾਰ), ਸਾਇੰਸਦਾਨ, ਡਾਕਟਰ, ਵਕੀਲ ਆਦਿ ਧਨ ਕਮਾਉਣ ਦੀਆਂ ਮਸ਼ੀਨਾਂ ਬਣ ਗਏ ਹਨ। ਸਰਮਾਏਦਾਰੀ ਨੇ ਮਨੁੱਖੀ ਰਿਸ਼ਤਿਆਂ 'ਚੋਂ ਮਨੁੱਖੀ ਜਜ਼ਬਿਆਂ ਨੂੰ ਖ਼ਤਮ ਕਰਕੇ ਇਨ੍ਹਾਂ ਰਿਸ਼ਤਿਆਂ ਨੂੰ ਸਿਰਫ਼ ਤੇ ਸਿਰਫ਼ ਮਾਇਕ ਰਿਸ਼ਤਿਆਂ ਤੱਕ ਸੀਮਤ ਕਰ ਦਿੱਤਾ ਹੈ।"

ਕਾਰਲ ਮਾਰਕਸ (ਕਮਿਊਨਿਸਟ ਮੈਨੀਫੈਸਟੋ 'ਚੋਂ)

ਭਾਵੇਂ ਪਹਿਲਾਂ ਤੋਂ ਹੁਣ ਤੱਕ ਬਹੁਤ ਤਬਦੀਲੀ ਆਈ ਹੈ ਪਰ ਸਰਮਾਏਦਾਰੀ ਅੰਦਰੋਂ ਕਿਸੇ ਤਰ੍ਹਾਂ ਵੀ ਵੱਧ ਤੋਂ ਵੱਧ ਮੁਨਾਫ਼ੇ ਕਮਾਉਣ ਦੀ ਹਵਸ ਵਾਲੀ ਪਸ਼ੂ-ਬਿਰਤੀ ਅਜੇ ਮਰੀ ਨਹੀਂ। ਇਸ ਹਾਲਤ ਨੂੰ ਬਦਲਣ ਲਈ ਜ਼ਰੂਰੀ ਹਨ ਇਕਮੁੱਠ ਮਜ਼ਦੂਰਾਂ ਦੇ ਸੰਘਰਸ਼ਮਈ ਖਾੜਕੂ ਘੋਲ। ਇਹ ਮਜ਼ਦੂਰਾਂ ਵਲੋਂ ਜਥੇਬੰਦ ਹੋਇਆਂ ਹੀ ਹੋ ਸਕਦੇ ਹਨ। ਮਜ਼ਦੂਰਾਂ ਅੰਦਰ ਇਨ੍ਹਾਂ ਦੇ ਵਿਰੋਧੀਆਂ (ਸਰਮਾਏਦਾਰੀ ਦੇ ਦੱਲਿਆਂ) ਵਲੋਂ ਭਰਮ ਭੁਲੇਖੇ ਪੈਦਾ ਕੀਤੇ ਜਾਂਦੇ ਹਨ ਜੋ ਹੁੰਦੇ ਤਾਂ ਮਾਮੂਲੀ ਹਨ ਪਰ ਗੈਰ-ਜਥੇਬੰਦ ਅਤੇ ਆਮ ਕਰਕੇ ਘੱਟ ਸੂਝ (ਰਾਜਸੀ ਅਤੇ ਸਮਾਜਕ) ਰੱਖਦੇ ਮਜ਼ਦੂਰਾਂ ਦੀ ਕੱਚ ਘਰੜ ਸਮਝ ਕੁਰਾਹੇ ਪੈ ਤੁਰਦੀ ਹੈ ਜਿਸ ਨਾਲ ਮਜ਼ਦੂਰ ਲਹਿਰ ਨੂੰ ਬਹੁਤ ਨੁਕਸਾਨ ਹੁੰਦਾ ਹੈ। ਇਸ ਗੱਲ 'ਤੇ ਜ਼ੋਰ ਦਿੰਦਿਆ ਜੂਨ 1927 ਦੇ "ਕਿਰਤੀ" ਵਿਚ ਲਿਖਿਆ ਗਿਆ ਸੀ, "ਲੋਕਾਂ ਨੂੰ ਆਪਸ ਵਿਚ ਲੜਨ ਤੋਂ ਰੋਕਣ ਲਈ ਜਮਾਤੀ ਸੂਝ ਦੀ ਲੋੜ ਹੈ। ਗਰੀਬਾਂ, ਕਿਰਤੀਆਂ ਅਤੇ ਕਿਸਾਨਾਂ ਨੂੰ ਸਾਫ ਸਮਝਾ ਦੇਣਾ ਚਾਹੀਦਾ ਹੈ ਕਿ ਤੁਹਾਡੇ ਅਸਲੀ ਦੁਸ਼ਮਣ ਸਰਮਾਏਦਾਰ ਹਨ, ਇਸ ਕਰਕੇ ਤੁਹਾਨੂੰ ਇਨ੍ਹਾਂ ਦੇ ਹੱਥਕੰਡਿਆਂ ਤੋਂ ਬਚਕੇ ਰਹਿਣਾ ਚਾਹੀਦਾ ਹੈ। ਸੰਸਾਰ ਦੇ ਸਾਰੇ ਗਰੀਬਾਂ ਦੇ ਭਾਵੇਂ ਉਹ ਕਿਸੇ ਜਾਤ, ਨਸਲ, ਮਜ਼ਬ ਦੇ ਹੋਣ ਹੱਕ ਇੱਕੋ ਹੀ ਹਨ। ਤੁਹਾਡਾ ਭਲਾ ਇਸ ਵਿਚ ਹੈ ਕਿ ਤੁਸੀਂ ਧਰਮ, ਰੰਗ, ਕੌਮ, ਨਸਲ ਤੇ ਦੇਸ਼ਾਂ ਦੇ ਭਿੰਨ-ਭੇਦ ਮਿਟਾ ਕੇ ਇਕੱਠੇ ਹੋ ਜਾਓ ਅਤੇ ਸਰਕਾਰ ਦੀ ਤਾਕਤ ਨੂੰ ਆਪਣੇ ਹੱਥ ਵਿਚ ਲੈਣ ਦਾ ਯਤਨ ਕਰੋ। ਇਨ੍ਹਾਂ ਯਤਨਾਂ ਨਾਲ ਤੁਹਾਡਾ ਕੋਈ ਹਰਜ਼ ਨਹੀਂ ਹੋਵੇਗਾ ਕਿਸੇ ਦਿਨ ਤੁਹਾਡੇ ਸੰਗਲ ਜ਼ਰੂਰ ਕੱਟੇ ਜਾਣਗੇ ਅਤੇ ਤੁਹਾਨੂੰ ਆਰਥਕ ਸੁਤੰਤਰਤਾ ਮਿਲ ਜਾਵੇਗੀ।"

ਭਾਰਤ ਦੀ ਮਜ਼ਦੂਰ-ਕਿਸਾਨ ਜਮਾਤ (ਕਿਰਤੀਆਂ) ਨੇ ਆਪਣੀ ਸਖ਼ਤ ਮਿਹਨਤ ਨਾਲ ਮੁਲਕ ਨੂੰ ਦੁਨੀਆਂ 'ਚ ਨਾਮਣੇ ਜੋਗਾ ਕੀਤਾ ਹੈ। ਜੇ ਅਜੇ ਵੀ ਮੁਲਕ ਵਿਚ ਗਰੀਬੀ, ਬੇਕਾਰੀ, ਅਨਪੜ੍ਹਤਾ, ਜਹਾਲਤ ਅਤੇ ਭ੍ਰਿਸ਼ਟਾਚਾਰ ਹੈ ਤਾਂ ਮੁਲਕ ਦੇ ਕਾਮੇ-ਕਿਰਤੀਆਂ ਕਰਕੇ ਨਹੀਂ ਸਗੋਂ ਮੁਲਕ ਅੰਦਰ ਸਰਮਾਏਦਾਰੀ ਪ੍ਰਬੰਧ ਦੇ ਭੈੜ ਹਨ। ਭਾਵ ਝੋਟੇ ਨੂੰ ਲੱਗੀਆਂ ਜੂਆਂ ਹਨ। ਲੋੜ ਹੈ ਇਸ ਬੇਈਮਾਨੀ ਭਰੇ ਲੋਕ ਦੋਖੀ ਪ੍ਰਬੰਧ ਨੂੰ ਭੰਨ-ਤੋੜ ਸੁੱਟਣ ਦੀ ਤਾਂ ਕਿ ਸਮਾਨਤਾ-ਬਰਾਬਰੀ ਭਰਿਆ ਸਮਾਜ ਉਸਰ ਸਕੇ। ਸੋਚਣ ਵਾਲੀ ਗੱਲ ਇਹ ਹੈ ਕਿ ਲੋਕ ਕਦੋਂ ਕੁ ਤੱਕ ਇੰਜ ਬਰਦਾਸ਼ਤ ਕਰੀ ਜਾਣਗੇ। ਦੇਸ਼ ਭਗਤ ਬਾਬਿਆਂ ਨੇ ਬਹੁਤ ਵੱਡੇ ਦਾਈਏ ਬੰਨ੍ਹੇ ਸਨ। ਕੀ ਅਸੀਂ ਉਨ੍ਹਾਂ ਸੁਪਨਿਆਂ ਦੇ ਨੇੜੇ-ਤੇੜੇ ਵੀ ਅੱਪੜੇ ਹਾਂ, ਜਵਾਬ ਨਾਂਹ ਵਿਚ ਹੈ।

ਉੱਘੇ ਦੇਸ਼ ਭਗਤ ਬਾਬਾ ਪ੍ਰਿਥਵੀ ਸਿੰਘ ਆਜ਼ਾਦ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਵੱਡਾ ਹਿੱਸਾ ਪਾਉਣ ਵਾਲਿਆਂ ਵਿਚੋਂ ਸਨ। ਉਨ੍ਹਾਂ ਆਪਣੇ ਦਿਲ ਤੇ ਦੇਸ਼ ਦਾ ਦੁੱਖ ਆਪਣੀ ਸਵੈ-ਜੀਵਨੀ ਵਿਚ ਲਿਖਿਆ ਹੈ, ਉਹ ਲਿਖਦੇ ਹਨ: "ਆਜ਼ਾਦੀ ਤੋਂ ਬਾਅਦ ਸਹੀ ਸੇਧ ਵਿਚ ਚੱਲਣਾ ਬਹੁਤ ਜ਼ਰੂਰੀ ਸੀ ਪਰ ਅਸੀਂ ਇਸ ਵਿਚ ਫੇਲ੍ਹ ਹੋ ਗਏ ਹਾਂ। ਧਨ-ਦੌਲਤ ਦੇ ਗੇੜ ਵਿਚ ਪੈ ਗਏ ਹਾਂ। ਮੈਂ ਆਪਣੀ ਮਾਂ-ਭੂਮੀ ਦੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਨ੍ਹਾਂ ਸਵਾਲਾਂ ਉੱਤੇ ਵਿਚਾਰ ਕਰਨ ਕਿ ਭਾਰਤ ਕਿੱਧਰ ਨੂੰ ਜਾ ਰਿਹਾ ਹੈ? ਆਜ਼ਾਦ ਭਾਰਤ ਵਿਚ ਗਰੀਬੀ ਕਿਉਂ ਵਧ ਰਹੀ ਹੈ? ਸਾਡੇ ਕੌਮੀ ਜੀਵਨ ਵਿਚ ਭ੍ਰਿਸ਼ਟਾਚਾਰ ਕਿਵੇਂ ਧਸ ਗਿਆ ਹੈ? ਦਿਨੋ-ਦਿਨ ਅਮੀਰ ਤੇ ਗਰੀਬ ਵਿਚ ਪਾੜਾ ਕਿਉਂ ਵਧ ਰਿਹਾ ਹੈ? ਦੇਸ਼ ਦੀ ਇਸ ਹਾਲਤ ਅਤੇ ਨਿਘਾਰ ਲਈ ਕੌਣ ਜ਼ਿੰਮੇਵਾਰ ਹੈ? ਜੀਵਨ ਦੇ ਸਾਰੇ ਖੇਤਰਾਂ ਵਿਚ ਇਖਲਾਕੀ ਕਦਰਾਂ ਦੇ ਖੁਰਦੇ ਜਾਣ ਨੂੰ ਰੋਕਣ ਤੋਂ ਅਸੀਂ ਕਿਉਂ ਅਸਮਰਥ ਹਾਂ?"...ਬਾਬਾ ਜੀ ਨੇ ਅੱਗੇ ਆਪਣੇ ਵਿਚਾਰ ਵਿਅਕਤ ਕਰਦਿਆਂ ਕਿਹਾ ਹੈ ਕਿ "ਇਹ ਭ੍ਰਿਸ਼ਟਾਚਾਰੀ ਪ੍ਰਬੰਧ ਖੁਦ ਦੇਸ਼ ਦਿਆਂ ਹਾਕਮਾਂ ਨੇ ਪੈਦਾ ਕੀਤਾ ਹੈ। ਸਾਡੀ ਉਨਤੀ ਤੇ ਖੁਸ਼ਹਾਲੀ ਨਾਮਧਰੀਕ ਹੈ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਸਾਡੇ ਵਾਹੀਕਾਰ ਤੇ ਕਿਰਤੀ ਲੋਕ ਇਸ ਸਰਮਾਏਦਾਰ ਸਮਾਜ ਅੱਗੇ ਸਿਰ ਝੁਕਾਈ ਰੱਖਣਗੇ ਜਾਂ ਇਸ ਨੂੰ ਚੁਣੌਤੀ ਦੇਣਗੇ। ਭਾਰਤ ਦੇ ਕਿਸਾਨਾਂ ਤੇ ਮਜ਼ਦੂਰਾਂ ਨੇ ਆਪਣੇ ਰਾਹੇ ਜਾਣ ਦਾ ਫੈਸਲਾ ਕਰਨਾ ਹੈ। ਸੋਸ਼ਲਿਸਟ ਪ੍ਰਬੰਧ ਹੀ ਨਿਜਾਤ ਦਾ ਰਾਹ ਹੈ।"

ਭਾਰਤ ਧਰਮ ਨਿਰਪੱਖ ਦੇਸ਼ ਕਹਾਉਂਦਾ ਹੈ। ਪਰ ਹਾਕਮ ਰਾਜ ਗੱਦੀ 'ਤੇ ਬਣੇ ਰਹਿਣ ਲਈ ਫਿਰਕਾਪ੍ਰਸਤੀ ਦਾ ਸਹਾਰਾ ਲੈਣ ਵਿਚ ਕੋਈ ਰੱਤੀ ਭਰ ਵੀ ਸ਼ਰਮ ਮਹਿਸੂਸ ਨਹੀਂ ਕਰਦੇ ਸਗੋਂ "ਵੋਟ ਯੁੱਧ" ਦੇ ਮੈਦਾਨ ਵਿਚ ਖੁਦ ਫਿਰਕਾਪ੍ਰਸਤ ਹੋ ਜਾਂਦੇ ਹਨ ਪਰ ਬੇਸ਼ਰਮੀ ਦੀ ਹੱਦ ਕਿ ਮੂੰਹੋਂ ਨਾਮ ਫੇਰ ਵੀ ਧਰਮ ਨਿਰਪੱਖਤਾ ਦਾ ਹੀ ਲੈਂਦੇ ਹਨ। ਸਾਰਾ ਹੀ ਮੁਲਕ ਸੰਤਾਪ ਭੋਗ ਰਿਹਾ ਹੈ। ਲਾਲਚੀ ਲੋਕ ਇਲਾਕਾਵਾਦ, ਭਾਸ਼ਾਵਾਦ ਤੇ ਕਈ ਹੋਰ ਕਿਸਮਾਂ ਦੀ ਡੱਫਲੀ ਵਜਾ ਕੇ ਆਪਣੇ ਸੌੜੇ ਮੁਫ਼ਾਦਾਂ ਖ਼ਾਤਰ ਆਮ ਕਿਰਤੀ ਲੋਕਾਂ ਨੂੰ ਪਾੜ ਵੀ ਰਹੇ ਹਨ ਤੇ ਮੂਰਖ ਵੀ ਬਣਾ ਰਹੇ ਹਨ। ਕਿਸੇ ਵੀ ਗੱਲ/ਮਸਲੇ ਨੂੰ ਹਕੀਕੀ ਹਾਲਤਾਂ ਅਨੁਸਾਰ ਹੀ ਵਿਚਾਰਿਆ ਜਾਣਾ ਚਾਹੀਦਾ ਹੈ। ਧਾਰਮਕ ਵਿਸ਼ਵਾਸ ਕਿਸੇ ਦੇ ਜਿਹੜੇ ਮਰਜ਼ੀ ਹੋਣ ਪਰ ਦੁੱਖ-ਤਕਲੀਫਾਂ ਸਭ ਦੀਆਂ ਸਾਂਝੀਆਂ ਹਨ, ਇਸ ਕਰਕੇ ਇਹ ਸਾਂਝੀ ਲੜਾਈ ਇਕੱਠਿਆਂ ਹੋ ਕੇ ਲੜੀ ਜਾ ਸਕਦੀ ਹੈ।

ਕਿਰਤੀ ਲੋਕਾਂ ਨੇ ਹਮੇਸ਼ਾਂ ਹੀ ਮੁਲਕ ਦੇ ਵਿਕਾਸ ਵਿਚ ਆਪਣੀ ਸਮਰੱਥਾ ਤੋਂ ਵੱਧ ਯੋਗਦਾਨ ਪਾਇਆ, ਪਰ ਮੁਨਾਫ਼ੇ ਉਨ੍ਹਾਂ ਨੇ ਖੱਟੇ ਜੋ ਆਜ਼ਾਦੀ ਦੀ ਲਹਿਰ ਵੇਲੇ ਅੰਗਰੇਜ਼ਾਂ ਦੇ ਬੂਟ ਚੱਟਦੇ ਰਹੇ ਆਜ਼ਾਦੀ ਮਗਰੋਂ ਕੌਮਾਂਤਰੀ ਸਰਮਾਏਦਾਰਾਂ ਨਾਲ ਰਲਕੇ 'ਸੋਨੇ ਦੀ ਚਿੜੀ' ਨੂੰ ਦੋਹੀਂ ਹੱਥ ਲੁੱਟਦੇ ਰਹੇ, ਅਜੇ ਵੀ ਲੁੱਟੀ ਜਾ ਰਹੇ ਹਨ। ਭਾਰਤ ਅੰਦਰ ਲੋਕ ਰਾਜ ਦੇ ਹੁੰਦਿਆਂ ਬਹੁਤ ਸਾਰੇ ਕਾਲੇ ਕਾਨੂੰਨ ਮੌਜੂਦ ਹਨ। ਉਹ ਸਾਰੇ ਹੀ ਆਪਣੀਆਂ ਹੱਕੀ ਮੰਗਾਂ ਲਈ ਘੋਲ ਕਰਦੇ ਲੋਕਾਂ ਦੇ ਖ਼ਿਲਾਫ਼ ਵਰਤੇ ਜਾਂਦੇ ਹਨ। ਇੱਥੋਂ ਤੱਕ ਕਿ ਕਿਰਤੀ ਜਮਾਤ ਨਾਲ ਸਬੰਧਤ ਲੋਕ ਜਦੋਂ ਆਪਣੇ ਘੋਲਾਂ ਵਿਚ ਨਿੱਤਰੇ, ਹੜਤਾਲਾਂ ਕੀਤੀਆਂ ਤਾਂ ਉਨ੍ਹਾਂ ਦੇ ਖ਼ਿਲਾਫ਼ ਦਹਿਸ਼ਤ ਗਰਦੀ ਵਿਰੋਧੀ ਕਾਨੂੰਨ ਵਰਤੇ ਗਏ। ਹਾਲਾਂਕਿ ਇਹ ਜੱਗ ਜ਼ਾਹਰ ਹੈ ਕਿ ਮਜ਼ਦੂਰ ਜਮਾਤ ਬੇਕਿਰਕ ਹੋ ਕੇ ਦਹਿਸ਼ਤਗਰਦੀ ਦੇ ਖ਼ਿਲਾਫ਼ ਲੜੀ। ਡੈਮੋਕ੍ਰੇਸੀ ਨੂੰ ਵਾਰ ਵਾਰ ਡਾਂਗੋਕ੍ਰੇਸੀ ਨਾਲ ਹੱਕਿਆ ਗਿਆ। ਕੀ ਇਹ ਹੀ ਹੈ ਭਾਰਤੀ ਲੋਕ ਰਾਜ? ਨਿਆਂ ਇਸ ਰਾਜ ਵਿਚ ਅੱਖਾਂ 'ਤੇ ਪੱਟੀ ਬੰਨ੍ਹਕੇ, ਕੰਨਾਂ ਵਿਚ ਰੂੰਅ ਦੇ ਕੇ ਬੈਠਾ ਰਹਿੰਦਾ ਹੈ। ਬੇਦੋਸ਼ਿਆਂ ਨੂੰ ਭੀੜਾਂ ਤੋਂ ਕਤਲ ਕਰਵਾਉਣ ਵਾਲੇ ਗੁੰਡੇ ਸਰਕਾਰੀ ਸੁਰੱਖਿਆ ਦਾ ਨਿੱਘ ਮਾਣਦੇ ਹਨ। ਉੱਚੇ ਅਹੁਦਿਆਂ 'ਤੇ ਬੈਠ ਕੇ ਰਾਜ-ਭਾਗ ਚਲਾਉਂਦੇ ਹਨ। ਸਰਕਾਰਾਂ ਕਮਿਸ਼ਨ ਦਰ ਕਮਿਸ਼ਨ ਕਾਇਮ ਕਰਕੇ ਲੋਕਾਂ ਨੂੰ ਮੂਰਖ ਬਣਾਉਣ ਦਾ ਕੰਮ ਕਰਦੀਆਂ ਹਨ। ਜਿੱਥੇ ਇਨਸਾਫ ਨਾ ਮਿਲਦਾ ਹੋਵੇ ਉਹਨੂੰ ਕਾਨੂੰਨ ਦਾ ਰਾਜ ਜਾਂ ਲੋਕ ਰਾਜ ਕਹਿਣਾ ਕਿੰਨਾ ਕੁ ਠੀਕ ਹੋ ਸਕਦਾ ਹੈ? ਸਿਆਸਤ ਹੁਣ ਸੇਵਾ ਨਹੀਂ ਧੰਦਾ ਬਣ ਗਈ ਹੈ, ਦੱਲੇ ਇਸ ਦੀ ਕਮਾਈ ਖਾ ਰਹੇ ਹਨ।

ਅੱਜ ਵਿਸ਼ਵੀਕਰਨ ਦਾ ਬਹੁਤ ਖੌਰੂ ਪੈ ਰਿਹਾ ਹੈ। ਮੀਡੀਆ 'ਤੇ ਬਹੁਕੌਮੀ ਕੰਪਨੀਆਂ ਦੇ ਕਬਜ਼ੇ ਹਨ ਜਾਂ ਵੱਡਾ ਪ੍ਰਭਾਵ ਹੈ। ਇਸ ਕਰਕੇ ਹੀ ਗਲੀ-ਸੜੀ ਅਤੇ ਬੌਨੀ ਸੋਚ ਦੇ ਸਾਧਾਰਨ ਜਹੇ ਵਿਅਕਤੀਆਂ ਨੂੰ ਪ੍ਰਭਾਵਸ਼ਾਲੀ ਬਣਾਉਣ ਵਿਚ ਲੱਗੇ ਹੋਏ ਹਨ। ਮੀਡੀਆ ਸੋਨੇ ਦੇ ਨਾਂ ਹੇਠ ਕੂੜਾ ਵੇਚ ਰਿਹਾ ਹੈ। ਇਸ ਪਾਸੇ ਹਰ ਜਾਗ੍ਰਿਤ ਵਿਅਕਤੀ ਨੂੰ ਸੁਚੇਤ ਹੋਣ ਦੀ ਲੋੜ ਹੈ। ਹਰ ਚੰਗੀ ਤੇ ਮਨੁੱਖਵਾਦੀ ਸੋਚ ਨੂੰ ਜਾਂ ਤਾਂ ਅਣਗੌਲਿਆ ਜਾ ਰਿਹਾ ਹੈ ਜਾਂ ਫੇਰ ਨਕਾਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਤੋਂ ਬਚਣ ਲਈ ਸਰਗਰਮੀ ਭਰਿਆ ਦਖ਼ਲ ਬਹੁਤ ਜ਼ਰੂਰੀ ਹੈ। ਇਸ ਨਕਲੀ ਵਿਸ਼ਵੀਕਰਨ ਦੇ ਝੂਠੇ ਵਣਜਾਰੇ ਸੰਸਾਰ ਦੇ ਇਕ ਪਿੰਡ ਬਣ ਜਾਣ ਦੀ ਦੁਹਾਈ ਦੇ ਕੇ ਸਾਰੇ ਪਿੰਡ ਨੂੰ ਹੀ ਲੁੱਟਣ 'ਤੇ ਲੱਗੇ ਹੋਏ ਹਨ। ਮਨੁੱਖੀ ਸਾਂਝਾ ਨੂੰ ਪਿਛਾਂਹ ਧੱਕਦਿਆ ਮਨੁੱਖ ਨੂੰ ਸਮਾਜ ਨਾਲੋਂ ਤੋੜਨ ਵਿਚ ਲੱਗੇ ਹੋਏ ਹਨ। ਸਾਡੇ ਅਮੀਰ ਵਿਰਸੇ ਵਿਚ "ਸਭੈ ਸਾਂਝੀਵਾਲ...." ਦਾ ਹੋਕਾ ਮਿਲਦਾ ਹੈ ਅਤੇ 'ਬੇਗਮਪੁਰੇ ਦੀ ਸਿਰਜਣਾ' ਦਾ ਸਿਧਾਂਤ ਬਰਾਬਰੀ ਅਤੇ ਦੀਨ ਦੁਖੀ ਨਾਲ ਖੜ੍ਹੇ ਹੋਣ ਦੇ ਬੋਲ ਉੱਚੇ ਕਰਦਾ ਹੈ। ਕਿਉਂ ਵਿਸਾਰੀਏ ਅਸੀਂ ਇਹੋ ਜਹੇ ਮਨੁੱਖਵਾਦੀ ਸਿਧਾਂਤ? ਇਹਨੂੰ ਅਮਲ ਵਿਚ ਲਿਆਉਣ ਲਈ ਕਦਮ ਅੱਗੇ ਤੁਰਨੇ ਚਾਹੀਦੇ ਹਨ, ਸਾਂਝਾਂ ਪੈਦਾ ਕਰਦਿਆਂ ਇਨ੍ਹਾਂ ਨੂੰ ਤਕੜੇ ਕਰੀਏ।

ਫਿਰਕਾਪ੍ਰਸਤੀ ਅਤੇ ਰੂੜੀਵਾਦੀ ਸੋਚ ਨੂੰ ਪ੍ਰਣਾਏ ਕਈ ਮੱਕਾਰ ਸਿਆਸਤਦਾਨ ਜਾਂ ਉਨ੍ਹਾਂ ਦੇ ਹਮਾਇਤੀ ਧਰਮ ਦੇ ਰਾਜ ਦੀਆਂ ਵੀ ਦੁਹਾਈਆਂ ਪਾਉਂਦੇ ਦੇਖੇ ਜਾ ਸਕਦੇ ਹਨ। ਧਰਮ ਦਾ ਨਾਂ ਤਾਂ ਖੁਮੈਨੀ ਤੇ ਜਿਆ ਵਰਗਿਆਂ ਨੇ ਵੀ ਬੜਾ ਜਪਿਆ ਸੀ, ਕੀ ਨਿਕਲਿਆ ਉਹਦੇ ਵਿਚੋਂ, ਅਜਿਹੀ ਸੋਚ ਵਿਚੋਂ ਸਿਰਫ਼ ਕੁਚੱਜ ਜੰਮਦੇ ਹਨ, ਜੋ ਨੰਗੇ ਚਿੱਟੇ ਮਿਹਨਤਕਸ਼ਾਂ ਦੇ ਦੁਸ਼ਮਣ ਹੁੰਦੇ ਹਨ। ਕੀ ਉਨ੍ਹਾਂ ਦੇ ਰਾਜ ਧਰਮੀ ਰਾਜ ਕਹੇ ਜਾ ਸਕਦੇ ਹਨ? ਹਰ ਕਿਸਮ ਦੀ ਫਿਰਕਾਪ੍ਰਸਤੀ ਫਾਸ਼ੀਵਾਦ ਨੂੰ ਜਨਮ ਦੇਣ ਦਾ ਕਾਰਨ ਬਣਦੀ ਹੈ। ਫਾਸ਼ੀਵਾਦ ਲੋਕਾਂ ਦਾ ਦੁਸ਼ਮਣ ਹੁੰਦਾ ਹੈ। ਹਰ ਕਿਸਮ ਦੇ ਫਿਕਾਪ੍ਰਸਤਾਂ ਦੇ ਖਿਲਾਫ਼ ਘੋਲ ਜਮਾਤੀ ਸੂਝ ਨਾਲ ਪ੍ਰਪੱਕ ਹੋ ਕੇ ਹੀ ਲੜਿਆ ਜਾ ਸਕਦਾ ਹੈ। ਕਿਰਤੀਆਂ ਦੇ ਸਾਂਝੇ ਸੰਘਰਸ਼ ਹੀ ਸਮਾਜ ਨੂੰ ਅੱਗੇ ਵੱਲ ਤੋਰ ਸਕਦੇ ਹਨ। ਅਜਿਹੀ ਸਥਿਤੀ ਵਿਚ ਬੁੱਧੀਜੀਵੀਆਂ ਦੀ ਜ਼ਿੰਮੇਵਾਰੀ ਬਹੁਤ ਵਧ ਜਾਂਦੀ ਹੈ ਕਿ ਉਹ ਹਾਲਤਾਂ ਨੂੰ ਭਾਪਦਿਆਂ, ਉਨ੍ਹਾਂ ਬਾਰੇ ਠੀਕ ਨਿਰਣੇ ਕਰਨ ਅਤੇ ਆਪਣੇ ਲੋਕਾਂ ਨੂੰ ਸਹੀ ਸੇਧ ਦੇਣ। ਭਰੱਪਣ ਭਰੇ ਸਮਾਜ ਦੀ ਕਾਇਮੀ ਵੱਲ ਸਾਂਝੀ ਯਲਗਾਰ ਹੀ ਪਹਿਲੀ ਮਈ ਦਾ ਸੁਨੇਹਾ ਹੈ। ਕਿਰਤੀਆਂ ਖ਼ਾਤਰ ਜਾਨਾਂ ਵਾਰ ਗਏ ਸ਼ਹੀਦਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਵਲੋਂ ਸ਼ੁਰੂ ਕੀਤੇ ਕਾਜ਼ ਨੂੰ ਪ੍ਰਣਾਮ ਕਰਦਿਆਂ ਉਸ ਸੋਚ ਦਾ ਹਿੱਸਾ ਬਣਨਾ ਸਾਡਾ ਫਰਜ਼ ਹੋਣਾ ਚਾਹੀਦਾ ਹੈ। ਇਹ ਹੀ ਪਹਿਲੀ ਮਈ ਦੀ ਭਾਵਨਾ ਹੈ।

# ਮਾਰਕਸ ਦਾ ਯੁਗ ਜਾਰੀ ਹੈ

# ਦੁਨੀਆ ਨੂੰ ਬਦਲਣ ਲਈ ਸੰਘਰਸ਼ ਦਾ ਸੰਕਲਪ

ਸੂਰਜ ਪਾਲੀਵਾਲ

ਮਾਰਕਸ ਆਪਣੇ ਵਿਚਾਰ ਉਪਰ ਦ੍ਰਿੜ੍ਹ ਰਹਿਣ ਵਾਲੇ ਸੰਘਰਸ਼ੀਲ ਵਿਅਕਤੀਤਵ ਦੇ ਮਾਲਕ ਸਨ। ਇਕ ਯਹੂਦੀ ਅਤੇ ਫਿਰ ਪ੍ਰੋਟੈਸਟੈਂਟ ਧਰਮ ਅਪਣਾ ਲੈਣ ਵਾਲੇ ਵਕੀਲ ਦੇ ਘਰ ਜਨਮ ਲੈਣ ਵਾਲੇ ਮਾਰਕਸ ਜਦੋਂ ਪੀ.ਐਚ.ਡੀ ਲਈ ਰਜਿਸਟਰਡ ਹੋਏ, ਉਦੋਂ ਹੀਗਲ ਦਾ ਆਦਰਸ਼ਵਾਦੀ ਦਰਸ਼ਨ ਜਰਮਨ ਵਿਚ ਸਿਖ਼ਰ 'ਤੇ ਸੀ। ਉਚ ਸਿੱਖਿਆ ਸੰਸਥਾਵਾਂ ਵਿਚ ਅਧਿਐਨ ਕਰਨ ਵਾਲੀ ਨਵੀਂ ਪੀੜ੍ਹੀ ਨੂੰ ਇਹ ਅਨੀਸ਼ਵਰਵਾਦੀ ਦਰਸ਼ਨ ਬਹੁਤ ਜ਼ਿਆਦਾ ਪ੍ਰਭਾਵਿਤ ਕਰ ਰਿਹਾ ਸੀ। ਸਬੱਬ ਨਾਲ ਜੋ ਵਿਸ਼ਾ ਪੀ.ਐਚ.ਡੀ ਲਈ ਚੁਣਿਆ, ਉਹ 'ਐਪੀਕ੍ਰਿਉਸ ਅਤੇ ਦੇਮੋਕਰਿਤਸ ਦੇ ਪ੍ਰਕਿਰਤੀ ਦਰਸ਼ਨਾਂ ਦਾ ਅੰਤਰ ਸੀ।' ਐਪੀਕ੍ਰਿਉਸ ਅਤੇ ਦੇਮੋਕਰਿਤਸ ਪ੍ਰਾਚੀਨ ਭੌਤਿਕਵਾਦੀ ਨਾਸਤਕ ਦਾਰਸ਼ਨਿਕ ਸਨ। ਮਾਰਕਸ ਦੇ ਪੂਰੇ ਜੀਵਨ ਉਪਰ ਭੌਤਿਕਵਾਦੀ ਨਾਸਤਕਤਾ ਹਾਵੀ ਹੋ ਗਈ ਸੀ ਅਤੇ ਉਹ ਚੀਜ਼ਾਂ ਨੂੰ ਆਪਣੀ ਹੀ ਤਰ੍ਹਾਂ ਨਾਲ ਦੇਖ ਰਹੇ ਸਨ। ਕਿਹਾ ਜਾਂਦਾ ਹੈ ਕਿ ਪ੍ਰਸਥਿਤੀਆਂ ਮਨੁੱਖ ਨੂੰ ਬਦਲਦੀਆਂ ਹਨ ਅਤੇ ਉਹ ਹੀ ਮਨੁੱਖ ਦੇ ਭਾਵੀ ਜੀਵਨ ਦਾ ਰਾਹ ਤੈਅ ਕਰਦੀਆਂ ਹਨ। ਮਾਰਕਸ ਦਾ ਰਾਹ ਇਥੋਂ ਤੈਅ ਹੋ ਗਿਆ ਸੀ। ਲੈਨਿਨ ਨੇ ਲਿਖਿਆ ਹੈ, "ਵਿਸ਼ਵ ਵਿਦਿਆਲੇ ਤੋਂ ਡਿਗਰੀ ਲੈਣ ਤੋਂ ਬਾਅਦ ਮਾਰਕਸ ਪ੍ਰੋਫੈਸਰ ਬਣਨ ਦੀ ਉਮੀਦ ਨਾਲ ਬੋਨ ਚਲੇ ਗਏ। ਪਰ ਸਰਕਾਰ ਦੀ ਪ੍ਰਤੀਕਿਰਿਆਵਾਦੀ ਨੀਤੀ ਨੇ, ਜਿਸ ਦੇ ਫਲਸਰੂਪ 1832 ਵਿਚ ਉਸ ਦੇ ਵਿਸ਼ਵ ਵਿਦਿਆਲੇ ਵਿਚ ਆਉਣ ਤੋਂ ਰੋਕ ਲਗਾਈ ਗਈ ਸੀ ਅਤੇ 1841 ਵਿਚ ਨੌਜਵਾਨ ਪ੍ਰੋਫੈਸਰ ਬਰੂਨੋ ਬਾਵੇਰ ਨੂੰ ਬੋਨ ਵਿਚ ਅਧਿਆਪਨ ਕਾਰਜ ਕਰਨ ਤੋਂ ਰੋਕਿਆ ਗਿਆ ਸੀ, ਮਾਰਕਸ ਨੂੰ ਅਧਿਆਪਨ ਕਿੱਤੇ ਦਾ ਵਿਚਾਰ ਤਿਆਗਣ ਲਈ ਮਜਬੂਰ ਕਰ ਦਿੱਤਾ। ਉਸ ਸਮੇਂ ਜਰਮਨੀ ਵਿਚ ਖੱਬੇਪੱਖੀ ਹੀਗਲਵਾਦ ਦੇ ਵਿਚਾਰ ਜ਼ੋਰ ਫੜ ਰਹੇ ਸਨ। ਲੁਦਵਿਗ ਫਾਇਰਬਾਖ਼ ਵਿਸ਼ੇਸ਼ ਰੂਪ ਵਿਚ 1836 ਤੋਂ ਬਾਅਦ ਧਰਮ ਦਰਸ਼ਨ ਦੀ ਆਲੋਚਨਾ ਕਰਨ ਲੱਗੇ ਸਨ ਅਤੇ ਭੌਤਿਕਵਾਦ ਵੱਲ ਰੁਖ਼ ਕਰ ਰਹੇ ਸਨ। 1841 ਤੱਕ ਉਨ੍ਹਾਂ ਦੇ ਵਿਚਾਰਾਂ ਵਿਚ ਭੌਤਿਕਵਾਦ ਦੀ ਪ੍ਰਧਾਨਤਾ ਹੋ ਗਈ ਸੀ। 1843 ਵਿਚ ਉਨ੍ਹਾਂ ਦੀ ਪੁਸਤਕ 'ਭਾਵੀ ਦਰਸ਼ਨ ਦੇ ਮੂਲ ਸਿਧਾਂਤ' ਪ੍ਰਕਾਸ਼ਤ ਹੋਈ। ਫਾਇਰਬਾਖ਼ ਦੀਆਂ ਇਨ੍ਹਾਂ ਕ੍ਰਿਤਾਂ ਬਾਰੇ ਏਂਜਲਜ਼ ਨੇ ਬਾਅਦ ਵਿਚ ਲਿਖਿਆ ਸੀ, ਇਹ ਤਾਂ ਅਨੁਭਵ ਕਰਨ ਦੀ ਵਸਤੂ ਸੀ। ਅਸੀਂ ਤੁਰੰਤ ਫਾਇਰਬਾਖ਼ ਦੇ ਅਨੁਆਈ ਹੋ ਗਏ।' ਫਾਇਰਬਾਖ਼ ਦੇ ਅਨੁਆਈ ਹੋਣ ਦਾ ਅਰਥ ਉਸ ਸੁਤੰਤਰਤਾ ਦੀ ਧਾਰਾ ਨਾਲ ਜੁੜ ਗਏ, ਜੋ ਇਤਿਹਾਸ ਅਤੇ ਸਮਾਜ ਨੂੰ ਤਰਕ ਦੇ ਆਧਾਰ 'ਤੇ ਵਿਸ਼ਲੇਸ਼ਿਤ ਕਰ ਰਹੀ ਸੀ। ਮਾਰਕਸ ਉਸ ਸਮੇਂ ਕੇਵਲ ਤੇਈ ਵਰ੍ਹਿਆਂ ਦੇ ਸਨ। ਤੇਈ ਵਰ੍ਹਿਆਂ ਦੇ ਨੌਜਵਾਨ ਦੇ ਮਨ ਵਿਚ ਜੋ ਅਕਾਂਖਿਆਵਾਂ ਸਨ, ਉਹ ਮਾਰਕਸ ਦੇ ਮਨ ਵਿਚ ਵੀ ਸਨ ਕਿ ਉਹ ਅਧਿਆਪਨ ਕਾਰਜ ਕਰੇ ਤਾਂ ਕਿ ਅਜਿਹੀ ਨਵੀਂ ਪੀੜ੍ਹੀ ਜਰਮਨ ਵਿਚ ਵਧੇ-ਫੁੱਲੇ, ਜੋ ਤਰਕਸ਼ੀਲ ਹੋਵੇ ਅਤੇ ਕੁਰੀਤੀਆਂ ਨੂੰ ਨਫ਼ਰਤ ਕਰਦੀ ਹੋਵੇ। ਪਰ ਇਸੇ ਸਮੇਂ ਫਾਇਰਬਾਖ਼ ਅਤੇ ਬਰੂਨੋ ਬਾਵੇਰ ਦੇ ਉਦਾਹਰਣਾਂ ਤੋਂ ਇਹ ਸਪਸ਼ਟ ਹੋ ਗਿਆ ਸੀ ਕਿ ਪ੍ਰਤੀਕਿਰਿਆਵਾਦੀ ਸ਼ਕਤੀਆਂ ਜਰਮਨ ਵਿਚ ਪੂਰੀ ਤਾਕਤ ਨਾਲ ਨਵੇਂ ਵਿਚਾਰਾਂ ਦੇ ਵਿਰੋਧ ਵਿਚ ਖੜ੍ਹੀਆਂ ਹਨ ਅਤੇ ਮਾਰਕਸ ਵਰਗੇ ਕ੍ਰਾਂਤੀਕਾਰੀ ਨੌਜਵਾਨ ਲਈ ਵਿਸ਼ਵ ਵਿਦਿਆਲੇ ਵਿਚ ਜਗ੍ਹਾ ਪਾਉਣਾ ਸੰਭਵ ਨਹੀਂ। ਮਾਰਕਸ ਨੇ ਇਨ੍ਹਾਂ ਪ੍ਰਸਥਿਤੀਆਂ ਵਿਚ ਅਧਿਆਪਨ ਦਾ ਵਿਚਾਰ ਛੱਡ ਕੇ ਪੱਤਰਕਾਰਤਾ ਦਾ ਰਾਹ ਚੁਣਿਆ। ਉਹ ਬੋਨ ਤੋਂ ਕੋਲੋਨ ਆ ਗਏ ਅਤੇ 1 ਜਨਵਰੀ, 1842 ਤੋਂ 'ਰਾਇਨੀ' ਅਖ਼ਬਾਰ ਨਾਲ ਜੁੜ ਗਏ। ਉਨ੍ਹਾਂ ਦੀ ਵਿਚਾਰਕ ਸਮਰਥਾ ਅਤੇ ਵਿਸ਼ਲੇਸ਼ਣ ਵਿਧੀ ਦੀ ਗਹਿਰਾਈ ਤੋਂ ਪ੍ਰਭਾਵਤ ਹੋ ਕੇ ਪ੍ਰਕਾਸ਼ਕਾਂ ਨੇ ਉਨ੍ਹਾਂ ਨੂੰ 1 ਅਕਤੂਬਰ 1842 ਵਿਚ ਮੁੱਖ ਸੰਪਾਦਕ ਬਣਾ ਦਿੱਤਾ। ਜ਼ਾਹਿਰ ਹੈ ਕਿ ਅਖ਼ਬਾਰ ਨਿਰੰਤਰ ਕ੍ਰਾਂਤੀਕਾਰੀ ਹੁੰਦਾ ਚਲਿਆ ਗਿਆ, ਸਰਕਾਰ ਦੀਆਂ ਪਾਬੰਦੀਆਂ ਵੀ ਉਸੇ ਅਨੁਪਾਤ ਵਿਚ ਵਧਦੀਆਂ ਚਲੀਆਂ ਗਈਆਂ। ਸਿੱਟੇ ਵਜੋਂ 1 ਜਨਵਰੀ, 1843 ਨੂੰ ਉਸ ਨੂੰ ਬੰਦ ਕਰਨ ਦਾ ਨਿਰਣਾ ਲੈਣਾ ਪਿਆ।

ਮਾਰਕਸ ਦੇ ਜੀਵਨ ਦਾ ਇਹ ਨਿਰਣਾਇਕ ਮੋੜ ਸੀ। ਅਧਿਆਪਨ ਦੀਆਂ ਸੰਭਾਵਨਾਵਾਂ ਖ਼ਤਮ ਹੋ ਚੁੱਕੀਆਂ ਸਨ। ਹੁਣ ਬਚੀਆਂ-ਖੁਚੀਆਂ ਪੱਤਰਕਾਰਤਾ ਦੀਆਂ ਸੰਭਾਵਨਾਵਾਂ 'ਤੇ ਵੀ ਸਰਕਾਰੀ ਸੈਂਸਰਸ਼ਿਪ ਨੇ ਕੁਹਾੜਾ ਚਲਾ ਦਿੱਤਾ ਸੀ। ਮਾਰਕਸ 25 ਵਰ੍ਹਿਆਂ ਦੇ ਹੋ ਗਏ ਸਨ। ਮਨ ਵਿਚ ਕੁਝ ਨਵਾਂ ਕਰਨ ਦਾ ਹੁਲਾਸ ਹੁਲਾਰੇ ਲੈ ਰਿਹਾ ਸੀ, ਪਰ ਉਸ ਲਈ ਮੌਕੇ ਨਹੀਂ ਮਿਲ ਰਹੇ ਸਨ। ਇਸੇ ਸਮੇਂ ਮਾਰਕਸ ਨੇ ਆਪਣੀ ਪੁਰਾਣੀ ਮਿੱਤਰ ਜੇਨੀ ਫਾਨ ਵੇਸਟਫਾਲੇਨ ਨਾਲ ਵਿਆਹ ਕਰਨ ਦਾ ਨਿਸ਼ਚਾ ਕੀਤਾ, ਜੋ ਉਸ ਦੇ ਜੱਦੀ ਪ੍ਰਾਂਤ ਪ੍ਰਸ਼ਾ ਦੇ ਗ੍ਰਹਿ ਮੰਤਰੀ ਦੀ ਭੈਣ ਸੀ ਅਤੇ ਇਕ ਪ੍ਰਤੀਕਿਰਿਆਵਾਦੀ ਕੁਲੀਨ ਪਰਿਵਾਰ ਦੀ ਮੈਂਬਰ ਸੀ। ਕਿਹਾ ਜਾਂਦਾ ਹੈ ਕਿ ਜੇਨੀ ਜਰਮਨ ਦੀਆਂ ਸਭ ਤੋਂ ਸੁੰਦਰ ਔਰਤਾਂ ਵਿਚੋਂ ਇਕ ਸੀ। ਅਜਿਹੀ ਸੁੰਦਰ ਅਤੇ ਕੁਲੀਨ ਪਰਿਵਾਰ ਦੀ ਜੇਨੀ ਨਾਲ ਵਿਆਹ ਕਰਨ ਤੋਂ ਬਾਅਦ ਮਾਰਕਸ ਨੇ ਨਾ ਤਾਂ ਪਿੱਛੇ ਮੁੜ ਕੇ ਦੇਖਿਆ ਅਤੇ ਨਾ ਹੀ ਵਿਆਹ ਪਿੱਛੋਂ ਦੀਆਂ ਰੰਗੀਨੀਆਂ ਵਿਚ ਗੁਆਚੇ, ਬਲਕਿ 1843 ਦੀ ਸਿਆਲ ਰੁੱਤ ਵਿਚ ਉਹ ਇਕ ਖਾੜਕੂ ਪੱਤਰਿਕਾ 'ਜਰਮਨ-ਫਰਾਂਸੀਸੀ ਵਾਰਸਿਕ ਪੱਤਰਿਕਾ' ਕੱਢਣ ਦੇ ਉਦੇਸ਼ ਨਾਲ ਪੈਰਿਸ ਗਏ। ਉਨ੍ਹਾਂ ਨਾਲ ਅਰਨਾਲਡ ਰੂਗੇ ਸਨ, ਜੋ ਖੱਬੇਪੱਖੀ ਹੀਗਲਵਾਦੀ ਸਨ ਅਤੇ ਬਾਅਦ ਦੇ ਦਿਨਾਂ ਵਿਚ ਬਿਸਮਾਰਕ ਦੇ ਅਨੁਆਈ ਹੋ ਗਏ ਸਨ। ਜਰਮਨੀ ਵਿਚ ਗੁਪਤ ਵਿਤਰਣ ਦੀ ਵਿਵਸਥਾ ਨਾ ਹੋਣ ਕਾਰਨ ਇਹ ਪੱਤਰਿਕਾ ਇਕ ਅੰਕ ਤੋਂ ਬਾਅਦ ਬੰਦ ਹੋ ਗਈ। ਇਸ ਸਮੇਂ ਫਰਾਂਸ ਦੀ ਸਰਕਾਰ ਨੇ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਅਤੇ ਉਹ ਪੈਰਿਸ ਜਾ ਕੇ ਰਹਿਣ ਲੱਗੇ। ਕੁਝ ਲੋਕਾਂ ਨੂੰ ਪੜ੍ਹਕੇ ਇਹ ਭੁਲੇਖਾ ਲੱਗ ਸਕਦਾ ਹੈ ਕਿ ਸਰਕਾਰ ਦੁਆਰਾ ਜੇਨੀ ਨਾਲ ਪ੍ਰੇਮ ਵਿਆਹ ਕਰਵਾਉਣ ਦੇ ਕਾਰਨ ਉਨ੍ਹਾਂ ਨੂੰ ਦੇਸ਼ ਨਿਕਾਲਾ ਹੋ ਗਿਆ ਹੋਵੇਗਾ ਕਿਉਂਕਿ ਜੇਨੀ ਦਾ ਭਰਾ ਗ੍ਰਹਿ ਮੰਤਰੀ ਸੀ, ਪਰ ਸੱਚਾਈ ਇਹ ਨਹੀਂ ਸੀ। ਮਾਰਕਸ ਤੇ ਜੇਨੀ ਦੀ ਮੰਗਣੀ ਵਿਆਹ ਤੋਂ ਲਗਪਗ 7 ਸਾਲ ਪਹਿਲਾਂ ਹੋ ਚੁੱਕੀ ਸੀ। ਵਿਆਹ ਤੋਂ ਮਗਰੋਂ ਉਮੀਦ ਕੀਤੀ ਜਾਂਦੀ ਸੀ ਕਿ ਜੇਨੀ ਦਾ ਭਰਾ ਉਸ ਨੂੰ ਜਲਾਵਤਨੀ ਦਾ ਜੀਵਨ ਬਤੀਤ ਕਰਨ ਲਈ ਮਜਬੂਰ ਨਹੀਂ ਕਰੇਗਾ, ਪਰ ਵਿਚਾਰਾਂ ਦੀ ਲੜਾਈ ਵਿਚ ਅਜਿਹਾ ਨਹੀਂ ਹੁੰਦਾ। ਹਾਂ, ਇਹ ਕਸ਼ਟਪੂਰਨ ਜ਼ਰੂਰ ਹੈ ਕਿ ਵਿਆਹ ਦੇ ਤੁਰੰਤ ਬਾਅਦ ਪੀੜਾਦਾਇਕ ਜਲਾਵਤਨੀ ਦਾ ਜੀਵਨ ਮਾਰਕਸ ਅਤੇ ਜੇਨੀ ਦੋਵਾਂ ਨੂੰ ਜਿਉਣਾ ਪਿਆ।

1844 ਦੇ ਸਤੰਬਰ ਵਿਚ ਫਰੈਡਰਿਕ ਏਂਜਲਜ਼ ਕੁਝ ਦਿਨਾਂ ਲਈ ਪੈਰਿਸ ਆਏ। ਉਹ ਪਹਿਲੀ ਵਾਰ ਮਾਰਕਸ ਨੂੰ ਮਿਲੇ, ਪਰ ਦੋਵੇਂ ਇਕ ਦੂਜੇ ਦੀ ਵਿਚਾਰਕਤਾ ਤੋਂ ਜਾਣੂ ਸਨ। ਇਸ ਲਈ ਇਹ ਮਿਲਣੀ ਬਹੁਤ ਉਤਸ਼ਾਹਪੂਰਨ ਸੀ। ਪੈਰਿਸ ਵਿਚ ਉਨ੍ਹੀਂ ਦਿਨੀਂ ਪਰੂਸੋ ਦਰਸ਼ਨ ਦਾ ਜ਼ਿਆਦਾ ਪ੍ਰਭਾਵ ਸੀ। ਮਾਰਕਸ ਨੇ ਇਨ੍ਹਾਂ ਦੀ ਪੁਸਤਕ 'ਕੰਗਾਲੀ ਦਾ ਦਰਸ਼ਨ' ਦਾ ਉਤਰ ਦਿੰਦੇ ਹੋਏ ਜਾਂ ਉਸ ਨੂੰ ਠੀਕ ਕਰਦੇ ਹੋਏ 1847 ਵਿਚ 'ਦਰਸ਼ਨ ਦੀ ਕੰਗਾਲੀ' ਪੁਸਤਕ ਲਿਖੀ, ਜੋ ਉਨ੍ਹੀਂ ਦਿਨੀਂ ਵਿਸ਼ੇਸ਼ ਚਰਚਾ 'ਚ ਰਹੀ। ਮਾਰਕਸ ਨੇ ਜਰਮਨ ਦੇ ਪ੍ਰਭਾਵਸ਼ਾਲੀ ਦਾਰਸ਼ਨਿਕ ਦੇ ਗਲਤ ਵਿਚਾਰਾਂ ਦੀ ਆਲੋਚਨਾ ਕੀਤੀ ਸੀ। ਇਸ ਲਈ ਉਨ੍ਹਾਂ ਦੀ ਆਪਣੀ ਆਲੋਚਨਾ ਹੋਈ ਅਤੇ ਦੋਸ਼ ਲੱਗਣੇ ਵੀ ਸੁਭਾਵਕ ਹੀ ਸਨ। ਇਸ ਤੋਂ ਪਹਿਲਾਂ ਮਾਰਕਸ 1845 ਵਿਚ 'ਫਾਇਰਬਾਖ਼' ਉਪਰ ਲੇਖ ਲਿਖ ਕੇ ਆਪਣੇ ਵਿਚਾਰ ਸਪਸ਼ਟ ਕਰ ਚੁੱਕੇ ਸਨ, ਜਿਸ ਦੇ ਸਿੱਟੇ ਵਜੋਂ ਖ਼ਤਰਨਾਕ ਕ੍ਰਾਂਤੀਕਾਰੀ ਕਰਾਰ ਦੇ ਕੇ ਉਨ੍ਹਾਂ ਨੂੰ ਸਰਕਾਰ ਨੇ ਪੈਰਿਸ ਤੋਂ ਕਢਵਾ ਦਿੱਤਾ ਸੀ। ਮਾਰਕਸ ਪੈਰਿਸ ਤੋਂ ਬਰਸਲਜ਼ ਚਲੇ ਗਏ ਸਨ। ਕੋਈ ਵੀ ਸਰਕਾਰ ਚਾਹੇ ਉਹ ਪੂੰਜੀਵਾਦੀ ਹੋਵੇ ਜਾਂ ਉਦਾਰਵਾਦੀ, ਮਾਰਕਸ ਨੂੰ ਸਹਿਣ ਨਹੀਂ ਕਰ ਪਾ ਰਹੀ ਸੀ। ਮਾਰਕਸ ਆਪਣੇ ਵਿਚਾਰਾਂ ਨੂੰ ਲਗਾਤਾਰ ਸਾਣ 'ਤੇ ਲਾ ਰਹੇ ਸਨ। ਘੱਟ ਉਮਰ ਅਤੇ ਵਿਆਹੁਤਾ ਜੀਵਨ ਦੀਆਂ ਲੋੜਾਂ ਆਦਿ ਨੇ ਮਾਰਕਸ ਨੂੰ ਨਾ ਤਾਂ ਨਿਰਾਸ਼ ਕੀਤਾ ਅਤੇ ਨਾ ਆਪਣੇ ਕ੍ਰਾਂਤੀਕਾਰੀ ਵਿਚਾਰਾਂ ਉਪਰ ਪੁਨਰਵਿਚਾਰ ਕਰਨ ਲਈ ਮਜ਼ਬੂਰ ਕੀਤਾ, ਸਗੋਂ ਉਹ ਹੋਰ ਜ਼ਿਆਦਾ ਕ੍ਰਾਂਤੀਕਾਰੀ ਹੁੰਦੇ ਚਲੇ ਗਏ। ਸਰਕਾਰਾਂ ਮਾਰਕਸ ਦੇ ਲੇਖਾਂ, ਟਿਪਣੀਆਂ ਆਦਿ ਤੋਂ ਨਰਾਜ਼ ਹੋ ਕੇ ਮਾਰਕਸ ਨੂੰ ਦੇਸ਼ ਨਿਕਾਲਾ ਦੇ ਰਹੀਆਂ ਸਨ, ਪਰ ਮਾਰਕਸ ਅਡੋਲ ਆਪਣਾ ਕੰਮ ਕਰ ਰਹੇ ਸਨ। ਨਵੰਬਰ 1847 ਦੇ ਬਸੰਤ ਵਿਚ ਮਾਰਕਸ ਅਤੇ ਏਂਜਲਜ਼ ਦੋਵੇਂ ਲੰਡਨ ਵਿਚ 'ਕਮਿਊਨਿਸਟ ਲੀਗ' ਦੀ ਕਨਵੈਂਸ਼ਨ ਵਿਚ ਗਏ। ਉਥੇ ਮਾਰਕਸ ਨੇ ਪਹਿਲੀ ਵਾਰ ਇਤਿਹਾਸਕ ਤੇ ਇਨਕਲਾਬੀ ਨਾਅਰਾ ਦਿੱਤਾ, 'ਦੁਨੀਆ ਭਰ ਦੇ ਮਜ਼ਦੂਰੋ ਇਕ ਹੋ ਜਾਓ'। ਇਹ ਨਾਅਰਾ ਅੱਜ ਵੀ ਕ੍ਰਾਂਤੀਕਾਰੀਆਂ ਲਈ, ਮਜ਼ਦੂਰਾਂ ਲਈ ਅਤੇ ਆਪਣੇ ਅਧਿਕਾਰਾਂ ਲਈ ਲੜਣ ਵਾਲਿਆਂ ਦੇ ਹੱਥਾਂ ਵਿਚ ਕਾਰਗਰ ਹਥਿਆਰ ਹੈ ਅਤੇ ਪੂੰਜੀਪਤੀਆਂ ਦੀ ਨੀਂਦ ਹਰਾਮ ਕਰਨ ਦਾ ਬੜਾ ਤਕੜਾ ਮਾਧਿਅਮ ਹੈ।

1847 ਵਿਚ ਮਾਰਕਸ ਦੀ ਵਿਚਾਰਧਾਰਕ ਪਕਿਆਈ ਨੂੰ ਪਰਖਦੇ ਹੋਏ ਕਮਿਊਨਿਸਟ ਲੀਗ ਨੇ 'ਕਮਿਊਨਿਸਟ ਪਾਰਟੀ ਦਾ ਐਲਾਨ ਪੱਤਰ ਲਿਖਣ ਲਈ ਉਨ੍ਹਾਂ ਨੂੰ ਕਿਹਾ, ਜਿਸ ਨੂੰ ਨਾ ਕੇਵਲ ਉਨ੍ਹਾਂ ਨੇ ਸਵੀਕਾਰ ਕੀਤਾ ਸਗੋਂ ਬਹੁਤ ਘੱਟ ਸਮੇਂ ਵਿਚ ਲਿਖ ਕੇ ਵੀ ਦੇ ਦਿੱਤਾ, ਜਿਸ ਦਾ ਪ੍ਰਕਾਸ਼ਨ ਫਰਵਰੀ 1848 ਵਿਚ ਹੋਇਆ। ਲੈਨਿਨ ਨੇ ਮਾਰਕਸ ਦੀ ਇਸ ਅਦਭੁਤ ਰਚਨਾ ਬਾਰੇ ਕਿਹਾ ਹੈ ਕਿ, "ਇਸ ਵਿਚ ਪ੍ਰਤਿਭਾਪੂਰਨ ਸਪਸ਼ਟਤਾ ਅਤੇ ਭਾਵਨਾਤਮਕਤਾ ਦੇ ਨਾਲ-ਨਾਲ ਇਕ ਨਵਾਂ ਵਿਸ਼ਵ ਦ੍ਰਿਸ਼ਟੀਕੋਣ-ਸੁਸੰਗਤ ਭੌਤਿਕਵਾਦ ਜਿਸ ਦਾ ਪ੍ਰਸਾਰ ਸਮਾਜਿਕ ਜੀਵਨ ਤੱਕ ਹੋਇਆ ਹੈ, ਵਿਕਾਸ ਦੇ ਸਰਬ ਵਿਆਪਕ ਅਤੇ ਗਹਿਰੇ ਸਿਧਾਂਤ ਦੇ ਰੂਪ ਵਿਚ ਦਵੰਦਵਾਦ, ਵਰਗ ਸੰਘਰਸ਼ ਦਾ ਸਿਧਾਂਤ ਅਤੇ ਇਕ ਨਵੇਂ ਕਮਿਊਨਿਸਟ ਸਮਾਜ ਦੇ ਸਿਰਜਕ, ਮਜ਼ਦੂਰ ਵਰਗ ਦੀ ਵਿਸ਼ਵ ਇਤਿਹਾਸਕ ਕ੍ਰਾਂਤੀਕਾਰੀ ਭੂਮਿਕਾ ਨੂੰ ਪੇਸ਼ ਕੀਤਾ ਗਿਆ ਹੈ, ਜਿਸ ਦੇ ਇਕ-ਇਕ ਸ਼ਬਦ 'ਤੇ ਵਿਸ਼ਵਾਸ ਕਰਕੇ ਕਮਿਊਨਿਸਟ ਅੰਦੋਲਨ ਨਿਰੰਤਰ ਅੱਗੇ ਵਧ ਰਿਹਾ ਹੈ। ਕਹਿਣ ਦੀ ਜ਼ਰੂਰਤ ਨਹੀਂ ਕਿ ਇਹ ਐਲਾਨ ਪੱਤਰ ਅੱਜ ਵੀ ਕਮਿਊਨਿਸਟ ਅੰਦੋਲਨ ਦਾ ਇਕਮਾਤਰ ਪ੍ਰੇਰਣਾਸ੍ਰੋਤ ਹੈ। ਇਥੇ ਇਹ ਦੱਸਣ ਦੀ ਵੀ ਜ਼ਰੂਰਤ ਹੈ ਕਿ ਐਲਾਨ ਪੱਤਰ ਦੀ ਸਪਸ਼ਟਤਾ ਅਤੇ ਵਿਚਾਰਧਾਰਕ ਕ੍ਰਾਂਤੀਕਾਰਤਾ ਤੋਂ ਪ੍ਰਭਾਵਤ ਹੋ ਕੇ ਕਮਿਊਨਿਸਟ ਲੀਗ ਦੇ ਮੈਂਬਰਾਂ ਨੇ ਮਾਰਕਸ ਨੂੰ ਪਿਤਾ ਮਾਰਕਸ ਕਹਿਣਾ ਸ਼ੁਰੂ ਕਰ ਦਿੱਤਾ ਸੀ, ਜਦੋਂ ਕਿ ਉਹ ਕੇਵਲ 30 ਸਾਲ ਦੇ ਨੌਜਵਾਨ ਸਨ।

**ਦੁਨੀਆ ਬਦਲਣ ਦਾ ਵਿਚਾਰ:** ਵਿਚਾਰ ਕਦੇ ਨਹੀਂ ਮਰਦੇ, ਉਨ੍ਹਾਂ ਦੀ ਅਗਨੀ ਕਦੇ-ਕਦੇ ਮੱਧਮ ਜ਼ਰੂਰ ਹੋ ਜਾਂਦੀ ਹੈ। ਮਾਰਕਸ ਨੇ ਜਿਸ ਵਿਚਾਰ ਨੂੰ ਜਨਮ ਦਿੱਤਾ ਸੀ, ਜਿਸ ਵਿਚਾਰ ਨੂੰ ਪਾਲਿਆ ਪੋਸਿਆ ਸੀ ਉਹ ਅੱਜ ਵੀ ਜ਼ਿੰਦਾ ਹੈ। ਇਹ ਵਿਚਾਰ ਸੁਵਿਧਾਵਾਂ ਦੇ ਜਾਲ ਨਹੀਂ ਬੁਣਦਾ ਸਗੋਂ ਸਭ ਨੂੰ ਬਰਾਬਰ ਸੁਵਿਧਾਵਾਂ ਵੰਡਣ ਉਪਰ ਜ਼ੋਰ ਦਿੰਦਾ ਹੈ ਅਤੇ ਅੱਜ ਦਾ ਉੱਤਰ-ਪੂੰਜੀਵਾਦ ਸੁਵਿਧਾਵਾਂ ਨੂੰ ਇਕ ਸਥਾਨ 'ਤੇ ਰੋਕੀ ਰੱਖਣ ਅਤੇ ਪੂੰਜੀ ਦੇ ਇਕ ਜਗ੍ਹਾ ਉਪਰ ਜ਼ਿਆਦਾ ਇੱਕਠੇ ਹੋਣ ਉਪਰ ਜ਼ੋਰ ਦਿੰਦਾ ਹੈ। ਇਸ ਲਈ ਸਾਡੀ ਪੀੜ੍ਹੀ ਬਹਿਕ ਰਹੀ ਹੈ, ਭਰਮ ਵਿਚ ਹੈ ਅਤੇ ਅਲੱਗ-ਥਲੱਗ ਹੋ ਰਹੀ ਹੈ। ਕੇਵਲ ਅਪਣੇ ਲਈ ਸੰਘਰਸ਼ ਨੂੰ ਹੀ ਜੀਵਨ ਦੀ ਸਿਖਰਲੀ ਪ੍ਰਾਪਤੀ ਮੰਨ ਕੇ ਚਲ ਰਹੀ ਹੈ। ਮਾਰਕਸ ਸਭ ਦੀ ਮੁਕਤੀ ਇਕੱਲੇ-ਇਕੱਲੇ ਦੇ ਸੰਘਰਸ਼ ਵਿਚ ਨਹੀਂ ਸਗੋਂ ਸਮੂਹਕ ਸੰਘਰਸ਼ ਵਿਚ ਦੇਖਦੇ ਸਨ। ਨਗਰਾਂ ਅਤੇ ਮਹਾਨਗਰਾਂ ਵਿਚ ਅਲੱਗ-ਥਲੱਗ ਪੈ ਰਹੇ ਆਦਮੀ ਲਈ ਸਮੂਹਕ ਸੰਘਰਸ਼ ਜ਼ਰੂਰੀ ਹੈ, ਜਿਸ ਨਾਲ ਉਹ ਅਪਣਿਆਂ ਦੇ ਵਿਚਕਾਰ ਜਿਉਂਦੇ ਰਹਿਣ ਦੀਆਂ ਸੁਵਿਧਾਵਾਂ ਜੁਟਾ ਸਕੇ।

**ਪ੍ਰਮੋਥੀਅਨਸ ਦੀ ਮਿੱਥ:** ਮਾਰਕਸ ਨੂੰ ਗਰੀਕ ਟ੍ਰੈਜਿਡੀ ਬਹੁਤ ਪਸੰਦ ਸੀ। ਅਪਣੇ ਪੀ.ਐਚ.ਡੀ. ਦੇ ਥੀਸਜ਼ ਦੀ ਭੂਮਿਕਾ ਵਿਚ ਉਨ੍ਹਾਂ ਪ੍ਰਸਿੱਧ ਟ੍ਰੈਜਿਡੀ ਲੇਖਕ ਅਸਕਾਈਲੁਸ ਦੀ ਪ੍ਰਸਿੱਧ ਟ੍ਰੈਜਿਡੀ 'ਪ੍ਰਮੋਥੀਅਸ ਬਾਊਂਡ' ਵਿਚੋਂ ਇਕ ਮਿਸਾਲ ਦਿੱਤੀ ਹੈ। ਇਹ ਉਦਹਾਰਣ ਹੈ- 'ਦੇਵਤਿਆਂ ਦੇ ਪਿਤਾ ਜੇ ਉਸ ਦੰਡ ਦੇ ਫਲਸਰੂਪ ਪ੍ਰਮੋਥੀਅਸ ਨੂੰ ਚੱਟਾਨ ਨਾਲ ਬੰਨ੍ਹ ਦਿੱਤਾ ਗਿਆ ਹੈ। ਹਰਨੇਸ ਨੂੰ ਸਮਝਾਉਣ ਲਈ ਉਸ ਦੇ ਕੋਲ ਭੇਜਿਆ ਗਿਆ ਸੀ ਕਿ ਤੂੰ ਚੱਟਾਨ ਨਾਲ ਬੰਨ੍ਹਿਆ ਹੋਇਆ ਹੈਂ ਤੇ ਗਿਰਝਾਂ ਤੇਰਾ ਸੀਨਾ ਨੋਚ ਰਹੀਆਂ ਹਨ, ਇਸ ਦੰਡ ਤੋਂ ਬਿਹਤਰ ਹੈ ਕਿ ਤੂੰ ਸਮਝੌਤਾ ਕਰ ਲੈ, ਪੁਰਖ਼ਾ ਜੇ ਉਸ ਤੈਨੂੰ ਮੁਆਫ਼ ਕਰ ਦੇਵੇਗਾ।' ਪ੍ਰਮੋਥੀਅਨਸ ਨੇ ਚੱਟਾਨ ਨਾਲ ਬੰਨ੍ਹੀ ਹੋਈ ਅਵਸਥਾ ਵਿਚ ਹਰਨੇਸ ਨੂੰ ਜਵਾਬ ਦਿੱਤਾ, 'ਭਰੋਸਾ ਰੱਖੋ, ਮੈਂ ਅਪਣੀ ਬਦਕਿਸਮਤੀ ਵਾਲੀ ਸਥਿਤੀ ਦੇ ਬਦਲੇ ਤੇਰੀ ਸੇਵਕ ਵਾਲੀ ਸਥਿਤੀ ਕਦੇ ਸਵੀਕਾਰ ਨਹੀਂ ਕਰਾਂਗਾ। ਮੈਂ ਪੁਰਖ਼ੇ ਜੇਉਸ ਦੀ ਤਾਬੇਦਾਰੀ ਕਰਨ ਦੇ ਬਦਲੇ ਇਸ ਚੱਟਾਨ ਦੀ ਚਾਕਰੀ ਕਰਨਾ ਬਿਹਤਰ ਸਮਝਦਾ ਹਾਂ।' ਮਾਰਕਸ ਨੇ ਇਕ ਹੋਰ ਮਿਸਾਲ ਪ੍ਰਮੋਥੀਅਸ ਬਾਊਂਡ ਵਿਚੋਂ ਦਿੱਤੀ ਸੀ; ਜਿਸ ਵਿਚ ਕਿਹਾ ਗਿਆ ਸੀ-'ਸੱਚ ਤਾਂ ਇਹ ਹੈ ਕਿ ਮੈਂ ਸਮੁੱਚੇ ਦੇਵ-ਮੰਡਲ ਨੂੰ ਨਫ਼ਰਤ ਕਰਦਾ ਹਾਂ'- ਇਨ੍ਹਾਂ ਉਦਹਾਰਣਾਂ ਤੋਂ ਤੇਈ ਵਰ੍ਹਿਆਂ ਦੇ ਮਾਰਕਸ ਦਾ ਨਜ਼ਰੀਆ ਭਲੀ-ਭਾਂਤ ਸਪਸ਼ਟ ਹੋ ਜਾਂਦਾ ਹੈ।

**ਪਿਤਾ ਮਾਰਕਸ ਦੀ ਸਮੱਰਥਾ:** ਮਾਰਕਸ ਉਨ੍ਹਾਂ ਸਾਰਿਆਂ ਦੇ ਪਿਤਾ ਹਨ ਜੋ ਦੁਨੀਆ ਨੂੰ ਬਦਲਣ ਲਈ ਪ੍ਰਤੀਬੱਧ ਹਨ। ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ ਲਿਖਦੇ ਹੋਏ ਮਾਰਕਸ ਨੇ ਅਪਣੇ ਵਿਸ਼ਵਾਸਾਂ ਨੂੰ ਸਪਸ਼ਟ ਕੀਤਾ ਹੈ ਕਿ- 'ਯੂਰਪ ਨੂੰ ਇਕ ਭੂਤ ਦਹਿਸ਼ਤਜ਼ਦਾ ਕਰ ਰਿਹਾ ਹੈ – ਕਮਿਊਨਿਜ਼ਮ ਦਾ ਭੂਤ। ਇਸ ਭੂਤ ਨੂੰ ਭਜਾਉਣ ਲਈ ਪੋਪ ਅਤੇ ਜ਼ਾਰ, ਮੇਟਰਨਿਖ ਅਤੇ ਗੀਜ਼ੋ, ਫਰਾਂਸੀਸੀ ਅੱਤਵਾਦੀ ਤੇ ਜਰਮਨ ਖ਼ੁਫ਼ੀਆ ਪੁਲਿਸ ਬੁੱਢੇ ਯੂਰਪ ਦੀਆਂ ਸਾਰੀਆਂ ਸ਼ਕਤੀਆਂ ਨੇ ਗੱਠਜੋੜ ਬਣਾ ਲਿਆ ਹੈ। ਕਿਹੜੀ ਅਜਿਹੀ ਵਿਰੋਧੀ ਪਾਰਟੀ ਹੈ ਜਿਸ ਨੂੰ ਉਸਦੇ ਸੱਤਾਧਾਰੀ ਵਿਰੋਧੀਆਂ ਨੇ ਕਮਿਊਨਿਸਟ ਕਹਿ ਕੇ ਬਦਨਾਮ ਨਾ ਕੀਤਾ ਹੋਵੇ। ਕਿਹੜੀ ਅਜਿਹੀ ਵਿਰੋਧੀ ਪਾਰਟੀ ਹੈ ਜਿਸ ਨੇ ਪਲਟ ਕੇ ਅਪਣੇ ਤੋਂ ਵਧੇਰੇ ਅੱਗੇ ਵਧੀਆਂ ਹੋਈਆਂ ਵਿਰੋਧੀ ਪਾਰਟੀਆਂ ਅਤੇ ਅਪਣੇ ਪ੍ਰਤੀਕਿਰਿਆਵਾਦੀ ਵਿਰੋਧੀਆਂ ਦੋਵਾਂ ਉਪਰ ਹੀ ਕਮਿਊਨਿਸਟ ਹੋਣ ਦਾ ਇਲਜ਼ਾਮ ਲਗਾਕੇ ਉਨ੍ਹਾਂ ਦੀ ਨਿੰਦਿਆ ਨਾ ਕੀਤੀ ਹੋਵੇ। ਇਸ ਤੱਥ ਤੋਂ ਦੋ ਗੱਲਾਂ ਨਿਕਲਦੀਆਂ ਹਨ- ਪਹਿਲੀ ਯੂਰਪ ਦੀਆਂ ਸਾਰੀਆਂ ਸ਼ਕਤੀਆਂ ਨੇ ਸਵੀਕਾਰ ਕਰ ਲਿਆ ਹੈ ਕਿ ਕਮਿਊਨਿਜ਼ਮ ਖੁਦ ਇਕ ਸ਼ਕਤੀ ਹੈ ਅਤੇ ਦੂਜੀ ਹੁਣ ਵਕਤ ਆ ਗਿਆ ਹੈ ਕਿ ਕਮਿਊਨਿਸਟ ਖੁੱਲ੍ਹੇਆਮ ਸਾਰੀ ਦੁਨੀਆ ਦੇ ਸਾਹਮਣੇ ਅਪਣੇ ਵਿਚਾਰਾਂ, ਅਪਣੇ ਉਦੇਸ਼ਾਂ ਅਤੇ ਅਪਣੀਆਂ ਪ੍ਰਵਿਰਤੀਆਂ ਪ੍ਰਕਾਸ਼ਤ ਕਰਨ ਅਤੇ ਕਮਿਊਨਿਜ਼ਮ ਦੇ ਭੂਤ ਦੀ ਇਸ ਨਾਨੀ ਦੀ ਕਹਾਣੀ ਦਾ ਪਾਰਟੀ ਦੇ ਅਪਣੇ ਇਕ ਮੈਨੀਫੈਸਟੋ ਰਾਹੀਂ ਖ਼ਾਤਮਾ ਕਰ ਦੇਣ।' ਤੀਹ ਸਾਲ ਦੇ ਨੌਜਵਾਨ ਮਾਰਕਸ ਵਿਚ ਕਲਪਨਾ ਸ਼ਕਤੀ, ਸੰਘਰਸ਼ ਸਮਰੱਥਾ ਅਤੇ ਵਿਰੋਧੀ ਨੂੰ ਮਾਤ ਦੇਣ ਵਾਲੀ ਤਰਕਸ਼ਕਤੀ ਸੀ, ਜਿਸਦੀ ਵਰਤੋਂ ਉਨ੍ਹਾਂ ਨੇ 'ਕਮਿਊਨਿਸਟ ਪਾਰਟੀ ਦੇ ਐਲਾਨਨਾਮੇ ਵਿਚ ਕੀਤੀ।

**ਇਤਿਹਾਸ ਦਾ ਸੰਕਲਪ :** ਮਾਰਕਸ ਨੇ ਦੁਨੀਆ ਦੀਆਂ ਸਾਰੀਆਂ ਸਮਾਜਕ ਅਵਸਥਾਵਾਂ ਦਾ ਅਧਿਐਨ ਕੀਤਾ ਅਤੇ ਐਲਾਨਨਾਮੇ ਦੀ ਪਹਿਲੀ ਹੀ ਪੰਕਤੀ ਵਿਚ ਇਹ ਸਿੱਟਾ ਸਪਸ਼ਟ ਕੀਤਾ ਕਿ -'ਹੁਣ ਤੱਕ ਦੇ ਸਮੁੱਚੇ ਸਮਾਜ ਦਾ ਇਤਿਹਾਸ ਵਰਗ ਸੰਘਰਸ਼ ਦਾ ਇਤਿਹਾਸ ਰਿਹਾ ਹੈ।' ਇਹ ਕਹਿ ਕੇ ਮਾਰਕਸ ਦੁਨੀਆ ਭਰ ਦੇ ਵਿਚਾਰਕਾਂ ਦੀ ਪਹਿਲੀ ਸੂਚੀ ਵਿਚ ਆ ਜਾਂਦੇ ਹਨ, ਜੋ ਦੁਨੀਆ ਨੂੰ ਕਿਸੇ ਦੀ ਕ੍ਰਿਪਾ ਉੱਪਰ ਬਦਲਣ 'ਤੇ ਨਹੀਂ ਬਲਕਿ ਮਨੁੱਖ ਦੇ ਸੰਘਰਸ਼ ਦੇ ਬਲ ਉੱਪਰ ਬਦਲਣ 'ਤੇ ਜ਼ੋਰ ਦਿੰਦੇ ਹਨ। ਮਾਰਕਸ ਪਹਿਲੇ ਵਿਚਾਰਕ ਹਨ ਜੋ ਸਮੂਹਕ ਸ਼ਕਤੀ ਦੇ ਆਧਾਰ 'ਤੇ ਦੁਨੀਆ ਨੂੰ ਬਦਲਣ ਦਾ ਨਵਾਂ ਅਤੇ ਕ੍ਰਾਂਤੀਕਾਰੀ ਵਿਚਾਰ ਦਿੰਦੇ ਹਨ। ਮਾਰਕਸ ਦਾ ਇਹ ਵੀ ਵਿਚਾਰ ਹੈ ਕਿ ਅੱਜ ਤੱਕ ਦਾ ਸਮੁੱਚਾ ਲਿਖਤ ਇਤਿਹਾਸ ਵਰਗ ਸੰਘਰਸ਼ ਦਾ, ਕਿਸੇ ਨਾ ਕਿਸੇ ਵਰਗਾਂ ਦੁਆਰਾ ਦੂਸਰੇ ਵਰਗਾਂ ਉੱਪਰ ਦਬਦਬਾ ਕਾਇਮ ਕਰਨ ਅਤੇ ਜਿੱਤ ਪਾਉਣ ਦੇ ਸਿਲਸਿਲੇ ਦਾ ਇਤਿਹਾਸ ਰਿਹਾ ਹੈ ਅਤੇ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਵਰਗ-ਉਤਪਾਦਨ ਦਾ ਖ਼ਾਤਮਾ ਨਹੀਂ ਹੋ ਜਾਵੇਗਾ।

**ਕਾਵਿਕ ਭਾਸ਼ਾ :** ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ ਇਸ ਲਈ ਵੀ ਯਾਦ ਕੀਤਾ ਜਾਂਦਾ ਹੈ ਕਿ ਉਸ ਵਿਚ ਨੌਜਵਾਨ ਮਾਰਕਸ ਦੇ ਵਿਚਾਰਾਂ ਵਿਚ ਤਿੱਖੀ ਦ੍ਰਿਸ਼ਟੀ ਦੇ ਨਾਲ-ਨਾਲ ਕਾਵਿਕ ਪ੍ਰਗਟਾਵਾ ਵੀ ਹੈ, ਜਿਸ ਨਾਲ ਇਹ ਸੁਹਜਾਤਮਿਕ ਹੋ ਗਿਆ ਹੈ। ਅਜਿਹੀ ਵਧੀਆ ਵਿਚਾਰਕ ਵਾਰਤਕ ਮਾਰਕਸ ਵਰਗਾ ਕਵੀ ਹਿਰਦਾ ਹੀ ਲਿਖ ਸਕਦਾ ਹੈ। ਮਾਰਕਸ ਅਪਣੇ ਸ਼ੁਰੂ ਦੇ ਦਿਨਾਂ ਵਿਚ ਕਵਿਤਾ ਲਿਖਿਆ ਕਰਦੇ ਸਨ ਅਤੇ ਬਾਅਦ ਦੇ ਰੁਝੇਵਿਆਂ ਵਿਚ ਵੀ ਗੈਟੇ, ਅਸਕਾਈਲਸ, ਅਤੇ ਸ਼ੇਕਸਪੀਅਰ ਨੂੰ ਵਾਰ-ਵਾਰ ਪੜ੍ਹਨਾ ਉਨ੍ਹਾਂ ਨੂੰ ਚੰਗਾ ਲਗਦਾ ਸੀ। ਢੇਰ ਸਾਰੀਆਂ ਕਵਿਤਾਵਾਂ ਉਨ੍ਹਾਂ ਨੂੰ ਜ਼ਬਾਨੀ ਯਾਦ ਸਨ।

**ਪੂੰਜੀਵਾਦ ਤੇ ਪੇਸ਼ੇ:** ਅੱਜ ਅਸੀਂ ਪੂੰਜੀਵਾਦ ਦੇ ਤਿੱਖੇ ਪ੍ਰਭਾਵ ਤੋਂ ਦੁਖੀ ਹੋ ਕੇ ਸਬੰਧਾਂ ਦਾ ਰੋਣਾ ਰੋਣ ਲਗਦੇ ਹਾਂ। ਸਬੰਧਾਂ ਬਾਰੇ ਮਾਰਕਸ ਨੇ 'ਕਮਿਊਨਿਸਟ ਪਾਰਟੀ ਦੇ ਐਲਾਨਨਾਮੇ' ਵਿਚ ਦੋ-ਟੁਕ ਸ਼ਬਦਾਂ ਵਿਚ ਲਿਖਿਆ-'ਪੂੰਜੀਪਤੀ ਵਰਗ ਨੇ ਜਿੱਥੇ ਵੀ ਉਸਦਾ ਪੱਲੜਾ ਭਾਰੀ ਹੋਇਆ, ਉਥੇ ਸਾਰੇ ਸਾਮੰਤੀ, ਜੱਦੀ-ਪੁਸ਼ਤੀ ਅਤੇ ਕਾਵਿਆਤਮਿਕ ਸਬੰਧਾਂ ਦਾ ਅੰਤ ਕਰ ਦਿੱਤਾ। ਉਸਨੇ ਮਨੁੱਖ ਨੂੰ ਉਸਦੇ ਸੁਭਾਵਕ ਪੁਰਖਿਆਂ ਨਾਲ ਬੰਨ੍ਹ ਰੱਖਣ ਵਾਲੇ ਕਈ ਪ੍ਰਕਾਰ ਦੇ ਸਾਮੰਤੀ ਸਬੰਧਾਂ ਨੂੰ ਨਿਰਦੈਤਾ ਨਾਲ ਤੋੜ ਸੁੱਟਿਆ ਅਤੇ ਨੰਗੇ ਸਵਾਰਥ ਦੇ, ਨਕਦ ਪੈਸੇ-ਕੌਡੀ ਦੇ ਸੰਵੇਦਨਹੀਣ ਵਿਹਾਰ ਦੇ ਸਿਵਾ ਮੱਨੁਖਾਂ ਦੇ ਵਿਚਕਾਰ ਹੋਰ ਕੋਈ ਦੂਸਰਾ ਸਬੰਧ ਬਾਕੀ ਨਹੀਂ ਰਹਿਣ ਦਿੱਤਾ। ਧਾਰਮਕ ਅਤੇ ਰਾਜਨੀਤਕ ਭਰਮ-ਜਾਲ ਦੇ ਪਿੱਛੇ ਛੁਪੇ ਸ਼ੋਸ਼ਣ ਦੀ ਥਾਂ 'ਤੇ ਉਸਨੇ ਨਗਨ, ਨਿਰੱਲਜ, ਪ੍ਰਤੱਖ ਅਤੇ ਪਸ਼ੂ-ਬਿਰਤੀ ਸ਼ੋਸ਼ਣ ਦੀ ਸਥਾਪਨਾ ਕੀਤੀ ਹੈ। ਜਿਨ੍ਹਾਂ ਪੇਸ਼ਿਆਂ ਦੇ ਸਬੰਧ ਵਿਚ ਹੁਣ ਤੱਕ ਲੋਕਾਂ ਦੇ ਮਨ ਅੰਦਰ ਆਦਰ ਤੇ ਸ਼ਰਧਾ ਦੀ ਭਾਵਨਾ ਸੀ, ਉਨ੍ਹਾਂ ਸਾਰਿਆਂ ਦਾ ਪ੍ਰਭਾਮੰਡਲ ਪੂੰਜੀਪਤੀ ਵਰਗ ਨੇ ਖੋਹ ਲਿਆ ਹੈ। ਡਾਕਟਰ, ਵਕੀਲ, ਕਵੀ ਅਤੇ ਵਿਗਿਆਨਕ ਸਾਰਿਆਂ ਨੂੰ ਉਸਨੇ ਅਪਣਾ ਤਜਾਰਤੀ ਮਜ਼ਦੂਰ ਬਣਾ ਲਿਆ ਹੈ।

**ਮਿਹਨਤੀ ਮਾਰਕਸ:** ਮਾਰਕਸ ਇੰਨੇ ਮਿਹਨਤੀ ਸਨ ਕਿ 18-20 ਘੰਟੇ ਕੰਮ ਕਰਨਾ, ਅਧਿਐਨ ਕਰਨਾ ਅਤੇ ਲਿਖਣਾ ਉਨ੍ਹਾਂ ਲਈ ਮਾਮੂਲੀ ਸੀ। ਜਰਮਨ ਮਜ਼ਦੂਰ ਅੰਦੋਲਨ ਦੇ ਪ੍ਰਸਿੱਧ ਨੇਤਾ ਅਤੇ ਮਾਰਕਸ ਦੇ ਮਿੱਤਰ ਵਿਲਹੇਲਮ ਲੀਬਕ ਨੇ ਮਾਰਕਸ ਦੀ ਮਿਹਨਤ ਬਾਰੇ ਲਿਖਿਆ ਹੈ, "ਉਹ ਬਹੁਤ ਹੀ ਮਿਹਨਤੀ ਸਨ ਕਿਉਂਕਿ ਦਿਨ ਵੇਲੇ ਕੰਮ ਕਰਨ ਵਿਚ, ਵਿਸ਼ੇਸ਼ ਕਰਕੇ ਉਨ੍ਹਾਂ ਦੇ ਪਰਵਾਸੀ ਜੀਵਨ ਦੇ ਪਹਿਲੇ ਦੌਰ ਵਿਚ, ਅਕਸਰ ਵਿਘਨ ਪੈਂਦਾ ਸੀ, ਇਸ ਲਈ ਉਨ੍ਹਾਂ ਨੇ ਰਾਤ ਨੂੰ ਕੰਮ ਕਰਨਾ ਸ਼ੁਰੂ ਕਰ ਦਿੱਤਾ। ਕਿਸੇ ਬੈਠਕ ਜਾਂ ਸਭਾ ਤੋਂ ਬਹੁਤ ਦੇਰ ਨਾਲ ਮੁੜਨ 'ਤੇ ਕੁਝ ਘੰਟੇ ਤੱਕ ਕੰਮ ਕਰਨਾ ਉਨ੍ਹਾਂ ਲਈ ਮਾਮੂਲੀ ਗੱਲ ਸੀ ਅਤੇ ਇੰਜ ਕੁਝ ਘੰਟੇ ਵਧੇਰੇ ਲੰਮੇ ਹੁੰਦੇ ਗਏ, ਏਥੋਂ ਤੱਕ ਕਿ ਉਹ ਅੰਤ ਵਿਚ ਸਾਰੀ ਰਾਤ ਹੀ ਕੰਮ ਕਰਨ ਲੱਗੇ ਤੇ ਸਵੇਰ ਹੋਣ 'ਤੇ ਸੌਣ ਜਾਂਦੇ। ਉਨ੍ਹਾਂ ਦੀ ਪਤਨੀ ਨੇ ਉਨ੍ਹਾਂ ਨੂੰ ਇਸ ਸਬੰਧ ਵਿਚ ਕਈ ਵਾਰ ਸਖ਼ਤੀ ਨਾਲ ਝਿੜਕਿਆ ਪਰ ਉਨ੍ਹਾਂ ਨੇ ਹੱਸ ਕੇ ਜਵਾਬ ਦਿੱਤਾ ਕਿ ਇਹ ਤਾਂ ਮੇਰੇ ਸੁਭਾਅ ਦੇ ਮੁਤਾਬਕ ਹੈ।" ਮਾਰਕਸ ਦਾ ਇਹ ਸੁਭਾਅ ਹੀ ਉਨ੍ਹਾਂ ਦੀ ਕੰਮ ਕਰਨ ਦੀ ਸ਼ਕਤੀ ਰਿਹਾ, ਵਰਨਾ ਨਿਰੰਤਰ ਦੇਸ਼ ਨਿਕਾਲਾ, ਖਿੱਲੀ ਉਡਾਉਣਾ, ਖਤਰਨਾਕ ਕ੍ਰਾਂਤੀਕਾਰੀ ਦੇ ਤਮਗੇ ਅਤੇ ਪਰਿਵਾਰ ਦੀ ਆਰਥਕ ਸਥਿਤੀ ਤਾਂ ਅਜਿਹੀਆਂ ਰੁਕਾਵਟਾਂ ਸਨ, ਜਿਨ੍ਹਾਂ ਨੂੰ ਪਾਰ ਕਰਨਾ ਬੇਹੱਦ ਕਠਿਨ ਸੀ।

**ਮਾਰਕਸ ਲਈ ਪਰਿਵਾਰ ਅਤੇ ਸਮਾਜ:** ਮਾਰਕਸ ਨੇ ਏਂਜਲਜ਼ ਨੂੰ ਅਪਣੇ ਖ਼ਤਾਂ ਵਿਚ ਪਰਿਵਾਰ ਦੀ ਗਰੀਬੀ ਦਾ ਜੋ ਚਿੱਤਰ ਪੇਸ਼ ਕੀਤਾ ਹੈ, ਉਹ ਡਰਾਉਂਦਾ ਹੈ। ਸੰਸਾਰ ਦਾ ਮਹਾਨ ਚਿੰਤਕ ਕਿੰਨੀਆਂ ਆਰਥਕ ਪ੍ਰੇਸ਼ਾਨੀਆਂ ਵਿਚ ਘਿਰਿਆ ਰਿਹਾ ਅਤੇ ਪੂੰਜੀਵਾਦੀ ਸਰਕਾਰਾਂ ਉਨ੍ਹਾਂ ਉੱਪਰ ਮਜ਼ਦੂਰਾਂ ਨੂੰ ਉਕਸਾਉਣ ਦੇ ਦੋਸ਼ ਲਾਉਂਦੀਆਂ ਰਹੀਆਂ, ਇਹ ਸ਼ਰਮਨਾਕ ਸਥਿਤੀ ਹੈ। ਮਾਰਕਸ ਇਕ ਪਤੀ ਅਤੇ ਪਿਤਾ ਵੀ ਸੀ, ਪਰ ਦੋਵੇਂ ਪੱਧਰਾਂ ਉੱਪਰ ਸਫ਼ਲ ਹੋਣ ਵਾਲਾ ਵਿਅਕਤੀ ਸਮਾਜ ਨੂੰ ਬਦਲਣ ਦਾ ਵਿਚਾਰ ਦੇਣ ਵਾਲਾ ਮਹਾਨ ਚਿੰਤਕ ਨਹੀਂ ਬਣ ਸਕਦਾ।

**ਪੂੰਜੀਵਾਦ ਦੀ ਅਜੋਕੀ ਚੜ੍ਹਤ ਤੇ ਮਾਰਕਸ :** ਅੱਜ ਜਿਹੜੇ ਉੱਤਰ-ਪੂੰਜੀਵਾਦ ਦੇ ਗੀਤ ਗਾਏ ਜਾ ਰਹੇ ਹਨ ਅਤੇ ਹਰ ਆਦਮੀ ਕਰੋੜਪਤੀ ਹੋਣ ਦਾ ਸੁਪਨਾ ਦੇਖ ਰਿਹਾ ਹੈ, ਮਾਰਕਸ ਇਸ ਬਾਰੇ ਜਾਣਦੇ ਸਨ। ਇਸ ਲਈ ਉਨ੍ਹਾਂ ਨੇ ਭਵਿੱਖਬਾਣੀ ਕੀਤੀ ਸੀ ਕਿ ਪੂੰਜੀਵਾਦ ਦੀ ਚੜ੍ਹਤ ਦੇ ਸਮੇਂ ਵੱਡੇ ਵਪਾਰੀ ਅਪਣਾ ਮਾਲ ਲੈ ਕੇ ਦੁਨੀਆ ਵਿਚ ਘੁੰਮਣਗੇ ਅਤੇ ਉਸ ਸਮੇਂ ਦੇਸ਼ ਦੀਆਂ ਸੀਮਾਵਾਂ ਖ਼ੁਦ ਹੀ ਸਮਾਪਤ ਹੋ ਜਾਣਗੀਆਂ। ਅੱਜ ਇਹੀ ਤਾਂ ਹੋ ਰਿਹਾ ਹੈ, ਇਸ ਵਿਚ ਨਵਾਂ ਕੀ ਹੈ?

**ਮਾਰਕਸ ਦੀ ਵਿਚਾਰਕ ਅੱਗ:** ਪੂੰਜੀਵਾਦ ਵਿਰੁੱਧ ਸਾਡੇ ਸੁਤੰਤਰਤਾ ਸੈਨਾਨੀਆਂ ਨੇ ਵੀ ਲੜਾਈ ਲੜੀ ਸੀ, ਉਹ ਜਾਣਦੇ ਸਨ ਕਿ ਸੱਤਾ ਅਤੇ ਧਨ ਦੀ ਇਹ ਚਕਾਚੌਂਦ ਲੰਮੇ ਸਮੇਂ ਤੱਕ ਨਹੀਂ ਟਿਕ ਸਕਦੀ, ਉਨ੍ਹਾਂ ਨੂੰ ਵੀ ਧਾਰਾ ਦੇ ਉਲਟ ਚਲਣ ਦੇ ਇਲਜ਼ਾਮ ਅਤੇ ਗਰੀਬੀ ਝੱਲਣੀ ਪਈ ਸੀ। ਅੱਜ ਅਪਣੀ ਸਮਾਜਕ ਚਤੁਰਾਈ ਤੋਂ ਅਲੱਗ ਹਟ ਕੇ ਸਾਨੂੰ ਮਾਰਕਸ ਅਤੇ ਉਨ੍ਹਾਂ ਦੀ ਵਿਚਾਰਕ ਅੱਗ ਨੂੰ ਵੀ ਦੇਖਣਾ ਚਾਹੀਦਾ ਹੈ। ਸਿਮਟੀ ਹੋਈ ਦੁਨੀਆ ਨੂੰ ਵੱਡਾ ਕਰਕੇ ਦੇਖਣ ਦੀ ਦ੍ਰਿਸ਼ਟੀ ਤਾਂ ਮਾਰਕਸ ਤੋਂ ਹੀ ਮਿਲੇਗੀ।

## ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 29

# ਮੈਨੂੰ ਵਿਜੋਗਣ ਕਰ ਗਿਆ ਨੀ ਸੱਸੂ ਤੇਰਾ ਲਾਡਲਾ



ਡਾ. ਕਰਮਜੀਤ ਸਿੰਘ
+91-99927-32006
kjskurukshetra@yahoo.com

ਜਿਸ ਕਿਸੇ ਨੂੰ ਫੀਲਡ ਦੇ ਕੰਮ ਵਿਚ ਸੁਆਦ ਆਉਣ ਲੱਗ ਪਏ, ਉਹ ਕੋਈ ਵੀ ਮੌਕਾ ਮਿਲੇ ਖੁੰਝਣ ਨਹੀਂ ਦਿੰਦਾ। ਉਸ ਦੀ ਦ੍ਰਿਸ਼ਟੀ ਇੰਨੀ ਤਿੱਖੀ ਹੋ ਜਾਂਦੀ ਹੈ ਕਿ ਉਹ ਆਪਣੇ ਮਤਲਬ ਦੀ ਚੀਜ਼ ਨੂੰ ਤਾੜ ਲੈਂਦਾ ਹੈ। ਮੈਨੂੰ ਇਕ ਅਰਸਾ ਬੀਤ ਗਿਆ ਹੈ, ਜਦੋਂ ਮੈਂ ਲਗਾਤਾਰ ਸੱਤ-ਅੱਠ ਸਾਲ ਲੋਕ-ਗੀਤਾਂ ਲਈ ਫੀਲਡ ਵਰਕ ਕੀਤਾ। ਉਸ ਸਮੇਂ ਦੇ ਸਾਰੇ ਇਕੱਠੇ ਗੀਤਾਂ ਨੂੰ ਚੌਥੇ ਲੋਕ ਗੀਤ ਸੰਗ੍ਰਹਿ 'ਕੂੰਜਾਂ ਪਰਦੇਸਣਾਂ' ਨੂੰ ਪ੍ਰੈਸ ਵਿਚ ਭੇਜ ਕੇ ਮੈਨੂੰ ਇਉਂ ਲੱਗਾ ਕਿ ਮੈਂ ਵਿਹਲਾ ਗਿਆ ਹਾਂ। ਇਸ ਲਈ ਹੋਰ ਫੀਲਡ ਵਰਕ ਕਰਨ ਲਈ ਹੁਣ ਮਨ ਕਾਹਲਾ ਪੈਂਦਾ ਹੈ, ਪਰ 'ਆਪੇ ਫਾਬੜੀਏ ਤੈਨੂੰ ਕੌਣ ਛੁਡਾਵੇ।' ਐਮ.ਏ ਦੀਆਂ ਕਲਾਸਾਂ ਨੂੰ ਪੜ੍ਹਾਉਣਾ, ਰਿਸਰਚ ਦਾ ਕੰਮ ਕਰਵਾਉਣਾ, ਲਿਖਣਾ-ਲਿਖਵਾਉਣਾ, ਲਿਟਰੇਸੀ ਵਿਚ ਯੋਗਦਾਨ ਪਾਉਣਾ, ਨਾਟਕ ਮੰਚ ਚਲਾਉਣਾ, 'ਚਿਰਾਗ' ਲਈ ਕੁਝ ਨਾ ਕੁਝ ਕਰਨਾ ਅਜਿਹੇ ਕੰਮ ਹਨ, ਜੋ ਫੀਲਡ ਵਰਕ ਲਈ ਵਿਹਲ ਨਹੀਂ ਦਿੰਦੇ। ਉਤੋਂ ਘਰ ਦੀਆਂ ਜ਼ਿੰਮੇਵਾਰੀਆਂ। ਕਦੇ ਤਾਂ ਇਉਂ ਸੋਚਦਾ ਹਾਂ ਕਿ ਸਾਲ ਦੋ ਸਾਲ ਦੀ ਛੁੱਟੀ ਲੈ ਕੇ ਫੀਲਡ ਵਰਕ ਵਿਚ ਗੁਆਚ ਜਾਵਾਂ। ਪਰ ਇਹ ਕਦੋਂ ਹੋਊ, ਕੁਝ ਨਹੀਂ ਕਿਹਾ ਜਾ ਸਕਦਾ। ਪਰ ਨਵੇਂ ਫੀਲਡ ਦੀ ਸ਼ੁਰੂਆਤ ਬੜੇ ਮਨੋਰੰਜਕ ਢੰਗ ਨਾਲ ਹੋ ਗਈ।

ਪਿੱਛੇ ਜਹੇ ਮੈਂ ਲੁਧਿਆਣੇ ਆਪਣੇ ਸਾਲੇ ਦੇ ਬੇਟੇ ਦੇ ਵਿਆਹ ਗਿਆ ਹੋਇਆ ਸਾਂ। ਘਰੋਂ ਮੈਂ ਫੀਲਡ ਵਰਕ ਦੀ ਤਿਆਰੀ ਨਾਲ ਨਹੀਂ ਸਾਂ ਗਿਆ। ਸ਼ਹਿਰਾਂ ਵਿਚ ਹੁਣ 'ਲੇਡੀਜ਼ ਸੰਗੀਤ' ਰਹਿ ਗਿਆ ਹੈ ਦੋ ਘੰਟੇ ਦਾ। ਉਹ ਵੀ ਫਿਲਮੀ ਸੰਗੀਤ ਤੇ ਕੁਝ ਹੋਰ। ਫਿਰ ਵੀ ਮੈਂ ਟੇਪ ਰਿਕਾਰਡਰ ਦਾ ਪ੍ਰਬੰਧ ਕਰਨਾ ਚਾਹੁੰਦਾ ਸਾਂ। ਪਰ ਡੈਕ, ਸੀ.ਡੀ ਪਲੇਅਰ ਹੀ ਮਿਲ ਰਹੇ ਸਨ ਟੇਪ ਰਿਕਾਰਡਰ ਨਹੀਂ।

ਰਾਤ ਨੂੰ ਲੇਡੀਜ਼ ਸੰਗੀਤ ਸ਼ੁਰੂ ਹੋਇਆ ਤਾਂ ਮੈਨੂੰ ਅਹਿਸਾਸ ਹੋਇਆ ਕਿ ਮੈਂ ਗਲਤੀ ਕਰ ਲਈ ਸੀ। ਮੇਰੇ ਕੋਲ ਪੈਨ ਸੀ, ਪਰ ਘਰ ਵਿਚ ਕਾਗਜ਼ ਮੌਜੂਦ ਨਹੀਂ ਸਨ। ਅਖੀਰ ਮੇਰੇ ਹੱਥ ਕੁਝ ਸਲਿੱਪਾਂ ਆਈਆਂ, ਜੋ ਕਾਰਡ ਨਾਲ ਉਨ੍ਹਾਂ ਲੋਕਾਂ ਲਈ ਲਾਈਆਂ ਗਈਆਂ ਸਨ, ਜਿਨ੍ਹਾਂ ਨੂੰ ਬਰਾਤੀ ਨਾਲ ਲੈ ਕੇ ਜਾਣਾ ਸੀ। ਉਨ੍ਹਾਂ ਉਪਰ ਗੀਤ ਦੀਆਂ ਪਹਿਲੀਆਂ ਪੰਗਤੀਆਂ ਲਿਖਦਾ ਗਿਆ। ਪੂਰਾ ਗੀਤ ਲਿਖਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਉਹ ਗੀਤ ਜੋ ਮੇਰੇ ਲਈ ਨਵੇਂ ਸਨ, ਉਨ੍ਹਾਂ ਦੀਆਂ ਮੁਢਲੀਆਂ ਪੰਗਤੀਆਂ ਇਉਂ ਸਨ।

ਵੀਰਾ ਤੇਰੀ ਘੋੜੀ ਸਾਡੇ ਦਰਵਾਜ਼ੇ ਖੜ੍ਹੀ,
ਮਚੀ ਹੈ ਧੂਮ ਸ਼ਾਦੀ ਕੀ ਸ਼ਹਿਰ ਮੇਂ,
ਸ਼ਾਵਾ ਲਾਲੇ ਹੁਰੀਂ ਚੱਲੇ,
ਹੋਰ ਮਾਰ ਬੁੱਢੜੀ ਨੂੰ,
ਸੱਸ ਮੇਰੀ ਨੇ ਸੱਤ ਪੁੱਤ ਜਾਏ,
ਮਾਰੀਂ ਨਾ ਲੂਣ ਭੁੱਲ ਗਈ,
ਮੇਰੇ ਨਿੱਕੇ ਮਾਹੀਏ ਦੀ ਪਤੰਗ ਲੁੱਟ ਗਈ ਆ।

ਮਨ ਵਿਚ ਦੁੱਖ ਇਸੇ ਗੱਲ ਦਾ ਸੀ ਕਿ ਗੀਤ ਪੂਰੇ ਰਿਕਾਰਡ ਨਹੀਂ ਕਰ ਸਕਿਆ। ਦੂਸਰੇ ਦਿਨ ਟੇਪ ਰਿਕਾਰਡਰ ਦਾ ਪ੍ਰਬੰਧ ਹੋਇਆ ਤਾਂ ਪਹਿਲੇ ਦਿਨ ਵਾਲੀਆਂ ਔਰਤਾਂ ਨਹੀਂ ਆਈਆਂ। ਅੱਜ 'ਥੱਲੇ' ਪਿੰਡੋਂ ਨਾਨਕਿਆਂ ਨਾਲ ਨਿੰਦਰੋ (ਨਰਿੰਦਰ ਕੌਰ, ਉਮਰ ਕੋਈ ਅੱਸੀ ਸਾਲ) ਤੇ ਸੀਬੋ (ਨਸੀਬ ਕੌਰ, ਪਿੰਡ ਚੱਕ ਮਾਈ ਦਾਸ, ਉਮਰ ਉਸ ਦੇ ਆਪਣੇ ਕਹਿਣ ਮੁਤਾਬਕ ਬਾਹਠ ਸਾਲ) ਵੀ ਪਹੁੰਚ ਗਈਆਂ। ਸੀਬੋ ਵਿਚੋਲਣ ਵੀ ਸੀ। ਸ਼ਾਮ ਹੁੰਦਿਆਂ ਹੀ ਅਚਾਨਕ ਗਿੱਧੇ ਦਾ ਅਖਾੜਾ ਭਖ ਗਿਆ। ਮੇਰੀਆਂ ਸਾਲੇਹਾਰਾਂ ਨੇ ਮੈਨੂੰ ਵੀ ਖਿੱਚ ਲਿਆ। ਮੈਂ ਜਦੋਂ ਕੁਝ ਬੋਲੀਆਂ ਪਾਈਆਂ ਤੇ ਗਿੱਧੇ ਦੇ ਛੋਟੇ-ਛੋਟੇ ਗੀਤ ਗਾਏ ਤਾਂ ਨਿੰਦਰੋ ਤੇ ਸੀਬੋ ਦੇ ਪੈਰਾਂ ਵਿਚ ਵੀ ਜਲੂਣ ਹੋਣ ਲੱਗ ਪਈ। 'ਜਦੋਂ ਜਵਾਨੀ ਜ਼ੋਰ ਸੀ ਵੇ ਜਾਲਮਾਂ' ਦੀ ਬੋਲੀ ਚੁੱਕਦੀਆਂ ਉਹ ਵੀ ਅਖਾੜੇ ਵਿਚ ਆ ਕੁੱਦੀਆਂ। ਨਿੰਦਰੋ ਤੇ ਸੀਬੋ ਦੋਨਾਂ ਨੇ ਗਾਤਰੇ ਪਾਏ ਹੋਏ ਸਨ। ਪਰ ਇਹ ਗਿੱਧੇ ਵਿਚ ਨੱਚਣ ਤੇ ਗਾਉਣ ਵਿਚ ਕਿਸੇ ਤਰ੍ਹਾਂ ਦੀ ਅੜਚਨ ਨਹੀਂ ਬਣੇ। ਨਿੰਦਰੋ ਜਿਸ ਦੀਆਂ ਅੱਖੀਆਂ 'ਤੇ ਮੋਟੇ-ਮੋਟੇ ਸ਼ੀਸ਼ੇ ਦੀਆਂ ਐਨਕਾਂ ਸਨ, ਸਰੀਰ ਭਾਰਾ, ਦੰਦ ਕਾਫੀ ਸਾਰੇ ਨਿਕਲੇ ਹੋਏ ਤੇ ਠੋਡੀ 'ਤੇ ਥੋੜ੍ਹੀ ਜਿਹੀ ਦਾੜ੍ਹੀ। ਜਦੋਂ ਉਹ ਪਿੱਛੇ ਝੁਕ ਕੇ, ਹੱਥ ਹਿਲਾ ਕੇ ਗਿੱਧੇ ਵਿਚ ਦੁਆਬੀਆਂ ਵਾਲੇ ਸਟੈਪ ਲੈਂਦੀ ਨੱਚੀ ਤਾਂ ਸਾਰਾ ਗਿੱਧਾ ਹੱਸ-ਹੱਸ ਲੋਟ-ਪੋਟ ਹੋ ਗਿਆ। ਸੀਬੋ ਥੋੜ੍ਹੀ ਗੰਭੀਰ, ਪਰ ਗਾਲੜੀ, ਉਸ ਦਾ ਸਾਥ ਦੇ ਰਹੀ ਸੀ। ਕੁਝ ਬੋਲੀਆਂ ਤੋਂ ਬਾਅਦ ਨਿੰਦਰੋ ਨੇ ਗੀਤ ਤੋਰ ਲਿਆ

ਮੈਨੂੰ ਵਿਜੋਗਣ ਕਰ ਗਿਆ ਨੀ, ਸੱਸੂ ਤੇਰਾ ਲਾਡਲਾ।

ਤਿੰਨ ਚਾਰ ਵਾਰ ਇਹ ਪੰਗਤੀ ਦੁਹਰਾਉਣ ਬਾਅਦ, ਉਸ ਨੇ ਪਿੜ ਨੂੰ ਤਾੜੀਆਂ ਤੋਂ ਰੋਕ ਦਿੱਤਾ ਤੇ ਆਪ ਹੱਥ ਉਚਾ ਕਰਕੇ, ਲੰਮੀ ਹੇਕ ਵਿਚ ਕੁਝ ਕਹਿਣ ਲੱਗੀ।

ਸੀਨ ਸੋਹਣੀਏ ਅਸੀਂ ਪਰਦੇਸ ਚੱਲੇ,
ਕਿਸੇ ਗੈਰ ਨੂੰ ਯਾਰ ਬਣਾਵਣਾ ਨਹੀਂ।
ਜੇ ਕਰ ਲੋੜ ਹੋਵੇ ਤੈਨੂੰ ਖਰਚ ਵਾਲੀ,
ਖ਼ਤ ਲਿਖਦੀ ਰਤਾ ਸ਼ਰਮਾਵਣਾ ਨਹੀਂ।
ਖ਼ਤ ਲਿਖ ਕੇ ਡਾਕ ਵਿਚ ਪਾ ਦੇਣਾ,
ਕਿਸੇ ਗ਼ੈਰ ਦੇ ਹੱਥ ਫੜਾਵਣਾ ਨਹੀਂ।
ਛੁੱਟੀ ਮਿਲੀ ਤਾਂ ਆਵਾਂਗਾ ਲੱਖ ਵਾਰੀ,
ਜੇ ਨਾ ਮਿਲੇ ਛੁੱਟੀ ਤਾਂ ਦਿਲੋਂ ਭੁਲਾਵਣਾ ਨਹੀਂ।

ਜਾਂਦੇ ਮਾਹੀ ਵੱਲੋਂ ਕਹੀਆਂ ਇਹ ਪੰਗਤੀਆਂ, ਵਿਜੋਗਣ ਹੋਣ ਦੀ ਸ਼ੁਰੂਆਤ ਸੀ। ਇਕ ਤਰ੍ਹਾਂ ਦਾ ਪ੍ਰਮਾਣ। ਮੇਰੇ ਸਾਹਮਣੇ ਪੰਜਾਬੀ ਦਾ ਸਾਰਾ ਸਾਹਿਤ ਘੁੰਮ ਗਿਆ, ਜਿਸ ਵਿਚ ਇਸ ਤਰ੍ਹਾਂ ਦਾ ਪ੍ਰਮਾਣ ਦੇਣ ਦੀ ਪ੍ਰੰਪਰਾ ਰਹੀ ਹੈ। ਉਹ ਇਥੋਂ ਹੀ ਵਿਕਸਿਤ ਹੋਈ ਹੈ, ਜਿਸ ਵਿਚ ਕੋਈ ਦੋ ਰਾਵਾਂ ਨਹੀਂ। ਗੱਲ ਇਥੇ ਹੀ ਨਹੀਂ ਮੁੱਕੀ, ਨਿੰਦਰੋ ਬਿਰਤਾਂਤ ਵਿਚ ਵੀ ਕੁਝ ਕਹਿ ਰਹੀ ਸੀ, "ਇਹ ਗੱਲ ਕਹਿ ਕੇ, ਉਹ ਪਰਦੇਸਾਂ ਨੂੰ ਚਲਾ ਗਿਆ। ਔਰਤ ਢੂਣਮਢੂਣੀ ਯਾਦ ਵਿਚ ਬੈਠੀ ਹੈ। ਉਤੋਂ ਸੱਸ ਆਈ ਕਹਿੰਦੀ ਨੋਹੇਂ ਪਾਣੀ ਭਰ ਕੇ ਲਿਆ। ਨੂੰਹ ਨੇ ਅੱਗੋਂ ਜਵਾਬ ਦਿੱਤਾ ,

ਤੂੰ ਆਪੇ ਈ ਪਾਣੀ ਭਰਕੇ ਲੈ ਆ ਨੀ, ਸੱਸੂ ਤੇਰਾ ਲਾਡਲਾ,
ਮੈਨੂੰ ਵਿਜੋਗਣ ਕਰ ਗਿਆ ਨੀ, ਸੱਸੂ ਤੇਰਾ ਲਾਡਲਾ।

ਖੂਬ ਨਾਟਕੀ ਅੰਦਾਜ਼ ਸੀ। ਨਿੰਦਰੋ ਵੱਲੋਂ ਕਾਵਿ ਉਚਾਰਣ, ਬ੍ਰਿਤਾਂਤ ਦੱਸਣ 'ਤੇ ਆਖਰੀ ਪੰਗਤੀ ਨਾਲ ਨੱਚਣ ਦਾ। ਇਥੇ ਮੈਨੂੰ ਪਤਾ ਲੱਗਾ ਕਿ ਗੀਤ ਵਿਚਲੇ ਖੱਪਿਆਂ ਨੂੰ ਇੰਝ ਬ੍ਰਿਤਾਂਤ ਨਾਲ ਵੀ ਭਰਿਆ ਜਾਂਦਾ ਰਿਹਾ ਹੈ। ਨਿੰਦਰੋ ਨੇ ਅਗਾਂਹ ਹੋਰ ਨਾਟਕੀ ਅੰਦਾਜ਼ ਅਪਣਾਇਆ। ਉਹ ਪਿੜ ਵਿਚ ਖੜ੍ਹੀ ਹੋ ਕੇ ਪੰਗਤੀ ਦਾ ਅੱਧ, ਉਚੀ ਲੈਅ ਵਿਚ ਕਹਿੰਦੀ ਤੇ ਅੱਧ ਨੂੰ ਗਿੱਧੇ ਨਾਲ ਇਕ ਸੁਰ ਕਰ ਲੈਂਦੀ ਜਿਵੇਂ,

ਦਿਲ ਦੀਆਂ ਗੱਲਾਂ ਸੱਸੂ, ਦਿਲ ਵਿਚ ਰਹਿ ਗਈਆਂ,
ਚੁੱਪ-ਚਪੀਤਾ ਤੁਰ ਗਿਆ ਨੀ, ਸੱਸੂ ਤੇਰਾ ਲਾਡਲਾ।
ਹੱਥ ਦੀਆਂ ਪੱਕੀਆਂ, ਖਲਾ ਕੇ ਸੱਸੂ ਤੋਰਿਆ,
ਸੁਬਹ ਸਵੇਰੇ ਗੱਡੀ ਚੜ੍ਹ ਗਿਆ ਨੀ।
ਸੱਸੂ ਤੇਰਾ ਲਾਡਲਾ, ਮੈਨੂੰ ਵਿਜੋਗਣ...

ਨੂੰਹ ਦੇ ਉਲਾਂਭੇ ਸਾਫ ਸਨ। ਉਸ ਦੀ ਚਿੱਠੀ ਦੀ ਉਡੀਕ ਵੀ ਅਣਥੱਕ ਸੀ। ਇਸੇ ਲਈ ਉਹ ਕਹਿ ਰਹੀ ਸੀ,

ਕਦ ਦੀ ਉਡੀਕ ਰੱਖਾਂ, ਦੱਸ ਸੱਸੂ ਮੇਰੀਏ,
ਕੋਲ ਨਾ ਕਰਾਰ ਕੋਈ ਕਰ ਗਿਆ ਨੀ।
ਸੱਸੂ ਤੇਰਾ ਲਾਡਲਾ, ਮੈਨੂੰ ਵਿਜੋਗਣ...

ਨਿੰਦਰੋ, ਸੀਬੋ ਨੇ ਸਿਰ ਮਾਰ-ਮਾਰ ਗਿੱਧੇ ਵਿਚ ਨੱਚਣਾ ਸ਼ੁਰੂ ਕਰ ਦਿੱਤਾ। ਰੁਕ, ਫਿਰ ਲੜੀ ਨਿੰਦਰੋ ਨੇ ਜੋੜੀ, ਬਾਹਰੋਂ ਚਿੱਠੀ ਆਈ, ਕੀ ਲਿਖਦਾ? ਲਿਖਦਾ,

ਮੇਮ ਨਾਲ ਮੈਂ ਤਾਂ ਵਿਆਹ ਕਰਵਾ ਲਿਆ...
ਮੇਰਾ ਤਾਂ ਇਥੇ ਹੁਣ ਸਰ ਗਿਆ ਨੀ।
ਸੱਸੂ ਤੇਰਾ ਲਾਡਲਾ, ਮੈਨੂੰ ਵਿਜੋਗਣ...

ਇਥੇ ਜ਼ੋਰ 'ਸਰ ਗਿਆ' ਉਪਰ ਸੀ। ਸਾਰਾ ਪਿੜ ਹੱਸ ਵੀ ਰਿਹਾ ਸੀ ਤੇ ਤਾਲ ਵੀ ਦੇ ਰਿਹਾ ਸੀ। ਚਿੱਠੀ ਪੜ੍ਹਨ ਵਾਲੀ ਦੀ ਦਸ਼ਾ ਅੱਖੋਂ ਉਹਲੇ ਹੋ ਗਈ ਸੀ। ਸ਼ਾਇਦ ਨਿੰਦਰੋ ਇਸ ਗੱਲ ਨੂੰ ਜਾਣਦੀ ਸੀ, ਇਸੇ ਲਈ ਉਸ ਨੇ ਵੱਖਰੀ ਲੈਅ ਦੀਆਂ ਪੰਗਤੀਆਂ 'ਵਿਜੋਗਣ' ਦੇ ਮੂੰਹੋਂ ਕਹਾਉਣਾ ਉਚਿਤ ਸਮਝਿਆ। ਪਰ ਸ਼ੈਲੀ ਪਹਿਲੀ ਹੀ ਕਿ ਅੱਧੀ ਪੰਗਤੀ ਖੜ੍ਹੋ ਕੇ ਲੈਅ ਵਿਚ ਤੇ ਅੱਧੀ ਗਿੱਧੇ ਦੀ ਤਾਲ 'ਤੇ।

ਵੇ ਘਰ ਆ ਜਾ ਢੋਲਾ,
ਬਾਗਾਂ ਵਿਚ ਆ ਗਈ ਬਹਾਰ। ਵੇ ਘਰ ...
ਭੰਬਰੇ ਦੀ ਗੂੰਜ ਸਾਡਾ ਦਿਲ ਤੜਪਾਉਂਦੀ...
ਸੀਨੇ ਵੇ ਲੱਗਦੀ ਕਟਾਰ, ਵੇ ਘਰ...
ਨਵਾਂ ਨਵਾਂ ਜੋਬਨ ਤੇ ਨਵਾਂ ਨਵਾਂ ਚਾਅ ਸਾਡਾ,
ਹਾਇ ਨਵਾਂ ਨਵਾਂ, ਬਾਹਾਂ 'ਚ ਪਿਆਰ,
ਵੇ ਘਰ ਆ ਜਾ ਢੋਲਾ...

ਤੇ ਗੀਤ ਦੇ ਨਾਲ ਹੀ ਗਿੱਧਾ ਵੀ ਰੁਕ ਗਿਆ। ਦੋਨਾਂ ਬਜ਼ੁਰਗਾਂ ਨੇ ਵਾਹਵਾ ਦੇਰ ਲਾ ਦਿੱਤੀ ਸੀ। ਇਸੇ ਲਈ ਜਦੋਂ ਸੀਬੋ ਨੇ 'ਵਿਚ ਦਰਿਆਵਾਂ ਦੇ ਸੋਹਣੀ ਮਹੀਵਾਲ ਮਹੀਵਾਲ ਕਰਦੀ' ਗੀਤ ਛੇੜਿਆ ਤਾਂ ਗਿੱਧੇ ਨੇ ਸਾਥ ਨਹੀਂ ਦਿੱਤਾ। ਉਸ ਨੂੰ ਗੀਤ ਵਿਚੋਂ ਹੀ ਛੱਡਣਾ ਪਿਆ ਕਿਉਂਕਿ ਮੈਂ ਆਪ ਪਿੜ ਵਿਚ ਸਾਂ, ਇਸ ਲਈ ਗੀਤ ਰਿਕਾਰਡ ਨਾ ਹੋ ਸਕਿਆ। ਸਾਰੀ ਰਾਤ ਇਸ ਦੀ ਧੁਨ ਮੇਰੇ ਦਿਮਾਗ ਵਿਚ ਘੁੰਮਦੀ ਰਹੀ।

ਸੁਬਹ ਜਦੋਂ ਮੈਂ ਤਿਆਰ ਹੋ ਕੇ ਚਾਹ-ਪਾਣੀ ਲਈ ਪਹੁੰਚਾ ਤਾਂ ਅੱਗੇ ਘੁੱਗੀਆਂ ਦਾ ਜੋੜਾ (ਨਿੰਦਰੋ ਤੇ ਸੀਬੋ) ਬੈਠਾ ਹੋਇਆ ਸੀ। ਮੈਂ ਇੱਧਰੋਂ-ਉਧਰੋਂ ਕਾਗਜ਼ ਲੈ ਕੇ ਉਨ੍ਹਾਂ ਕੋਲ ਜਾ ਬੈਠਾ। ਇੱਧਰ-ਉਧਰ ਦੀਆਂ ਮਾਰ ਕੇ ਮੈਂ ਰਾਤ ਵਾਲਾ ਗੀਤ ਛੇੜ ਲਿਆ। ਉਹ ਬੜੀਆਂ ਖੁਸ਼ ਸਨ। ਮੈਂ ਗੀਤ ਲਿਖਾਉਣ ਲਈ ਕਿਹਾ ਤਾਂ ਨਿੰਦਰੋ ਨੇ ਇਹ ਕਹਿੰਦਿਆਂ ਕਿ "ਮੈਂ ਕਦੇ ਕਿਸੇ ਨੂੰ ਗੀਤ ਨਹੀਂ ਲਿਖਾਇਆ, ਪਰ ਚੱਲ ਤੂੰ ਲਿਖ ਲੈ।" ਮੈਂ ਗੀਤ ਸ਼ੁਰੂ ਕਰ ਦਿੱਤਾ। ਉਨ੍ਹਾਂ ਨਾਲ ਸਾਂਝ ਪਾ ਲਈ ਸੀ, ਜਿਸ ਦਾ ਇਹ ਪ੍ਰਤਾਪ ਸੀ।

ਸੀਬੋ ਨੇ ਮੈਨੂੰ ਦੱਸਿਆ ਕਿ ਉਹਦਾ ਪੁੱਤ ਅਮਰੀਕਾ ਤੋਂ ਪਰਿਵਾਰ ਸਮੇਤ ਪਿਛਲੀ ਵਾਰ ਆਇਆ ਤਾਂ ਕੁਝ ਗੀਤ ਰਿਕਾਰਡ ਕਰਵਾ ਕੇ ਲੈ ਗਿਆ, ਜਿਸ ਵਿਚ ਵਿਜੋਗਣ ਵਾਲਾ ਗੀਤ ਵੀ ਸੀ। ਉਸ ਦਾ ਪੁੱਤ ਟੈਲੀਫੋਨ 'ਤੇ ਵੀ ਇਸ ਗੀਤ ਦਾ ਜ਼ਿਕਰ ਕਰਦਾ ਸੀ। ਪਰ ਸ਼ਾਇਦ ਸੀਬੋ ਨੂੰ ਇਸ ਗੀਤ ਦੀ ਡੂੰਘਾਈ ਦਾ ਅਹਿਸਾਸ ਨਹੀਂ ਸੀ।

ਅਮਰੀਕਾ ਵਾਲੇ ਤਾਂ ਆਪ ਆਪਣਿਆਂ ਤੋਂ ਵਿਜੋਗੇ ਹੋਏ ਹਨ, ਫਿਰ ਭਲਾ ਉਨ੍ਹਾਂ ਨੂੰ, ਵਿਜੋਗਣ ਦਾ ਗੀਤ ਪਸੰਦ ਕਿਉਂ ਨਹੀਂ ਆਵੇਗਾ। ਗੀਤ ਹੁਣ ਦੇ ਪ੍ਰਸੰਗਾਂ ਨਾਲ ਜੁੜ ਕੇ ਨਵੇਂ ਪਾਸਾਰ ਸਿਰਜ ਰਿਹਾ ਸੀ। ਨਾ ਇਸ ਤੋਂ ਪਹਿਲਾਂ ਤੇ ਨਾ ਹੀ ਬਾਅਦ ਵਿਚ ਵਿਜੋਗਣ ਸ਼ਬਦ ਇਨ੍ਹਾਂ ਅਰਥਾਂ ਵਿਚ ਸਾਨੂੰ ਮਿਲਦਾ ਹੈ। ਇਸ ਤੋਂ ਬਾਅਦ ਜਦੋਂ ਵੀ ਮੇਰਾ ਵਿਚੋਲਣ (ਸੀਬੋ) ਨਾਲ ਵਾਹ ਪਿਆ, ਮੈਂ ਗੀਤ ਨੂੰ ਬਦਲ ਕੇ ਉਸ ਨੂੰ ਸੰਬੋਧਿਤ ਹੋਇਆ, "ਮੈਨੂੰ ਵਿਚੋਲਣ ਕਰ ਗਿਆ ਨੀ, ਸੱਸੂ ਤੇਰਾ ਲਾਡਲਾ" ਉਹ ਵੀ ਸੁਆਦ ਲੈਂਦੀ ਰਹੀ। ਇਹ ਸਾਰੀਆਂ ਯਾਦਾਂ ਸਮੇਟ ਕੇ ਮੈਂ ਹੁਸ਼ਿਆਰਪੁਰ ਹੁੰਦਾ ਹੋਇਆ ਕੁਰੂਕਸ਼ੇਤਰ ਪਹੁੰਚਿਆ। ਪਰ ਮਨ ਮੇਰਾ ਅਜੇ ਵੀ ਲੁਧਿਆਣਾ ਹੈ ਕਿ ਉਹ ਗੀਤ ਦੁਬਾਰਾ ਕਦੋਂ ਸੁਣਾਂ ਜਿਨ੍ਹਾਂ ਦੀ ਮੈਂ ਇਕ-ਇਕ ਪੰਗਤੀ ਹੀ ਨੋਟ ਕਰ ਸਕਿਆ ਸਾਂ।

# ਸਰਕਾਰ ਡਰਦੀ ਹੈ



ਕਰਾਂਤੀਪਾਲ
09216535617

ਸੂਚਨਾ ਦਾ ਅਧਿਕਾਰ ਕਾਨੂੰਨ ਨੂੰ ਲਾਗੂ ਹੋਇਆਂ ਛੇ ਸਾਲ ਪੂਰੇ ਹੋਣ ਜਾ ਰਹੇ ਹਨ। ਇਹ ਕਾਨੂੰਨ ਆਪਣੇ ਜਨਮ-ਕਾਲ ਤੋਂ ਹੀ ਚਰਚਾ ਵਿਚ ਰਿਹਾ ਹੈ। ਇਸ ਨੇ ਹਰ ਥਾਂ ਆਪਣੀ ਥਾਂ ਬਣਾਈ ਹੈ। ਹਰ ਆਦਮੀ ਇਸ ਤੋਂ ਜਾਣੂ ਹੋਣ ਲੱਗਿਆ ਹੈ। ਭਾਵੇਂ ਸੂਚਨਾ ਅਧਿਕਾਰ ਲਈ ਸੰਘਰਸ਼ ਕਰ ਰਹੀ ਇਕ ਵੱਡੀ ਜਮਾਤ ਤਿਆਰ ਹੈ, ਉਸ ਵਿਚ ਹਰ ਰੋਜ਼ ਵਾਧਾ ਵੀ ਹੋ ਰਿਹਾ ਹੈ, ਪਰ ਸੱਤਾ ਵਿਚ ਬੈਠੇ ਲੋਕ ਅਜਿਹੀ ਜਮਾਤ 'ਤੇ ਹਮਲਾ ਕਰਵਾਉਣ ਵਿਚ ਪਿੱਛੇ ਨਹੀਂ ਹਟਦੇ। ਕਈ ਰਾਜਾਂ ਵਿਚ ਆਪਣੀ ਪੋਲ ਖੁੱਲ੍ਹਣ ਦੇ ਡਰ ਕਾਰਨ ਅਜਿਹੀ ਜਮਾਤ 'ਤੇ ਹਮਲੇ ਕਰਵਾਏ ਹਨ ਅਤੇ ਹੱਤਿਆ ਤੱਕ ਵੀ ਕਰਵਾਈ ਹੈ। ਬਿਹਾਰ, ਮਹਾਰਾਸ਼ਟਰ, ਗੁਜਰਾਤ, ਪੰਜਾਬ, ਮੱਧ ਪ੍ਰਦੇਸ਼, ਤਾਮਿਲਨਾਡੂ ਤੱਕ ਸੂਚਨਾ ਅਧਿਕਾਰ ਨਾਲ ਜੁੜੇ ਕਰਮੀ ਆਪਣੀ ਜਾਨ ਦੀ ਬਾਜ਼ੀ ਲਾ ਕੇ ਭ੍ਰਿਸ਼ਟਾਚਾਰ ਖਿਲਾਫ਼ ਆਵਾਜ਼ ਬੁਲੰਦ ਕਰ ਰਹੇ ਹਨ। ਭਾਵੇਂ ਇਸ ਕਾਨੂੰਨ ਵਿਚ ਕੁਝ ਕਮੀਆਂ ਹਨ, ਪਰ ਫਿਰ ਵੀ ਇਸ ਕਾਨੂੰਨ ਨੇ ਭ੍ਰਿਸ਼ਟਾਚਾਰ ਖਿਲਾਫ਼ ਲੜਾਈ ਵਿਚ ਕਈ ਨਵੀਆਂ ਇਬਾਰਤਾਂ ਲਿਖੀਆਂ ਹਨ। ਲੱਖਾਂ ਲੋਕਾਂ ਨੂੰ ਪੁਲਿਸ ਦੀ ਦਹਿਸ਼ਤ ਤੋਂ ਨਿਜਾਤ ਮਿਲੀ ਹੈ।

ਇਸ ਕਾਨੂੰਨ ਦੇ ਡਰ ਨੇ ਵੀ ਲੱਖਾਂ ਲੋਕਾਂ ਨੂੰ ਸਰਕਾਰੀ ਦਹਿਸ਼ਤ ਦਾ ਸ਼ਿਕਾਰ ਹੋਣ ਤੋਂ ਬਚਾਇਆ ਹੈ। ਗੁਪਤ ਢੰਗ ਨਾਲ ਹੋ ਰਹੇ ਭ੍ਰਿਸ਼ਟਾਚਾਰ ਨੂੰ ਨੰਗਾ ਕੀਤਾ ਹੈ। ਜਿਥੇ ਪੜ੍ਹਿਆ-ਲਿਖਿਆ ਵਰਗ ਇਸ ਦਾ ਸਹਾਰਾ ਲੈਂਦਾ ਹੈ, ਉਥੇ ਛੋਟੇ-ਛੋਟੇ ਕਸਬਿਆਂ ਤੇ ਪਿੰਡਾਂ ਦੇ ਲੋਕ ਵੀ ਇਸ ਅਧਿਕਾਰ ਤੋਂ ਜਾਣੂ ਹੋ ਰਹੇ ਹਨ। ਇਕ-ਦੂਜੇ ਨੂੰ ਦੇਖ ਕੇ ਲੋਕ ਇਸ ਕਾਨੂੰਨ ਵੱਲ ਭੱਜਦੇ ਹਨ। ਜਿਥੇ ਸੂਚਨਾ ਦਾ ਅਧਿਕਾਰ ਐਨਾ ਪਾਪੂਲਰ ਹੋ ਰਿਹਾ ਹੈ, ਉਥੇ ਇਸ ਸੰਸਥਾ ਕੋਲ ਸਟਾਫ ਦੀ ਕਮੀ ਹੈ, ਇਸ ਕਰਕੇ ਤਿੰਨ ਲੱਖ ਤੋਂ ਉਪਰ ਕੇਸ ਫਸੇ ਪਏ ਹਨ। ਪ੍ਰਸ਼ਾਸਨ ਵੀ ਇਹੀ ਚਾਹੁੰਦਾ ਹੈ ਕਿ ਜਨਤਾ ਇਸ ਅਧਿਕਾਰ ਤੋਂ ਦੂਰ ਹੀ ਰਹੇ ਤਾਂ ਚੰਗਾ ਹੈ। ਕਿਸੇ ਕਿਸਮ ਦੀ ਜਾਣਕਾਰੀ ਹਾਸਿਲ ਕਰਨੀ ਹੈ ਤਾਂ ਇਹ ਵੀ ਹੋ ਸਕਦਾ ਹੈ ਕਿ ਤੁਹਾਨੂੰ ਟਾਲਿਆ ਜਾਵੇ। ਆਦਮੀ ਠੋਕਰਾਂ ਖਾ ਕੇ ਆਪਣੇ ਆਪ ਥੱਕ ਜਾਂਦਾ ਹੈ। ਸੂਚਨਾ ਅਧਿਕਾਰ ਕਾਨੂੰਨ ਵਿਚ ਜਾਣ-ਬੁੱਝ ਕੇ ਕੀਤੀ ਗਈ ਲਾਪਰਵਾਹੀ ਲਈ ਕੋਈ ਦੰਡ ਨਹੀਂ ਹੈ। ਹਾਂ, ਇਸ ਕਾਨੂੰਨ ਦੀ ਧਾਰਾ 19 (1) ਅਧੀਨ ਲੋਕ ਸੂਚਨਾ ਅਧਿਕਾਰ ਦੇ ਖਿਲਾਫ਼ ਉਸੇ ਵਿਭਾਗ ਦੇ ਵੱਡੇ ਅਧਿਕਾਰੀ ਨੂੰ ਅਪੀਲ ਕਰ ਸਕਦੇ ਹਨ। ਇਕੋ ਵਿਭਾਗ ਦੇ ਅਧਿਕਾਰੀਆਂ ਦੇ ਹਿੱਤ ਸਮਾਨ ਹੁੰਦੇ ਹਨ। ਇਸ ਲਈ ਮਾਮਲਾ ਉਥੇ ਹੀ ਠੱਪ ਹੋ ਜਾਂਦਾ ਹੈ। ਕਿਸੇ ਸੁਵਿਧਾ ਦਾ ਦੁਰਉਪਯੋਗ ਕਰਨ ਵਾਲਿਆਂ ਦੀ ਆਪਣੀ ਅਲੱਗ ਫਿਤਰਤ ਹੁੰਦੀ ਹੈ। ਜਿਥੇ ਕਿਸੇ ਚੀਜ਼ ਦਾ ਮਹੱਤਵ ਵਧਦਾ ਹੈ। ਉਥੇ ਦੂਸਰੇ ਪਾਸੇ ਉਸ ਦੇ ਦੁਰਉਪਯੋਗ ਦੀਆਂ ਸੰਭਾਵਨਾਵਾਂ ਵੀ ਰਹਿੰਦੀਆਂ ਹੀ ਹਨ।



ਸੁਖ਼ਨ ਸਾਜ਼



ਸੁਲੱਖਣ ਸਰਹੱਦੀ
+91-94174-84337
sulakhansarhaddi@gmail.com

# ਨਿਰੰਜਨ ਸੂਖ਼ਮ ਦੀਆਂ ਗ਼ਜ਼ਲਾਂ

ਪੰਜਾਬੀ ਗ਼ਜ਼ਲ ਅੱਜ ਜਿਸ ਮੁਕਾਮ 'ਤੇ ਹੈ, ਉਹਦੇ ਵਿਚ ਨੌਜਵਾਨ ਗ਼ਜ਼ਲਕਾਰਾਂ ਦਾ ਬੱਝਵਾਂ ਯੋਗਦਾਨ ਹੈ। ਅੱਜ ਦੀ ਗ਼ਜ਼ਲ ਸੰਸਾਰੀਕਰਨ ਨਾਲ ਪੈਦਾ ਹੋ ਰਹੇ ਸਮੁੱਚੇ ਸੰਕਟਾਂ ਨੂੰ ਪੜਤਾਲਦੀ ਹੋਈ ਨਵੇਂ ਰਸਤਿਆਂ ਦੀ ਖੋਜ ਵਿਚ ਪੇਸ਼-ਪੇਸ਼ ਹੈ। ਇਸ ਦੌਰ ਵਿਚ ਪੰਜਾਬੀ ਕਾਵਿ ਦੀ ਸਭ ਤੋਂ ਸ਼ਕਤੀਸ਼ਾਲੀ ਵਿਧਾ ਵੀ ਇਸੇ ਲਈ ਗ਼ਜ਼ਲ ਨੂੰ ਹੀ ਮੰਨਿਆ ਜਾ ਰਿਹਾ ਹੈ। ਗ਼ਜ਼ਲ ਦੀ ਇਸ ਕਾਮਯਾਬੀ ਵਿਚ ਜਿਹੜੇ ਨੌਜਵਾਨ ਗ਼ਜ਼ਲਗੋ ਨਵੀਆਂ ਪੈੜਾਂ ਪਾ ਰਹੇ ਹਨ, ਉਨ੍ਹਾਂ ਵਿਚ ਹੀ ਨਿਰੰਜਨ ਸੂਖ਼ਮ ਦਾ ਨਾਂਅ ਬੋਲਦਾ ਹੈ। ਨਿਰੰਜਨ ਸੂਖ਼ਮ ਅਜੋਕੇ ਸਮਿਆਂ ਵਿਚ ਦਰਪੇਸ਼ ਹਰ ਮਸਲੇ ਨੂੰ ਵਿਗਿਆਨਕ ਦ੍ਰਿਸ਼ਟੀ ਨਾਲ ਵਾਚਦਾ ਹੋਇਆ ਜਦੋਂ ਸ਼ਿਅਰ ਸਿਰਜਦਾ ਹੈ ਤਾਂ ਸੁਹਜ ਦਾ ਪੱਲਾ ਵੀ ਪੂਰੀ ਪਕਿਆਈ ਨਾਲ ਫੜੀ ਰੱਖਦਾ ਹੈ। ਇਹੀ ਕਿਸੇ ਵੀ ਚੰਗੇ ਸ਼ਾਇਰ ਦੀ ਪਹਿਲੀ ਪਛਾਣ ਹੁੰਦੀ ਹੈ।



ਨਿਰੰਜਨ ਸੂਖ਼ਮ

ਜ਼ਿੰਦਗੀ ਇਕ ਮਿਰਗ ਛਲ ਹੈ, ਛਲ ਰਹੀ। ਜਲ ਵਿਹੂਣੀ ਰੇਤ ਹੀ ਜਾਪੇ ਨਦੀ,
ਨਾਲ਼ ਸਾਡੇ ਭਟਕਣਾ ਹੀ ਚਲ ਰਹੀ। ਬਿਨ ਸੁਣੇ ਤਪਦੇ ਥਲਾਂ ਦੀ ਚਲ ਰਹੀ।

ਪਰਬਤਾਂ ਜੇਡੀ ਉਦਾਸੀ ਖਲ ਰਹੀ, ਅੱਜ ਇਕਦਮ ਹੋ ਗਈ ਸੁੱਘੜ ਸੁਭਾ,
ਸ਼ਾਮ ਜਿਉਂ ਜਿਉਂ ਪਰਬਤਾਂ ਵਿਚ ਢਲ਼ ਰਹੀ। ਜੋ ਕਦੇ ਬਾਬਲ ਦੇ ਘਰ ਚੰਚਲ ਰਹੀ।

ਜ਼ਿੰਦਗੀ ਤੂੰ ਕਿਉਂ ਅਸਾਥੋਂ ਟਲ਼ ਰਹੀ, ਵੇਖ ਕੇ ਮੁਖੜਾ ਗ਼ਜ਼ਲ ਵਰਗਾ ਤੇਰਾ,
ਮੁੱਦਤਾਂ ਤੋਂ ਹੀ ਤੇਰੀ ਅੱਜ ਕੱਲ੍ਹ ਰਹੀ। ਮਨ 'ਚ ਇਕ ਸੂਖਮ ਗ਼ਜ਼ਲ ਹੈ ਪਲ਼ ਰਹੀ੍

---

ਜ਼ਿੰਦਗੀ ਤੇਵਰ ਦਿਖਾਵੇ ਜਦ ਖ਼ੁਸ਼ੀ ਦੇ ਨਾਲ਼ ਨਾਲ਼।
ਮੌਤ ਨੂੰ ਵੀ ਯਾਦ ਰੱਖੀਂ ਜ਼ਿੰਦਗੀ ਦੇ ਨਾਲ਼ ਨਾਲ਼।

ਹੋਂਦ ਮੇਰੀ ਇਕ ਨਦੀ ਮਹਿਰਮ ਮੇਰਾ ਸਾਗਰ ਵਿਸ਼ਾਲ,
ਧੁਨ 'ਚ ਗਾਉਂਦਾ ਜਾ ਰਿਹਾ ਸੀ ਉਹ ਨਦੀ ਦੇ ਨਾਲ਼ ਨਾਲ਼।

ਹੋਂਦ ਨੂੰ ਖੁਰਨੋਂ ਬਚਾਉਣਾ ਜੇ ਤੂੰ ਚਾਹੇਂ ਦੋਸਤਾ,
ਕੁਝ ਕੁ ਸਿੱਖ ਲੈ ਘੁਣਤਰਾਂ ਤੂੰ ਸਾਦਗੀ ਦੇ ਨਾਲ਼ ਨਾਲ਼।

ਪਸਰਿਆ ਹੋਇਆ ਅਜੇ ਵੀ ਦੂਰ ਤੀਕਰ ਨੇਰ੍ਹ ਹੈ,
ਗੱਲ ਮੰਗਲ , ਚੰਨ ਦੀ ਹੈ ਰੋਸ਼ਨੀ ਦੇ ਨਾਲ਼ ਨਾਲ਼।

ਕਸ਼ਮਕਸ਼ ਦੇ ਦੌਰ ਦੀ ਰਫ਼ਤਾਰ ਕਿੰਨੀ ਤੇਜ਼ ਹੈ,
ਬਦਲਿਆ ਕੀ ਕੁਝ ਨਹੀਂ ਅੱਜ ਆਦਮੀ ਦੇ ਨਾਲ਼ ਨਾਲ਼।

ਹੋ ਗਿਆ ਲੰਬਾ ਸਫ਼ਰ ਤੇਰੇ ਤੋਂ ਮੇਰੇ ਤੀਕ ਦਾ
ਉੱਚੀਆਂ ਕੰਧਾਂ ਵੀ ਹੋਈਆਂ ਬੇਵਸੀ ਦੇ ਨਾਲ਼ ਨਾਲ਼।

ਕਹਿੰਦਿਆਂ 'ਸੂਖਮ' ਗ਼ਜ਼ਲ ਕੁੱਝ ਨੁਕਸ ਰਹਿ ਜਾਂਦੇ ਨੇ ਇਹ,
ਐਬ-ਏ-ਸ਼ਿਕਸ਼ਤੇ ਨਾਰਵਾ ਹਰਫ਼ੇ ਰਵੀ ਦੇ ਨਾਲ਼ ਨਾਲ਼।

ਮੇਰੀ ਹੋਂਦ ਕਿਰ ਰਹੀ ਹੈ ਮੁੱਠੀ 'ਚੋਂ ਵਾਂਗ ਰੇਤੇ।
ਤੇਰੀ ਹੋਂਦ ਸਾਹਵੇਂ ਆਪਾ ਕੋਈ ਕਿਸ ਤਰ੍ਹਾਂ ਸਮੇਟੇ।

ਗਿਰਵੀ ਹੈ ਜ਼ਿੰਦਗਾਨੀ ਔਕਾਤ ਦੇ ਹਵਾਲੇ,
ਨਿੱਤ ਬੇਵਸੀ ਅਸਾਡੀ ਰੀਝਾਂ ਦਾ ਘਾਣ ਦੇਖੇ।

ਖੰਡਤ ਹੈ ਮਾਨਸਿਕਤਾ ਹਰ ਵਕਤ ਬੇਵਿਸਾਹੀ,
ਇਸ ਦੌਰ ਦੇ ਨੇ ਹਾਸਲ ਕੋਈ ਖ਼ੁਦ ਨੂੰ ਜਦ ਫਰੋਲੇ।

ਇਸ ਜ਼ਿੰਦਗੀ ਨੂੰ ਲੋਚਾ ਹੈ ਐਸੇ ਹਮਸਫ਼ਰ ਦੀ,
ਹਿੱਕ ਤਾਣ ਕੇ ਤੁਰੇ ਜੋ ਮੁੜ ਮੁੜ ਪਿਛਾਂਹ ਨਾ ਦੇਖੇ।

ਪੀੜਾਂ ਦੇ ਹਮਸਫ਼ਰ ਨੂੰ ਕਿੱਥੇ ਸਕੂਨ ਇਸ ਬਿਨ,
ਇਕ ਯਾਦ ਤੇਰੀ ਆਵੇ ਜ਼ਖ਼ਮਾਂ ਨੂੰ ਫਿਰ ਕੁਰੇਦੇ।

ਗੌਤਮ ਵੀ ਮੈਂ ਨਹੀਂ ਹਾਂ ਫ਼ਰਹਾਦ ਵੀ ਨਹੀਂ ਹਾਂ,
ਨਿੱਤ ਜੂਝਦਾ ਹਾਂ ਫਿਰ ਵੀ ਪੈਂਡੇ ਮੇਰੇ ਲੰਮੇਰੇ।

ਹਾਂ ਕਿਸ ਤਰ੍ਹਾਂ ਦਾ ਬੱਦਲ, ਬੱਦਲ ਮੈਂ ਕਿਸ ਤਰ੍ਹਾਂ ਦਾ,
ਥੋੜ੍ਹਾ ਜਿਹਾ ਨਾ ਅੰਬਰ ਆਇਆ ਨਸੀਬ ਮੇਰੇ।

---

ਚੱਲਦੇ ਕੁਝ ਲੋਕ ਚਾਲਾਂ ਧਰਤ ਨੂੰ ਵੰਡਣ ਲਈ।
ਦੇ ਰਹੇ ਨੇ ਚਿੰਨ੍ਹ ਵੱਖੋ-ਵੱਖਰੇ ਚਮਕਣ ਲਈ।

ਪਿੰਡ ਦੇ ਪਿੰਡੇ 'ਤੇ ਵਸਤਰ ਹੀ ਨਹੀਂ ਪਹਿਨਣ ਲਈ,
ਉਹ ਕਰਾਈ ਜਾਣ ਸਰਵੇ ਅੰਕੜੇ ਜਾਨਣ ਲਈ।

ਕਿਸ ਤਰ੍ਹਾਂ ਦੀ ਦੌੜ ਵਿਚ ਨਵਯੁਗ ਦਾ ਮਾਨਵ ਪੈ ਗਿਐ,
ਜ਼ਿੰਦਗੀ ਕੀ ਸਿਲਸਿਲਾ ਫ਼ੁਰਸਤ ਨਹੀਂ ਜਾਨਣ ਲਈ।

ਪਤਝੜਾਂ ਦੀ ਮਾਰ ਨੂੰ ਵੀ ਬਿਰਖ 'ਜੀ ਆਇਆਂ' ਕਹੇ,
ਫਿਰ ਬਹਾਰਾਂ ਨੂੰ ਉਡੀਕੇ ਫੇਰ ਤੋਂ ਮੌਲਣ ਲਈ।

ਮੁਸਕਰਾ ਕੇ ਜਦ ਕਦੀ ਪੱਲੂ ਉਹ ਲਹਿਰਾ ਲੰਘਦੇ,
ਪੌਣ ਵੀ ਅਠਖੇਲੀਆਂ ਕਰਦੀ ਉਦੋਂ ਰੁਮਕਣ ਲਈ।

ਜ਼ਿੰਦਗੀ ਕਦ ਜੋੜ ਤੇ ਤਕਸੀਮ ਦਾ ਹੀ ਨਾਮ ਹੈ,
ਹੇ ਖ਼ੁਦਾ ਤੌਫ਼ੀਕ ਬਖ਼ਸ਼ੀਂ ਏਸ ਨੂੰ ਸਮਝਣ ਲਈ।

ਕਾਸ਼ ਹੋਵੇ ਮਾਨਵੀ ਮੁੱਲਾਂ ਦਾ ਵੀ ਵਿਸ਼ਵੀਕਰਨ,
ਜਾਤ ਮਾਨਸ ਦੀ ਬਣੇ ਇੱਕੋ ਹੀ ਪਹਿਚਾਨਣ ਲਈ।

ਲੱਖ ਡਾਹਢਾ ਹੀ ਸਹੀ, ਪਰ ਫੇਰ ਵੀ ਹਮਦਰਦ ਹੈ,
ਵਕਤ ਮਰਹਮ ਵੀ ਜੁਟਾਉਂਦੈ ਜ਼ਖ਼ਮ ਭਰ ਜਾਵਣ ਲਈ।

ਪੀ ਗਏ ਇਸ ਆਸ ਤੇ ਹੀ ਜ਼ਹਿਰ ਦਾ ਪਿਆਲਾ ਵੀ ਉਹ,
ਨੇਰ੍ਹ ਨਾ ਢੋਵੇ ਕੋਈ, ਤਰਸੇ ਨਾ ਛਿੱਟ ਚਾਨਣ ਲਈ।

---

ਬੁੱਕ ਭਰ ਭਰ ਨੂਰ ਵੰਡਣ ਵਿਤਕਰਾ ਕੋਈ ਨਹੀਂ।
ਪਰ ਇਨਾਇਤ ਸੂਰਜਾਂ ਦੀ ਗੌਲ਼ਦਾ ਕੋਈ ਨਹੀਂ।

ਖ਼ਬਰੇ ਕਦ ਉਸਨੇ ਮਿਰੇ ਦਿਲ ਵਿਚ ਵਸੇਰਾ ਕਰ ਲਿਆ,
ਅਕਲ ਦੇ ਦਰਬਾਨ ਨੇ ਵੀ ਰੋਕਿਆ ਕੋਈ ਨਹੀਂ।

ਹੌਲ਼ੀ-ਹੌਲ਼ੀ ਲੋਕ ਸਹਿੰਦੜ ਇਸ ਕਦਰ ਨੇ ਹੋ ਰਹੇ,
ਵਾਪਰੇ ਕੁੱਝ ਵੀ ਕਹਿਣ ਰੱਖ ਹੌਸਲਾ ਕੋਈ ਨਹੀਂ।

ਇਕ ਨਦੀ ਵਾਂਗਰ ਵਗਣ ਦਾ ਆ ਗਿਆ ਉਸ ਨੂੰ ਹੁਨਰ,
ਖ਼ੁਦ ਹੀ ਬਣਦੇ ਜਾਣ ਰਸਤੇ ਰੋਕਦਾ ਕੋਈ ਨਹੀਂ।

ਫਿਰ ਚਨਾਰਾਂ, ਦੇਵਦਾਰਾਂ 'ਤੇ ਬਹਾਰਾਂ ਪਰਤੀਆਂ,
ਪਸਤ ਹੋਈਆਂ ਪਤਝੜਾਂ ਵਿਚ ਹੌਸਲਾ ਕੋਈ ਨਹੀਂ।

ਬਾਤ ਆਪਣੀ ਦਾ ਹੁੰਗਾਰਾ ਪਰਬਤਾਂ ਤੋਂ ਸੁਣ ਲਵੋ,
ਸੱਖਣਾਪਣ ਰਿਸ਼ਤਿਆਂ ਵਿਚ ਬੋਲਦਾ ਕੋਈ ਨਹੀਂ।

ਤੁਰ ਰਿਹਾ ਧੁਨ ਆਪਣੀ ਵਿਚ ਹਰ ਕੋਈ ਮਸਰੂਫ਼ ਹੈ,
ਡਿਗ ਪਿਆ ਜਾਂ ਡੇਗਿਆ ਹੁਣ ਗੌਲ਼ਦਾ ਕੋਈ ਨਹੀਂ।

ਪੈ ਗਿਆ ਇਨ੍ਹਾਂ 'ਤੇ ਆਖ਼ਰ ਸੋਚ ਸਾਡੀ ਦਾ ਅਸਰ,
ਬੌਣਾਪਣ ਰੁੱਖਾਂ 'ਚ ਵਧਿਆ ਫੈਲਦਾ ਕੋਈ ਨਹੀਂ।

ਮੰਜ਼ਿਲਾਂ ਨੂੰ ਖ਼ੁਦ ਉਨ੍ਹਾਂ ਸਿਰਨਾਵਿਆਂ ਦੀ ਭਾਲ਼ ਹੈ,
ਹੌਸਲਾ ਦਰਿਆ ਜਿਨ੍ਹਾਂ ਦਾ ਤੌਖਲਾ ਕੋਈ ਨਹੀਂ।

C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



BeLL
STUCCO & RENOVATION
Residential
Commertial
ਰੈਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੋਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363



# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ




**JeevanBima Inc**

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ਕੀ ਤੁਸੀਂ ਘਰ ਦੇ ਮੁਖੀ ਹੋ ?
- ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ।
ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ ।
ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- Life Insurance
- Mortgage Insurance
- Disability Insurance
- Critical Illness Insurance
- Longterm Care Insurance
- Travel Insurance
- Health Plans



**Jasvir Deol**

*For All Insurance Needs Book Appointment Today.*

**Calgary**
Bus: (403) 717 - 0666
Cell: (403) 830 - 7007

**Edmonton**
Bus: (780) 465 - 6900
Cell: (780) 906 - 4497


MILLBOURNE ROAD
MEDICAL CLINIC
WALK-INS WELCOME
FAMILY PHYSICIANS
Dr. V.K. Thapar (M.D., CCFP)*
By Appointments Only
Dr. B.S. Jassar (M.D., Ph.D, CCFP)*
Cell: 780 918 0516
Dr. S. Bananda (M.D.)
Ph: 780 462 4229
Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation


WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and delivery.
One Location - Multiple Considerations
Complete Range of Counter tops including laminate.
Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼
Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889


Passport
Photos
by:
Kanwal Lyall
All types of Immigration, Passport,
PIO, Citizenship Photos
Phone: 780-952-8017
lyallstudio@gmail.com


Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3


Fancy
DOORS & MOULDINGS LTD.
JELD-WEN ALEXANDRIA Masonite
SPRING SALE!
START THE SEASON WITH SAVINGS!
Interior Doors
Cheyenne
Smooth, H/C, Pre-Hung
18" x 36"
MDF Jamb, 3 Hinges
Bostonian
6-Panel, Pre-Hung
18" to 36"
MDF Jamb, 3 Hinges
Exterior Doors
Fibreglass "Parliament"
Pre-Hung
(32" or 36" x 80")
with 4.5" Jamb
6-Panel Steel Door
with Brick Moulding
Pre-Hung (32" or 36")
with 4.5" Jamb
ONLY $49.99
ONLY $55.99
ONLY $299.99
ONLY $149.99
A 3-Panel Mission Shaker, Fir
B 3-Panel Equal Shaker, MDF
C 5-Panel Shaker, MDF
French Doors
Single or Double "Paris" Doors
Pantry Slab
Circle Ring
Square Ring with Band
ONLY $99.00
Exterior Wood Doors
Prefinished 32" x 32" x 96"
THESE THREE DOORS ONLY $4500.00 EACH
SAVE ON DOOR KNOBS AND HANDLES!
Taymor
Tofino Knob
ONLY $12.99
Superior Door Lock and Handle Set
ONLY $49.99
2 Piece Deadbolt
ONLY $24.99
Villa Passage Knob
ONLY $13.99
MOULDING & MILLWORK HIGHLAND PARK SERIES ~ CLEAN, MODERN & ELEGANT!
#546 Casing 1¼" x 5½" SPERO™ ONLY $1.99 /linear foot
#8039 Casing ¾" x 3½" MDF Primed ONLY $0.59 /linear foot
#8237 Baseboard ⅝" x 5½" MDF Primed ONLY $0.69 /linear foot
#8081 Casing ⅝" x 3¼" MDF Primed ONLY $0.59 /linear foot
#8281 Baseboard ½" x 6" MDF Primed ONLY $0.69 /linear foot
ALEXANDRIA Moulding
MOULDING SPECIALS!
#5010 1⅜" x 4¹⁄₁₆" MDF Primed ONLY $1.29 /linear foot
#412 ⅝" x 4¼" MDF Primed ONLY $0.55 /linear foot
#411 ¹¹⁄₁₆" x 3" MDF Primed ONLY $0.45 /linear foot
#3140 ⅜" x 3¼" MDF Primed ONLY $0.29 /linear foot
#356 2¼" x ⅜" MDF Primed ONLY $0.19 /linear foot
SAVE ON BATHROOM FIXTURES!
Infinity
4 Piece Bath Set:
ONLY $29.99
Robe Hook
Towel Bar
Paper Holder
Towel Ring
Sunglow
4 Piece Bath Set
ONLY $24.99
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Come visit our new, remodeled showroom!
Alberta Location: 9129 - 35 Avenue, Edmonton, AB T6E 5Y1
Ph: 780-432-7700
Fax: 780-432-7710 www.fancydoors.net
Limited time offer Expires May 31, 2012

## ਫ਼ੋਟੋ ਗੈਲਰੀ

# 'ਅਲਬਰਟਾ ਵਿਧਾਨ ਸਭਾ ਚੋਣਾਂ 2012' ਦੌਰਾਨ ਐਡਮਿੰਟਨ ਅਤੇ ਕੈਲਗਰੀ ਦੇ ਵੱਖ-ਵੱਖ ਹਲਕਿਆਂ ਤੋਂ ਜੇਤੂ ਰਹੇ ਉਮੀਦਵਾਰ ਸਮਰਥਕਾਂ ਤੇ ਆਪਣੇ ਪਰਿਵਾਰ ਨਾਲ ਖ਼ੁਸ਼ੀ ਸਾਂਝੀਂ ਕਰਦੇ ਹੋਏ ...






















# ਮਜ਼ਦੂਰ ਲਹਿਰ ਨੂੰ ਦਰਪੇਸ਼ ਚੁਣੌਤੀਆਂ



ਮੰਗਤ ਰਾਮ ਪਾਸਲਾ
ਸਕੱਤਰ ਸੀ.ਪੀ.ਐਮ. (ਪੰਜਾਬ)
+91-98141-82998

ਮਈ ਦਿਵਸ ਮਜਦੂਰ ਜਮਾਤ ਦਾ ਪੂੰਜੀਵਾਦੀ ਲੁਟੇਰੇ ਪ੍ਰਬੰਧ ਤੋਂ ਬੰਦ ਖਲਾਸੀ ਲਈ ਲਹੂ ਵੀਟਵੇਂ ਸੰਘਰਸ਼ ਅਤੇ ਕੀਤੀਆਂ ਕੁਰਬਾਨੀਆਂ ਦਾ ਪ੍ਰਤੀਕ ਹੈ। ਇਹ ਸੰਸਾਰ ਭਰ ਦੇ ਲੋਕਾਂ ਨੂੰ ਇਕ ਸਰਵ ਸਾਂਝੇ ਨਿਜ਼ਾਮ, ਸਮਾਜਵਾਦ ਦੀ ਪ੍ਰਾਪਤੀ ਵਾਸਤੇ ਘੋਲ ਜਾਰੀ ਰੱਖਣ ਦਾ ਪੈਗਾਮ ਦਿੰਦਾ ਹੈ। ਮਈ ਦਿਵਸ ਦੀ ਮਹਾਨਤਾ ਇਕੱਲੇ ਮਜ਼ਦੂਰ ਵਰਗ ਵਾਸਤੇ ਹੀ ਨਹੀਂ, ਬਲਕਿ ਉਨ੍ਹਾਂ ਸਾਰੇ ਲੁਟੇ-ਪੁਟੇ ਜਾਂਦੇ ਲੋਕਾਂ ਲਈ ਵੀ ਓਨੀ ਹੀ ਹੈ ਜੋ ਬੇਕਿਰਕ ਆਰਥਿਕ ਲੁੱਟ-ਖਸੁੱਟ, ਅਨਿਆਂ, ਜ਼ੁਲਮ ਅਤੇ ਪੂੰਜੀਵਾਦੀ ਅਮਾਨਵੀ ਪ੍ਰਬੰਧ ਤੋਂ ਪੀੜਤ ਹਨ। ਇਨ੍ਹਾਂ ਵਿਚ ਸ਼ਹਿਰਾਂ ਅਤੇ ਪਿੰਡਾਂ ਦੇ ਉਹ ਲੱਖਾਂ ਬੇਕਾਰ ਹੱਥ ਸ਼ਾਮਿਲ ਹਨ, ਜੋ ਕੰਮ ਦੀ ਤਾਲਾਸ਼ ਵਿਚ ਦਰ ਦਰ ਭਟਕਦੇ ਫਿਰ ਰਹੇ ਹਨ। ਕਿਸਾਨ ਤੇ ਪੇਂਡੂ ਮਜ਼ਦੂਰ ਵੀ ਇਸ ਦਾ ਭਾਗ ਹਨ ਜੋ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਰੱਜਵੀਂ ਰੋਟੀ, ਰਹਿਣਯੋਗ ਮਕਾਨ, ਵਿਦਿਆ ਅਤੇ ਸਿਹਤ ਸਹੂਲਤਾਂ ਤੋਂ ਵਾਂਝੇ ਹਨ। ਮਈ ਦਿਵਸ ਦੀ ਮਹਾਨਤਾ ਅਬਾਦੀ ਦੀ ਅੱਧੀ ਵੱਸੋਂ, ਔਰਤਾਂ ਵਾਸਤੇ ਵੀ ਓਨੀ ਹੀ ਵਿਸ਼ੇਸ਼ ਹੈ, ਜੋ ਇਕੱਲੀ ਆਰਥਿਕ ਲੁੱਟ ਦੀਆਂ ਹੀ ਸ਼ਿਕਾਰ ਨਹੀਂ ਹਨ, ਸਗੋਂ ਮਰਦ ਪ੍ਰਧਾਨ ਸਮਾਜ ਵਿਚ ਸਮਾਜਿਕ, ਸਭਿਆਚਾਰਕ ਇਤਿਆਦ ਅਨੇਕਾਂ ਹੋਰ ਵਿਤਕਰਿਆਂ ਤੋਂ ਵੀ ਸਭ ਤੋਂ ਵੱਧ ਜ਼ਿਆਦਾ ਪ੍ਰੇਸ਼ਾਨ ਹਨ। ਮਈ ਦਿਵਸ ਦੀ ਅਹਿਮੀਅਤ ਸਦੀਆਂ ਤੋਂ ਸਮਾਜਿਕ ਜਬਰ ਦਾ ਦਰਦ ਹੰਢਾ ਰਹੇ ਦਲਿਤਾਂ, ਆਦਿਵਾਸੀਆਂ ਅਤੇ ਕਥਿਤ ਨੀਵੀਆਂ ਜਾਤੀਆਂ ਨਾਲ ਸਬੰਧਤ ਕਰੋੜਾਂ ਲੋਕਾਂ ਵਾਸਤੇ ਵੀ ਕਿਸੇ ਹੋਰ ਤੋਂ ਘਟ ਨਹੀਂ ਹੈ, ਜੋ ਅਜੇ ਵੀ ਮਨੁੱਖੀ ਜਾਮੇ ਵਿਚ ਜਾਨਵਰਾਂ ਵਾਂਗਰ ਤਰਿਸਕਾਰੇ ਜਾਂਦੇ ਹਨ। ਬਿਨਾਂ ਸ਼ੱਕ ਮਜ਼ਦੂਰ ਵਰਗ ਨੂੰ ਮਈ ਦਿਵਸ ਦਾ ਸੁਨੇਹਾ ਬਾਕੀ ਲੋਕਾਂ ਨਾਲੋਂ ਤੇਜ਼ ਅਤੇ ਤਿੱਖੇ ਰੂਪ ਵਿਚ ਇਸ ਲਈ ਆਪਣੇ ਵੱਲ ਖਿੱਚਦਾ ਹੈ ਕਿਉਂਕਿ ਇਸ ਦਿਨ ਸਾਲ 1886 ਵਿਚ ਸ਼ਿਕਾਗੋ (ਅਮਰੀਕਾ) ਸ਼ਹਿਰ ਦੇ ਸਨੱਅਤੀ ਕਾਮਿਆਂ ਨੇ ਜਦੋਂ ਅਸਹਿ ਕੰਮ ਦੇ ਲੰਬੇ ਘੰਟੇ ਘਟ ਕਰਨ ਅਤੇ ਹੋਰ ਨਿਗੂਣੀਆਂ ਜਿਹੀਆਂ ਆਰਥਕ ਮੰਗਾਂ ਦੀ ਪੂਰਤੀ ਲਈ ਸ਼ਾਂਤਮਈ ਢੰਗ ਨਾਲ ਮਿਲ ਮਾਲਕਾਂ ਨੂੰ ਮੰਗ ਪੱਤਰ ਦੇਣ ਲਈ ਮੁਜ਼ਾਹਰਾ ਕਰਨ ਦਾ ਯਤਨ ਕੀਤਾ ਤਦ ਪੂੰਜੀਪਤੀਆਂ ਦੀ ਰਾਖੀ ਕਰਨ ਵਾਲੀ ਪੁਲੀਸ ਅਤੇ ਪੂੰਜੀਪਤੀਆਂ ਦੇ ਲੱਠਮਾਰ ਗੋਲੀਆਂ ਨਾਲ ਉਨ੍ਹਾਂ ਦਾ ਸ਼ਿਕਾਰ ਕਰਨ ਤੱਕ ਗਏ। ਇਸ ਖੂਨੀ ਕਾਰੇ ਵਿਚ ਇਕ ਬੱਚੇ ਦੀ ਮੌਤ ਹੋ ਗਈ ਤੇ ਅਨੇਕਾਂ ਹੋਰ ਕਾਮੇ ਜਖ਼ਮੀ ਹੋ ਗਏ। ਇਸ ਸਾਰੇ ਦੁਖਾਂਤ ਲਈ ਦੋਸ਼ੀ ਹਾਕਮਾਂ ਅਤੇ ਇਸਦੀ ਪੁਲੀਸ ਨੇ ਉਲਟਾ ਮਜ਼ਦੂਰ ਆਗੂਆਂ ਉਤੇ ਸੰਗੀਨ ਕਿਸਮ ਦੇ ਝੂਠੇ ਕੇਸ ਬਣਾ ਦਿੱਤੇ ਅਤੇ ਸਮੇਂ ਦੀਆਂ ਅਦਾਲਤਾਂ ਨੇ ਬੇਕਸੂਰ 7 ਮਜ਼ਦੂਰ ਨੇਤਾਵਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਕੇ ਮੌਤ ਦੇ ਘਾਟ ਉਤਾਰ ਦਿੱਤਾ। ਉਸੇ ਦਿਨ ਤੋਂ ਸੰਸਾਰ ਭਰ ਦੇ ਕਿਰਤੀ ਮਈ ਦਿਵਸ ਨੂੰ ਆਪਣੇ ਸ਼ਹੀਦਾਂ ਨੂੰ ਨੱਤਮਸਤਕ ਹੋਣ, ਪੂੰਜੀਵਾਦ ਵਿਰੁੱਧ ਸੰਘਰਸ਼ ਨੂੰ ਤੇਜ਼ ਕਰਨ, ਮਜ਼ਦੂਰ ਲਹਿਰ ਦੇ ਵਿਕਾਸ ਲਈ ਮੁੜ ਸਮਰਪਤ ਹੋਣ ਦਾ ਪ੍ਰਗਟਾਵਾ ਕਰਨ ਅਤੇ ਲੁੱਟ-ਖਸੁੱਟ ਰਹਿਤ ਸਮਾਜ ਦੀ ਸਥਾਪਨਾ ਤੱਕ ਆਪਣੀ ਜਦੋ-ਜਹਿਦ ਜਾਰੀ ਰੱਖਣ ਦੇ ਸੰਕਲਪ ਲੈਣ ਦੇ ਦਿਵਸ ਵਜੋਂ ਮਨਾਉਂਦੇ ਆ ਰਹੇ ਹਨ।

ਮਜ਼ਦੂਰ ਜਮਾਤ ਦੀਆਂ ਵਿਰੋਧੀ ਸ਼ਕਤੀਆਂ ਵਲੋਂ ਮਈ ਦਿਵਸ ਦੀਆਂ ਇਨਕਲਾਬੀ ਰਵਾਇਤਾਂ ਨੂੰ ਢਾਅ ਲਾਉਣ ਤੇ ਧੁੰਦਲਾ ਕਰਨ ਦੀਆਂ ਕੋਸ਼ਿਸ਼ਾਂ ਉਸ ਦਿਨ ਤੋਂ ਹੀ ਸ਼ੁਰੂ ਕਰ ਦਿੱਤੀਆਂ ਗਈਆਂ ਸਨ, ਜਿਸ ਦਿਨ ਇਸ ਦਾ ਜਨਮ ਹੋਇਆ ਸੀ। ਪੂੰਜੀਵਾਦ ਦੇ ਹਮਾਇਤੀਆਂ ਵਲੋਂ ਇਸ ਦਿਨ ਦੀ ਮਹਾਨਤਾ ਨੂੰ ਇਤਿਹਾਸ ਦੇ ਵਰਕਿਆਂ ਵਿਚੋਂ ਮਿਟਾਇਆ ਤਾਂ ਨਹੀਂ ਜਾ ਸਕਿਆ, ਪਰ ਇਸ ਦਿਨ ਨੂੰ ਛੁੱਟੀ ਤੇ ਮੌਜ ਮੇਲਾ ਕਰਨ ਦਾ ਦਿਨ ਜਾਂ ਮਿਲ ਮਾਲਕਾਂ ਤੇ ਮਜ਼ਦੂਰਾਂ ਦੇ ਸਹਿਯੋਗ ਦਿਵਸ ਵਜੋਂ ਉਭਾਰਨ ਦਾ ਯਤਨ ਜ਼ਰੂਰ ਕੀਤਾ ਗਿਆ। ਮਾਲਕਾਂ ਪੱਖੀ ਅਤੇ ਸੁਧਾਰਵਾਦੀ ਟਰੇਡ ਯੂਨੀਅਨਾਂ ਵਲੋਂ ਮਈ ਦਿਵਸ ਨੂੰ ਮਨਾਉਣ ਦੀਆਂ ਗਤੀਵਿਧੀਆਂ 'ਚੋਂ ਸਮਾਜਿਕ ਪਰਵਰਤਨ, ਸਮਾਜਵਾਦ, ਮਜ਼ਦੂਰ-ਕਿਸਾਨ ਏਕਤਾ, ਸੰਸਾਰ ਭਰ ਦੇ ਕਿਰਤੀਆਂ ਦੀ ਏਕਤਾ ਕਾਇਮ ਕਰਨ ਅਤੇ ਪੂੰਜੀਵਾਦ ਦੇ ਖਾਤਮੇ ਵਰਗੇ ਮੂਲ ਮਨੋਰਥਾਂ ਨੂੰ ਖਾਰਜ ਕਰਨ ਦਾ ਉਪਰਾਲਾ ਵੀ ਲਗਾਤਾਰ ਕੀਤਾ ਜਾਂਦਾ ਹੈ। ਇਸ ਲਈ ਮਈ ਦਿਵਸ ਦੀਆਂ ਇਨਕਲਾਬੀ ਰਵਾਇਤਾਂ ਨੂੰ ਜਿਊਂਦਿਆਂ ਰੱਖਣ ਲਈ ਮਜ਼ਦੂਰ ਲਹਿਰ ਦਾ ਇਹ ਪਵਿੱਤਰ ਫਰਜ਼ ਬਣਦਾ ਹੈ ਕਿ ਉਹ ਉਪਰੋਕਤ ਦੱਸੇ ਮਨੋਰਥਾਂ ਨੂੰ ਅਣਡਿੱਠ ਹੋਣ ਤੋਂ ਬਚਾਉਣ ਲਈ ਆਪਣੀਆਂ ਕੋਸ਼ਿਸ਼ਾਂ ਅਤੇ ਸੰਘਰਸ਼ਾਂ ਨੂੰ ਜਾਰੀ ਰੱਖੇ ਤੇ ਦ੍ਰਿੜਤਾ ਨਾਲ ਆਪਣੀ ਅੰਤਿਮ ਮੰਜ਼ਿਲ 'ਬਰਾਬਰਤਾ-ਵਾਲਾ-ਸਮਾਜ' ਸਿਰਜਣ ਵੱਲ ਲਗਾਤਾਰ ਅਗੇਰੇ ਵਧੇ।

ਮਈ ਦਿਵਸ ਸ਼ੁਰੂ ਹੋਣ ਦੇ ਲਗਭਗ ਸਵਾ ਸਦੀ ਦੇ ਸਮੇਂ ਤੋਂ ਲੈ ਕੇ ਅੱਜ ਤੱਕ ਮਈ ਦਿਵਸ ਦੇ ਇਨਕਲਾਬੀ ਨਿਸ਼ਾਨਿਆਂ ਲਈ ਸਮਰਪਤ ਮਜ਼ਦੂਰ ਲਹਿਰ ਭਾਰਤ ਅੰਦਰ ਬਹੁਤ ਸਾਰੇ ਉਤਰਾਵਾਂ ਚੜ੍ਹਾਵਾਂ ਵਿਚੋਂ ਗੁਜ਼ਰੀ ਹੈ। ਅੰਗਰੇਜ਼ੀ ਸ਼ਾਸਨ ਵਿਰੁੱਧ ਭਾਰਤ ਦੀ ਆਜ਼ਾਦੀ ਲਈ ਲੜੇ ਜਾ ਰਹੇ ਸੰਗਰਾਮ ਵਿਚ ਮਜ਼ਦੂਰ ਜਮਾਤ ਨੇ ਚੋਖਾ ਹਿੱਸਾ ਪਾਇਆ। ਬਾਲ ਗੰਗਾਧਰ ਤਿਲਕ ਦੀ ਗ੍ਰਿਫਤਾਰੀ ਦੇ ਵਿਰੋਧ ਵਿਚ ਬੰਬਈ ਦੀ ਸਮੁੱਚੀ ਮਜ਼ਦੂਰ ਜਮਾਤ ਦੁਆਰਾ ਕੀਤੀ ਗਈ ਹੜਤਾਲ ਆਜ਼ਾਦੀ ਅੰਦੋਲਨ ਦਾ ਇਕ ਸੁਨਹਿਰੀ ਕਾਂਡ ਹੈ। ਭਾਵੇਂ ਆਜ਼ਾਦੀ ਦੀ ਲੜਾਈ ਵਿਚ ਕੁਦੀ ਮਜ਼ਦੂਰ ਲਹਿਰ ਦੇ ਅਨੇਕਾਂ ਵੱਡੇ ਆਗੂ ਪੂੰਜੀਵਾਦ ਦੇ ਖਾਤਮੇਂ ਅਤੇ ਸਮਾਜਵਾਦ ਦੀ ਸਥਾਪਤੀ ਲਈ ਸੁਚੇਤ ਰੂਪ ਵਿਚ ਤਨਦੇਹੀ ਨਾਲ ਕੰਮ ਕਰ ਰਹੇ ਸਨ ਤੇ ਆਪਣੀਆਂ ਅਜਿਹੀਆਂ ਹੀ ਸਰਗਰਮੀਆਂ ਵਾਸਤੇ ਉਨ੍ਹਾਂ ਨੂੰ ਅੰਗਰੇਜ਼ੀ ਸਾਮਰਾਜ ਦੇ ਅਣਮਨੁੱਖੀ ਜਬਰ ਦਾ ਸਾਹਮਣਾ ਵੀ ਕਰਨਾ ਪਿਆ, ਪ੍ਰੰਤੂ ਆਜ਼ਾਦੀ ਪ੍ਰਾਪਤੀ ਲਈ ਸੰਘਰਸ਼ਾਂ ਵਿਚ ਕੁਦੀ ਮਜ਼ਦੂਰ ਜਮਾਤ ਸਰਮਾਏਦਾਰੀ ਪ੍ਰਬੰਧ ਦੇ ਕੱਟੜ ਹਮਾਇਤੀਆਂ ਦੇ ਪ੍ਰਭਾਵ ਅਤੇ ਆਰਥਿਕਵਾਦ ਦੀ ਜਿੱਲ੍ਹਣ ਵਿਚੋਂ ਬਾਹਰ ਨਿਕਲਣ ਦੇ ਸਮਰੱਥ ਨਹੀਂ ਬਣ ਸਕੀ। ਜਿਸ ਤਰ੍ਹਾਂ ਕਮਿਊਨਿਸਟ ਤੇ ਦੂਸਰੀਆਂ ਖੱਬੇ ਪੱਖੀ ਅਗਾਂਹਵਧੂ ਧਿਰਾਂ ਅੰਗਰੇਜ਼ੀ ਸਾਮਰਾਜ ਵਿਰੁੱਧ ਜੱਦੋ-ਜਹਿਦ ਕਰਦਿਆਂ ਹੋਇਆਂ ਭਾਰੀ ਕੁਰਬਾਨੀਆਂ ਦਾ ਇਤਿਹਾਸ ਸਿਰਜਣ ਦੇ ਬਾਵਜੂਦ ਆਜ਼ਾਦੀ ਲਈ ਅੰਗਰੇਜ਼ੀ ਸਾਮਰਾਜ ਵਿਰੁੱਧ ਲੜੇ ਜਾ ਰਹੇ ਯੁੱਧ ਦੇ ਆਗੂ ਦੇ ਤੌਰ 'ਤੇ ਨਹੀਂ ਉਭਰ ਸਕੀਆਂ ਅਤੇ ਆਜ਼ਾਦੀ ਅੰਦੋਲਨ ਦੀ ਅਗਵਾਈ ਸਰਮਾਏਦਾਰ-ਜਗੀਰਦਾਰ ਜਮਾਤਾਂ ਅਤੇ ਇਸਦੇ ਆਗੂਆਂ ਦੇ ਹੱਥਾਂ ਵਿਚ ਹੀ ਰਹੀ, ਇਸੇ ਤਰ੍ਹਾਂ ਮਜ਼ਦੂਰ ਜਮਾਤ ਵੀ ਆਜ਼ਾਦੀ ਸੰਗਰਾਮ ਨੂੰ ਸਪੱਸ਼ਟ ਤੇ ਫੈਸਲਾਕੁੰਨ ਅਗਵਾਈ ਪ੍ਰਦਾਨ ਨਹੀਂ ਸਕੀ ਤੇ ਸਰਮਾਏਦਾਰ ਜਮਾਤ ਤੇ ਇਸ ਦੇ ਆਗੂਆਂ ਦੀ ਅਗਵਾਈ ਹੇਠ ਹੀ ਆਪਣੀ ਭੂਮਿਕਾ ਅਦਾ ਕਰਦੀ ਰਹੀ।

1947 ਵਿਚ ਆਜ਼ਾਦੀ ਪ੍ਰਾਪਤੀ ਤੋਂ ਬਾਅਦ ਦੇ ਸਾਲਾਂ ਦੌਰਾਨ ਮਜ਼ਦੂਰ ਜਮਾਤ ਆਪਣੀਆਂ ਅਨੇਕਾਂ ਮੰਗਾਂ ਦੀ ਪ੍ਰਾਪਤੀ ਲਈ ਅਲੱਗ ਅਲੱਗ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਅਤੇ ਵੱਖ ਵੱਖ ਰਾਜਸੀ ਮੁੱਦਿਆਂ ਉਪਰ ਸੰਘਰਸ਼ਸ਼ੀਲ ਰਹੀ ਹੈ। ਵੱਖ ਵੱਖ ਖੇਤਰਾਂ ਵਿਚ ਮਜ਼ਦੂਰ ਲਹਿਰ ਨੇ ਇਨ੍ਹਾਂ ਘੋਲਾਂ ਸਦਕਾ ਗਿਣਨਯੋਗ ਪ੍ਰਾਪਤੀਆਂ ਵੀ ਕੀਤੀਆਂ ਹਨ। ਕਿਸਾਨੀ ਤੇ ਖੇਤ ਮਜ਼ਦੂਰਾਂ ਨਾਲ ਸਾਂਝੀਆਂ ਜੱਦੋ ਜ਼ਹਿਦਾਂ ਵਿਚ ਮਜ਼ਦੂਰ ਕਿਸਾਨ ਏਕਤਾ ਉਸਾਰਨ ਦੇ ਵੀ ਅਨੇਕਾਂ ਗੰਭੀਰ ਯਤਨ ਹੋਏ ਹਨ। ਪ੍ਰੰਤੂ ਇਹ ਸਪੱਸ਼ਟ ਹੈ ਕਿ ਸਾਰੀਆਂ ਕੋਸ਼ਿਸਾਂ ਅਤੇ ਘਾਲਣਾਵਾਂ ਦੇ ਬਾਵਜੂਦ ਸਮੁੱਚੇ ਰੂਪ ਵਿਚ ਅਜੇ ਮਜ਼ਦੂਰ ਲਹਿਰ ਦੇਸ਼ ਦੇ ਰਾਜਨੀਤਕ ਨਕਸ਼ੇ ਉਪਰ ਨਿਰਣਾਇਕ ਤੇ ਮਹੱਤਵਪੂਰਨ ਸਥਾਨ ਹਾਸਲ ਨਹੀਂ ਕਰ ਸਕੀ। ਇਸ ਕਮਜ਼ੋਰੀ ਪਿਛੇ ਅਨੇਕਾਂ ਕਾਰਨ ਮੌਜੂਦ ਹਨ। ਮਜ਼ਦੂਰ ਜਮਾਤ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਜਿਤਾਉਣ ਵਾਲੀਆਂ ਕਮਿਊਨਿਸਟ ਪਾਰਟੀਆਂ ਨੇ, ਜਿਥੇ ਖੱਬੇ ਪੱਖੀ ਅੰਦੋਲਨ ਨੂੰ ਮਜ਼ਬੂਤ ਕਰਨ ਹਿਤ ਵੱਡੇ ਸੰਘਰਸ਼ ਕੀਤੇ ਹਨ ਅਤੇ ਕੁਰਬਾਨੀਆਂ ਦਾ ਨਿਵੇਕਲਾ ਇਤਿਹਾਸ ਵੀ ਰਚਿਆ ਹੈ, ਪ੍ਰੰਤੂ ਵਧੇਰੇ ਸਮਾਂ ਖੱਬੇ ਪੱਖੀ ਅੰਦੋਲਨ ਠੀਕ ਇਨਕਲਾਬੀ ਲੀਹਾਂ ਉਤੇ ਤੇਜ਼ੀ ਨਾਲ ਅੱਗੇ ਵੱਧਣ ਦੀ ਥਾਂ ਸੱਜੇ ਤੇ ਖੱਬੇ ਪੱਖੀ ਭਟਕਾਵਾਂ ਦਾ ਸ਼ਿਕਾਰ ਹੁੰਦਾ ਰਿਹਾ ਹੈ। ਸਰਮਾਏਦਾਰੀ-ਜਗੀਰਦਾਰ ਸਰਕਾਰ ਨਾਲ ਲਕੀਰ ਖਿੱਚ ਕੇ ਲੜਾਈ ਲੜਨ ਦੀ ਥਾਂ ਇਨ੍ਹਾਂ ਵਲੋਂ ਅਨੇਕਾਂ ਵਾਰ ਹਾਕਮ ਜਮਾਤਾਂ ਨਾਲ ਸਾਂਝ ਭਿਆਲੀਆਂ ਪਾਈਆਂ ਗਈਆਂ। ਸੋਵੀਅਤ ਯੂਨੀਅਨ ਤੇ ਹੋਰਨਾਂ ਪੂਰਬੀ ਯੂਰਪ ਦੇ ਦੇਸ਼ਾਂ ਅੰਦਰ ਸਮਾਜਵਾਦੀ ਪ੍ਰਬੰਧ ਦੀ ਕਾਇਮੀ ਸਮੇਂ ਸੀ.ਪੀ.ਆਈ. ਨੇ ਕਈ ਵਾਰ ਦੇਸ਼ ਦੀਆਂ ਕਾਂਗਰਸ ਸਰਕਾਰਾਂ ਨਾਲ, ਜੋ ਸਰਮਾਏਦਾਰ-ਜਗੀਰਦਾਰ ਜਮਾਤਾਂ ਦੇ ਹਿੱਤਾਂ ਦੀ ਤਰਜਮਾਨੀ ਕਰਦੀਆਂ ਸਨ, ਅੰਤਰਰਾਸ਼ਟਰੀ ਦਬਾਵਾਂ ਅਤੇ ਥੋੜ ਚਿਰੇ ਰਾਜਨੀਤਕ ਲਾਭਾਂ ਖਾਤਰ ਪਾਈਆਂ ਗਲਵਕੜੀਆਂ ਨੇ ਮਜ਼ਦੂਰ ਲਹਿਰ ਦੀ ਖਾੜਕੂ ਤੇ ਨਿਵੇਕਲੀ ਪਹਿਚਾਣ ਨੂੰ ਭਾਰੀ ਨੁਕਸਾਨ ਪਹੁੰਚਾਇਆ। ਇਸ ਨਾਲ ਮਜ਼ਦੂਰ ਲਹਿਰ ਦੀ ਇਕਜੁਟਤਾ ਅਤੇ ਸੰਘਰਸ਼ ਕਰਨ ਦੀ ਯੋਗਤਾ ਨੂੰ ਵੀ ਭਾਰੀ ਸੱਟ ਵੱਜੀ। ਨਹਿਰੂ ਸਰਕਾਰ ਨੂੰ ਅਗਾਂਹਵਧੂ ਤੇ ਸਾਮਰਾਜੀ ਵਿਰੋਧੀ ਗਰਦਾਨ ਦੇ ਪਰਦੇ ਹੇਠਾਂ ਦਿੱਤੇ ਗਏ ਸਹਿਯੋਗ ਅਤੇ ਬਾਅਦ ਵਿਚ ਸਾਲ 1975 ਦੀ ਇੰਦਰਾਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵਲੋਂ ਲਗਾਈ ਗਈ ਅੰਦਰੂਨੀ ਐਮਰਜੈਂਸੀ ਦੀ ਸੀ.ਪੀ.ਆਈ. ਤੇ ਮਜ਼ਦੂਰ ਜਥੇਬੰਦੀ ਏਟਕ ਵਲੋਂ ਕੀਤੀ ਹਮਾਇਤ ਨਾਲ ਮਜ਼ਦੂਰ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਇਸੇ ਵੰਨਗੀ ਦੀਆਂ ਹੋਰ ਵੀ ਅਨੇਕਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। 1990ਵਿਆਂ ਦੌਰਾਨ ਸੀ.ਪੀ.ਆਈ.(ਐਮ) ਵਲੋਂ ਅਲੱਗ ਅਲੱਗ ਬਹਾਨਿਆਂ ਹੇਠਾਂ ਲੁਕਵੇਂ ਜਾਂ ਸਿੱਧੇ ਰੂਪ ਵਿਚ ਕਾਂਗਰਸ ਸਰਕਾਰਾਂ ਸੰਗ ਖਲੋਣਾ ਅਤੇ ਅੰਤਮ ਰੂਪ ਵਿਚ ਕਾਂਗਰਸ ਪਾਰਟੀ ਦੀ ਅਗਵਾਈ ਹੇਠਲੀ ਕੇਂਦਰੀ ਸਰਕਾਰ ਨਾਲ ਪਾਈ ਗਈ ਭਾਈਵਾਲੀ, ਸਮੁੱਚੇ ਰੂਪ ਵਿਚ ਮਜ਼ਦੂਰ ਲਹਿਰ ਲਈ ਬਹੁਤ ਹੀ ਘਾਤਕ ਸਿੱਧ ਹੋਈ। ਦੂਸਰੇ ਬੰਨੇ ਸੰਕੀਰਨਵਾਦੀ ਤੇ ਖੱਬੇ ਪੱਖੀ ਕੁਰਾਹੇ ਦੀ ਸ਼ਿਕਾਰ ਮਜ਼ਦੂਰ ਲਹਿਰ ਵਲੋਂ ਵੀ ਮਜ਼ਦੂਰ ਜਮਾਤ ਦੀ ਇਤਿਹਾਸਿਕ ਆਗੂ ਭੂਮਿਕਾ ਨੂੰ ਹੀ ਨਜ਼ਰ ਅੰਦਾਜ਼ ਕੀਤਾ ਗਿਆ। ਮਜ਼ਦੂਰ ਜਮਾਤ ਦੇ ਆਰਥਿਕ ਸੰਘਰਸ਼ਾਂ ਨੂੰ ਛੁਟਿਆਉਣ ਤੱਕ ਦਾ ਵਿਗਾੜ ਵੀ ਇਨ੍ਹਾਂ ਖੱਬੇ ਪੱਖੀ ਮਾਅਰਕੇਬਾਜ਼ਾਂ ਵਿਚ ਦੇਖਿਆ ਜਾ ਸਕਦਾ ਹੈ। ਇਹ ਦੋਨੋਂ ਭਟਕਾਅ ਵੱਖ ਵੱਖ ਸ਼ਕਲਾਂ ਵਿਚ ਅੱਜ ਵੀ ਜਾਰੀ ਹਨ।

ਸਾਮਰਾਜੀ ਸੰਸਾਰੀਕਰਨ ਤੇ ਪੂੰਜੀ ਦੇ ਚੰਦ ਹੱਕਾਂ ਵਿਚ ਵੱਧ ਰਹੇ ਕੇਂਦਰੀਕਰਨ ਦੀ ਪ੍ਰਕਿਰਿਆ ਨਾਲ ਮਜ਼ਦੂਰ ਲਹਿਰ ਦੀ ਸੰਘਰਸ਼ ਕਰਨ ਅਤੇ ਘੋਲਾਂ ਰਾਹੀਂ ਸੌਦੇਬਾਜ਼ੀ ਕਰਨ ਦੀ ਸ਼ਕਤੀ ਵਿਚ ਭਾਰੀ ਕਮੀ ਆਈ ਹੈ। ਅੱਜ ਸੰਸਾਰੀਕਰਨ ਦੇ ਦੌਰ ਵਿਚ ਪੁਰਾਣੇ ਢੰਗਾਂ ਨਾਲ ਉਤਪਾਦਨ ਨਹੀਂ ਕੀਤਾ ਜਾਂਦਾ। ਵੱਡੇ ਪੂੰਜੀਵਤੀ ਅਤੇ ਕਾਰਪੋਰੇਟ ਘਰਾਣੇ ਪੱਕੇ ਤੌਰ 'ਤੇ ਮਜ਼ਦੂਰ ਲਗਾ ਕੇ ਪੈਦਾਵਾਰ ਕਰਨ ਦੀ ਥਾਂ ਠੇਕੇਦਾਰੀ ਪ੍ਰਥਾ ਅਤੇ ਕੱਚੇ ਕਿਰਤੀਆਂ (ਕੈਜ਼ੂਅਲ ਲੇਬਰ) ਰਾਹੀਂ ਉਤਪਾਦਨ ਕਰਨ ਨੂੰ ਤਰਜੀਹ ਦੇ ਰਹੇ ਹਨ। ਇਸ ਤੋਂ ਵੀ ਅੱਗੇ ਵੱਖ ਵੱਖ ਇਲਾਕਿਆਂ, ਦੁਕਾਨਾਂ ਅਤੇ ਘਰਾਂ ਵਿਚ ਹੀ ਗੈਰ-ਜਥੇਬੰਦ ਕਿਰਤੀਆਂ ਤੋਂ ਕੰਮ ਕਰਾਕੇ ਪੈਦਾਵਾਰ ਵਧਾਉਣ ਦੇ ਰੁਝਾਨ ਨੇ ਮਜ਼ਦੂਰ ਜਮਾਤ ਦੀ ਸ਼ਕਤੀ ਨੂੰ ਭਾਰੀ ਖੋਰਾ ਲਗਾਇਆ ਹੈ। ਇਸ ਨਾਲ ਪੂੰਜੀਪਤੀਆਂ ਜ਼ਿੰਮੇ ਕਿਰਤ ਕਾਨੂੰਨ ਲਾਗੂ ਕਰਨ, ਸੰਘਰਸ਼ਾਂ ਦੇ ਦਬਾਅ ਹੇਠਾਂ ਉਜਰਤਾਂ ਬਾਰੇ ਸਮਝੌਤੇ ਕਰਨ ਅਤੇ ਕਿਰਤੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਦੂਸਰੀਆਂ ਆਰਥਿਕ ਤੇ ਸਮਾਜਿਕ ਸਹੂਲਤਾਂ ਦੇਣ ਦੀਆਂ ਲੱਗੀਆਂ ਜ਼ਿੰਮੇਵਾਰੀਆਂ ਦਾ ਖਾਤਮਾ ਹੋ ਗਿਆ ਹੈ। ਅਜਿਹੇ ਦੌਰ ਵਿਚ ਨਵੀਂ ਤਕਨੀਕ ਸਦਕਾ ਪੈਦਾਵਾਰ ਦੀ ਪ੍ਰਕਿਰਿਆ ਵਿਚ ਕਿਰਤੀਆਂ ਦੀ ਗਿਣਤੀ ਘੱਟ ਜਾਣ ਕਾਰਨ ਵਾਧੂ ਹੱਥਾਂ (ਬੇਕਾਰ) ਦੀ ਗਿਣਤੀ ਵਿਚ ਬੇਬਹਾ ਵਾਧਾ ਹੋਇਆ ਹੈ। ਇਸਦੇ ਨਾਲ ਹੀ ਮਜ਼ਦੂਰ ਲਹਿਰ ਨੂੰ ਵੱਡੀ ਪੱਧਰ ਉਤੇ ਆਰਥਿਕਵਾਦ ਨੇ ਜਕੜ ਰੱਖਿਆ ਹੈ। ਸੰਗਠਤ ਮਜ਼ਦੂਰ ਲਹਿਰ ਦੇ ਇਸ ਆਰਥਿਕਵਾਦ ਦੀ ਜਿੱਲਣ ਵਿਚ ਫਸੇ ਹੋਣ ਕਾਰਨ, ਇਸ ਵਲੋਂ ਗੈਰ-ਸੰਗਠਤ ਤੇ ਬੇਕਾਰ ਕਿਰਤੀਆਂ ਨੂੰ ਆਪਣੀਆਂ ਸਫਾਂ ਵਿਚ ਸ਼ਾਮਿਲ ਕਰਨ ਲਈ ਲੋੜੀਂਦੇ ਯਤਨ ਨਹੀਂ ਕੀਤੇ ਜਾ ਰਹੇ। ਸੁਧਾਰਵਾਦੀ ਟਰੇਡ ਯੂਨੀਅਨਾਂ ਦੀ ਬਹੁਤਾਤ ਅਤੇ ਪੂੰਜੀਵਾਦੀ ਵਿਚਾਰਾਂ ਵਿਚ ਜਕੜੇ ਹੋਣ ਕਾਰਨ ਇਸਦੀ ਲੋੜ ਵੀ ਨਹੀਂ ਸਮਝੀ ਜਾਂਦੀ।

ਇਸ ਅਵਸਥਾ ਵਿਚ ਦੇਸ਼ ਦੀਆਂ ਸਮੂਹ ਇਨਕਲਾਬੀ ਤੇ ਖੱਬੀਆਂ ਧਿਰਾਂ ਨੂੰ ਮਜ਼ਦੂਰ ਲਹਿਰ ਨੂੰ ਦਰਪੇਸ਼ ਉਪਰੋਕਤ ਮਸਲਿਆਂ ਤੇ ਘਾਟਾਂ ਦੀ ਰੌਸ਼ਨੀ ਵਿਚ ਮਜ਼ਦੂਰ ਜਮਾਤ ਨੂੰ ਜਥੇਬੰਦ ਕਰਨ ਲਈ ਨਵੇਂ ਤਰੀਕੇ ਅਤੇ ਵਿਵਹਾਰਕ ਵਿਧੀਆਂ ਖੋਜਣ ਦੀ ਲੋੜ ਹੈ। ਪ੍ਰਤੀਬੱਧ ਟਰੇਡ ਯੂਨੀਅਨਾਂ ਅਤੇ ਇਸਦੇ ਆਗੂਆਂ ਨੂੰ ਮਜ਼ਦੂਰ ਲਹਿਰ ਨੂੰ ਇਸ ਜਿੱਲ੍ਹਣ ਵਿਚੋਂ ਕੱਢਣ ਲਈ ਉਚੇਚੇ ਹੰਭਲੇ ਮਾਰਨ ਦੀ ਜ਼ਰੂਰਤ ਹੈ। ਹੁਣ ਕਿਰਤੀ ਇਕੱਲੇ ਮਿੱਲਾਂ ਦੀਆਂ ਚਾਰ ਦਿਵਾਰੀਆਂ ਤੇ ਮਸ਼ੀਨਾਂ ਦੇ ਝੁਰਮਟਾਂ ਵਿਚੋਂ ਹੀ ਨਹੀਂ, ਸਗੋਂ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਦੇ ਛੋਟੇ ਛੋਟੇ ਮੁਹੱਲਿਆਂ, ਘਰਾਂ, ਦੁਕਾਨਾਂ ਅਤੇ ਸੜਕਾਂ ਕਿਨਾਰੇ ਚੌਂਕਾਂ ਵਿਚ ਲੱਗੀਆਂ ਲੰਮੀਆਂ ਕਤਾਰਾਂ ਵਿਚੋਂ ਵੀ ਮਿਲਦੇ ਹਨ। ਉੱਚ ਤਕਨੀਕ ਹਾਸਿਲ ਅਤੇ ਕੁਸ਼ਲ ਕਾਮਿਆਂ ਦੇ ਇਕ ਭਾਗ ਨੂੰ ਕਾਰਪੋਰੇਟ ਘਰਾਣਿਆਂ ਅਤੇ ਵੱਡੇ ਪੂੰਜੀਪਤੀਆਂ ਨੇ ਵਧੇਰੇ ਉਜ਼ਰਤਾਂ ਤੇ ਚੰਗੇਰੀਆਂ ਕੰਮ ਕਰਨ ਦੀਆਂ ਹਾਲਤਾਂ ਪ੍ਰਦਾਨ ਕਰਕੇ ਦੇਸ਼ ਪ੍ਰਦੇਸ਼ ਵਿਚ ਖਰੀਦਣ ਦੇ ਸਿਲਸਿਲੇ ਨਾਲ ਮਜ਼ਦੂਰ ਲਹਿਰ ਵਿਚ ਇਨ੍ਹਾਂ ਪੜ੍ਹੇ ਲਿਖੇ ਕੁਸ਼ਲ ਕਿਰਤੀਆਂ ਨੂੰ ਹੇਠਲੇ ਭਾਗਾਂ ਦੇ ਮਜ਼ਦੂਰਾਂ ਨਾਲੋਂ ਅਲੱਗ ਕਰ ਦਿੱਤਾ ਹੈ। ਖਿਲਰੇ ਤੇ ਗੈਰ-ਜਥੇਬੰਦ ਕਿਰਤੀਆਂ ਨੂੰ ਸੰਗਠਤ ਕਰਨ ਦਾ ਕੰਮ ਬਿਨਾਂ ਸ਼ੱਕ ਕਾਫੀ ਮੁਸ਼ਕਿਲ ਹੈ ਅਤੇ ਇਨ੍ਹਾਂ ਦੇ ਕੰਮ ਕਰਨ ਦੀਆਂ ਹਾਲਤਾਂ ਸੰਗਠਤ ਮਜ਼ਦੂਰਾਂ ਨਾਲੋਂ ਭਿੰਨ ਹਨ। ਉਨ੍ਹਾਂ ਨੂੰ ਇਕਜੁਟ ਕਰਕੇ ਸਾਂਝੇ ਦੁਸ਼ਮਣ ਵਿਰੁੱਧ ਸੰਘਰਸ਼ ਕਰਨ ਲਈ ਸੜਕਾਂ ਉਤੇ ਲਿਆਉਣ ਦਾ ਕੰਮ ਵਧੇਰੇ ਸਬਰ, ਸਹਿਜ, ਬੇਗਰਜ਼ ਤੇ ਆਪਾਵਾਰੂ ਭਾਵਨਾ ਦੀ ਮੰਗ ਕਰਦਾ ਹੈ।

ਸਮਾਂ ਆ ਗਿਆ ਹੈ ਕਿ ਟਰੇਡ ਯੂਨੀਅਨਾਂ ਸਮਾਜਿਕ ਸਾਰੋਕਾਰਾਂ ਨੂੰ ਸਾਹਮਣੇ ਰੱਖਦਿਆਂ ਹੋਇਆਂ ਸਮਾਜ ਦੇ ਪੱਛੜੇ ਤੇ ਅਛੂਤ ਸਮਝੇ ਜਾਂਦੇ ਭਾਗਾਂ, ਦਲਿਤਾਂ ਅਤੇ ਔਰਤਾਂ ਨਾਲ ਸੰਬੰਧਤ ਮੁਦਿਆਂ ਨੂੰ ਵੀ ਸਮਝਣ ਅਤੇ ਘੋਲਾਂ ਰਾਹੀਂ ਇਨ੍ਹਾਂ ਹਿੱਸਿਆਂ ਦਾ ਭਰੋਸਾ ਜਿੱਤ ਕੇ ਸਾਂਝੀ ਲਹਿਰ ਵਿਚ ਲਿਆਉਣ ਦਾ ਉਪਰਾਲਾ ਕਰਨ। ਇਕ ਗੱਲ ਹੋਰ ਸਿੱਖਣ ਵਾਲੀ ਇਹ ਹੈ ਕਿ ਇਕੱਲਾ ਆਰਥਿਕ ਮੁੱਦਿਆਂ ਉਤੇ ਸੰਘਰਸ਼ ਕਰਨ ਨਾਲ ਹੀ ਮਜ਼ਦੂਰ ਜਮਾਤ ਨੇ ਸਮਾਜਿਕ ਪਰਿਵਰਤਨ ਦੀ ਲਹਿਰ ਦੇ ਆਗੂ ਨਹੀਂ ਬਣ ਸਕਣਾ। ਇਸ ਮੰਤਵ ਲਈ ਰਾਜਨੀਤਕ, ਸਮਾਜਿਕ, ਸਭਿਆਚਾਰਕ ਤੇ ਵਿਚਾਰਧਾਰਕ ਸਵਾਲਾਂ ਨਾਲ ਵੀ ਦੋ ਚਾਰ ਹੋਣਾ ਪਏਗਾ। ਜੇਕਰ ਖੱਬੇ ਪੱਖੀ ਟਰੇਡ ਯੂਨੀਅਨਾਂ ਅਜਿਹਾ ਕਰਨ ਵਿਚ ਕਾਮਯਾਬ ਨਹੀਂ ਹੁੰਦੀਆਂ ਤਦ ਫੇਰ ਵੱਖਰੀ 'ਪਹਿਚਾਣ' ਦੇ ਨਾਮ ਉਤੇ ਫੁੱਟ ਪਾਊ, ਵੰਡਵਾਦੀ ਅਤੇ ਜਾਤੀਪਾਤੀ ਸ਼ਕਤੀਆਂ ਨੂੰ ਮਜ਼ਦੂਰ ਲਹਿਰ ਅੰਦਰ ਪੈਰ ਪਸਾਰਨ ਦਾ ਅਵਸਰ ਮਿਲੇਗਾ। ਮਜ਼ਦੂਰ ਲਹਿਰ ਦੇ ਹੱਕਾਂ ਦੇ ਅਲੰਬਰਦਾਰ ਅਖਵਾਉਣ ਵਾਲੇ ਰਾਜਨੀਤਕ ਦਲਾਂ ਨੂੰ ਥੋੜ ਚਿਰੇ, ਵਕਤੀ ਤੇ ਅਸਥਾਈ ਲਾਭਾਂ ਖਾਤਰ ਲੰਬੇ ਸਮੇਂ ਦੇ ਯੁਧਨੀਤਕ ਨਿਸ਼ਾਨਿਆਂ ਨੂੰ ਕੁਰਬਾਨ ਕਰਨ ਦਾ ਰੁਝਾਨ ਤਿਆਗਣਾ ਹੋਵੇਗਾ ਅਤੇ ਲੜਾਈ ਦੇ ਪਾਰਲੀਮਾਨੀ ਢੰਗਾਂ ਦੀ ਪਰਵੀਨਤਾ ਨਾਲ ਵਰਤੋਂ ਕਰਦੇ ਹੋਇਆਂ ਵੀ ਜ਼ਿਆਦਾ ਜ਼ੋਰ ਗੈਰ-ਪਾਰਲੀਮਾਨੀ ਘੋਲਾਂ ਉਪਰ ਦੇਣਾ ਹੋਵੇਗਾ। ਅਜਿਹਾ ਨਾ ਕਰਨ ਦੀ ਹਾਲਤ ਵਿਚ ਸੰਸਾਰੀਕਰਨ ਦੇ ਦੌਰ ਵਿਚ ਸੰਸਾਰ ਪੱਧਰ ਉਤੇ ਕਮਿਊਨਿਸਟ ਅੰਦੋਲਨ ਨੂੰ ਵੱਜੀਆਂ ਪਿਛਾੜਾਂ ਅਤੇ ਸਰਮਾਏਦਾਰੀ ਜਮਾਤ ਵਲੋਂ ਕੀਤੇ ਜਾ ਰਹੇ ਬੱਝਵੇਂ ਹੱਲਿਆਂ ਦਾ ਮੁਕਾਬਲਾ ਕਰਨਾ ਕਾਫੀ ਔਖਾ ਬਣ ਜਾਵੇਗਾ। ਮਜ਼ਦੂਰ ਲਹਿਰ ਨੂੰ ਹੋਰ ਝਟਕੇ ਅਤੇ ਪਛਾੜਾਂ ਪੈਣ ਦੀਆਂ ਸੰਭਾਵਨਾਵਾਂ ਇਸ ਦੌਰ ਵਿਚ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹਨ, ਜਦੋਂ ਵਿਤੀ ਸਰਮਾਏਦਾਰੀ ਦੇ ਦੌਰ ਵਿਚ ਪੂੰਜੀਵਾਦ ਕੋਲ ਆਪਣੇ ਸੰਕਟ ਉਤੇ ਕਾਬੂ ਪਾਉਣ ਦੀਆਂ ਸੰਭਾਵਨਾਵਾਂ ਪਹਿਲਾਂ ਤੋਂ ਵਧੇਰੇ ਹਨ। ਇਸ ਅਵਸਥਾ ਦਾ ਮੁਕਾਬਲਾ ਕਰਨ ਲਈ ਮਜ਼ਦੂਰ ਲਹਿਰ ਨੂੰ ਵਧੇਰੇ ਠੋਸ ਤੇ ਬੱਝਵੇਂ ਯਤਨ ਕਰਨ ਦੀ ਲੋੜ ਹੈ।

ਅਜੋਕੀ ਮਜ਼ਦੂਰ ਲਹਿਰ ਨੂੰ ਦਰਪੇਸ਼ ਕਮਜ਼ੋਰੀਆਂ ਅਤੇ ਚਣੌਤੀਆਂ ਦੇ ਮੱਦੇਨਜ਼ਰ ਸਾਰੀਆਂ ਸੰਬੰਧਤ ਧਿਰਾਂ ਨੂੰ ਜਿੱਥੇ ਸੰਜੀਦਗੀ ਨਾਲ ਸਵੈ-ਪੜਚੋਲ ਕਰਨ ਦੀ ਭਾਰੀ ਲੋੜ ਹੈ ਉਥੇ ਸੱਚਾਈ ਦੀ ਇਜਾਰੇਦਾਰੀ ਦਾ ਭਰਮ ਪਾਲਣ ਦੀ ਪ੍ਰਵਿਰਤੀ ਨੂੰ ਤਿਆਗਣ ਦੀ ਲੋੜ ਹੈ। ਆਪੋ ਆਪਣੇ ਸੰਗਠਨਾਂ ਦੇ ਘੇਰਿਆਂ ਵਿਚ ਕੰਮ ਕਰਦੇ ਹੋਏ ਖੱਬੇ ਪੱਖੀ ਸੰਗਠਨਾਂ ਨੂੰ ਮਜ਼ਦੂਰ ਲਹਿਰ ਦੀ ਮੌਜੂਦਾ ਅਵਸਥਾ ਨੂੰ ਸਮਝਣ ਅਤੇ ਇਸਨੂੰ ਅਜੋਕੀ ਅਧੋਗਤੀ ਵਿਚੋਂ ਬਾਹਰ ਕੱਢਣ ਵਾਸਤੇ ਸਿਰ ਜੋੜ ਕੇ ਬੈਠਣ ਤੇ ਆਪਸੀ ਵਿਚਾਰ ਵਟਾਂਦਰਿਆਂ ਰਾਹੀਂ ਸੱਚ ਤੱਕ ਪੁੱਜਣ ਦੀ ਪ੍ਰਵਿਰਤੀ ਨੂੰ ਨਵਿਉਂ ਸਿਰੇ ਸੁਰਜੀਤ ਕਰਨਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ।

ਸਾਲ 2012 ਦੇ ਮਈ ਦਿਵਸ ਨੂੰ ਮਨਾਉਂਦਿਆਂ ਹੋਇਆਂ ਮਜ਼ਦੂਰ ਲਹਿਰ ਨੂੰ ਸ਼ਿਕਾਗੋ ਦੇ ਸ਼ਹੀਦਾਂ ਨੂੰ ਸਿਰਫ ਭਾਸ਼ਣਾਂ ਰਾਹੀਂ ਸ਼ਰਧਾਂਜਲੀ ਭੇਂਟ ਕਰਨ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਸਮੁੱਚੀ ਕਿਰਤੀ ਸ਼੍ਰੇਣੀ ਨੂੰ ਇਕਜੁਟ ਕਰਕੇ ਮਜ਼ਦੂਰ-ਕਿਸਾਨ (ਜਿਸ ਵਿਚ ਪੇਂਡੂ ਖੇਤ ਮਜ਼ਦੂਰ ਤੇ ਕਿਸਾਨ ਵੀ ਸ਼ਾਮਲ ਹਨ ) ਏਕਤਾ ਉਸਾਰਨ ਲਈ ਉਚੇਚੇ ਵਿਚਾਰ ਵਟਾਂਦਰੇ ਕੀਤੇ ਜਾਣੇ ਚਾਹੀਦੇ ਹਨ ਅਤੇ ਯੋਜਨਾਵਾਂ ਘੜੀਆਂ ਜਾਣੀਆਂ ਚਾਹੀਦੀਆਂ ਹਨ।

ਇਸ ਮਈ ਦਿਵਸ ਦਾ ਇਹੀ ਸੁਨੇਹਾ ਹੈ।



# ਆਦਿਵਾਸੀਆਂ 'ਤੇ ਹੋ ਰਹੇ ਜ਼ੁਲਮਾਂ ਤੋਂ ਭਾਰਤਵਾਸੀਆਂ ਨੂੰ ਜਾਣੂ ਕਰਵਾਉਣਾ ਮੇਰਾ ਮੁੱਖ ਉਦੇਸ਼ ਹੈ- ਹਿਮਾਂਸ਼ੂ ਕੁਮਾਰ



ਹਿਮਾਂਸ਼ੂ ਕੁਮਾਰ ਭਾਰਤ ਦੇ ਉੱਘੇ ਸਮਾਜ ਸੇਵਕ ਤੇ ਗਾਂਧੀਵਾਦੀ ਚਿੰਤਕ ਹਨ। ਪਿਛਲੇ 17-18 ਸਾਲਾਂ ਤੋਂ ਪਰਿਵਾਰ ਸਮੇਤ ਦਾਂਤੇਵਾੜਾ ਦੇ ਜੰਗਲਾਂ 'ਚ ਰਹਿ ਕੇ ਆਦਿਵਾਸੀਆਂ ਦੇ ਜੀਵਨ ਪੱਧਰ ਨੂੰ ਸੁਧਾਰਨ ਲਈ ਕੰਮ ਕਰ ਰਹੇ ਹਨ। 'ਅਪਰੇਸ਼ਨ ਗਰੀਨ ਹੰਟ' ਤਹਿਤ ਪੁਲਿਸ ਤੇ ਫੌਜ ਵੱਲੋਂ ਮਾਉਵਾਦੀਆਂ ਦੇ ਨਾਂ ਹੇਠ ਗਰੀਬ ਆਦਿਵਾਸੀਆਂ 'ਤੇ ਤਸ਼ੱਦਦ ਵਿਰੁੱਧ ਆਪ ਨੇ ਪੁਰਜ਼ੋਰ ਆਵਾਜ਼ ਉਠਾਈ ਹੈ। ਜਿਸ ਤੋਂ ਖਫ਼ਾ ਹੋ ਕੇ ਹਕੂਮਤ ਨੇ ਉਨ੍ਹਾਂ ਦਾ ਆਸ਼ਰਮ ਢੂਹਾ ਦਿੱਤਾ ਤੇ ਝੂਠੇ ਕੇਸਾਂ 'ਚ ਫਸਾਉਣ ਦੀ ਕੋਸ਼ਿਸ਼ ਕੀਤੀ। ਪਿੱਛੇ ਜਿਹੇ (ਜਨਵਰੀ 2010 ਵਿਚ) ਉਨ੍ਹਾਂ 'ਅਪਰੇਸ਼ਨ ਗਰੀਨ ਹੰਟ' ਵਿਰੁੱਧ ਭਾਰਤ ਯਾਤਰਾ ਕੀਤੀ। ਇਸੇ ਹੀ ਲੜੀ ਤਹਿਤ  ਦਿਨਾਂ ਉਹ ਪੰਜਾਬ ਵੀ ਆਏ। ਜਿੱਥੇ ਉਹਨਾਂ ਨਾਲ ਮੈਨੂੰ ਗੱਲ ਕਰਨ ਦਾ ਮੌਕਾ ਮਿਲਿਆ।

ਮੁਲਾਕਾਤੀ
ਸ਼ਿਵ ਇੰਦਰ ਸਿੰਘ
+919915411894
shivinder1@yahoo.com



? ਸਵਾਲ- ਦਾਂਤੇਵਾੜਾ ਕੀ ਸੋਚ ਕੇ ਗਏ? ਉੱਥੇ ਜਾ ਕੇ ਕਿਸ ਤਰ੍ਹਾਂ ਦਾ ਮਹਿਸੂਸ ਕੀਤਾ?

ਜਵਾਬ- ਮਹਾਤਮਾ ਗਾਂਧੀ ਜੀ ਦਾ ਵਿਚਾਰ ਸੀ ਕਿ ਅਸਲ ਭਾਰਤ ਪਿੰਡਾਂ ਵਿਚ ਵਸਦਾ ਹੈ ਅਤੇ ਉਥੋਂ ਦੀਆਂ ਹਾਲਤਾਂ ਨੂੰ ਸੁਧਾਰਨ ਲਈ ਨੌਜਵਾਨਾਂ ਨੂੰ ਪਿੰਡਾਂ ਵੱਲ ਜਾਣਾ ਚਾਹੀਦਾ ਹੈ। ਮੇਰਾ ਪਰਿਵਾਰਕ ਪਿਛੋਕੜ ਗਾਂਧੀਵਾਦੀ ਹੈ। ਮੇਰੇ ਪਿਤਾ ਜੀ ਨੇ ਗਾਂਧੀ ਜੀ ਨਾਲ ਆਜ਼ਾਦੀ ਦੀ ਲੜਾਈ 'ਚ ਹਿੱਸਾ ਲਿਆ ਸੀ। ਸੋ ਗਾਂਧੀ ਜੀ ਦੇ ਵਚਨਾਂ ਨੂੰ ਪੁਗਾਉਂਦਿਆਂ ਹੋਇਆਂ 1992 'ਚ ਮੈਂ ਵਿਆਹ ਤੋਂ ਇਕ ਮਹੀਨਾ ਬਾਅਦ ਪਤਨੀ ਨਾਲ ਦਾਂਤੇਵਾੜਾ ਚਲਾ ਗਿਆ। ਉੱਥੇ ਅਸੀਂ ਬਗੈਰ ਕੰਧਾਂ ਵਾਲਾ ਝੌਂਪੜਾ ਬਣਾ ਕੇ ਰਹਿਣ ਲੱਗੇ ਫਿਰ ਪਿੰਡ ਦੇ ਲੋਕਾਂ ਨੇ ਮੈਨੂੰ ਆਸ਼ਰਮ ਬਣਾਉਣ ਲਈ ਥਾਂ ਦੇ ਦਿੱਤੀ। ਮੇਰੀਆਂ ਦੋਵੇਂ ਬੇਟੀਆਂ ਦਾ ਜਨਮ ਉੱਥੇ ਹੀ ਹੋਇਆ ਹੈ।

ਅਸੀਂ ਦੋਵੇਂ ਪਤੀ-ਪਤਨੀ ਨੇ ਜਾਂਦੇ ਸਾਰ ਹੀ ਆਦਿਵਾਸੀ ਲੋਕਾਂ ਦੀ ਸੇਵਾ-ਸੰਭਾਲ ਦਾ ਕੰਮ ਸ਼ੁਰੂ ਕਰ ਦਿੱਤਾ, ਜਿਵੇਂ ਪਤਨੀ ਦੇ ਮੇਕਅੱਪ ਬਾਕਸ (ਸ਼ਿੰਗਾਰ ਬਕਸੇ) 'ਚ ਦਵਾਈਆਂ ਪਾ ਕੇ ਪਿੰਡ-ਪਿੰਡ ਜਾਣਾ, ਆਦਿਵਾਸੀਆਂ ਦੇ ਬੱਚਿਆਂ ਨੂੰ ਪੜ੍ਹਾਉਣਾ ਤੇ ਨਹਿਲਾਉਣਾ ਆਦਿ।

ਉੱਥੇ ਦੇ ਲੋਕਾਂ ਨੇ ਮੈਨੂੰ ਬਹੁਤ ਪਿਆਰ ਦਿੱਤਾ। ਜਦੋਂ ਮੈਂ ਮੱਧ ਪ੍ਰਦੇਸ਼ ਘੁੰਮਣ ਲਈ 5-6 ਦਿਨਾਂ ਵਾਸਤੇ ਪਤਨੀ ਨੂੰ ਇੱਕਲਾ ਛੱਡ ਕੇ ਚਲਿਆ ਜਾਂਦਾ ਤਾਂ ਉਸਨੂੰ ਕਦੇ ਡਰ ਨਹੀਂ ਲੱਗਿਆ। ਉੱਥੋਂ ਦੀਆਂ ਔਰਤਾਂ ਮੇਰੀਆਂ ਬੇਟੀਆਂ ਨੂੰ ਕੁੱਛੜ ਚੁੱਕਦੀਆਂ ਤੇ ਖਿਡਾਉਂਦੀਆਂ।

? ਸਵਾਲ- ਸਮਾਜ ਸੇਵਾ ਦੇ ਕੰਮਾਂ ਲਈ ਤੁਹਾਨੂੰ ਫੰਡ ਜਾਂ ਸਹਾਇਤਾ ਰਾਸ਼ੀ ਕਿੱਥੋਂ ਮਿਲਦੀ ਸੀ?

ਜਵਾਬ- ਸਾਡੇ 'ਵਣਵਾਸੀ ਚੇਤਨਾ ਆਸ਼ਰਮ' ਦੇ 250 ਦੇ ਕਰੀਬ ਕਾਰਕੁੰਨ ਹਨ, ਜੋ ਚੰਦੇ ਰਾਂਹੀ ਪੈਸੇ ਇਕੱਠੇ ਕਰਦੇ ਸਨ। ਭਾਰਤ ਸਰਕਾਰ ਦੀਆਂ ਆਦਿਵਾਸੀਆਂ ਲਈ ਬਣਾਈਆਂ ਸਕੀਮਾਂ ਵੀ ਅਸੀਂ ਲਾਗੂ ਕਰਵਾਈਆਂ। ਇਸ ਤੋਂ ਬਿਨਾਂ 'ਯੂਨੀਸੈਫ਼' ਨੇ ਸਾਡੀ ਭਰਪੂਰ ਮੱਦਦ ਕੀਤੀ।

? ਸਵਾਲ- ਇਸ ਸਮੇਂ ਦਾਂਤੇਵਾੜਾ 'ਚ ਕੀ ਸਥਿਤੀ ਹੈ?

ਜਵਾਬ- ਆਦਿਵਾਸੀ ਇਲਾਕੇ 'ਚ ਇੱਕ ਕਾਨੂੰਨ ਹੈ 'ਪੇਸਾ' ਜਿਸ ਤਹਿਤ ਜੇਕਰ ਸਰਕਾਰ ਨੇ ਜ਼ਮੀਨ ਲੈਣੀ ਹੈ ਤਾਂ ਉਸ ਨੂੰ ਗ੍ਰਾਮ ਸਭਾ ਤੋਂ ਇਜਾਜ਼ਤ ਲੈਣੀ ਪੈਂਦੀ ਹੈ, ਪਰ ਸਰਕਾਰ ਨੇ ਸ਼ਾਰਟਕੱਟ ਮਾਰਦੇ ਹੋਏ ਕਿਹਾ ਕਿ ਆਦਿਵਾਸੀ ਨਕਸਲੀਆਂ ਨਾਲ ਮਿਲੇ ਹੋਏ ਹਨ। ਸਾਲ 2005 ਵਿੱਚ ਸਰਕਾਰ ਨੇ 'ਸਲਵਾ ਜ਼ੁਡਮ' ਦੀ ਸ਼ੁਰੂਆਤ ਕੀਤੀ ਜੋ ਕਿ ਗੁੰਡੇ ਬਦਮਾਸ਼ਾਂ ਤੇ ਪੁਲਿਸ ਦਾ ਟੋਲਾ ਹੈ। ਉਸਨੇ ਜ਼ਬਰਦਸਤੀ ਲੋਕਾਂ ਤੋਂ ਪਿੰਡ ਖਾਲੀ ਕਰਵਾਏ ਤੇ ਪੁਲਿਸ ਥਾਣਿਆਂ ਨੇੜਲੇ ਕੈਪਾਂ 'ਚ ਲੋਕਾਂ ਨੂੰ ਰੱਖਣ ਦੀ ਕੋਸ਼ਿਸ਼ ਕੀਤੀ ਗਈ। ਜਦੋਂ ਲੋਕ ਇਨ੍ਹਾਂ ਕੈਪਾਂ 'ਚੋਂ ਭੱਜਣ ਦੀ ਕੋਸ਼ਿਸ਼ ਕਰਦੇ ਤਾਂ ਇਹ 'ਸਲਵਾ ਜ਼ੁਡਮ' ਵਾਲੇ ਲੋਕਾਂ 'ਤੇ ਗੋਲੀ ਚਲਾਉਂਦੇ, ਉਨ੍ਹਾਂ ਨੂੰ ਫੜ ਕੇ ਜੇਲ੍ਹਾਂ 'ਚ ਡੱਕਦੇ ਤੇ ਬਲਤਕਾਰ ਕਰਦੇ। ਸਾਡੀਆਂ ਕੋਸ਼ਿਸ਼ਾਂ ਸਦਕਾ  650 ਪਿੰਡਾਂ ਦੇ ਲੋਕਾਂ ਨੇ ਆਪਣਾ ਮੁੜ ਵਸੇਵਾ ਤੇ ਖੇਤੀ ਸ਼ੁਰੂ ਕੀਤੀ ਪਰ ਸਰਕਾਰ ਉਹਨਾਂ 'ਤੇ ਨਕਸਲੀਏ ਕਹਿ ਕੇ ਤਸ਼ੱਦਦ ਕਰਦੀ ਰਹੀ।

ਅਸੀਂ ਇੱਕ ਪਿੰਡ ਨੂੰ ਵਸਾਉਣ ਦਾ ਤਹੱਈਆ ਕੀਤਾ। ਮੈਂ ਕਿਹਾ ਕਿ ਅਸੀਂ ਇਹ ਪਿੰਡ ਨਹੀਂ ਛੱਡਾਂਗੇ। ਜੇ ਉਹ ਪਿੰਡ ਨੂੰ ਸਾੜ ਕੇ ਸੁਆਹ ਕਰਨਾ ਚਾਹੁੰਦੇ ਹਨ ਤਾਂ ਪਹਿਲਾਂ ਮੈਨੂੰ ਸਾੜ ਕੇ ਸੁਆਹ ਕਰਨ। ਅਸੀਂ ਉਸ ਪਿੰਡ ਦੁਆਲੇ ਮਨੁੱਖੀ

ਢਾਲ ਬਣਾਈ।

ਸੁਪਰੀਮ ਕੋਰਟ ਨੇ ਸਰਕਾਰ ਨੂੰ ਆਦਿਵਾਸੀਆਂ ਦੇ ਮੁੜ ਵਸੇਵੇ 'ਤੇ ਮੁਆਵਜ਼ਾ ਦੇਣ ਆਦੇਸ਼ ਦਿੱਤੇ ਹੋਏ ਸਨ ਪਰ ਸਰਾਕਾਰ ਨੇ ਇੱਕ ਵੀ ਪਿੰਡ ਨਹੀਂ ਵਸਾਇਆ। ਸਰਕਾਰ ਦਾ ਆਦਵਾਸੀਆਂ 'ਤੇ ਹਮਲਾ ਕਰਨ ਦਾ ਇੱਕੋ-ਇੱਕ ਮਕਸਦ ਉਨ੍ਹਾਂ ਨੂੰ ਉਥੋਂ ਦਵੱਲ ਕੇ ਉਨ੍ਹਾਂ ਦੇ ਹਰੇ ਭਰੇ ਜੰਗਲਾਂ 'ਤੇ ਕਬਜ਼ਾ ਕਰਨਾ ਤੇ ਉਦਯੋਗਪਤੀਆਂ ਨੂੰ ਦੇਣਾ ਹੈ। ਇਹ ਜਾਣਦੇ ਹੀ ਆਦਿਵਾਸੀਆਂ ਨੇ ਇਹ ਫੈਸਲਾ ਕੀਤਾ ਕਿ ਨੌਜਵਾਨ ਸਰਕਾਰ ਦੇ 'ਸਲਵਾ ਜ਼ੁਡਮ' ਤੋਂ ਪਿੰਡਾਂ ਦੀ ਰਾਖੀ ਕਰਨਗੇ। ਉਹ ਡਾਂਗਾਂ-ਸੋਟੇ ਤੇ ਖੇਤੀ ਦੇ ਸੰਦ ਹੱਥ 'ਚ ਫੜ ਕੇ ਪਿੰਡਾਂ 'ਚ ਪਹਿਰਾ ਦੇਣ ਲੱਗ ਪਏ ਤੇ ਭਾਰਤੀ ਹਕੂਮਤ ਇਨ੍ਹਾਂ ਨੂੰ ਨਕਸਲੀ ਦੱਸਣ ਲੱਗ ਪਈ।

ਸਰਕਾਰ ਤਾਂ ਪੁਲਿਸ ਦੇ ਗੁਨਾਹ ਮੰਨਣ ਤੋਂ ਵੀ ਇਨਕਾਰੀ ਹੈ। ਅਸੀਂ ਬਲਾਤਕਾਰ, ਅਗਵਾ, ਸਾੜ-ਫੂਕ ਵਰਗੇ ਸੰਗੀਨ ਅਪਰਾਧਾਂ ਦੀਆਂ ਅਨੇਕਾਂ ਐੱਫ. ਆਈ. ਆਰ ਦਰਜ ਕਰਵਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਪੁਲਿਸ ਐੱਸ. ਪੀ ਨੇ ਇਹ ਕਹਿ ਕੇ ਦਰਜ ਨਹੀਂ ਕੀਤੀਆਂ ਕਿ ਇਹ ਸਭ ਝੂਠੀਆਂ ਹਨ। ਕਾਨੂੰਨ ਮੁਤਾਬਿਕ ਕੋਈ ਪੁਲਿਸ ਅਫ਼ਸਰ ਇਹ ਤੈਅ ਨਹੀਂ ਕਰ ਸਕਦਾ ਕਿ ਸ਼ਿਕਾਇਤਾਂ ਝੂਠੀਆਂ ਹਨ ਜਾਂ ਸੱਚੀਆਂ, ਖ਼ਾਸ ਕਰ ਉਦੋਂ ਜਦੋਂ ਇਹ ਪੁਲਿਸ ਦੇ ਹੀ ਖ਼ਿਲਾਫ਼ ਹੋਣ।

ਉੱਥੇ ਹਾਲਾਤ ਇਹ ਹੈ ਕਿ ਜੇਕਰ ਕੋਈ ਔਰਤ 5 ਕਿਲੋਮੀਟਰ ਦੀ ਦੂਰੀ 'ਤੇ ਹਫ਼ਤਾਵਾਰ ਬਾਜ਼ਾਰ ਜਾਂਦੀ ਹੈ ਤਾਂ ਉਹ ਜਾਣਦੀ ਹੈ ਕਿ 'ਸਲਵਾ ਜ਼ੁਡਮ' ਵਾਲੇ ਘੇਰ ਲੈਣਗੇ। ਇਸ ਲਈ ਉਹ 85 ਕਿਲੋਮੀਟਰ ਦੂਰੀ ਵਾਲੇ ਬਾਜ਼ਾਰ ਜਾਂਦੀ ਹੈ, ਜਿੱਥੇ ਦੋ ਦਿਨ ਜਾਣ ਅਤੇ ਦੋ ਦਿਨ ਆਉਣ ਨੂੰ ਲੱਗਦੇ ਹਨ। ਆਖ਼ਿਰ ਇਹ ਹਾਲਾਤ ਵੀ ਤਾਂ ਸਰਕਾਰ ਨੇ ਹੀ ਪੈਦਾ ਕੀਤੇ ਹਨ?

ਸਰਕਾਰ ਅਕਸਰ ਕਹਿੰਦੀ ਹੈ ਕਿ ਨਕਸਲੀਏ ਖ਼ਤਰਨਾਕ ਹਨ। ਸਰਕਾਰ ਨੂੰ ਇਹ ਸਵਾਲ ਕਰਨਾ ਬਣਦਾ ਹੈ ਕਿ ਜੇਕਰ ਉਹ ਵਾਕਈ ਖ਼ਤਰਨਾਕ ਹਨ ਤਾਂ ਉਹ ਆਦਿਵਾਸੀਆਂ 'ਚ ਹਰਮਨ ਪਿਆਰੇ ਕਿਉਂ ਹਨ? ਮੈਂ ਨਕਸਲੀਆਂ ਨੂੰ ਪਿਛਲੇ 17-18 ਸਾਲ ਤੋਂ ਕੰਮ ਕਰਦੇ ਵੇਖਿਆ ਹੈ। ਅੱਸੀਵਿਆਂ 'ਚ ਮਾਓਵਾਦੀ ਉੱਥੇ ਆਏ। ਉਦੋਂ ਹੀ ਉਨ੍ਹਾਂ ਜ਼ਾਲਮ ਗਾਰਡ ਨੂੰ ਫ਼ੜ ਕੇ ਆਦਿਵਾਸੀਆਂ ਹਵਾਲੇ ਕੀਤਾ। ਪਹਿਲੀ ਵਾਰ ਆਦਿਵਾਸੀਆਂ ਨੂੰ ਮਹਿਸੂਸ ਹੋਇਆ, ਕਿ ਉਨ੍ਹਾਂ ਕੋਲ ਵੀ ਜ਼ੁਲਮਾਂ ਖ਼ਿਲਾਫ਼ ਲੜਨ ਦੀ ਤਾਕਤ ਹੈ। ਸਰਕਾਰ ਨੇ ਕਦੇ ਮਹੂਆ ਦਾ ਦਾ ਘੱਟੋ-ਘੱਟ ਮੁੱਲ ਤੈਅ ਨਹੀਂ ਕੀਤਾ ਪਰ ਮਾਓਵਾਦੀਆਂ ਨੇ ਕੀਤਾ ਹੈ।

ਜੇਕਰ ਸਰਕਾਰ ਸੱਚਮੁੱਚ ਅਮਨ ਚਾਹੁੰਦੀ ਹੈ ਤਾਂ ਇੱਕ ਹਫ਼ਤੇ 'ਚ ਕਾਇਮ ਹੋ ਸਕਦਾ ਹੈ। ਸਰਕਾਰ ਉਥੋਂ ਦੀਆਂ ਸਿਹਤ ਸਿੱਖਿਆ ਸਹੂਲਤਾਵਾਂ ਨੂੰ ਬਹਾਲ ਕਰੇ। ਸਰਕਾਰੀ ਇਸ਼ਾਰੇ 'ਤੇ ਹੋ ਰਹੇ ਜ਼ੁਲਮ ਬੰਦ ਹੋ ਜਾਣ ਪਰ ਸਰਕਾਰ ਇਹ ਸਭ ਕੁਝ ਕਰਨਾ ਨਹੀਂ ਚਾਹੁੰਦੀ।

ਜਦੋਂ ਮੈਂ ਉੱਥੇ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ ਵਿਰੁੱਧ ਆਵਾਜ਼ ਉਠਾਈ ਤਾਂ ਸਰਕਾਰ ਨੇ ਮੈਨੂੰ ਵੀ ਝੂਠੇ ਕੇਸਾਂ 'ਚ ਫਸਾਉਣਾ ਚਾਹਿਆ।

? ਸਵਾਲ- ਹਿੰਸਾ ਨੂੰ ਤੁਸੀਂ ਕਿਵੇਂ ਪ੍ਰਭਾਸ਼ਤ ਕਰੋਗੇ? ਮਾਓਵਾਦੀਆਂ ਦੀ ਹਿੰਸਾ ਤੇ ਸਟੇਟ ਦੀ ਹਿੰਸਾ 'ਚ ਕੀ ਫ਼ਰਕ ਹੈ?

ਜਵਾਬ- ਹਿੰਸਾ ਕੇਵਲ ਹਥਿਆਰਾਂ ਨਾਲ ਨਹੀਂ ਹੁੰਦੀ। ਇੱਕ ਹਿੰਸਾ ਸਾਡੇ ਆਰਥਿਕ ਤੇ ਰਾਜਨੀਤਕ ਢਾਂਚੇ ਦੀ ਹੁੰਦੀ ਹੈ। ਸਾਡਾ ਆਰਥਿਕ ਤੇ ਰਾਜਨੀਤਕ ਢਾਂਚਾ ਨਾ ਬਰਾਬਰੀ 'ਤੇ ਉਸਰਿਆ ਹੋਇਆ ਹੈ ਜੋ ਕਿ ਹਿੰਸਾ ਨੂੰ ਜਨਮ ਦਿੰਦਾ ਹੈ। ਏਥੇ ਇੱਕ ਪਾਸੇ ਇਹ ਲੋਕ ਹਨ ਜਿੰਨਾ ਕੋਲ ਪੁਲਿਸ ਹੈ, ਸਰਕਾਰ ਹੈ। ਦੂਜੇ ਪਾਸੇ ਉਹ ਲੋਕ ਵੀ ਹਨ ਜਿਨ੍ਹਾਂ ਕੋਲ ਨਾ ਪੁਲਿਸ ਹੈ, ਨਾ ਸਰਕਾਰ ਹੈ। ਇਨ੍ਹਾਂ ਕੋਲ ਖਾਣ ਵਾਸਤੇ ਵੀ ਕੁਝ ਨਹੀਂ ਹੈ। ਇਹ ਸਾਲਾਂ ਤੋਂ ਲੁੱਟੇ ਜਾ ਰਹੇ ਹਨ। ਸਾਡੇ ਸਮਾਜ ਦਾ ਇੱਕ ਢਾਂਚਾ ਹੈ, ਜੋ ਲੋਕ ਇਸ ਤੋਂ ਬਾਹਰ ਹਨ ਇਹ ਲੜਾਈ ਉਹਨਾਂ ਦੀ ਹੈ। ਇਸੇ ਤਰ੍ਹਾਂ ਨਾਬਰਾਬਰਤਾ ਸਾਡੇ ਪ੍ਰਬੰਧ ਵਿਚ ਮੌਜੂਦ ਹੈ। ਜਿਸਦਾ ਸਾਧਨਾਂ 'ਤੇ ਕਬਜ਼ਾ ਹੋ ਜਾਂਦਾ ਹੈ, ਉਹ ਸਾਡੀਆਂ ਕਦਰਾਂ ਕੀਮਤਾਂ ਦੇ ਪ੍ਰਬੰਧ 'ਤੇ ਵੀ ਕਾਬਜ਼ ਹੋ ਜਾਂਦੇ ਹਨ ਅਤੇ ਸਾਡੇ ਰਾਜਨੀਤਕ ਪ੍ਰਬੰਧ 'ਤੇ ਵੀ। ਇਹਦਾ ਥੰਮ ਆਰਥਿਕ ਸਿਸਟਮ ਬਣਦਾ ਹੈ। ਇਹੀ ਢਾਂਚਾ ਗਰੀਬ ਨੂੰ ਹੋਰ ਗਰੀਬ ਅਤੇ ਅਮੀਰ ਨੂੰ ਹੋਰ ਅਮੀਰ ਬਣਾਉਂਦਾ ਹੈ। ਇੱਥੋਂ ਹੀ ਹਿੰਸਾ ਦਾ ਬੀਜ ਬੋਇਆ ਜਾਂਦਾ ਹੈ।

ਤੁਸੀਂ ਪੁੱਛਿਆ ਸੀ ਕਿ ਮਾਓਵਾਦੀਆਂ ਦੀ ਹਿੰਸਾ ਤੇ ਸਟੇਟ ਦੀ ਹਿੰਸਾ 'ਚ ਕੀ ਫ਼ਰਕ ਹੈ। ਮੈਂ ਸਮਝਦਾ ਹਾਂ ਮਾਓਵਾਦੀਆਂ ਦੀ ਹਿੰਸਾ ਰਾਜਨੀਤਕ ਤੇ ਆਰਥਿਕ ਪ੍ਰਸਥਿਤੀਆਂ 'ਚੋਂ ਨਿਕਲੀ ਹੈ ਪਰ ਸਟੇਟ ਦੀ ਹਿੰਸਾ ਤਾਕਤਵਰ ਕਾਰਪੋਰੇਟ ਘਰਾਣਿਆਂ 'ਚੋਂ ਨਿਕਲੀ ਹੈ। ਸਰਕਾਰ ਇਨ੍ਹਾਂ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਰਾਖੀ ਆਪਣੇ ਦੇਸ਼ਵਾਸੀਆਂ ਨੂੰ ਮਾਰ ਕੇ ਕਰ ਰਹੀ ਹੈ।

? ਸਵਾਲ- ਤੁਸੀਂ ਇੱਕ ਥਾਂ ਕਿਹਾ ਸੀ ਕਿ ਜੇ ਅੱਜ ਬਾਪੂ ਹੁੰਦੇ ਤਾਂ ਉਹ ਤੁਹਾਨੂੰ ਕੁੱਟਦੇ?

ਜਵਾਬ- ਮੈਂ ਇਹ ਗੱਲ ਉਸ ਪ੍ਰਸੰਗ 'ਚ ਆਖੀ ਸੀ ਕਿ ਲੋਕ ਤਾਂ ਮੈਨੂੰ ਗਾਂਧੀਵਾਦੀ ਮੰਨਦੇ ਹਨ, ਪਰ ਮੈਂ ਕਈ ਗੱਲਾਂ 'ਚ ਪੂਰਨ ਗਾਂਧੀਵਾਦੀਆਂ ਤੋਂ ਵੱਖਰਾ ਹਾਂ, ਜਿਵੇਂ ਮੈਂ ਧੋਤੀ ਨਹੀਂ ਕੁੜਤਾ-ਪਜ਼ਾਮਾ ਪਹਿਨਦਾ ਹਾਂ (ਹੱਸ ਕੇ)।

? ਸਵਾਲ- ਜਦੋਂ ਹਿਮਾਂਸ਼ੂ ਕੁਮਾਰ ਵਰਗਾ ਗਾਂਧੀਵਾਦੀ ਚਿੰਤਕ ਮਾਓਵਾਦੀਆਂ ਨਾਲ ਤੁਰ ਪਿਆ ਹੈ, ਕੀ ਇਹ ਹੋਰਨਾਂ ਗਾਂਧੀਵਾਦੀਆਂ ਲਈ ਚੁਣੌਤੀ ਨਹੀਂ ਬਣ ਗਿਆ ਹੈ ਕਿ ਉਹ ਆਦਿਵਾਸੀਆਂ ਜਾਂ ਇਸ ਤਰ੍ਹਾਂ ਦੇ ਹੋਰ ਇਲਾਕਿਆਂ 'ਚ ਆਪਣੀ ਲਹਿਰ ਕਿਵੇਂ ਚਲਾਉਣ ਅੱਜ ਦੇ ਸਮੇਂ 'ਚ?

ਜਵਾਬ- ਦੇਖੋ, ਨਾ ਤਾਂ ਮੈਂ ਮਾਓਵਾਦੀਆਂ ਬਾਰੇ ਕੋਈ ਟਿੱਪਣੀ ਕਰਾਂਗਾ ਤੇ ਨਾ ਹੀ ਗਾਂਧੀਵਾਦੀਆਂ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ, ਮੈਂ ਤਾਂ ਆਪਣੀ ਗੱਲ ਹੀ ਕਰਾਂਗਾ। ਮੈਂ ਸੱਚ ਦੇ ਨਾਲ ਖੜ੍ਹਾ ਹਾਂ, ਮੈਂ ਲੁੱਟੇ ਜਾ ਰਹੇ ਲੋਕਾਂ ਦੇ ਨਾਲ ਹਾਂ। ਜਦੋਂ ਸਰਕਾਰ ਨੇ ਮੇਰਾ ਆਸ਼ਰਮ ਢਾਹ ਦਿੱਤਾ ਤਾਂ ਮੈਨੂੰ ਕਿਸੇ ਨੇ ਕਿਹਾ ਕਿ ਇਹ ਤਾਂ ਬਹੁਤ ਬੁਰਾ ਹੋਇਆ, ਪਰ ਮੈਂ ਕਿਹਾ ਨਹੀਂ ਇਹ ਬਹੁਤ ਚੰਗਾ ਹੋਇਆ, ਇਸ ਨਾਲ ਆਦਿਵਾਸੀਆਂ ਦਾ ਭਰੋਸਾ ਮੇਰੇ ਵਿੱਚ ਹੋਰ ਪੱਕਾ ਹੋਵੇਗਾ। ਉਹ ਹੁਣ ਇਹ ਜ਼ਰੂਰ ਸੋਚਣਗੇ ਕਿ ਇਹ ਵਿਅਕਤੀ ਸਾਡੀ ਖ਼ਾਤਰ ਘਰ ਤੁੜਵਾ ਸਕਦਾ ਹੈ ਤੇ ਇਹ ਹੁਣ ਸਾਡੇ ਬਰਾਬਰ ਹੀ ਆ ਖੜੋਤਾ ਹੈ।

? ਸਵਾਲ- ਤੁਹਾਡੇ ਵਰਗੇ ਹੋਰ ਗਾਂਧੀਵਾਦੀ ਹੋਣਗੇ ਪਰ ਕਿਧਰੇ ਲੋਕਾਂ 'ਚ ਕੰਮ ਕਰਦੇ ਦਿਖੇ ਨਹੀਂ?

ਜਵਾਬ- ਇਹ ਬੜੇ ਦੁਖ ਦੀ ਗੱਲ ਹੈ ਕਿ ਜੋ ਲੋਕ ਆਪਣੇ ਆਪ ਨੂੰ ਗਾਂਧੀਵਾਦੀ ਕਹਾਉਂਦੇ ਹਨ ਉਹ ਲੋਕਾਂ ਨਾਲੋਂ ਪੂਰੀ ਤਰ੍ਹਾਂ ਟੁੱਟ ਚੁੱਕੇ ਹਨ ਅਤੇ ਆਪਣੀਆਂ ਨਿੱਜੀ ਲੋੜਾਂ ਪਿੱਛੇ ਭੱਜ ਰਹੇ ਹਨ।

? ਸਵਾਲ- ਕੀ ਭਵਿੱਖ 'ਚ ਮਾਰਕਸਵਾਦੀ ਤੇ ਗਾਂਧੀਵਾਦੀ ਮਾਡਲ ਇੱਕਠੇ ਨਹੀਂ ਚੱਲ ਸਕਦੇ? ਜਿਵੇਂ ਤੁਹਾਡੀ ਸਾਇਕਲ ਯਾਤਰਾ ਦੇ ਪ੍ਰਸੰਗ 'ਚ ਵੀ ਕੁਝ ਅਖ਼ਬਾਰਾਂ ਨੇ ਇਸ ਤਰ੍ਹਾਂ ਲਿਖਿਆ ਹੈ?

ਜਵਾਬ- ਅਸੀਂ ਤਾਂ ਇਹ ਚਾਹੁੰਦੇ ਹਾਂ ਕਿ ਲੋਕਾਂ ਦੇ ਭਲੇ ਵਾਸਤੇ ਅਸੀਂ ਸਭ ਵੱਖ-ਵੱਖ ਵਿਚਾਰਧਾਰਵਾਂ ਨਾਲ ਜੁੜ ਕੇ ਇੱਕਠੇ ਰਲ ਕੇ ਕੰਮ ਕਰੀਏ।

? ਸਾਵਲ- ਬਿਨੋਂਵਾ ਭਾਵੇ ਦਾ ਗਰੀਬਾਂ ਵਿੱਚ ਜ਼ਮੀਨ ਵੰਡਣ ਵਾਲਾ ਰਾਹ ਤਾਂ ਸਟੇਟ ਨੂੰ ਸਹੀ ਜਾਪਦਾ ਹੈ, ਪਰ ਮਾਓਵਾਦੀਆਂ ਵਾਲਾ ਗ਼ਲਤ ਕਿਉਂ ਜਾਪਦਾ ਹੈ?

ਜਵਾਬ- ਸੰਤ ਬਿਨੋਂਵਾ ਵਾਲਾ ਰਾਹ ਵੀ ਸਰਕਾਰ ਨੂੰ ਕਦੋਂ ਸਹੀ ਜਾਪਦਾ ਹੈ। ਜੇ ਜਾਪਦਾ ਹੁੰਦਾ ਤਾਂ ਹੁਣ ਤੱਕ ਅਮਨ ਨਾ ਆ ਚੁੱਕਾ ਹੁੰਦਾ? ਹਾਂ ਇੱਕ ਵਿਸ਼ੇਸ਼ ਬੁੱਧੀਜੀਵੀ ਵਰਗ ਨੂੰ ਬਿਨੋਂਵਾ ਸੰਤ ਦਾ ਰਸਤਾ ਠੀਕ ਤੇ ਮਾਓਵਾਦੀਆਂ ਵਾਲਾ ਗ਼ਲਤ ਲੱਗ ਸਕਦਾ ਹੈ। ਜਦੋਂ ਸਟੇਟ 'ਤੇ ਤਾਕਾਤਵਰ ਲੋਕ ਕਾਬਜ਼ ਹੋ ਜਾਂਦੇ ਹਨ ਤਾਂ ਉਹ ਲੋਕਾਂ ਪ੍ਰਤੀ ਉਤਰਦਾਈ ਨਹੀਂ ਹੁੰਦੇ। ਪੁਲਿਸ ਰਾਹੀਂ ਲੋਕਾਂ ਦੀ ਜ਼ਬਾਨ ਵੀ ਬੰਦ ਕਰਵਾਉਂਦੇ ਹਨ। ਸਾਡੇ ਮੁਲਕ ਵਿੱਚ ਤਾਂ ਇਹੀ ਹੋ ਰਿਹਾ ਹੈ।

? ਸਵਾਲ- ਜੇਕਰ ਸਟੇਟ ਐਮ.ਓ.ਯੂ ਨੂੰ ਵਾਪਸ ਲੈਂਦੀ ਹੈ ਤੇ ਜਲ, ਜੰਗਲ ਅਤੇ ਜ਼ਮੀਨ ਆਦਿਵਾਸੀਆਂ ਨੂੰ ਦੇ ਦਿੰਦੀ ਹੈ ਤਾਂ ਤੁਸੀਂ ਮਾਓਵਾਦੀ ਮੂਵਮੈਂਟ ਦਾ ਕੀ ਆਧਾਰ ਵੇਖਦੇ ਹੋ?

ਜਵਾਬ- ਮੈਨੂੰ ਤਾਂ ਇਹੀ ਲੱਗਦਾ ਹੈ ਕਿ ਇਸ ਨਾਲ ਸਮੱਸਿਆ ਹੱਲ ਹੋ ਜਾਵੇਗੀ। ਮੈਂ ਤਾਂ ਸਾਰੀ ਲੜਾਈ ਦੀ ਜੜ੍ਹ ਹੀ ਇਨ੍ਹਾਂ ਗੱਲਾਂ ਨੂੰ ਸਮਝਦਾ ਹਾਂ, ਜੇਕਰ ਸਟੇਟ ਇਸ ਤਰ੍ਹਾਂ ਕਰਦੀ ਹੈ ਤਾਂ ਕੋਈ ਆਦਿਵਾਸੀ ਹਥਿਆਰ ਕਿਉਂ ਚੁੱਕੇਗਾ?

? ਸਵਾਲ- ਕੀ ਮਾਓਵਾਦੀ ਵਿਕਾਸ ਵਿਰੋਧੀ ਨਹੀਂ ਹਨ, ਕਿਉਂਕਿ ਕਿਸੇ ਵੀ ਦੇਸ਼ ਦੇ ਵਿਕਾਸ ਲਈ ਖਣਿਜ ਪਦਾਰਥਾਂ ਦੀ ਅਹਿਮ ਲੋੜ ਹੁੰਦੀ ਹੈ, ਫੇਰ ਸਰਕਾਰ ਇਨ੍ਹਾਂ ਨੂੰ ਵਰਤੇ ਕਿਉਂ ਨਾ?

ਜਵਾਬ- ਮੈਂ ਤੁਹਾਨੂੰ ਸਵਾਲ ਕਰਦਾ ਹਾਂ, ਆਖਿਰ ਵਿਕਾਸ ਕਿਸਦਾ? ਸਭ ਤੋਂ ਪਹਿਲਾ ਸਾਨੂੰ ਵਿਕਾਸ ਦੀ ਪਰਿਭਾਸ਼ਾ ਤੈਅ ਕਰਨੀ ਪਵੇਗੀ, ਆਖਿਰ ਤੁਸੀਂ ਵਿਕਾਸ ਕਹਿੰਦੇ ਕਿਸ ਨੂੰ ਹੋ? ਸਾਡੇ ਦੇਸ਼ 'ਚੋਂ ਨਿਕਲਣ ਵਾਲਾ ਕੱਚਾ ਮਾਲ ਜਾਂ ਲੋਹਾ ਭਾਰਤ ਸਰਕਾਰ 400 ਰੁਪਏ ਮੀਟਰਿਕ ਟਨ ਤਾਂ ਜਾਪਾਨ ਨੂੰ ਦੇ ਦਿੰਦੀ ਹੈ, ਪਰ ਜੇ ਸਾਡੇ ਦੇਸ਼ ਦੇ ਕਿਸੇ ਭਾਰਤੀ ਉਦਯੋਗਪਤੀ ਨੇ ਖਰੀਦਣਾ ਹੋਵੇ ਤਾਂ ਮੁੱਲ ਹੋਵੇਗਾ 6 ਹਜ਼ਾਰ ਰੁਪਏ ਮੀਟਰਿਕ ਟਨ, ਉੱਤੇ 20 ਫੀਸਦੀ ਰਾਇਲਟੀ ਸਰਕਾਰ ਨੂੰ ਮਿਲਦੀ ਹੈ। ਆਪਣੇ ਮੁਲਕ 'ਚੋ ਬੇਸ਼ਕੀਮਤੀ ਖਣਿਜ ਪਦਾਰਥਾਂ ਨੂੰ ਲੁਟਾਵਾਉਣ ਨੂੰ ਤੁਸੀਂ ਵਿਕਾਸ ਕਹੋਗੇ? ਇੱਕ ਤਾਂ ਇਹ ਅਮੀਰ ਮੁਲਕ ਸਾਨੂੰ ਲੁੱਟਣ ਵਾਲੇ ਹਨ, ਦੂਜਾ ਸਾਡਾ ਵਾਤਾਵਰਣ ਵੀ ਖ਼ਰਾਬ ਕਰੀ ਜਾ ਰਹੇ ਹਨ।

ਦੂਜਾ ਸਵਾਲ ਇਹ ਹੈ ਕਿ ਕੀ ਇਹ ਖਣਿਜ ਪਦਾਰਥ ਸਿਰਫ਼ ਇਸੇ ਪੀੜ੍ਹੀ ਵਾਸਤੇ ਹਨ। ਅਸੀਂ ਆਉਣ ਵਾਲੀਆਂ ਨਸਲਾਂ ਲਈ ਇਹ ਖਜ਼ਾਨਾ ਸੰਭਾਲ ਕੇ ਨਹੀਂ ਰੱਖਣਾ? ਗਰੀਬਾਂ ਨੂੰ ਹਾਸ਼ੀਏ 'ਤੇ ਧੱਕ ਕੇ ਅਮੀਰਾਂ ਨੂੰ ਮਾਲਾ-ਮਾਲ ਕਰਨ ਨੂੰ ਅਸੀਂ ਵਿਕਾਸ ਕਿਵੇਂ ਕਹਿ ਸਕਦੇ ਹਾਂ?

? ਸਵਾਲ- ਮਾਰਕਸਵਾਦ ਜੇ ਕਿਸੇ ਵੀ ਮੁਲਕ 'ਚ ਕਾਇਮ ਰਿਹਾ ਤਾਂ ਉਹ ਸਮਾਜਵਾਦੀ ਰੂਪ 'ਚ ਹੀ ਰਿਹਾ ਵੈਨਜ਼ੁਏਲਾ ਵਰਗੇ ਦੇਸ਼ ਇਸਦੀ ਮਿਸਾਲ ਹਨ, ਪਰ ਮਾਓਵਾਦੀ ਇਹ ਗੱਲ ਮੰਨਣ ਨੂੰ ਤਿਆਰ ਹੀ ਨਹੀਂ ਹਨ?

ਜਵਾਬ- ਹਥਿਆਰਬੰਦ ਤਰੀਕਿਆਂ ਦਾ ਤਾਂ ਮੈਂ ਵੀ ਵਿਰੋਧੀ ਹਾਂ। ਮੈਂ ਮੰਨਦਾ ਹਾਂ ਕਿ ਹਥਿਆਰਬੰਦ ਵਿਅਕਤੀ

ਨਾਲੋਂ ਨਿਹੱਥਾ ਵਿਅਕਤੀ ਕਿਤੇ ਵੱਧ ਖ਼ਤਰਨਾਕ ਹੁੰਦਾ ਹੈ। ਜੇਕਰ ਮੈਂ ਹਥਿਆਰ ਚੁੱਕਦਾ ਤਾਂ ਸਟੇਟ ਮੈਨੂੰ ਕਦੋਂ ਦਾ ਮਾਓਵਾਦੀ ਆਖ ਕੇ ਮਾਰ ਦਿੰਦੀ, ਪਰ ਮੈਂ ਆਪਣੀ ਲੜਾਈ ਲੋਕਤੰਤਰਿਕ ਤਰੀਕੇ ਨਾਲ ਲੜ ਰਿਹਾਂ ਹਾਂ।

? ਸਵਾਲ- ਭਾਰਤ ਪੱਧਰ 'ਤੇ ਤੁਹਾਡੀ ਇਸ 'ਗ੍ਰੀਨ ਹੰਟ' ਵਿਰੋਧੀ ਮੁਹਿੰਮ ਨੂੰ ਬਹੁਤ ਵੱਡਾ ਸਮਰਥਨ ਨਹੀਂ ਮਿਲ ਰਿਹਾ, ਅਜਿਹਾ ਕਿਉਂ?

ਜਵਾਬ- ਤੁਹਾਡਾ ਸਵਾਲ ਅੱਧਾ ਸਹੀ ਹੈ। ਇਹ ਗੱਲ ਠੀਕ ਹੈ ਕਿ ਇਸ 'ਗ੍ਰੀਨ ਹੰਟ' ਵਿਰੋਧੀ ਮੁਹਿੰਮ ਨੂੰ ਉਤਨਾ ਹੁੰਗਾਰਾ ਨਹੀਂ ਮਿਲ ਰਿਹਾ, ਜਿਨ੍ਹਾਂ ਮਿਲਣਾ ਚਾਹੀਦਾ ਹੈ। ਇਸਦਾ ਕਾਰਨ ਵੀ ਸਾਫ ਹੈ, ਜੋ ਲੋਕ ਸਾਧਨ ਸੰਪਨ ਹਨ ਉਹ ਗਰੀਬ ਆਦਿਵਾਸੀਆਂ ਲਈ ਰਿਸਕ ਕਿਉਂ ਲੈਣਗੇ। ਲੇਕਿਨ ਇਹ ਗੱਲ ਵੀ ਸੱਚ ਹੈ ਕਿ ਬਹੁਤ ਸਾਰੇ ਬੁੱਧੀਜੀਵੀ ਸਾਡੇ ਹੱਕ 'ਚ ਨਿੱਤਰੇ ਹਨ, ਜਿਨ੍ਹਾਂ ਸਰਕਾਰੀ ਜ਼ਬਰ ਵਿਰੱਧ ਖੁਲ੍ਹ ਕੇ ਬੋਲਿਆ ਹੈ।

? ਸਵਾਲ- ਜਦੋਂ ਸਾਡਾ ਭਾਰਤੀ ਮੀਡੀਆ ਬਹੁਤ ਸਾਰੇ ਕੁਰੱਪਸ਼ਨ ਦੇ ਕੇਸ ਫੜ ਸਕਦਾ ਹੈ, ਹੋਰ ਬਹੁਤ ਸਾਰੀਆਂ ਗੱਲਾਂ ਤੋ ਪਰਦੇ ਚੁੱਕ ਸਕਦਾ ਹੈ ਫੇਰ ਇਸ ਮੁੱਦੇ 'ਤੇ ਚੁੱਪ ਕਿਉਂ ਹੈ? ਕੀ ਤੁਹਾਨੂੰ ਮੀਡੀਆ ਕਾਰਪੋਰੇਟ ਦਾ ਹਿੱਸਾ ਨਹੀਂ ਲੱਗਦਾ?

ਜਵਾਬ- ਤੁਹਾਡੀ ਗੱਲ ਬਿਲਕੁਲ ਸਹੀ ਹੈ, ਮੀਡੀਆ ਕਾਰਪੋਰੇਟ ਜਗਤ ਦਾ ਹੀ ਹਿੱਸਾ ਹੈ। ਇਸ 'ਤੇ ਸਾਧਨ ਸੰਪਨ ਲੋਕ ਕਾਬਜ਼ ਹਨ। ਮਾਓਵਾਦੀ ਇਲਾਕਆਂ 'ਚ ਜਦੋਂ ਪੁਲਿਸ ਦੀ ਗੋਲੀ ਨਾਲ ਕੋਈ ਗਰੀਬ ਮਾਰਿਆ ਜਾਂਦਾ ਹੈ ਤਾਂ ਉਸ ਦੀ ਕਿਧਰੇ ਕੋਈ ਖ਼ਬਰ ਨਹੀਂ ਲੱਭਦੀ, ਪਰ ਜੇ ਕੋਈ ਪੁਲਿਸ ਵਾਲਾ ਮਾਓਵਾਦੀਆਂ ਦੇ ਅੱੜਿਕੇ ਆ ਜਾਵੇ, ਫਿਰ ਧੜਾਧੜ ਖ਼ਬਰਾਂ ਛਪਦੀਆਂ ਹਨ। ਅਖੇ ਮਾਓਵਾਦੀਆਂ ਨੇ ਆਹ ਕਰਤਾ, ਮਾਓਵਾਦੀਆਂ ਨੇ ਔਹ ਕਰਤਾ।

ਮੀਡੀਆ ਦੀ ਭੂਮਿਕਾ ਦੀ ਮੈਂ ਤੁਹਾਨੂੰ ਇੱਕ ਛੋਟੀ ਜਿਹੀ ਮਿਸਾਲ ਦਿੰਦਾ ਹਾਂ। ਸਾਲ (2009) ਸਤੰਬਰ 'ਚ 'ਅਪਰੇਸ਼ਨ ਗ੍ਰੀਨ ਹੰਟ' ਦੇ ਪਹਿਲੇ ਪੜਾਅ ਦੌਰਾਨ ਪੁਲਸ ਦਸਤਿਆਂ ਨੇ ਇੱਕ ਪੂਰੇ ਪਰਿਵਾਰ ਨੂੰ ਨਿਸ਼ਾਨਾ ਬਣਾਇਆ। ਪਹਿਲਾਂ ਉਨ੍ਹਾਂ ਪਿਓ ਨੂੰ ਛੁਰੀਆਂ ਨਾਲ ਵਿੰਨਿਆ, ਫੇਰ ਮਾਂ ਨੂੰ ਤੇ ਵੱਡੀ ਕੁੜੀ ਦੇ ਦੋ ਸਾਲ ਦੇ ਬੱਚੇ ਦੇ ਦੰਦ ਤੋੜ ਦਿੱਤੇ ਤੇ ਉਸਦੀ ਜੀਭ ਦਾ ਇੱਕ ਹਿੱਸਾ ਵੱਢ ਦਿੱਤਾ। ਮੈਂ ਚਾਹੁੰਦਾ ਸੀ ਕਿ ਪ੍ਰੈਸ ਨੂੰ ਉਹਨਾਂ ਦੀ ਦਾਸਤਾਨ ਸੁਣਾਵਾਂ। ਮੈਂ ਉਨ੍ਹਾਂ ਨੂੰ ਰਾਏਪੁਰ ਲੈ ਕੇ ਗਿਆ। ਰਾਏਪੁਰ ਪ੍ਰੈਸ ਨੇ ਮੈਥੋਂ ਉਨ੍ਹਾਂ ਦੇ ਨਕਸਲੀ ਨਾ ਹੋਣ ਦਾ ਸਬੂਤ ਮੰਗਿਆ। ਮੈਂ ਉਨ੍ਹਾਂ ਨੂੰ ਦੱਸਿਆ ਕਿ ਇਨ੍ਹਾਂ ਨੂੰ ਤਾਂ ਪੁਲਿਸ ਵੀ ਨਕਸਲੀ ਨਹੀਂ ਮੰਨਦੀ। ਇਸਦੇ ਬਾਵਜੂਦ ਵੀ ਸਾਡੀ ਇੱਕ ਨਾ ਸੁਣੀ।

? ਸਵਾਲ- ਅੰਦਰੂਨੀ ਮਾਓਵਾਦੀ ਮੂਵੈਂਮਟ ਨੂੰ ਬਾਹਰੀ ਤੇ ਬਾਹਰੀ ਨੂੰ ਅੰਦਰੂਨੀ ਨਾਲ ਜੋੜਨ ਦਾ ਪਰੋਸੈੱਸ ਕਿਤੇ ਦਿਖਾਈ ਨਹੀਂ ਦਿੰਦਾ?

ਜਵਾਬ- ਮੈਂ ਮਾਓਵਾਦੀ ਲਹਿਰ ਦਾ ਅੰਗ ਨਹੀਂ ਹਾਂ। ਇਸ ਲਈ ਮੈਂ ਇਸ ਵਾਰੇ ਕੁਝ ਨਹੀਂ ਕਹਾਂਗਾ।

? ਸਵਾਲ- ਅਮਰੀਕਾ ਨੇ ਜਦ ਵੀ ਕਿਸੇ ਦੇਸ਼ 'ਤੇ ਹਮਲਾ ਕੀਤਾ ਹੈ ਤਾਂ ਇਹ ਹਾਲ ਦੁਹਾਈ ਪਾ ਕੇ ਕੀਤਾ ਹੈ ਕਿ ਇਸ ਦੇਸ਼ 'ਚ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ, ਪਰ ਭਾਰਤ ਦੇ ਆਦਿਵਾਸੀ ਇਲਾਕਿਆਂ ਬਾਰੇ ਅਮਰੀਕਾ ਦੀ ਚੁੱਪੀ ਕੀ ਦਰਸਾਉਂਦੀ ਹੈ?

ਜਵਾਬ- ਇਹਦਾ ਜਵਾਬ ਸਭ ਜਾਣਦੇ ਹੀ ਹਨ ਕਿ ਭਾਰਤ ਦੀ ਸਰਕਾਰ ਅਮਰੀਕਾ ਦੀ ਗੋਲੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਅਮਰੀਕਾ ਦੀਆਂ ਬਹੁਕੌਮੀ ਕੰਪਨੀਆਂ ਦੇ ਹਿੱਤਾਂ ਦੀ ਰੱਖਿਆ ਕਰਦੇ ਹਨ ਤੇ ਉਨ੍ਹਾਂ ਦੇ ਨੌਕਰ ਰਹਿ ਚੁੱਕੇ ਹਨ। ਫੇਰ ਅਮਰੀਕਾ ਹੀ ਆਪਣੇ ਝੋਲੀ-ਚੁੱਕਾਂ ਖਿਲਾਫ ਕਿਵੇਂ ਬੋਲੇਗਾ?

? ਸਵਾਲ- ਸੀ.ਪੀ.ਆਈ ਤੇ ਸੀ.ਪੀ.ਐਮ ਦਾ 'ਅਪਰੇਸ਼ਨ ਗ੍ਰੀਨ ਹੰਟ' ਦੇ ਮੁੱਦੇ 'ਤੇ ਕੀ ਸਟੈਂਡ ਹੈ?

ਜਵਾਬ- ਦੇਖੋ ਦੋਵਾਂ ਦਾ ਸਟੈਂਡ ਹੁਣ ਤੱਕ ਇਹ ਹੈ ਕਿ ਸੀ.ਪੀ.ਆਈ ਨੇ 'ਅਪਰੇਸ਼ਨ ਗ੍ਰੀਨ ਹੰਟ' ਦਾ ਵਿਰੋਧ ਕੀਤਾ ਹੈ ਤੇ ਸੀ.ਪੀ.ਐਮ ਇਸ ਅਪ੍ਰੇਸ਼ਨ ਦੀ ਭਾਗੀਦਾਰ ਬਣੀ ਖੜੀ ਹੈ।

? ਸਵਾਲ- ਭਾਰਤੀ ਸੰਵਿਧਾਨ ਬਾਰੇ ਤੁਹਾਡਾ ਕੀ ਨਜ਼ਰੀਆ ਹੈ?

ਜਵਾਬ-ਮੈਂ ਭਾਰਤੀ ਸੰਵਿਧਾਨ ਦੀ ਦਿਲੋਂ ਇੱਜ਼ਤ ਕਰਦਾ ਹਾਂ। ਇਹ ਦੁਨੀਆ ਦੇ ਬਿਹਤਰ ਸੰਵਿਧਾਨਾਂ 'ਚੋਂ ਇੱਕ ਹੈ। ਇਹ ਤਾਂ ਸਮਾਜਵਾਦੀ ਸਰੂਪ ਹੈ। ਇਹ ਹਰ ਵਰਗ ਦੇ ਲੋਕਾਂ ਤੇ ਹਰ ਵਿਚਾਰਧਾਰਾ ਦਾ ਸਤਿਕਾਰ ਕਰਦਾ ਹੈ, ਪਰ ਅਫਸੋਸ ਇਸ ਗੱਲ ਦਾ ਹੈ ਕਿ ਗੁੰਡੇ ਕਿਸਮ ਦੇ ਲੋਕਾਂ ਦੇ ਵੱਸ ਪੈ ਗਿਆ ਹੈ। ਉਹ ਦੇਸ਼ ਦੇ ਲੀਡਰ ਬਣ ਬੈਠੇ ਹਨ। ਵੱਧ ਧੱਜੀਆਂ ਵੀ ਇਨ੍ਹਾਂ ਲੋਕਾਂ ਨੇ ਉਡਾਈਆਂ ਹਨ।

? ਸਵਾਲ- ਮਾਓਵਾਦੀ ਭਾਰਤ ਨੂੰ ਅਰਧ-ਜਗੀਰੂ ਸਟੇਟ ਮੰਨਦੇ ਹਨ ਤੇ ਤੁਸੀਂ...?

ਜਵਾਬ- ਮੈਂ ਮੰਨਦਾ ਹਾਂ ਕਿ ਭਾਰਤ ਵਿੱਚ ਸਰਮਾਏਦਾਰੀ ਆਪਣੀ ਚੜਤ 'ਤੇ ਹੈ, ਇਹ ਵਿਕਰਾਲ ਰੂਪ 'ਚ ਉਭਰ ਕੇ ਸਾਹਮਣੇ ਆ ਰਹੀ ਹੈ।

? ਸਵਾਲ- ਇਸ ਸਮੇਂ ਭਾਰਤ 'ਚ ਪੂੰਜੀਵਾਦੀ ਪ੍ਰਣਾਲੀ ਨਾਲ ਵਿਕਾਸ ਹੋ ਰਿਹਾ ਹੈ, ਜਿਸ ਨੂੰ ਤੁਸੀਂ ਵੀ ਮੰਨ ਚੁੱਕੇ ਹੋ। ਜੇਕਰ ਨੇੜਲੇ ਭਵਿੱਖ ਵਿੱਚ ਇਨ੍ਹਾਂ ਮਾਓਵਾਦੀਆਂ ਕੋਲ ਇੰਨੀ ਤਾਕਤ ਆ ਵੀ ਜਾਂਦੀ ਹੈ, ਕੀ ਤੁਹਾਨੂੰ ਲੱਗਦਾ ਹੈ ਕਿ ਇਹ ਜੰਗਲਾਂ 'ਚੋਂ ਉਠ ਕੇ ਭਾਰਤ ਦੀ ਆਵਾਮ ਦੀ ਸਹੀ ਅਗਵਾਈ ਕਰ ਸਕਣਗੇ?

ਜਵਾਬ- ਸਵਾਲ ਇਹ ਨਹੀਂ ਹੁੰਦਾ ਕਿ ਲੋਕਾਂ ਦੀ ਅਗਵਾਈ ਕਰਨ ਵਾਲਾ ਜੰਗਲਾਂ 'ਚੋਂ ਉੱਠ ਕੇ ਆਉਂਦਾ ਹੈ ਜਾਂ ਤੁਾਹਡੇ 'ਸੱਭਿਅਕ ਸਮਾਜ' ਵਿੱਚੋਂ, ਸਵਾਲ ਤਾਂ ਇਹ ਹੈ ਕਿ ਉਸ ਕੋਲ ਕੀ ਸੋਚ ਜਾਂ ਸਿਧਾਂਤ ਹਨ, ਜਿਸ ਤਹਿਤ ਉਹ ਆਵਾਮ ਦੀ ਅਗਵਾਈ ਕਰਨਗੇ। ਜੇਕਰ ਵਿਚਾਰਧਾਰਾ 'ਚ ਸ਼ਪੱਸ਼ਟਤਾ ਨਹੀਂ ਤਾਂ ਉਹ ਸਹੀ ਰੂਪ 'ਚ ਦੇਸ਼ ਦੀ ਆਵਾਮ ਦੀ ਅਗਵਾਈ ਨਹੀਂ ਕਰ ਸਕਦੇ। ਫੇਰ ਚਾਹੇ ਉਹ ਮਾਓਵਾਦੀਏ ਹੋਣ ਜਾਂ ਕੋਈ ਹੋਰ।

? ਸਵਾਲ- ਤੁਸੀਂ ਇੱਕ ਥਾਂ ਆਪਣੀ ਤਕਰੀਰ ਵਿੱਚ ਕਿਹਾ ਸੀ ਕਿ ਸੰਤ ਬਿਨੋਬਾ ਨੇ ਭਾਰਤੀ ਸਰਕਾਰ ਨੂੰ ਕਿਹਾ ਸੀ ਕਿ ਨਕਸਲੀਆਂ ਨੂੰ ਕੇਰਲ ਦਾ ਕੁਝ ਇਲਾਕਾ ਦੇ ਦਿੱਤਾ ਜਾਵੇ, ਜਿੱਥੇ ਉਹ ਆਪਣੀ ਮਰਜ਼ੀ ਅਨੁਸਾਰ ਰਾਜ ਚਲਾ ਸਕਣ ਤਾਂ ਕਿ ਜਨਤਾ 'ਚ ਉਨ੍ਹਾਂ ਦੇ ਕੰਮਾਂ ਦੀ ਪਰਖ ਹੋ ਸਕੇ। ਬਿਨੋਵਾ ਨੇ ਇਹ ਗੱਲ ਕਿਸ ਥਾਂ ਲਿਖੀ ਹੈ?

ਜਵਾਬ- ਕੁਝ ਸਾਲ ਪਹਿਲਾਂ ਮੇਰੇ ਇੱਕ ਯੂਰਪੀਅਨ ਮਿੱਤਰ ਨੇ ਸੰਤ ਬਿਨੋਵਾ ਦੀ ਤਕਰੀਰ ਮੈਨੂੰ ਮੇਲ ਕੀਤੀ ਸੀ। ਸ਼ਾਇਦ ਇਹ 'ਭੂਦਾਨ ਗੰਗਾ' ਵਿੱਚੋਂ ਸੀ।

? ਸਵਾਲ- ਦਾਂਤੇਵਾੜਾ 'ਚ ਮਾਓਵਾਦੀਆਂ ਦੀ 'ਜਨਤੰਨਾ ਸਰਕਾਰ' ਵੱਲੋਂ ਚਲਾਇਆ ਜਾਂਦਾ ਲੋਕਤੰਤਰ ਤੇ ਭਾਰਤੀ ਲੋਕਤੰਤਰ ਨੂੰ ਤੁਸੀਂ ਕਿਵੇਂ ਵੇਖਦੋ ਹੋ?

ਜਵਾਬ- ਦਾਂਤੇਵਾੜਾ ਦੇ ਲੋਕਤੰਤਰ ਬਾਰੇ ਵਿਦਵਾਨਾਂ ਵੱਲੋਂ ਕਾਫੀ ਕੁਝ ਲਿਖਿਆ ਜਾ ਚੁੱਕਾ ਹੈ, ਤੁਹਾਡੀ ਪੰਜਾਬੀ ਭਾਸ਼ਾ ਵੀ ਛਪ ਚੁੱਕਾ ਹੈ। ਮੈਂ ਤਾਂ ਇਹੀ ਕਹਾਂਗਾ ਕਿ ਦਾਂਤੇਵਾੜਾ ਦਾ ਲੋਕਤੰਤਰ ਪੂਰੇ ਭਾਰਤਵਰਸ਼ ਲਈ ਇੱਕ ਮਿਸਾਲ ਹੈ।

? ਸਵਾਲ- ਕੁਝ ਵਿਦਵਾਨਾਂ ਦਾ ਕਹਿਣਾ ਹੈ ਕਿ ਗ਼ਰੀਬੀ ਤਾਂ ਭਾਰਤ ਦੇ ਹੋਰਨਾਂ ਇਲਾਕਿਆਂ 'ਚ ਵੀ ਹੈ, ਉੱਥੇ ਤਾਂ ਕੋਈ ਹਿੰਸਾ 'ਤੇ ਉਤਾਰੂ ਨਹੀਂ ਹੁੰਦਾ?

ਜਵਾਬ- ਗਰੀਬੀ ਦੀਆਂ ਵੀ ਤਿੰਨ ਕਿਸਮਾਂ ਹੁੰਦੀਆਂ ਹਨ- ਪਹਿਲੀ ਕਿਸਮ ਉਨ੍ਹਾਂ ਗ਼ਰੀਬਾਂ ਦੀ ਹੈ ਜੋ ਅਮੀਰਾਂ ਆਸਰੇ ਜਿਉਂਦੇ ਹਨ, ਜਿਵੇਂ- ਗੁਬਾਰੇ ਵੇਚਣ ਵਾਲਾ, ਘਰੇਲੂ ਨੌਕਰ ਜਾਂ ਮਜ਼ਦੂਰ। ਦੂਜੀ ਕਿਸਮ ਉਨ੍ਹਾਂ ਗਰੀਬਾਂ ਦੀ ਹੈ ਜੋ ਆਪਣੀ ਗਰੀਬੀ ਨੂੰ ਧੁਰੋਂ ਲਿਖੀ ਮੰਨਦੇ ਹਨ, ਮਤਲਬ ਜਿਨ੍ਹਾਂ ਕਿਸਮਤ ਨਾਲ ਸਮਝੌਤਾ ਕਰ ਲਿਆ ਹੈ। ਤੀਜੀ ਕਿਸਮ ਇਨ੍ਹਾਂ ਆਦਿਵਾਸੀਆਂ ਦੀ ਹੈ, ਜੋ ਆਪਣੇ ਜੰਗਲਾਂ 'ਚ ਖੁਸ਼ੀ ਭਰਿਆ ਜੀਵਨ ਬਤੀਤ ਕਰਦੇ ਸਨ ਪਰ 'ਸੱਭਿਅਕ ਸਮਾਜ' ਦੀ ਅਮੀਰ ਬਣਨ ਦੀ ਲਾਲਸਾ ਨੇ ਉਨ੍ਹਾਂ ਦਾ ਜੰਗਲ ਖੋਹ ਲਿਆ। ਹੁਣ ਜਦੋਂ ਇਨ੍ਹਾਂ ਗਰੀਬਾਂ ਨੇ ਹਥਿਆਰ ਚੁੱਕ ਲਏ ਹਨ ਤਾਂ ਇਹ 'ਸੱਭਿਅਕ ਸਮਾਜ' ਵਾਲੇ ਅਮੀਰ ਚਿੰਦਬਰਮ ਮੂਹਰੇ ਹਾੜੇ ਕੱਢ ਰਹੇ ਹਨ। ਜਦੋਂ ਗਰੀਬਾਂ ਦੀਆਂ ਪਹਿਲੀਆਂ ਦੋ ਕਿਸਮਾਂ ਤੀਜੀ ਕਿਸਮ ਨਾਲ ਮਿਲ ਗਈਆਂ ਤਾਂ ਉਸ ਦਿਨ ਤੂਫ਼ਾਨ ਆ ਜਾਵੇਗਾ। 'ਸੱਭਿਅਕ ਸਮਾਜ' ਦੀ ਹਰ ਚੀਜ਼ ਤਬਾਹ ਕੀਤੀ ਜਾਵੇਗੀ। ਇਸੇ ਗੱਲ ਤੋਂ ਇਹ ਅਮੀਰ ਲੋਕ ਡਰਦੇ ਹਨ।

? ਸਵਾਲ- ਆਦਿਵਾਸੀਆਂ ਦਾ ਸੱਭਿਆਚਾਰ ਤੇ ਸਾਹਿਤ ਕਿਸ ਤਰ੍ਹਾਂ ਦਾ ਹੈ?

ਜਵਾਬ- ਆਦਿਵਾਸੀ ਪੁਰਾਣੇ ਜੰਗਲੀ ਲੋਕਾਂ ਵਾਂਗ ਕੁਦਰਤ ਨਾਲ ਇੱਕ-ਮਿਕ ਹੋ ਕੇ ਰਹਿੰਦੇ ਹਨ। ਉੱਥੇ ਕੁਦਰਤੀ ਇਨਸਾਫ਼ ਚਲਦਾ ਹੈ, ਜਿਵੇਂ ਸਾਡੀਆਂ ਪੁਰਾਤਨ ਕਥਾਵਾਂ 'ਚ ਦਰਜ ਹੈ ਕਿ ਅਸੁਰਾਂ ਦੇ ਵੱਡੇ-ਵੱਡੇ ਸਿੰਗ ਹੁੰਦੇ ਸਨ। ਆਦਿਵਾਸੀ ਅੱਜ ਵੀ ਸਿਰ 'ਤੇ ਸਿੰਗ ਰੱਖ ਕੇ ਨੱਚਦੇ ਹਨ। ਉਨ੍ਹਾਂ ਦੇ ਆਪਣੇ ਲੋਕ-ਗੀਤ ਤੇ ਬੋਲੀਆਂ ਹਨ, ਪਰ ਲਿਖਤੀ ਸਾਹਿਤ ਨਹੀਂ ਹੈ।

? ਸਵਾਲ- ਇਹ ਜੋ ਤੁਸੀਂ ਸਾਇਕਲ ਯਾਤਰਾ ਕਰ ਰਹੇ ਹੋ, ਇਸ ਦਾ ਕੀ ਉਦੇਸ਼ ਹੈ? ਕਿਤੇ ਇਹ ਦਾਰਸ਼ਨਿਕ ਰੁਮਾਂਸ ਤਾਂ ਨਹੀਂ?

ਜਵਾਬ- ਜੇਕਰ ਤੁਸੀਂ ਇਸ ਨੂੰ ਦਾਰਸ਼ਨਿਕ ਰੁਮਾਂਸ ਸਮਝਦੇ ਹੋ ਤਾਂ ਮੈਂ ਕਹਾਂਗਾ ਕਿ ਇਹ ਦਾਰਸ਼ਨਿਕ ਰੁਮਾਂਸ ਹੀ ਹੈ। ਜੇ ਇਹ ਦਾਰਸ਼ਨਿਕ ਰੁਮਾਂਸ ਨਾ ਹੁੰਦਾ ਤਾਂ ਮੈਂ ਇਸ ਤਰ੍ਹਾਂ ਘਰ-ਬਾਰ ਛੱਡ ਕੇ ਦਾਂਤੇਵਾੜੇ ਨਾ ਜਾਂਦਾ ਤੇ ਆਸ਼ਰਮ ਢਹਿਣ 'ਤੇ ਇਸ ਤਰ੍ਹਾਂ ਸਾਇਕਲ 'ਤੇ ਥਾਂ-ਥਾਂ ਜਾ ਕੇ ਪ੍ਰੋਗਰਾਮ ਨਾ ਕਰਦਾ। ਤੁਸੀਂ ਮੇਰੀ ਯਾਤਰਾ ਦਾ ਉਦੇਸ਼ ਪੁੱਛ ਰਹੇ ਹੋ, ਮੇਰੀ ਯਾਤਰਾ ਦਾ ਮਕਸਦ ਭਾਰਤ ਵਾਸੀਆਂ ਨੂੰ ਅਦਿਵਾਸੀਆਂ 'ਤੇ ਹੋ ਰਹੇ ਜ਼ੁਲਮਾਂ ਤੋਂ ਜਾਣੂ ਕਰਵਾਉਣਾ ਹੈ ਤਾਂ ਕਿ ਉਹ ਵੀ ਉਨ੍ਹਾਂ ਗਰੀਬਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ। ਮੈਨੂੰ ਲੱਗਦਾ ਹੈ ਕਿ ਮੈਂ ਕਾਫ਼ੀ ਹੱਦ ਤੱਕ ਇਸ ਮਕਸਦ ਵਿੱਚ ਕਾਮਯਾਬ ਰਿਹਾ ਹਾਂ।

? ਸਵਾਲ- ਕੁਝ ਲੋਕਾਂ ਦਾ ਕਹਿਣਾ ਹੈ ਕਿ ਹਿਮਾਂਸ਼ੂ ਜੀ ਆਪਣੀ ਤਕਰੀਰ ਤੇ ਚਿਹਰੇ ਦੇ ਹਾਵਾਂ-ਭਾਵਾਂ ਤੋਂ ਬੁਲਾਰੇ ਘੱਟ ਤੇ ਕਲਾਕਾਰ ਜ਼ਿਆਦਾ ਲੱਗਦੇ ਹਨ?

ਜਵਾਬ- (ਹੱਸ ਕੇ) ਇਸ ਤਰ੍ਹਾਂ ਸੋਚਣ ਵਾਲਿਆਂ ਦਾ ਸ਼ੁਕਰੀਆ।

? ਸਵਾਲ- ਪੰਜਾਬ ਵਿੱਚ ਆ ਕੇ ਕਿਸ ਤਰ੍ਹਾਂ ਦਾ ਮਹਿਸੂਸ ਕੀਤਾ। ਪੰਜਾਬੀਆਂ ਨੂੰ ਕੋਈ ਸੰਦੇਸ਼ ਦੇਣਾ ਚਾਹੋਗੇ?

ਜਵਾਬ- ਚੰਗਾ ਲੱਗਾ, ਪੰਜਾਬ ਦੇ ਲੋਕ ਮਿਲਣਸਾਰ ਹਨ। ਆਏ ਮਹਿਮਾਨ ਦੀ ਖ਼ੂਬ ਆਓ ਭਗਤ ਕਰਦੇ ਹਨ। ਮੇਰਾ ਤਾਂ ਪੰਜਾਬੀਆਂ ਨਾਲ ਗਹਿਰਾ ਰਿਸ਼ਤਾ ਵੀ ਹੈ, ਕਿਉਂਕਿ ਮੇਰੀ ਪਤਨੀ ਵੀ ਪੰਜਾਬਣ ਹੈ (ਹੱਸ ਕੇ)। ਪੰਜਾਬੀਆਂ ਨੇ ਹਰ ਥਾਂ ਮੇਰਾ ਗਰਮਜ਼ੋਸ਼ੀ ਨਾਲ ਸਵਾਗਤ ਕੀਤਾ। ਮੈਂ ਤਾਂ ਪੰਜਾਬੀਆਂ ਨੂੰ ਇਹੀ ਕਹਾਂਗਾ ਕਿ ਗਰੀਬ ਆਦਿਵਾਸੀਆਂ ਦੇ ਹੱਕ 'ਚ ਆਵਾਜ਼ ਉਠਾਓ, ਕਿਉਂਕਿ ਪੂੰਜੀਪਤੀਆਂ ਦੀ ਹਵਸ ਇੰਨੀ ਭੈੜੀ ਹੈ ਕਿ ਪੰਜਾਬ ਵੀ ਦਾਂਤੇਵਾੜਾ ਬਣ ਸਕਦਾ ਹੈ। ਜੇ ਅਸੀਂ ਆਪਣੇ ਭਰਾਵਾਂ 'ਤੇ ਹੁੰਦੇ ਅੱਤਿਆਚਾਰਾਂ ਨੂੰ ਚੁੱਪ ਕਰਕੇ ਵੇਖਦੇ ਰਹੇ ਤਾਂ ਕੱਲ੍ਹ ਨੂੰ ਸਾਡੇ ਹੱਕ 'ਚ ਨਾਹਰਾ ਮਾਰਨ ਵਾਲਾ ਕੋਈ ਨਹੀਂ ਰਹੇਗਾ।

# ਹਥਿਆਰਾਂ ਦੀ ਲੜਾਈ ਦੇ ਦੌਰ 'ਚ ਵਿਚਾਰਾਂ ਦੀ ਲੜਾਈ ਮੱਧਮ ਹੋ ਜਾਂਦੀ ਹੈ- ਡਾ: ਕੇਸਰ ਸਿੰਘ 'ਕੇਸਰ'





ਮੁਲਾਕਾਤੀ
ਡਾ: ਕਰਮਜੀਤ ਸਿੰਘ

? ਪੰਜਾਬੀ ਸਾਹਿਤ ਦੇ ਹੋਰ ਰੂਪਾਂ ਵਾਂਗ ਪੰਜਾਬੀ ਆਲੋਚਨਾ ਨੂੰ ਵੀ ਗੁਰੂ ਨਾਨਕ ਦੇਵ ਤੋਂ ਆਰੰਭ ਕਰਨ ਦੀ ਰੀਤ ਹੈ। ਤੁਹਾਡੇ ਅਨੁਸਾਰ ਇਹ ਰਿਵਾਜ ਕਿਥੋਂ ਤੱਕ ਠੀਕ ਹੈ ਤੇ ਇਸ ਤੋਂ ਪ੍ਰਾਪਤ ਸਿੱਟਿਆਂ ਦੀ ਕੀ ਸਾਰਥਕਤਾ ਹੈ ?

ਡਾ: ਕੇਸਰ :--- ਸਵਾਲ ਠੀਕ ਜਾਂ ਗਲਤ ਦਾ ਨਹੀਂ। ਇਹ ਰਿਵਾਜ ਆਪਣੇ ਸਭਿਆਚਾਰ ਦੇ ਹਰ ਰੂਪ ਨੂੰ ਵੱਧ ਪੁਰਾਣਾ ਸਿੱਧ ਕਰਨ ਦੀ ਰੁਚੀ ਤੇ ਗੁਰੂ-ਸਾਹਿਬਾਨ ਪ੍ਰਤੀ ਸ਼ਰਧਾ ਵਿਚੋਂ ਪੈਦਾ ਹੋਇਆ ਹੈ। ਕਿਉਂਕਿ 'ਆਲੋਚਨਾ' ਸਾਹਿਤ ਦੀ ਇਕ ਵਿਧਾ ਹੈ ਤੇ ਪੰਜਾਬੀ ਵਿਚ ਇਸ ਵਿਧਾ ਦਾ ਪਛਾਣਨਯੋਗ ਸਰੂਪ ਵੀਹਵੀਂ ਸਦੀ ਵਿਚ ਹੀ ਹੋਂਦ ਵਿਚ ਆਇਆ ਹੈ, ਇਸ ਲਈ ਇਸ ਰਿਵਾਜ ਦਾ ਪ੍ਰਚਾਲਨ ਅਵਿਗਿਆਨਕ ਹੈ। ਹਾਂ, ਇਸ ਦੀ ਇਕ ਸਾਰਥਕਤਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਸਾਹਿਤ-ਰਚਨਾ ਦੇ ਨਾਲ-ਨਾਲ ਪੰਜਾਬੀ ਵਿਚ ਇਕ ਮੌਲਿਕ ਸਾਹਿਤ-ਚਿੰਤਨ ਦੀ ਪਰੰਪਰਾ ਵੀ ਪੈਦਾ ਹੋ ਗਈ ਸੀ, ਜਿਹੜੀ ਵੀਹਵੀਂ ਸਦੀ ਵਿਚ ਆ ਕੇ ਭੰਗ ਹੋ ਗਈ ਤੇ ਪੰਜਾਬੀ ਵਿਚ ਸਾਹਿਤ-ਆਲੋਚਨਾ ਦਾ ਆਰੰਭ ਇਸ ਵਿਰਸੇ ਨੂੰ ਅਣਗੌਲਿਆ ਕਰਕੇ ਹੋਇਆ। ਨਤੀਜਾ ਇਹ ਹੈ ਕਿ ਸਾਡੇ ਕੋਲ ਹੁਣ ਤੱਕ ਵੀ ਕੋਈ ਪੰਜਾਬੀ ਸਾਹਿਤ-ਸ਼ਾਸਤਰ ਨਹੀਂ, ਜਿਸ ਉੱਤੇ ਅਸੀਂ ਆਪਣੀ ਮੌਲਿਕ ਸਾਹਿਤ-ਆਲੋਚਨਾ ਦੀ ਉਸਾਰੀ ਕਰ ਸਕੀਏ।

? ਪੰਜਾਬੀ ਆਲੋਚਕ, ਸੰਤ ਸਿੰਘ ਸੇਖੋਂ ਤੋਂ ਪਹਿਲਾਂ ਦੀ ਆਲੋਚਨਾ (ਬਾਵਾ ਬੁਧ ਸਿੰਘ, ਤੇਜਾ ਸਿੰਘ ਤੇ ਮੋਹਨ ਸਿੰਘ ਦੀਵਾਨਾ) ਨੂੰ ਪ੍ਰਸੰਸਾਤਮਕ ਕਹਿ ਕੇ ਲਾਂਭੇ ਕਰ ਛੱਡਦੇ ਹਨ। ਕੀ ਇਹ ਠੀਕ ਹੈ ? ਤੁਹਾਡੇ ਅਨੁਸਾਰ ਇਸ ਆਲੋਚਨਾ ਦੀਆਂ ਹੋਰ ਕਿਹੜੀਆਂ ਵਿਸ਼ੇਸ਼ਤਾਵਾਂ ਹਨ ਜਿਨਾਂ ਵੱਲ ਧਿਆਨ ਦੇਣ ਦੀ ਲੋੜ ਹੈ ?

ਡਾ: ਕੇਸਰ :--- ਪ੍ਰਸੰਸਾ ਦੀ ਆਲੋਚਕ ਨੂੰ ਮਨਾਹੀ ਨਹੀਂ। ਆਲੋਚਨਾ ਦਾ ਅਰਥ ਨਿੰਦਿਆ ਨਹੀਂ ਹੁੰਦਾ। ਇਸ ਲਈ ਜਦੋਂ ਕੋਈ ਕਹਿੰਦਾ ਹੈ ਕਿ ਇਹ ਆਲੋਚਨਾ ਪ੍ਰਸੰਸਾਤਮਕ ਸੀ ਤਾਂ ਉਸ ਦਾ ਭਾਵ ਇਹ ਹੁੰਦਾ ਹੈ ਕਿ ਇਹ ਅੰਤਰਮੁਖੀ ਤੇ ਪ੍ਰਭਾਵਵਾਦੀ ਸੀ, ਬਾਹਰਮੁਖੀ ਤੇ ਸਿਸਟਮ-ਬੱਧ ਨਹੀਂ ਸੀ। ਪਰ ਇਨ੍ਹਾਂ ਤਿੰਨਾਂ ਆਲੋਚਕਾਂ ਦੀ ਦੇਣ ਨੂੰ ਘਟਾ ਕੇ ਨਹੀਂ ਦੇਖਣਾ ਚਾਹੀਦਾ। ਇਸ ਨੂੰ ਨਿਰੀ ਪ੍ਰਸੰਸਾ ਵੀ ਨਹੀਂ ਸਮਝਣਾ ਚਾਹੀਦਾ। ਬਾਵਾ ਬੁੱਧ ਸਿੰਘ ਨੇ ਪੰਜਾਬੀ ਸਾਹਿਤ ਨੂੰ ਸੰਭਾਲਣ ਦੀ ਚੇਤਨਾ ਦਿੱਤੀ, ਤੇਜਾ ਸਿੰਘ ਨੇ ਸਾਹਿਤ ਦੀ ਪਰਖ ਦੇ ਮਿਆਰਾਂ ਵੱਲ ਧਿਆਨ ਦੁਆਇਆ ਤੇ ਦੀਵਾਨਾ ਜੀ ਨੇ ਪੰਜਾਬੀ ਸਾਹਿਤ ਦੀ ਅੰਦਰੂਨੀ ਗਤੀ ਨੂੰ ਸਮਾਜਕ ਇਤਿਹਾਸ ਦੀ ਬਾਹਰਲੀ ਗਤੀ ਨਾਲ ਜੋੜ ਕੇ ਸਮਝਣ ਦੀ ਜਾਂਚ ਸਿਖਾਈ। ਤੇਜਾ ਸਿੰਘ ਨੇ ਵਾਰਤਕ ਸ਼ੈਲੀ ਦੇ ਗੁਣਾਂ ਨੂੰ ਪਰਖਣ ਲਈ ਇਕ ਗੁਰ ਦੱਸਿਆ ਸੀ ਕਿ ਇਹ 'ਸਰਲ, ਸਪਸ਼ਟ, ਸਾਦਾ ਠੇਠ ਤੇ ਠੀਕ' ਹੋਣੀ ਚਾਹੀਦੀ ਹੈ। ਪੰਜਾਬੀ ਆਲੋਚਨਾ ਹੁਣ ਤਕ ਇਸ ਸੰਕੇਤਾਵਲੀ ਤੋਂ ਮੁਕਤ ਨਹੀਂ ਹੋ ਸਕੀ। ਮੋਹਨ ਸਿੰਘ ਦੀਵਾਨਾ ਨੇ ਸਾਹਿਤ-ਇਤਿਹਾਸ ਦਾ ਜੋ ਮਾਡਲ ਦਿੱਤਾ



ਪਰਿਵਾਰ ਨਾਲ ਡਾ: ਕੇਸਰ ਸਿੰਘ

ਸੀ, ਪੰਜਾਬੀ ਆਲੋਚਨਾ ਹੁਣ ਤੱਕ ਉਸੇ ਨੂੰ ਦੁਹਰਾ ਰਹੀ ਹੈ। ਸੇਖੋਂ-ਆਲੋਚਨਾ ਇਕ ਸਿਸਟਮ ਵਿਚ ਹੈ, ਪਰ ਪੰਜਾਬੀ ਆਲੋਚਨਾ ਨੂੰ ਸਿਸਟਮਕ ਰੂਪ ਦੇਣ ਵਿਚ ਇਨ੍ਹਾਂ ਤਿੰਨਾਂ ਆਲੋਚਕਾਂ ਦਾ ਤੇ ਕਈਆਂ ਹੋਰਾਂ ਦਾ ਵੀ (ਮੌਲਾ ਬਖਸ਼ ਕੁਸ਼ਤਾ ਤੇ ਪ੍ਰੋ: ਪੂਰਨ ਸਿੰਘ ਦਾ ਨਾਂ ਲਿਆ ਜਾ ਸਕਦਾ ਹੈ) ਵਿਸ਼ੇਸ਼ ਹਿੱਸਾ ਹੈ।

? ਸੇਖੋਂ ਤੋਂ ਲੈ ਕੇ ਹੁਣ ਤੱਕ ਦੀ ਮਾਰਕਸਵਾਦੀ ਆਲੋਚਨਾ ਦਾ ਇਕ ਸਮੁੱਚਾ ਤੇ ਭਰਵਾਂ ਪ੍ਰਭਾਵ ਨਹੀਂ ਪਿਆ। ਸ਼ਾਇਦ ਇਸਦਾ ਕਾਰਣ ਇਹ ਹੈ ਕਿ ਕਦੇ ਮਾਰਕਸਵਾਦ ਨੂੰ ਇਸ ਨੇ ਮਕਾਨਕੀ ਢੰਗ ਨਾਲ ਲਾਗੂ ਕੀਤਾ, ਕਦੇ ਇਸ ਵਿਚ ਵਿਅਕਤੀਗਤ ਸੰਸਕਾਰ ਭਾਰੂ ਹੋ ਗਏ ਤੇ ਕਦੇ ਇਹ ਵਿਰੋਧੀਆਂ ਦੀ ਸੁਰ ਅਪਣਾ ਲੈਂਦੀ ਰਹੀ। ਤੁਹਾਡੇ ਅਨੁਸਾਰ ਇਸ ਦੇ ਕੀ ਕਾਰਨ ਹਨ ?

ਡਾ: ਕੇਸਰ :-- ਇਹ ਗੱਲ ਤਾਂ ਮੈਂ ਨਹੀਂ ਮੰਨਦਾ ਕਿ ਪੰਜਾਬੀ ਮਾਰਕਸਵਾਦੀ ਆਲੋਚਨਾ ਦਾ ਕੋਈ ਸਮੁੱਚਾ ਤੇ ਭਰਵਾਂ ਪ੍ਰਭਾਵ ਨਹੀਂ ਪਿਆ। ਸਮੁੱਚਾ ਵੀ ਪਿਆ ਹੈ ਤੇ ਬੱਝਵਾਂ ਜਾਂ ਭਰਵਾਂ ਵੀ ਇਸ ਪ੍ਰਭਾਵ ਦਾ ਪਤਾ ਵਿਰੋਧੀਆਂ ਦੇ ਹਮਲਿਆਂ ਤੇ ਇਸ ਪ੍ਰਭਾਵ ਤੋਂ ਬਚਣ-ਬਚਾਉਣ ਦੇ ਹੀਲਿਆਂ ਤੋਂ ਲੱਗਦਾ ਹੈ। ਪੰਜਾਬੀ ਵਿਚ ਅਜੇ ਤੱਕ ਮਾਰਕਸਵਾਦੀ ਆਲੋਚਨਾ-ਪ੍ਰਵਿਰਤੀ ਹੀ ਪੂਰੀ ਤਰ੍ਹਾਂ ਸਥਾਪਤ ਹੋ ਸਕੀ ਹੈ। ਇਸ ਦੇ ਅੰਦਰਲੇ ਵਿਵਾਦਾਂ, ਸਰਲ ਤੇ ਮਕਾਨਕੀ ਢੰਗਾਂ ਤੇ ਵਿਅਕਤੀਗਤ ਸੰਸਕਾਰਾਂ ਦਾ ਓਪਜਣਾ-ਵਿਗਸਣਾ ਕੋਈ ਅਨੋਖੀ ਤੇ ਪ੍ਰਭਾਵ ਨੂੰ ਖੰਡਿਤ ਕਰਨ ਵਾਲੀ ਪ੍ਰਕਿਰਿਆ ਨਹੀਂ। ਇਹ ਹਰ ਜਿਉਂਦੀ-ਜਾਗਦੀ ਚਿੰਤਨ-ਧਾਰਾ ਤੇ ਸਿਸਟਮ ਦੇ ਲੱਛਣ ਹੁੰਦੇ ਹਨ। ਵਿਰੋਧੀਆਂ ਦੀ ਸੁਰ ਇਸ ਨੇ ਕਦੇ ਨਹੀਂ ਅਪਣਾਈ। ਹਾਂ, ਵਿਰੋਧੀਆਂ ਨਾਲ ਸੰਵਾਦ ਕਰਨ ਲਈ ਉਨ੍ਹਾਂ ਦੀ ਸੰਕੇਤਾਵਲੀ ਨੂੰ ਜਾਂ ਸੰਕਲਪਾਂ ਨੂੰ ਆਪਣੇ ਸਿਸਟਮ ਵਿਚ ਢਾਲ ਕੇ ਅਪਣਾਇਆ ਹੈ। ਵਿਰੋਧੀ ਨਾਲ ਦਸਤ-ਪੰਜਾ ਲੈਣ ਲਈ ਕਦੇ-ਕਦੇ ਉਸ ਦਾ ਹੀ ਹਥਿਆਰ ਵਰਤਣਾ ਪੈਂਦਾ ਹੈ। ਮਾਰਕਸੀ ਆਲੋਚਨਾ ਦੀ ਵਿਕਾਸ-ਪ੍ਰਕਿਰਿਆ ਬੜੀ ਗੁੰਝਲਦਾਰ ਹੈ ਕਿਉਂਕਿ ਇਸ ਦਾ ਸੰਬੰਧ ਕੇਵਲ ਸ਼ਬਦ-ਸਭਿਆਚਾਰ ਨਾਲ ਨਹੀਂ, ਸਮੁੱਚੇ ਸਭਿਆਚਾਰ ਨਾਲ ਹੈ। ਮਾਰਕਸੀ ਵਿਸ਼ਵ-ਦਰਸ਼ਨ ਦੀਆਂ ਨਵੀਆਂ ਵਿਆਖਿਆਵਾਂ ਤੇ ਅੰਤਰ-ਰਾਸ਼ਟਰੀ/ਰਾਸ਼ਟਰੀ ਰਾਜਨੀਤੀ ਨੇ ਵੀ ਇਸ ਨੂੰ ਪ੍ਰਭਾਵਿਤ ਕੀਤਾ ਹੈ।

? ਸੰਰਚਨਾਵਾਦੀ ਆਲੋਚਨਾ ਪੰਜਾਬੀ ਵਿਚ ਸ਼ਖਸੀ ਸਥਾਪਤੀ ਦੀ ਇੱਛਾ ਕਾਰਨ ਪ੍ਰਵੇਸ਼ ਕਰਦੀ ਹੈ ਕਿ ਮਾਰਕਸਵਾਦੀ ਆਲੋਚਨਾ ਦੇ ਵਿਰੋਧ ਵਿਚ? ਜਾਂ ਫਿਰ ਜਦੋਂ ਸਾਹਿਤ ਦੇ "ਕੱਥੇ" ਉਪਰ ਕੁਝ ਨਾ ਕਹਿ ਸਕਣ ਦਾ ਮਾਹੌਲ ਬਣਿਆ ਤਾਂ ਪੰਜਾਬੀ ਆਲੋਚਨਾ-ਰੂਪ ਤਕ ਸਿਮਟ ਕੇ ਰਹਿ ਗਈ ਤਿੰਨਾਂ ਵਿਚ ਕਿਹੜਾ ਕਾਰਨ ਵਧੇਰੇ ਸ਼ਕਤੀਸ਼ਾਲੀ ਹੈ ਜਿਸ ਕਰਕੇ ਸੰਚਰਨਵਾਦੀ-ਰੂਪਵਾਦੀ ਆਲੋਚਨਾ ਦਾ ਪੰਜਾਬੀ ਵਿਚ ਪ੍ਰਵੇਸ ਹੋਇਆ ?

ਡਾ: ਕੇਸਰ :-- ਸ਼ਖਸੀ ਸਥਾਪਤੀ ਤੇ ਫੈਸ਼ਨ-ਪ੍ਰਸਤੀ ਜਾਂ 'ਨਵੇਂ' ਦਾ ਮੋਹ ਵੀ ਸੰਰਚਨਾਵਾਦੀ-ਰੂਪਵਾਦੀ ਆਲੋਚਨਾ ਦੇ ਪ੍ਰਚਲਨ ਦਾ ਕਾਰਨ ਹਨ, ਪਰ ਸ਼ਕਤੀਸ਼ਾਲੀ ਕਾਰਨ ਮਾਰਕਸੀ ਆਲੋਚਨਾ ਦਾ ਵਿਰੋਧ ਕਰਨਾ ਹੀ ਹੈ। ਸਾਹਿਤ ਜਾਂ ਪੰਜਾਬੀ ਸਾਹਿਤ ਦਾ ਕਿਸੇ ਵਿਧਾ ਦੇ 'ਕੱਥ' ਸੰਬੰਧੀ ਕੁਝ ਨਾ ਕਹਿ ਸਕਣ ਦੀ ਕੋਈ ਖਾਸ ਮਜ਼ਬੂਰੀ ਨਹੀਂ ਸੀ। ਇਨ੍ਹਾਂ ਤੋਂ ਵੀ ਵੱਡਾ ਕਾਰਨ ਇਕ ਹੋਰ ਹੈ। ਭਾਸ਼ਾ ਵਿਗਿਆਨ, ਕੰਪਿਊਟਰ-ਸਾਇੰਸ ਤੇ ਸੋਚੂ-ਮਸ਼ੀਨਾਂ ਵਿਚ ਜੋ ਵਿਕਾਸ ਹੋਇਆ ਹੈ ਉਸ ਨੇ ਸਾਹਿਤ ਤੇ ਸਾਹਿਤ-ਰਚਨਾ ਦੇ ਸੰਕਲਪਾਂ ਵਿਚ ਤਬਦੀਲੀ ਲਿਆਂਦੀ ਹੈ। ਪਦਾਰਥਕ-ਆਰਥਕ ਸਾਧਨਾਂ ਵਿਚ ਬੇਹੱਦ ਤਕਨੀਕੀ ਉੱਨਤੀ ਤੇ ਸਮਾਜਕ ਰਿਸ਼ਤਿਆਂ ਦੇ ਠਹਿਰਾਉ ਵਿਚਲੇ ਤਣਾਓ ਕਾਰਨ ਰਚਨਾਤਮਕ ਦਵੰਦਾਤਮਕ ਚਿੰਤਨ ਦੀ ਗਤੀ ਧੀਮੀ ਹੋਈ ਹੈ ਤੇ ਮਿਕਾਨਕੀ/ ਰੂਪਵਾਦੀ ਵਿਚਾਰਧਾਰਾਵਾਂ ਜ਼ੋਰ ਫੜ ਗਈਆਂ ਹਨ। ਸੰਸਾਰ ਭਰ ਵਿਚ ਹਰ ਖੇਤਰ ਦੇ ਵਿਗਿਆਨੀ ਆਪਣੀਆਂ ਸਮੱਸਿਆਵਾਂ ਨੂੰ ਦਵੰਦਾਤਮਕ ਤਰਕ ਦੀ ਥਾਂ ਰੂਪਵਾਦੀ ਤਰਕ ਨਾਲ ਸੁਲਝਾਉਣ ਦਾ ਜਤਨ ਕਰ ਰਹੇ ਹਨ। ਇਸ ਲਈ ਪੰਜਾਬੀ ਵਿਚ ਅਜਿਹੀਆਂ ਆਲੋਚਨਾ-ਵਿਧੀਆਂ ਦਾ ਪ੍ਰਵੇਸ਼ ਕੋਈ ਹੈਰਾਨ ਕਰਨ ਵਾਲੀ ਗੱਲ ਨਹੀਂ। ਤੇ ਇਹ ਵੀ ਕੋਈ ਰਹੱਸ ਨਹੀਂ ਕਿ ਰੂਪਵਾਦੀ ਤਰਕ ਦਾ ਪਹਿਲਾ ਵਾਰ ਦਵੰਦਾਤਮਕ ਤਰਕ, ਅਥਵਾ ਮਾਰਕਸੀ ਚਿੰਤਨ ਉਤੇ ਹੀ ਹੋਵੇਗਾ ਤੇ ਹੋਇਆ ਹੈ।

? ਸੰਰਚਨਾਵਾਦੀ ਆਲੋਚਨਾ ਹੁਣ ਆ ਕੇ ਪ੍ਰਭਾਵਸ਼ਾਲੀ ਨਹੀਂ ਰਹੀ। ਇਸ ਕੇ ਕੀ ਕਾਰਨ ਹਨ ? ਕੀ ਕੋਈ ਬਾਹਰਲੀ ਪ੍ਰੇਰਨਾ ਨਹੀਂ ਰਹੀ ? ਕੀ ਮਾਰਕਸਵਾਦੀ ਆਲੋਚਨਾ ਨੇ ਇਸ ਨੂੰ ਚੁੱਪ ਕਰਵਾ ਦਿੱਤਾ ਹੈ ਜਾਂ ਸੰਰਚਨਾਵਾਦੀ ਆਲੋਚਕਾਂ ਦੇ ਆਪਸੀ ਵਿਰੋਧ ਇਸ ਦੇ ਵਿਗਠਨ ਦਾ ਕਾਰਨ ਬਣ ਗਏ ਹਨ ?

ਡਾ: ਕੇਸਰ:-- ਪੰਜਾਬੀ ਵਿਚ ਸੰਰਚਨਾਵਾਦੀ ਆਲੋਚਨਾ ਸਾਹਿਤ-ਅਧਿਆਪਨ ਦੇ ਦਾਇਰੇ ਤੋਂ ਬਾਹਰ ਕਦੇ ਵੀ ਪ੍ਰਭਾਵਸ਼ਾਲੀ ਨਹੀਂ ਰਹੀ। ਹੁਣ ਤਾਂ ਯੂਰਪੀ-ਅਮਰੀਕੀ ਸੰਰਚਨਾਵਾਦ ਵੀ ਉਤਰ-ਸੰਰਚਨਾਵਾਦੀ ਸਥਿਤੀ ਵਿਚ ਪਹੁੰਚ ਗਿਆ ਹੈ। ਇਸ ਲਈ ਇਸ ਦੇ ਸੋਮੇ ਹੀ ਸੁੱਕ ਗਏ ਹਨ। ਮਾਰਕਸਵਾਦੀ ਆਲੋਚਨਾ ਨੇ ਇਸਨੂੰ ਚੁੱਪ ਨਹੀਂ ਕਰਾਇਆ, ਸਗੋਂ ਇਹ ਆਲੋਚਨਾ ਹੁਣ ਮਾਰਕਸੀ ਸੰਕਲਪਾਂ ਨੂੰ ਮੁਖੌਟੇ ਵਾਂਗ ਪਹਿਨ ਕੇ ਆਪਣੇ ਨਵੀਨ ਹੋਣ ਦਾ ਭਰਮ ਪਾਲਦੀ ਹੈ। ਇਸ ਦੀ ਮੂਲ ਵਿਧੀ ਰੂਪਵਾਦੀ ਹੀ ਰਹੀ ਹੈ। ਪਹਿਲਾਂ ਇਹ ਸਾਹਿਤ ਨੂੰ ਸਮਾਜ ਨਾਲੋਂ ਅਲੱਗ ਕਰਕੇ ਨਿਰੋਲ ਸ਼ਬਦ-ਪਾਠ ਜਾਂ ਸ਼ਬਦ-ਪ੍ਰਵਚਨ ਵਜੋਂ ਗ੍ਰਹਿਣ ਕਰਦੀ ਸੀ, ਹੁਣ ਸਮਾਜ ਨੂੰ ਵੀ ਸਾਹਿਤ-ਪਾਠ ਵਾਂਗ ਪੜ੍ਹਨ ਦੀ ਸਿਫ਼ਾਰਸ ਕਰਦੀ ਹੈ ਜਦੋਂ ਕਿਸੇ ਸਾਹਿਤਕ ਪ੍ਰਵਿਰਤੀ ਪਿੱਛੇ ਕੋਈ ਸੰਗਠਿਤ ਵਿਸ਼ਵ-ਦਰਸ਼ਨ, ਕੋਈ ਸਿਧਾਂਤ, ਕੋਈ ਵਿਚਾਰ-ਪੱਧਤੀ ਤੇ ਕੋਈ ਰਚਨਾਤਮਕ ਵਿਧੀ ਹੋਵੇ ਤਾਂ ਉਹ ਵਿਅਕਤੀਆਂ ਦੇ ਆਪਸੀ ਵਿਰੋਧਾਂ ਕਾਰਨ ਵਿਗਠਨ ਦੀ ਸਥਿਤੀ ਨੂੰ ਨਹੀਂ ਪਹੁੰਚਦੀ। ਪਰ ਜਦੋਂ ਕਿਸੇ ਵਕਤੀ ਮਨੋਰਥ-ਵੱਸ ਵਿਦਵਾਨ ਲੋਕ ਕਿਸੇ ਗਰੋਹ ਵਾਂਗ ਇਕੱਠੇ ਹੁੰਦੇ ਹਨ ਤਾਂ ਉਹਨਾਂ ਦਾ ਆਪਸੀ ਵਿਰੋਧਾਂ ਦਾ ਸ਼ਿਕਾਰ ਹੋਣਾ ਤੇ ਖਿੰਡ ਜਾਣਾ ਸੁਭਾਵਕ ਹੀ ਹੈ।

? ਅਜੋਕੀ ਪੰਜਾਬੀ ਆਲੋਚਨਾ ਸਮੁੱਚੇ ਤੌਰ 'ਤੇ ਹੀ ਖੜੋਤ ਵਿਚ ਹੈ। ਇਸ ਦੇ ਕੀ ਕਾਰਨ ਹਨ ?

ਡਾ: ਕੇਸਰ:--ਖੜੋਤ ਵਾਲੀ ਗੱਲ ਤਾਂ ਨਹੀਂ। ਹਾਂ, ਚਾਲ ਜ਼ਰੂਰ ਸੁਸਤ ਹੈ। ਕਾਰਨ ਸਾਫ਼ ਹੈ : ਹਥਿਆਰਾਂ ਦੀ ਲੜਾਈ ਦੇ ਦੌਰ ਵਿਚ ਵਿਚਾਰਾਂ ਦੀ ਲੜਾਈ ਮੱਧਮ ਹੋ ਜਾਂਦੀ ਹੈ। ਕੌਮੀ ਤੇ ਕੌਮਾਂਤਰੀ ਹਾਲਾਤ ਦੇ ਤਕਾਜ਼ਿਆਂ ਅਨੁਸਾਰ ਪਰਚਾਰ ਤੇ ਹਥਿਆਰ ਅਕਲ ਦੇ ਸਿਆਣਪ ਨਾਲੋਂ ਅੱਗੇ ਹੋ ਖੜੋਤੇ ਹਨ। ਅੱਜ ਦੇ ਸੰਚਾਰ ਮਾਧਿਅਮ ਰਾਵਾਂ ਤੇ ਵਿਚਾਰਾਂ ਘੜਨ ਤੇ ਫੈਲਾਉਣ ਦਾ ਕੰਮ ਕਰਦੇ ਹਨ। ਅਜਿਹੀ ਸਥਿਤੀ ਵਿਚ ਰਚਨਾਤਮਕ ਚਿੰਤਨ ਪ੍ਰਤੀਕਾਤਮਕ ਸਾਹਿਤ-ਰਚਨਾਵਾਂ ਵਿਚ ਢਲ ਕੇ ਆਪਣੀ ਤੋਰ ਨੂੰ ਕਾਇਮ ਰੱਖਦਾ ਹੈ, ਪਰ ਇਸ ਦੀ ਸਿਧਾਂਤਕ ਗਤੀਵਿਧੀ ਵਿਚ ਖੜੋਤ ਆ ਜਾਂਦੀ ਹੈ। ਅਜਿਹੇ ਸਮੇਂ ਤਾਰਕਿਕ ਚਿੰਤਨ ਮਸਤ ਹੋ ਰਹਿਣਾ ਹੀ ਬੇਹਤਰ ਸਮਝਦਾ ਹੈ :

ਬਜੁਜ਼ ਦੀਵਾਨਗੀ ਵਾਂ ਔਰ ਚਾਰਾ ਹੀ ਕਹੋ ਕਯਾ ਹੈ।
ਜਹਾਂ ਅਕਲੋ-ਖ਼ਿਰਦ ਕੀ ਏਕ ਭੀ ਮਾਨੀ ਨਹੀਂ ਜਾਤੀ।

? ਸਮਾਜਵਾਦੀ ਦੇਸ਼ਾਂ ਵਿਚ ਹੋ ਰਹੀ ਉਥਲ-ਪੁਥਲ ਤੇ ਯੂਰਪ ਦੀਆਂ ਘਟਨਾਵਾਂ ਦਾ ਪੰਜਾਬੀ ਆਲੋਚਨਾ ਉਪਰ ਕੀ ਪ੍ਰਭਾਵ ਪਵੇਗਾ ? ਪੰਜਾਬੀ ਮਾਰਕਸੀ ਆਲੋਚਕਾਂ ਨੂੰ ਇਨ੍ਹਾਂ ਘਟਨਾਵਾਂ ਨੂੰ ਕਿਵੇਂ ਗ੍ਰਹਿਣ ਕਰਨਾ ਚਾਹੀਦਾ ਹੈ ?

ਡਾ: ਕੇਸਰ :-- ਪੰਜਾਬੀ ਆਲੋਚਨਾ ਵਿਚ ਹੋਰ ਠਹਿਰਾਉ ਆਵੇਗਾ ਕਿਉਂਕਿ ਸਥਿਤੀ ਧੁੰਦਲੀ ਹੈ, ਸਾਫ ਨਹੀਂ ਹੈ। ਮਾਰਕਸੀ ਆਲੋਚਕ ਇਨ੍ਹਾਂ ਘਟਨਾਵਾਂ ਨੂੰ ਅਕਲ ਤੇ ਸਿਆਣਪ ਨਾਲ ਗ੍ਰਹਿਣ ਕਰਨਗੇ। ਹੁਣ ਤਾਂ ਹਰ ਕੋਈ ਤੀਸ ਮਾਰ ਖਾਂ ਬਣਿਆ ਫਿਰਦੈ। ਜਿਸ ਕੋਲ ਪ੍ਰਚਾਰ, ਅਖ਼ਬਾਰ ਜਾਂ ਹਥਿਆਰ ਹੈ, ਉਹ ਸਮਝਦੈ ਸਾਰੀ ਸਮਝਦਾਰੀ ਦਾ ਠੇਕਾ ਮੈਂ ਹੀ ਲੈ ਰੱਖਿਆ ਹੈ। ਸੁਖਬੀਰ ਵਰਗੇ ਸਿਆਣੇ ਸਾਹਿਤਕਾਰ ਇਨ੍ਹਾਂ ਘਟਨਾਵਾਂ ਨੂੰ ਫਰਾਇਡ, ਐਰਿਕ ਫਰਾਮ ਤੇ ਅਸਤਿਤਵਾਦੀਆਂ ਦੀਆਂ ਐਨਕਾਂ ਨਾਲ ਦੇਖ ਰਹੇ ਹਨ,

ਜਿਵੇਂ ਟੋਭੇ ਵਿਚ ਸੂਰਜ ਗ੍ਰਹਿਣ ਦੇਖੀਦਾ ਸੀ। ਮੈਨੂੰ ਤਾਂ ਲਗਦਾ ਕਿ ਵਿਸ਼ਵ ਪੱਧਰ 'ਤੇ ਫਾਸ਼ੀਵਾਦ ਤਾਕਤਾਂ ਜੀ-7 ਜਾਂ ਜੀ-8 (ਜੇ ਗੋਰਬਾਚੋਵ ਨੂੰ ਸ਼ਾਮਲ ਕਰ ਲਈਏ) ਦੇ ਰੂਪ ਵਿਚ ਸੰਗਠਿਤ ਹੋ ਕੇ ਤਕੜੀਆਂ ਹੋ ਰਹੀਆਂ ਹਨ। ਮਾਰਕਸੀ ਆਲੋਚਕਾਂ ਨੂੰ ਆਪਣਾ ਪੜ੍ਹਿਆ ਮੁੜ ਵਿਚਾਰਨਾ ਚਾਹੀਦਾ ਹੈ ਤੇ ਫਾਸ਼ੀਵਾਦ ਦੇ ਖ਼ਤਰਨਾਕ ਹਮਲੇ ਤੋਂ ਸੁਚੇਤ ਹੋਣਾ ਚਾਹੀਦਾ ਹੈ। ਜਿਹੜੇ ਚਿੰਤਕ ਗੋਰਬਾਚੋਵ ਦੇ ਗਲਾਸਨੋਸਤ ਤੇ ਫਾਸ਼ੀ ਤਾਕਤਾਂ ਨਾਲ ਸਾਂਝ-ਭਿਆਲੀ ਦੇ ਤਰਲਿਆਂ ਤੇ ਵਿਕੇਂਦਰੀਕਰਨ ਦੀ ਪ੍ਰਵਿਰਤੀ ਨੂੰ ਆਜ਼ਾਦੀ ਤੇ ਖੁਲ੍ਹ ਕਹਿੰਦੇ ਹਨ ਉਹਨਾਂ ਨੇ ਮਾਰਕਸਵਾਦ ਪੜ੍ਹਿਆ ਤਾਂ ਹੋਵੇਗਾ, ਪਰ ਵਿਚਾਰਿਆ ਨਹੀਂ। ਸਮਾਜਕ ਵਿਕਾਸ ਦੇ ਵੱਖ ਵੱਖ ਰੂਪਾਂ ਵਿਚ ਮਨੁੱਖ ਦੇ ਖ਼ੁਦ ਕੀਤੇ ਅੜਿੱਕਿਆਂ ਨੇ ਅੱਜ ਦੀ ਸਥਿਤੀ ਲੈ ਆਂਦੀ ਹੈ। ਮਨੁੱਖ ਨੇ ਆਪਣੇ ਗਿਆਨ-ਵਿਗਿਆਨ ਦੀ ਮਦਦ ਨਾਲ ਸਮਾਜਕ ਵਿਕਾਸ ਨੂੰ ਨਵੇਂ ਤੋਂ ਨਵੇਂ ਪੜਾਵਾਂ ਵੱਲ ਗਤੀਸ਼ੀਲ ਕਰਨ ਦੀ ਥਾਂ, ਸਗੋਂ ਇਸ ਨੂੰ ਕੰਟਰੋਲ ਕਰਕੇ ਠਹਿਰਾਉ ਦੀ ਸਥਿਤੀ ਪੈਦਾ ਕਰ ਦਿੱਤੀ ਹੈ। ਵਿਗਿਆਨ ਦਾ ਨੇਮ ਹੈ ਕਿ ਹਰ ਜੀਵੰਤ ਵਰਤਾਰਾ ਆਪਣੀ ਜੀਵਨਧਾਰਾ ਦੀਆਂ ਅੰਦਰੂਨੀ ਸੰਭਾਵਨਾਵਾਂ ਹੰਢਾ ਕੇ ਮਰ ਮੁੱਕ ਜਾਂਦਾ ਹੈ। ਅਥਵਾ ਨਵੇਂ ਵਿਚ ਵਟ ਜਾਂਦਾ ਹੈ। ਜੇ ਇਸ ਕੁਦਰਤੀ ਅਮਲ ਵਿਚ ਰੁਕਾਵਟ ਪੈਦਾ ਕਰ ਦਿੱਤੀ ਜਾਵੇ ਤਾਂ ਇਹ ਸੜ-ਗਲ ਜਾਂਦਾ ਹੈ। ਭਾਰਤ ਵਿਚ ਸਾਮੰਤੀ ਸਮਾਜਕ ਬਣਤਰ ਆਪਣੀਆਂ ਸੰਭਾਵਨਾਵਾਂ ਚਿਰੋਕਣੀ ਸਮਾਪਤ ਕਰ ਚੁੱਕੀ ਹੈ, ਪਰ ਕੌਮੀ ਤੇ ਕੌਮਾਂਤਰੀ ਦਬਾਵਾਂ ਹੇਠ ਇਹ ਪੂੰਜੀਵਾਦੀ ਤੇ ਫਿਰ ਉਸ ਤੋਂ ਅਗਲੀ ਸਮਾਜਕ ਬਣਤਰ ਵਿਚ ਵਟਣ ਦੀ ਥਾਂ ਤਰੱਕ ਗਈ ਹੈ; ਇਹੋ ਹਾਲ ਯੂਰਪ ਤੇ ਅਮਰੀਕਾ ਵਿਚ ਪੂੰਜੀਵਾਦੀ ਦੀ ਬਣਤਰ ਦਾ ਹੈ। ਇਹ ਵੀ ਤਰੱਕ ਗਈ ਹੈ, ਪਰ ਜੀ-7 ਦੀ ਕੋਸ਼ਿਸ਼ ਹੈ ਕਿ ਇਸ ਨੂੰ ਆਪਣੀ ਕੁਦਰਤੀ ਮੌਤ ਨਾ ਮਰਨ ਦਿੱਤਾ ਜਾਏ। ਸੋਵੀਅਤ ਯੂਨੀਅਨ ਵਿਚ ਸਮਾਜਵਾਦ ਤਰੱਕ ਗਿਆ ਹੈ ਕਿਉਂਕਿ ਕੌਮਾਂਤਰੀ ਦਬਾਵਾਂ ਕਾਰਨ ਉਥੋਂ ਦੀਆਂ ਲੋਕ ਸ਼ਕਤੀਆਂ ਇਸ ਨੂੰ ਸਾਮਵਾਦੀ ਢਾਂਚੇ ਵਿਚ ਤਬਦੀਲ ਕਰਨ ਵਿਚ ਸਫਲ ਨਹੀਂ ਹੋ ਸਕੀਆਂ। ਸੰਸਾਰ ਦੇ ਸਿਆਣੇ ਸਾਹਿਤਕਾਰ ਸਮਾਜਵਾਦੀ ਤੇ ਹੋਰ ਯੂਰਪੀ ਦੇਸ਼ਾਂ ਵਿਚ ਹੋ ਰਹੀ ਉਥਲ ਪੁਥਲ ਨੂੰ ਇਸੇ ਦ੍ਰਿਸ਼ਟੀ ਤੋਂ ਗ੍ਰਹਿਣ ਕਰ ਰਹੇ ਹਨ। ਇਸ ਗੱਲੋਂ ਪੰਜਾਬੀ ਸਾਹਿਤਕਾਰ ਵੀ ਪਿੱਛੇ ਨਹੀਂ ਹੈ। ਪਰ ਸਾਡੇ ਆਲੋਚਕ ਤੇ ਸਾਹਿਤਕ-ਚਿੰਤਕ ਹਾਲੇ ਧੁੰਦ ਵਿਚ ਹਨ। ਸ਼ਾਇਦ ਥੋੜ੍ਹਾ ਚਿਰ ਹੋਰ ਰਹਿਣਗੇ।

? ਮਾਰਕਸੀ ਆਲੋਚਨਾ ਦਾ ਇਕ ਪ੍ਰਮਾਣਿਕ ਰੂਪ ਕੀ ਹੋਣਾ ਚਾਹੀਦਾ ਹੈ ? ਸੇਖੋਂ ਤੇ ਕਿਸ਼ਨ ਸਿੰਘ ਦੇ ਪ੍ਰਸੰਗ ਵਿਚ ਤੁਸੀਂ ਆਪਣੀ ਆਲੋਚਨਾ ਦੀ ਸਥਿਤੀ ਸਪਸ਼ਟ ਕਰੋ।

ਡਾ: ਕੇਸਰ ਸਿੰਘ :-- ਮਾਰਕਸੀ ਦਰਸ਼ਨ ਸਾਹਿਤ-- ਵਰਤਾਰੇ ਦੀ ਰਚਨਾਤਮਕਤਾ ਤੇ ਗਤੀਸ਼ੀਲਤਾ ਨੂੰ ਸਵੀਕਾਰ ਕਰਦਾ ਹੋਇਆ, ਇਸ ਦੀ ਵਿਸ਼ਲੇਸ਼ਣ ਤੇ ਪਰਖ ਵਿਧੀ ਦੇ ਚਾਰ ਅੰਗਾਂ ਵਲ ਇਸ਼ਾਰਾ ਕਰਦਾ ਹੈ : ਸਮੁੱਚ, ਸੰਵਾਦ, ਸੰਗਤੀ ਤੇ ਸੰਵੇਗ। ਪ੍ਰਮਾਣਿਕ ਮਾਰਕਸੀ ਆਲੋਚਨਾ ਉਹੀ ਹੋ ਸਕਦੀ ਹੈ ਜਿਸ ਵਿਚ ਸਾਹਿਤ-ਰਚਨਾ, ਸਾਹਿਤ ਪਾਠ, ਸਾਹਿਤ-ਸਿਸਟਮ ਤੇ ਸਮਾਜ ਸਿਸਟਮ ਦੀ ਸਮੁੱਚ ਤੇ ਇਨ੍ਹਾਂ ਦੀ ਆਪੋ-ਆਪਣੀ ਸਮੁੱਚ ਨੂੰ ਸਮਝ ਗੋਚਰੇ ਰੱਖਿਆ ਗਿਆ ਹੋਵੇ, ਨਾਲ ਹੀ ਇਸ ਸਮੁੱਚ ਦੀ ਸੰਵਾਦੀ ਸੰਰਚਨਾ ਤੇ ਉਸ ਦੇ ਅੰਦਰੂਨੀ ਵਿਵੇਕ ਦੀ ਗਤੀਪ੍ਰਗਤੀ ਅਥਵਾ ਸੰਗਤੀ ਦਾ ਅਧਿਐਨ ਕੀਤਾ ਗਿਆ ਹੋਵੇ ਤੇ ਇਹ ਅਧਿਐਨ ਮਸ਼ੀਨੀ, ਨਿਰਪੱਖ ਤੇ ਭਾਵ-ਰਹਿਤ ਨਾ ਹੋਵੇ, ਸਗੋਂ ਸੰਵੇਗ-ਸਹਿਤ ਹੋਵੇ। ਪਰ ਇਹ ਸਾਰੀਆਂ ਗੱਲਾਂ ਆਲੋਚਕ ਦੀ ਭਾਵੁਕ-ਬੋਧਕ ਸ਼ਕਤੀ ਤੇ ਉਸ ਦੇ ਸੰਵੇਗ ਦੀ ਪ੍ਰਬਲਤਾ ਉਤੇ ਨਿਰਭਰ ਕਰਦੀਆਂ ਹਨ। ਸੇਖੋਂ ਤੇ ਕਿਸ਼ਨ ਸਿੰਘ, ਤਰੁਟੀਆਂ ਦੇ ਬਾਵਜੂਦ, ਮਾਰਕਸੀ ਆਲੋਚਨਾ-ਪਾਠਾਂ ਦੀ ਸਿਰਜਣਾ ਕਰਨ ਵਿਚ ਸਫਲ ਹੋਏ ਹਨ। ਸੇਖੋਂ ਵਿਚ ਬੁੱਧੀ ਤੇ ਸੰਵੇਗ ਦੀ ਸ਼ਕਤੀ ਬਹੁਤ ਜ਼ਿਆਦਾ ਹੈ। ਉਹ-ਸਾਹਿਤ ਰਚਨਾ ਦੇ ਸਮੁੱਚ (ਓਰਵ਼;ਜਵਖ) ਨੂੰ ਬਹੁਤ ਤੀਖਣਤਾ ਤੇ ਸੰਵੇਦਨਸ਼ੀਲਤਾ ਨਾਲ ਗ੍ਰਹਿਦ ਕਰਦਾ ਹੈ, ਪਰ ਕਿਸੇ ਕਾਹਲੀ ਵਸੋ ਰਚਨਾ ਦੇ ਅੰਦਰੂਨੀ ਵਿਰੋਧਾਂ (ਸੰਵਾਦ) ਦੀਆਂ ਮਹੀਨ ਤੰਦਾਂ ਤੇ ਉਸ ਦੀ ਗਤੀਸ਼ੀਲ ਤਾਰਕਿਕਤਾ ਨੂੰ ਉਹ ਅੱਖੋਂ ਪਰੋਖੋ ਕਰ ਜਾਂਦਾ ਹੈ। ਇਹਨਾਂ ਦੋਹਾਂ (ਸੰਵਾਦ ਤੇ ਸੰਗਤੀ) ਨੂੰ ਘੋਖਣ ਸਮਝਣ ਵਿਚ ਕਿਸ਼ਨ ਸਿੰਘ ਦਾ ਕੋਈ ਮੁਕਾਬਲਾ ਨਹੀਂ। ਮੈਂ ਆਪਣੇ ਆਪ ਨੂੰ ਨਾ ਸੇਖੋਂ ਵਾਦੀ ਸਮਝਦਾ ਹਾਂ ਤੇ ਨਾ ਹੀ ਕਿਸ਼ਨ ਸਿੰਘ-- ਵਾਦੀ, ਤਾਂ ਵੀ ਮੈਂ ਇਹਨਾਂ ਦੀ ਆਲੋਚਨਾ ਵਿਚ ਕੁਝ ਨਵਾਂ ਜੋੜਨ ਦੇ ਆਹਰ ਵਿਚ ਹਾਂ।

? ਭਵਿੱਖ ਵਿੱਚ ਪੰਜਾਬੀ ਆਲੋਚਨਾ ਦੀ ਦਿਸ਼ਾ ਕੀ ਹੋ ਸਕਦੀ ਹੈ ?

ਡਾ: ਕੇਸਰ :-- ਸਾਹਿਤ-ਆਲੋਚਨਾ ਇਕ ਪਾਸੇ ਸਾਹਿਤ ਦੀ ਇਕ ਵਿਧਾ ਹੈ, ਦੂਜੇ ਪਾਸੇ ਇਹ ਸਮਾਜਕ ਵਿਗਿਆਨਾਂ ਦਾ ਅੰਗ ਹੈ। ਇਹੋ ਕਾਰਨ ਹੈ ਸੰਸਾਰ-- ਪ੍ਰਸਿੱਧ ਆਲੋਚਕ ਜਾਂ ਤਾਂ ਸਾਹਿਤਕਾਰ ਅਥਵਾ ਕਵੀ-ਆਲੋਚਕ ਹੋਏ ਹਨ ਤੇ ਜਾਂ ਫਿਲਾਸਫਰ-ਆਲੋਚਕ। ਪੰਜਾਬੀ ਆਲੋਚਨਾ ਆਮ ਕਰਕੇ ਸਾਹਿਤਕਾਰ-ਆਲੋਚਕਾਂ ਦੁਆਰਾ ਵਿਕਸਿਤ ਹੋਈ ਹੈ। ਹੁਣ ਇਸ ਨੂੰ ਫਿਲਾਸਫਰ ਆਲੋਚਕਾਂ ਦੀ ਜ਼ਰੂਰਤ ਹੈ, ਅਜਿਹੇ ਆਲੋਚਕਾਂ ਦੀ ਜਿਹੜੇ ਸੰਸਾਰ-ਵਿਆਪੀ ਸਮਾਜਕ ਵਰਤਾਰਿਆਂ ਅਤੇ ਮਾਨਵ ਦੇ ਸਮੁੱਚੇ ਸੰਸਕ੍ਰਿਤਕ ਪਰਿਵੇਸ਼ ਨੂੰ ਗ੍ਰਹਿਣ ਕਰਕੇ, ਅੱਜ ਦੀ ਸੰਕਟਾਂ-ਗ੍ਰਸੀ ਲੋਕਾਈ ਨੂੰ ਕੋਈ ਰਾਹ ਦਿਖਾ ਸਕਣ। ਲੋਕ-ਜੀਵਨ ਦੀ ਦਿਸ਼ਾ ਹੀ ਪੰਜਾਬੀ ਆਲੋਚਨਾ ਦੀ ਦਿਸ਼ਾ ਹੋਵੇਗੀ। ਸਾਹਿਤ-ਵਿਧਾ ਦੇ ਨਾਤੇ ਆਲੋਚਨਾ ਦੇ ਸਾਹਿਤਕ ਸਰੋਕਾਰਾ ਨੂੰ ਤੇ ਸਮਾਜਕ ਵਿਗਿਆਨ ਦੇ ਨਾਤੇ ਇਸ ਦੇ ਸਮਾਜਕ ਸਰੋਕਾਰਾਂ ਨੂੰ ਇਕ ਦੂਜੇ ਨਾਲ ਸੰਬੰਧਿਤ ਕਰ ਕੇ ਹੀ ਇਸ ਨੂੰ ਵਿਕਸਿਤ ਕੀਤਾ ਜਾ ਸਕਦਾ ਹੈ।

ਇਹ ਮੁਲਾਕਾਤ ਸਾਲ 1992 ਵਿਚ ਕੀਤੀ ਗਈ।

ਸ਼ਖਸੀ ਸਥਾਪਤੀ ਤੇ ਫੈਸ਼ਨ-ਪ੍ਰਸਤੀ ਜਾਂ 'ਨਵੇਂ' ਦਾ ਮੋਹ ਵੀ ਸੰਰਚਨਾਵਾਦੀ-ਰੂਪਵਾਦੀ ਆਲੋਚਨਾ ਦੇ ਪ੍ਰਚਲਨ ਦਾ ਕਾਰਨ ਹਨ, ਪਰ ਸ਼ਕਤੀਸ਼ਾਲੀ ਕਾਰਨ ਮਾਰਕਸੀ ਆਲੋਚਨਾ ਦਾ ਵਿਰੋਧ ਕਰਨਾ ਹੀ ਹੈ। ਸਾਹਿਤ ਜਾਂ ਪੰਜਾਬੀ ਸਾਹਿਤ ਦਾ ਕਿਸੇ ਵਿਧਾ ਦੇ 'ਕੱਥ' ਸੰਬੰਧੀ ਕੁਝ ਨਾ ਕਹਿ ਸਕਣ ਦੀ ਕੋਈ ਖਾਸ ਮਜ਼ਬੂਰੀ ਨਹੀਂ ਸੀ। ਇਨ੍ਹਾਂ ਤੋਂ ਵੀ ਵੱਡਾ ਕਾਰਨ ਇਕ ਹੋਰ ਹੈ। ਭਾਸ਼ਾ ਵਿਗਿਆਨ, ਕੰਪਿਊਟਰ-ਸਾਇੰਸ ਤੇ ਸੋਚੂ-ਮਸ਼ੀਨਾਂ ਵਿਚ ਜੋ ਵਿਕਾਸ ਹੋਇਆ ਹੈ ਉਸ ਨੇ ਸਾਹਿਤ ਤੇ ਸਾਹਿਤ-ਰਚਨਾ ਦੇ ਸੰਕਲਪਾਂ ਵਿਚ ਤਬਦੀਲੀ ਲਿਆਂਦੀ ਹੈ। ਪਦਾਰਥਕ-ਆਰਥਕ ਸਾਧਨਾਂ ਵਿਚ ਬੇਹੱਦ ਤਕਨੀਕੀ ਉੱਨਤੀ ਤੇ ਸਮਾਜਕ ਰਿਸ਼ਤਿਆਂ ਦੇ ਠਹਿਰਾਉ ਵਿਚਲੇ ਤਣਾਓ ਕਾਰਨ ਰਚਨਾਤਮਕ ਦਵੰਦਾਤਮਕ ਚਿੰਤਨ ਦੀ ਗਤੀ ਧੀਮੀ ਹੋਈ ਹੈ ਤੇ ਮਿਕਾਨਕੀ/ਰੂਪਵਾਦੀ ਵਿਚਾਰਧਾਰਾਵਾਂ ਜ਼ੋਰ ਫੜ ਗਈਆਂ ਹਨ। ਸੰਸਾਰ ਭਰ ਵਿਚ ਹਰ ਖੇਤਰ ਦੇ ਵਿਗਿਆਨੀ ਆਪਣੀਆਂ ਸਮੱਸਿਆਵਾਂ ਨੂੰ ਦਵੰਦਾਤਮਕ ਤਰਕ ਦੀ ਥਾਂ ਰੂਪਵਾਦੀ ਤਰਕ ਨਾਲ ਸੁਲਝਾਉਣ ਦਾ ਜਤਨ ਕਰ ਰਹੇ ਹਨ। ਇਸ ਲਈ ਪੰਜਾਬੀ ਵਿਚ ਅਜਿਹੀਆਂ ਆਲੋਚਨਾ-ਵਿਧੀਆਂ ਦਾ ਪ੍ਰਵੇਸ਼ ਕੋਈ ਹੈਰਾਨ ਕਰਨ ਵਾਲੀ ਗੱਲ ਨਹੀਂ। ਤੇ ਇਹ ਵੀ ਕੋਈ ਰਹੱਸ ਨਹੀਂ ਕਿ ਰੂਪਵਾਦੀ ਤਰਕ ਦਾ ਪਹਿਲਾ ਵਾਰ ਦਵੰਦਾਤਮਕ ਤਰਕ, ਅਥਵਾ ਮਾਰਕਸੀ ਚਿੰਤਨ ਉਤੇ ਹੀ ਹੋਵੇਗਾ ਤੇ ਹੋਇਆ ਹੈ।



ਕੇਸਰ ਸਿੰਘ ਕੇਸਰ, ਸੁਜਾਨ ਸਿੰਘ ਤੇ ਗਿਆਨੀ ਕੇਸਰ ਸਿੰਘ।


6TH Anniversary Special
NIRVANA
ENTERTAINMENT INC.
NIRVANA
Lunch & Dinner Buffet
7 Days a Week
(Veg. & Non-Veg.)
$9.99
From March 1 - May 1 2012
Holi & Vaisakhi Specials
KHOYA MITHAI $6.99/LB
JALEBI $1.99
LADDO $2.99
SAMOSAS 3 for $1
Catering $10/head
Book Any Banquet Party
$ 20.00
per person
NIRVANA
1009 - 5075 Falconridge Blvd, N.E.
403-590-9797
www.nirvanacalgary.com / nirvanaentertainmentinc.com

# ਸਿਰ ’ਤੇ ਲਟਕਦੀ ਕੁਦਰਤੀ ਕਰੋਪੀ ਦੀ ਤਲਵਾਰ

ਮਨਜੀਤ ਸਿੰਘ ਸਿੱਧੂ



ਗਰਮੀ ਸਿਖ਼ਰ ’ਤੇ ਪਹੁੰਚਣ ਨੂੰ ਤਿਆਰ ਹੈ। ਉਤਰ ਭਾਰਤ ਵਿਚ ਤਾਪਮਾਨ 40, 42, 45 ਹੁੰਦਾ ਹੋਇਆ ਕਈ ਜਗ੍ਹਾ 47 ਡਿਗਰੀ ਸੈਲਸੀਅਸ ਤੱਕ ਜਾਵੇਗਾ। ਸ਼ਾਇਦ ਇਸ ਤੋਂ ਵੀ ਉਪਰ ਚਲਾ ਜਾਵੇ, ਜੇਕਰ ਮੌਨਸੂਨ ਦਸਤਕ ਨਾ ਦੇਵੇ। ਜੇਕਰ ਮੌਨਸੂਨ ਪੱਛੜ ਜਾਵੇ ਜਾਂ ਕਮਜ਼ੋਰ ਹੋ ਜਾਵੇ ਤਾਂ ਸਰਕਾਰ-ਦਰਬਾਰ ਸਮੇਤ ਪੂਰਾ ਦੇਸ਼ ਚਿੰਤਤ ਹੋ ਉਠਦਾ ਹੈ। ਪ੍ਰਮਾਤਮਾ ਅੱਗੇ ਅਰਦਾਸਾਂ ਕੀਤੀਆਂ ਜਾਂਦੀਆਂ ਹਨ, ਮੰਨਤਾਂ ਮੰਗੀਆਂ ਜਾਂਦੀਆਂ ਹਨ, ਪਰ ਜਦੋਂ ਭਰਪੂਰ ਮੌਨਸੂਨ ਦੇ ਸੰਕੇਤ ਹੋਣ ਤਾਂ ਸੁਖਦ ਅਹਿਸਾਸ ਦੇ ਨਾਲ-ਨਾਲ ਡਰ ਵੀ ਤਨ-ਮਨ ਵਿਚ ਰਹਿੰਦਾ ਹੈ। ਹੜ੍ਹ ਦੇ ਰੂਪ ਵਿਚ ਕੁਦਰਤੀ ਕਰੋਪੀ ਦਾ ਡਰ, ਕਿਉਂਕਿ ਪੰਜਾਬ ਅਤੇ ਹਰਿਆਣਾ ਵਰਗੇ ਖੇਤੀ ਪ੍ਰਧਾਨ ਸੂਬਿਆਂ ਨੂੰ ਹਰ ਸਾਲ ਕਿਤੇ ਨਾ ਕਿਤੇ ਅਜਿਹੀ ਕਰੋਪੀ ਦਾ ਸਾਹਮਣਾ ਕਰਨਾ ਹੀ ਪੈਂਦਾ ਹੈ।

ਮੋਟੇ ਅੰਕੜਿਆਂ ਅਨੁਸਾਰ ਪੰਜਾਬ ਵਿਚ ਸਾਲ 2011-12 ਵਿਚ ਹੜ੍ਹ, ਭਾਰੀ ਬਰਸਾਤ ਤੇ ਹਨ੍ਹੇਰੀ-ਤੂਫ਼ਾਨ ਕਾਰਨ ਲਗਪਗ 40 ਮੌਤਾਂ ਹੋਈਆਂ। ਲਗਪਗ 2 ਲੱਖ 32 ਹਜ਼ਾਰ ਏਕੜ ਫਸਲ ਤਬਾਹ ਹੋ ਗਈ। ਹਜ਼ਾਰਾਂ ਦੀ ਗਿਣਤੀ ਵਿਚ ਪਸ਼ੂਆਂ ਤੇ ਜੰਗਲੀ ਜੀਵਾਂ ਦੀ ਜਾਨ ਗਈ। ਕਰੋੜਾਂ-ਅਰਬਾਂ ਰੁਪਏ ਦੀ ਨਿੱਜੀ ਤੇ ਸਰਕਾਰੀ ਸੰਪਤੀ ਦਾ ਨੁਕਸਾਨ ਹੋਇਆ, ਪਰ ਇਹ ਸਭ ਪਹਿਲੀ ਵਾਰ ਨਹੀਂ ਵਾਪਰਿਆ ਸੀ। ਲਗਪਗ ਹਰ ਸਾਲ ਅਜਿਹਾ ਹੀ ਹੁੰਦਾ ਆ ਰਿਹਾ ਹੈ। ਬਦਕਿਸਮਤੀ ਭਰਿਆ ਤੱਥ ਇਹ ਹੈ ਕਿ ਪਿਛਲੇ ਇਕ ਸਾਲ ਵਿਚ ਅਜਿਹਾ ਕੁਝ ਵੀ ਨਵਾਂ ਨਹੀਂ ਹੋਇਆ, ਜਿਸ ਦੇ ਸਹਾਰੇ ਦਾਅਵਾ ਕੀਤਾ ਜਾ ਸਕੇ ਕਿ ਆਉਣ ਵਾਲੇ ਮੌਨਸੂਨ ਵਿਚ ਅਜਿਹਾ ਨਹੀਂ ਹੋਵੇਗਾ। ਮੁਆਵਜ਼ੇ ਤੇ ਰਾਹਤ ਦੇ ਰੂਪ ਵਿਚ ਸਰਕਾਰ ਵਲੋਂ ਹਰ ਸਾਲ ਦਿੱਤੀ ਜਾਣ ਵਾਲੀ 200 ਤੋਂ 300 ਕਰੋੜ ਰੁਪਏ ਦੀ ਵੱਡੀ ਰਾਸ਼ੀ ਦੀ ਬਚਤ ਹੋ ਜਾਵੇਗੀ, ਜਿਸ ਨੂੰ ਰਾਜ ਕੁਦਰਤੀ ਕਰੋਪੀ ਰਾਹਤ ਫੰਡ (ਐਸ.ਡੀ.ਆਰ.ਐਫ) ਵਿਚੋਂ ਦਿੱਤਾ ਜਾਂਦਾ ਹੈ।

ਤ੍ਰਾਸਦੀ ਇਹ ਹੈ ਕਿ ਕੇਂਦਰ ਅਤੇ ਰਾਜ ਸਰਕਾਰ ਦੇ ਹਿੱਸੇ ਵਾਲੇ ਇਸ ਐਸ.ਡੀ.ਆਰ.ਐਫ ਫੰਡ ਵਿਚ ਇਸ ਸਮੇਂ ਵੀ ਲਗਪਗ 2200 ਕਰੋੜ ਰੁਪਏ ਪਏ ਹਨ, ਪਰ ਇਸ ਫੰਡ ਵਿਚੋਂ ਕੁਦਰਤੀ ਕਰੋਪੀ ਆਉਣ ਤੋਂ ਪਹਿਲਾਂ ਪ੍ਰਬੰਧ ਲਈ ਪੈਸੇ ਨਹੀਂ ਦਿੱਤੇ ਜਾ ਸਕਦੇ ਕਿਉਂਕਿ ਕਾਇਦੇ-ਕਾਨੂੰਨ ਇਜਾਜ਼ਤ ਨਹੀਂ ਦਿੰਦੇ। ਇਸ ਤਰ੍ਹਾਂ ਦੇ ਨਿਯਮ-ਕਾਨੂੰਨਾਂ ਵਿਚ ਸੋਧ ਦੀ ਜ਼ਰੂਰਤ ਹੈ। ਇਸ ਬਾਰੇ ਪੰਜਾਬ ਸਰਕਾਰ ਕਾਫੀ ਅਰਸੇ ਤੋਂ ਮੰਗ ਉਠਾਉਂਦੀ ਆ ਰਹੀ ਹੈ। ਨਿਯਮਾਂ ਵਿਚ ਸੋਧ ਤਹਿਤ ਮੰਗ ਕੇਵਲ ਕੁਦਰਤੀ ਆਫਤ ਪ੍ਰਬੰਧਨ ਲਈ ਪਹਿਲਾਂ ਪੈਸਾ ਦੇਣ ਤੱਕ ਸੀਮਤ ਨਹੀਂ ਹੈ, ਬਲਕਿ ਇਸ ਕਰੋਪੀ ਨਾਲ ਹੋਣ ਵਾਲੇ ਹਰ ਤਰ੍ਹਾਂ ਦੇ ਨੁਕਸਾਨ ਨੂੰ ਇਸ ਵਿਚ ਸ਼ਾਮਲ ਕਰਨ ਅਤੇ ਇਸ ਸਬੰਧੀ ਮੁਆਵਜ਼ਾ ਜਾਂ ਰਾਹਤ ਰਾਸ਼ੀ ਵਿਚ ਵਾਧਾ ਕਰਨਾ ਵੀ ਸ਼ਾਮਲ ਹੈ। ਬਿਨਾਂ ਸ਼ੱਕ ਪੰਜਾਬ ਦੀ ਇਹ ਮੰਗ ਵਾਜਬ ਹੈ।

ਸਾਲ 2010-11 ਵਿਚ ਕੁਦਰਤੀ ਕਰੋਪੀ ਪ੍ਰਬੰਧਨ ਰਾਹਤ ਫੰਡ ਲਈ ਲਗਪਗ 222 ਕਰੋੜ ਰੁਪਏ ਆਏ ਸਨ। ਇਸ ਵਿਚੋਂ 25 ਫੀਸਦੀ ਹਿੱਸਾ ਰਾਜ ਸਰਕਾਰ ਦਾ ਸੀ। ਵਿਭਾਗੀ ਮਾਹਰਾਂ ਅਨੁਸਾਰ ਨਿਰਧਾਰਤ ਨਿਯਮਾਂ ਅਨੁਸਾਰ ਇਸ ਰਾਸ਼ੀ ਦਾ ਵੱਧ ਤੋਂ ਵੱਧ 10 ਫੀਸਦੀ ਹਿੱਸਾ ਹੀ ਕੁਦਰਤੀ ਕਰੋਪੀ ਤੋਂ ਪਹਿਲਾਂ ਬਚਾਅ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਲਈ ਵਰਤਿਆ ਜਾ ਸਕਦਾ ਹੈ। ਭਾਵ 222 ਕਰੋੜ ਵਿਚੋਂ ਕੇਵਲ 22.2 ਕਰੋੜ। ਜਦੋਂ ਕਿ ਉਸ ਸਮੇਂ ਇਸ ਫੰਡ ਵਿਚ 1800 ਕਰੋੜ ਰੁਪਏ ਤੋਂ ਜ਼ਿਆਦਾ ਫੰਡ ਉਪਲਬਧ ਸੀ। ਪਿਛਲੇ ਸਾਲ ਜਦੋਂ ਕੁਦਰਤੀ ਕਰੋਪੀ ਪ੍ਰਬੰਧਨ ਤਹਿਤ ਹੜ੍ਹ ਰੋਕਣ ਲਈ ਪੰਜਾਬ ਦੀਆਂ ਡਰੇਨਾਂ ਦੀ ਸਫ਼ਾਈ ਅਤੇ ਨਦੀਆਂ-ਦਰਿਆਵਾਂ ਦੇ ਬੰਨ੍ਹ ਆਦਿ ਮਜ਼ਬੂਤ ਕਰਨ ਲਈ 99 ਕਰੋੜ ਰੁਪਏ ਦੀ ਮੰਗ ਸਿੰਜਾਈ ਵਿਭਾਗ ਵਲੋਂ ਕੀਤੀ ਗਈ ਤਾਂ ਕੁੱਲ 55.10 ਕਰੋੜ ਰੁਪਏ ਹੀ ਜਾਰੀ ਕੀਤੇ ਗਏ, ਕਿਉਂਕਿ ਇਸ ਪੈਸੇ ਦਾ ਪ੍ਰਬੰਧ ਰਾਜ ਸਰਕਾਰ ਨੂੰ ਆਪਣੇ ਵਲੋਂ ਕਰਨਾ ਪੈਂਦਾ ਹੈ। ਪੰਜਾਬ ਵਿਚ ਡੂੰਘੇ ਆਰਥਕ ਸੰਕਟ ਦੇ ਚਲਦਿਆਂ ਕਦੇ ਵੀ ਅਜਿਹਾ ਨਹੀਂ ਹੋਇਆ ਕਿ ਜਿੰਨਾ ਪੈਸਾ ਹੜ੍ਹ ਰੋਕਣ ਲਈ ਮੰਗਿਆ ਗਿਆ ਹੋਵੇ, ਓਨਾ ਮਿਲ ਗਿਆ ਹੋਵੇ। ਇਸ ਵਾਰ ਵੀ ਪੰਜਾਬ ਦੇ ਸਿੰਜਾਈ ਵਿਭਾਗ ਵਲੋਂ ਸੂਬੇ ਦੇ ਕੁੱਲ 7200 ਕਿਲੋਮੀਟਰ ਡਰੇਨ ਨੈਟਵਰਕ ਦੀ ਸਫ਼ਾਈ ਲਈ 49 ਕਰੋੜ ਰੁਪਏ ਅਤੇ ਨਦੀਆਂ ਤੇ ਦਰਿਆਵਾਂ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਨ, ਉਚਾ ਕਰਨ ਅਤੇ ਪੱਥਰ ਆਦਿ ਲਗਾਉਣ ਲਈ 169 ਕਰੋੜ ਰੁਪਏ ਦਾ ਪ੍ਰਸਤਾਵ ਤਿਆਰ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਇਸ ਸਮੇਂ ਚਾਰ ਪ੍ਰਮੁੱਖ ਦਰਿਆ ਹਨ। ਇਸ ਵਿਚ ਸਤਲੁਜ, ਰਾਵੀ, ਬਿਆਸ ਅਤੇ ਘੱਗਰ ਦਰਿਆ ਸ਼ਾਮਲ ਹਨ। ਇਨ੍ਹਾਂ ਪ੍ਰਮੁੱਖ ਦਰਿਆਵਾਂ ਤੋਂ ਇਲਾਵਾ ਪੰਜਾਬ ਵਿਚ 20 ਬਰਸਾਤੀ ਨਦੀਆਂ ਹਨ, ਜੋ ਸ਼ਿਵਾਲਕ ਦੀਆਂ ਪਹਾੜੀਆਂ ਤੋਂ ਸ਼ੁਰੂ ਹੋ ਕੇ ਪੰਜਾਬ ਦੇ ਕਿਸੇ ਨਾ ਕਿਸੇ ਖੇਤਰ ਵਿਚ ਇਨ੍ਹਾਂ ਦਰਿਆਵਾਂ ’ਚ ਡਿੱਗਦੀਆਂ ਹਨ। ਇਨ੍ਹਾਂ ਲਈ ਭੇਜਿਆ ਜਾਣ ਵਾਲਾ ਪ੍ਰਸਤਾਵ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਹੁੰਦਾ ਹੈ।

ਇਸ ਮੰਗ ਦੇ ਮੁਕਾਬਲੇ ਹੁਣ ਕਿੰਨੇ ਪੈਸੇ ਮਿਲਦੇ ਹਨ? ਇਸ ਬਾਰੇ ਸਬੰਧਤ ਅਧਿਕਾਰੀਆਂ, ਇਥੋਂ ਤੱਕ ਵਿੱਤ ਵਿਭਾਗ ਦੇ ਅਧਿਕਾਰੀਆਂ ਕੋਲ ਵੀ ਕੋਈ ਜਵਾਬ ਨਹੀਂ ਹੈ, ਕਿਉਂਕਿ ਪੰਜਾਬ ਸਰਕਾਰ ਦਾ ਆਰਥਕ ਸੰਕਟ ਦੂਰ ਹੋਣ ਦੀ ਬਜਾਏ ਹੋਰ ਜ਼ਿਆਦਾ ਡੂੰਘਾ ਹੋਇਆ ਹੈ। ਹੜ੍ਹ ਤੇ ਕੁਦਰਤੀ ਕਰੋਪੀ ਕਾਰਨ ਪਿਛਲੇ ਸਮੇਂ ਹੋਏ ਨੁਕਸਾਨ ਦੀ ਮੁਆਵਜ਼ਾ ਰਾਸ਼ੀ ਦੇ ਬਿਲ ਰਾਜ ਫੰਡ ਵਿਚ ਫਸੇ ਪਏ ਹਨ।

ਹਾਲਾਂਕਿ ਇਹ ਪੰਜਾਬ ਸਰਕਾਰ ਦੀ ਖਾਮੀ ਹੈ, ਪਰ ਇਸ ਮਾਮਲੇ ਵਿਚ ਪੰਜਾਬ ਸਰਕਾਰ ਨੂੰ ਜਦੋਂ-ਜਦੋਂ ਵੀ ਕਟਹਿਰੇ ਵਿਚ ਖੜ੍ਹਾ ਕਰਨ ਦੀ ਕੋਸ਼ਿਸ਼ ਵਿਧਾਨ ਸਭਾ ਦੇ ਅੰਦਰ ਜਾਂ ਬਾਹਰ ਹੋਈ ਤਾਂ ਪ੍ਰਦੇਸ਼ ਸਰਕਾਰ ਕੇਂਦਰ ਨੂੰ ਦੋਸ਼ੀ ਠਹਿਰਾ ਕੇ ਆਪਣਾ ਪੱਲਾ ਝਾੜ ਲੈਂਦੀ ਹੈ। ਐਸ.ਡੀ.ਆਰ.ਐਫ. ਵਿਚੋਂ ਪਹਿਲਾਂ ਪ੍ਰਬੰਧਾਂ ਲਈ ਪੈਸਾ ਨਾ ਦੇ ਪਾਉਣ ਦੀ ਮਜਬੂਰੀ ਜਤਾਈ ਜਾਂਦੀ ਹੈ ਅਤੇ ਨੁਕਸਾਨ ਦੇ ਮੁਕਾਬਲੇ ਘੱਟ ਮੁਆਵਜ਼ਾ ਨਿਰਧਾਰਤ ਕਰਨ ਵਾਲੇ ਕੇਂਦਰ ਸਰਕਾਰ ਦੇ ਨਿਯਮਾਂ ਨੂੰ ਮੁੱਦਾ ਬਣਾ ਲਿਆ ਜਾਂਦਾ ਹੈ।

ਇਸੇ ਲਈ ਕਈ ਹੋਰ ਰਾਜ ਵੀ ਇਹ ਮੁੱਦਾ ਕੇਂਦਰ ਦੇ ਸਾਹਮਣੇ ਉਠਾਉਂਦੇ ਆ ਰਹੇ ਹਨ। ਸਿਆਸਤ ਸ਼ੁਰੂ ਹੋ ਜਾਂਦੀ ਹੈ। ਕੌੜਾ ਸੱਚ ਇਹ ਹੈ ਕਿ ਇਸ ਦੀ ਕੀਮਤ ਆਮ ਨਾਗਰਿਕ ਨੂੰ ਦੇਣੀ ਪੈਂਦੀ ਹੈ। ਵਿਵਸਥਾ ਨਾ ਸੁਧਰੀ ਤਾਂ ਭਵਿੱਖ ਵਿਚ ਵੀ ਦਿੰਦਾ ਰਹੇਗਾ।


Elite Driving School

Learn to drive with experienced, caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।





- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# ਉਹ ਬੋਤਲਾਂ ਉਹੀ ਸ਼ਰਾਬ





ਰਿਕਾਰਡੋ ਐਕੂਅਨਾ

ਅੰਤ ਨੂੰ ਕੋਈ ਫ਼ਰਕ ਨਹੀਂ ਪਿਆ। 28 ਦਿਨਾਂ ਦੀ ਚਿੱਕੜ ਉਛਾਲੀ, ਗਾਲੀ ਗਲੋਚ ਅਤੇ ਤਬਦੀਲੀ ਦੀਆਂ ਅੰਤਹੀਣ ਗੱਲਾਂ ਤੋਂ ਮਗਰੋਂ ਅਲਬਰਟਾ ਦਾ ਸਿਆਸੀ ਦ੍ਰਿਸ਼ ਅੱਜ ਵੀ ਲਗਪਗ ਉਹੀ ਦਿਖਾਈ ਦਿੰਦਾ ਹੈ, ਜਿਵੇਂ ਇਹ ਚੋਣਾਂ ਤੋਂ ਪਹਿਲਾ ਸੀ। ਕੰਜ਼ਰਵੇਟਿਵ ਸਰਕਾਰ ਸੁਵਿਧਾਜਨਕ ਬਹੁਗਿਣਤੀ ਲੈ ਕੇ ਧੜੱਲੇ ਨਾਲ ਫਿਰ ਸੱਤਾ ਵਿਚ ਆ ਗਈ ਹੈ।

ਹਾਂ, ਸਿਆਸੀ ਚਿੰਤਕ ਅਤੇ ਮੀਡੀਆ ਪੰਡਤ ਸਾਨੂੰ ਸਭ ਨੂੰ ਇਹ ਯਕੀਨ ਦੁਆ ਰਹੇ ਸਨ ਕਿ ਕੰਜ਼ਰਵੇਟਿਵ ਚੋਣਾਂ ਵਿਚ ਪਿੱਛੇ ਹਨ, ਪਰ ਅਲਬਰਟਾ ਦੀਆਂ ਹਾਲੀਆ ਚੋਣਾਂ ਦੇ ਇਤਿਹਾਸ ’ਤੇ ਇਕ ਸਰਸਰੀ ਝਾਤ ਸਾਨੂੰ ਜ਼ਰੂਰ ਘਟਨਾਵਾਂ ਦੇ ਇਸ ਤਰ੍ਹਾਂ ਵਾਪਰਨ ਦਾ ਸੰਕੇਤ ਦੇ ਦਿੰਦੀ ਹੈ।

ਐਲੀਸਨ ਰੈਡਫੋਰਡ ਪ੍ਰਗਰੈਸਿਵ ਕੰਜ਼ਰਵੇਟਿਵ ਪਾਰਟੀ ਦੀ ਅਗਵਾਈ ਸੰਭਾਲਣ ਵਾਲੀ ਉਨ੍ਹਾਂ ਵਿਚੋਂ ਚੌਥੀ ਆਗੂ ਹੈ, ਜਿਨ੍ਹਾਂ ਨੂੰ 1971 ਦੀ ਸਰਕਾਰ ਵਿਚ ਪੀਟਰ ਲਫਹੀਡ ਅੱਗੇ ਲਿਆਇਆ ਸੀ। ਉਨ੍ਹਾਂ ਵਿਚੋਂ ਪਹਿਲਾ, ਡਾਨ ਗੈਟੀ, 1986 ਦੀ ਚੋਣ ਲੜਿਆ। ਇਨ੍ਹਾਂ ਚੋਣਾਂ ਵਿਚ ਕੰਜ਼ਰਵੇਟਿਵ ਦੀਆਂ ਲੇਜਸਲੇਚਰ ਵਿਚ ਸੀਟਾਂ ਦੀ ਸੰਖਿਆ 75 ਤੋਂ ਘਟ ਕੇ 61 ਰਹਿ ਗਈ। ਨਿਊ ਡੈਮੋਕਰੇਟ ਨੇ 16 ਸੀਟਾਂ ਨਾਲ ਵਿਰੋਧੀ ਦਾ ਦਰਜਾ ਪਾਇਆ। 1993 ਦੀ ਚੋਣ ਰਾਲਫ਼ ਕਲੇਨ ਦੀ ਨੇਤਾ ਵਜੋਂ ਪਹਿਲੀ ਚੋਣ ਸੀ, ਪੀਸੀ 59 ਸੀਟਾਂ ਤੋਂ 51 ਸੀਟਾਂ ’ਤੇ ਚਲੀ ਗਈ, ਲਿਬਰਲਾਂ ਨੇ 32 ਵਿਧਾਇਕਾਂ ਨਾਲ ਵਿਰੋਧੀ ਧਿਰ ਗਠਿਤ ਕੀਤੀ। ਦਰਅਸਲ, ਇਹ ਸਿਰਫ ਐਡ ਸਟੇਲਮਾਖ ਸੀ, ਜਿਸ ਨੇ ਪਾਰਟੀ ਦੀਆਂ ਸੀਟਾਂ ਦੀ ਸੰਖਿਆ ਵਧਾਈ, ਜਿਹੜਾ ਇਨ੍ਹਾਂ ਨੂੰ 60 ਤੋਂ 72 ਤੱਕ ਲੈ ਗਿਆ।

ਕਹਿਣ ਤੋਂ ਭਾਵ ਇਹ ਹੈ ਕਿ ਇਹ ਟੋਰੀਆਂ ਲਈ ਇਕ ਸੁਵਿਧਾਜਨਕ ਖੇਤਰ ਹੈ। ਵਾਈਲਡਰੋਜ਼ ਦੇ ਆਪਣੀ ਵਧਦੀ ਲੋਕਪ੍ਰਿਅਤਾ ਨੂੰ ਲੈ ਕੇ ਟੋਰੀਆਂ ਨੂੰ ਸਖ਼ਤ ਟੱਕਰ ਦਾ ਸੁਨੇਹਾ ਦੇਣ ਦੇ ਦਾਅਵੇ ਜਾਂ ਇਹ ਦਾਅਵੇ ਕਿ ਉਸ ਦੇ ਮੈਂਬਰ ਰੈਡਫੋਰਡ ਦਾ ਗਣਿਤ ਠੀਕ ਕਰਨ ਲਈ ਸਹਾਇਤਾ ਕਰਨਗੇ, ਇਕ ਵੱਡੀ ਸ਼ੁਭਕਾਮਨਾ ਸੀ। 44 ਫੀਸਦੀ ਵੋਟਾਂ ਨਾਲ 61 ਸੀਟਾਂ ਦੀ ਜਿੱਤ ਬੇਰੋਕ ਸਰਕਾਰ ਚਲਾਉਣ ਲਈ ਇਕ ਤਕੜਾ ਫਤਵਾ ਹੈ। ਅਜਿਹੀ ਬਹੁਗਿਣਤੀ ਮਿਲਣ ’ਤੇ ਖੱਬੇ ਸੱਜੇ ਝਾਕਣੇ ਦੀ ਲੋੜ ਨਹੀਂ।

ਇਹ ਨਹੀਂ ਕਿ ਧੁਰ ਸੱਜਿਆਂ ਦੀਆਂ ਜ਼ੋਰਦਾਰ ਆਵਾਜ਼ਾਂ ਦੀ ਕੰਜ਼ਰਵੇਟਿਵ ਨੂੰ ਪਰਵਾਹ ਨਹੀਂ ਸੀ। ਹੁਣ ਫਰਕ ਕੇਵਲ ਇਹ ਪਿਆ ਹੈ ਕਿ ਇਹ ਆਵਾਜ਼ਾਂ ਲੇਜਿਸਲੇਚਰ ਵਿਚ ਉਸ ਦੇ ਪਰ੍ਹੇ ਦੀਆਂ ਆਵਾਜ਼ਾਂ ਬਣ ਗਈਆਂ ਹਨ, ਨਾ ਕਿ ਉਨ੍ਹਾਂ ਦੇ ਬਿਲਕੁਲ ਪਿੱਛੋਂ ਉਠਦੀਆਂ ਆਵਾਜ਼ਾਂ।

ਇਸ ਸਵਾਲ ਨੂੰ ਸੰਬੋਧਨ ਕਰਨਾ ਵੀ ਮਹੱਤਵਪੂਰਨ ਹੈ ਕਿ ਲਿਬਰਲਾਂ ਨੇ ਕੰਜ਼ਰਵੇਟਿਵਾਂ ਨੂੰ ਵਾਈਲਡਰੋਜ਼ ਨੂੰ ਸੱਤਾ ਵਿਚ ਆਉਣ ਤੋਂ ਰੋਕਣ ਲਈ ਵੋਟ ਪਾਈ। ਭਾਵੇਂ ਇਹ ਸੰਦੇਸ਼ ਲਿਬਰਲਾਂ ਅਤੇ ਵਾਈਲਡਰੋਜ਼ ਦੋਵਾਂ ਨੂੰ ਹੀ ਮਜ਼ਬੂਰ ਕਰਦਾ ਸੀ। ਸੱਚਾਈ ਇਹ ਹੈ ਕਿ ਇਸ ਨਾਲ ਕੋਈ ਫਰਕ ਨਹੀਂ ਪਿਆ। ਇਹ ਇਸੇ ਕਰਕੇ ਕਿਉਂਕਿ ਲਿਬਰਲ ਵੋਟ ਪੱਕੀ ਵੋਟ ਸੀ। ਦ੍ਰਿਸ਼ ਕੁਝ ਇਸ ਤਰ੍ਹਾਂ ਜ਼ਰੂਰ ਬਦਲਿਆ ਲਗਦਾ ਹੈ, ਜਿਵੇਂ ਕਿ ਤੁਸੀਂ ਚੋਣਾਂ ਦੇ ਆਖਰੀ ਹਫ਼ਤੇ ਦੀਆਂ ਤਬਦੀਲੀਆਂ ਤੋਂ ਦੇਖ ਸਕਦੇ ਹੋ, ਪਾਰਟੀ ਦੇ ਹਮਜਿਨਸੀ ਵਿਰੋਧੀ, ਜਾਤੀਵਾਦੀ ਅਤੇ ਵਿਗਿਆਨ ਵਿਰੋਧੀ ਬਿਆਨਾਂ ਤੋਂ ਸਤੇ ਹੋਏ ਨਰਮ ਵਾਈਲਡਰੋਜ਼ ਟੋਰੀਆਂ ਵੱਲ ਜ਼ਰੂਰ ਵਾਪਸ ਪਰਤ ਗਏ। ਇਹ ਲੋਕ ਕੁਝ ਨਵਾਂ ਕਰ ਦਿਖਾਉਣ ਦਾ ਤਜ਼ਰਬਾ ਕਰ ਰਹੇ ਸਨ, ਪਰ ਅੰਤ ਵਿਚ ਉਨ੍ਹਾਂ ਫੈਸਲਾ ਕੀਤਾ ਕਿ ਬਦਲ ਨਾਲੋਂ ਖ਼ਤਰਾ ਸਹੇੜਨਾ ਬਿਹਤਰ ਨਹੀਂ।

ਉਪਰੋਕਤ ਸਭ ਕੁਝ ਤੱਜ ਕੇ, ਐਲੀਸਨ ਰੈਡਫੋਰਡ ਸਪਸ਼ਟ ਹੈ ਕਿ ਉਹ ਆਪਣੀ ਜਿੱਤ ਲਈ ਨਾ ਤਾਂ ਲਿਬਰਲਾਂ ਅਤੇ ਨਾ ਹੀ ਵਾਈਲਡਰੋਜ਼ ਨੂੰ ਜ਼ਿੰਮੇਵਾਰ ਸਮਝਦੀ ਹੈ। ਇਸ ਦੇ ਬਿਲਕੁਲ ਉਲਟ ਉਸ ਨੂੰ ਜਿਤਾਉਣ ਵਾਲੇ ਲੋਕ ਵੱਡੀ ਗਿਣਤੀ ਵਿਚ ਉਹੀ ਹਨ, ਜਿਹੜੇ ਪ੍ਰਾਂਤ ਵਿਚ ਪਿਛਲੇ 41 ਸਾਲਾਂ ਤੋਂ ਕੰਜ਼ਰਵੇਟਿਵ ਸਰਕਾਰ ਚੁਣਦੇ ਆਏ ਹਨ ਤੇ ਉਹ ਕੰਜ਼ਰਵੇਟਿਵਾਂ ਦੀ ਹਕੂਮਤ ਦੇਖ ਕੇ ਖੁਸ਼ ਹਨ।




ਅਲਬਰਟਾ ਵਾਸੀਆਂ ਲਈ ਇਸ ਜਿੱਤ ਦਾ ਅਰਥ ਆਮ ਨਾਲੋਂ ਕੁਝ ਜ਼ਿਆਦਾ ਹੈ। ਸਾਡੀ ਦੋਸ਼ਪੂਰਨ ਕਰ-ਪ੍ਰਣਾਲੀ ਤੇ ਪ੍ਰਸ਼ਾਸਨਿਕ ਹਿੱਸੇਦਾਰੀ ਟਿਕਾਣੇ ਸਿਰ ਨਹੀਂ ਆਵੇਗੀ, ਸਿਹਤ ਸੇਵਾਵਾਂ ਸੂਚੀ ਰਹਿਤ ਹੀ ਜਾਰੀ ਰਹਿਣਗੀਆਂ, ਬਜ਼ੁਰਗਾਂ ਦੀ ਦੇਖਭਾਲ ਨਿਜੀਕਰਨ ਹੇਠ ਅਤੇ ਕਾਨੂੰਨ ਮੁਕਤ ਜਾਰੀ ਰਹੇਗੀ, ਸਾਡਾ ਸਿੱਖਿਆ ਅਤੇ ਸਿਹਤ ਸੇਵਾਵਾਂ ਦਾ ਪ੍ਰਬੰਧ ਯਕੀਨੀ ਨਹੀਂ ਹੋਵੇਗਾ ਅਤੇ ਅਲਬਰਟਾ ਦੀ ਤੇਲ ਸਨਅਤ ਸਰਕਾਰ ਦੀਆਂ ਸਾਰੀਆਂ ਨੀਤੀਆਂ ’ਤੇ ਅਸਰ ਅੰਦਾਜ਼ ਹੋਣਾ ਜਾਰੀ ਰੱਖੇਗੀ। ਕਿਸ ਦੀ ਉਦਾਹਰਣ ਦੇਈਏ, ‘‘ਗਲੀਆਂ ਵਿਚ ਕੋਈ ਨਹੀਂ, ਜੋ ਮੇਰੇ ਨਾਲੋਂ ਵੱਖਰਾ ਦਿਖਾਈ ਦਿੰਦਾ ਹੋਵੇ ਅਤੇ ਨਾਅਰਿਆਂ ਵਿਚ ਕਈ ਕੁਝ ਬਦਲ ਗਿਆ ਹੈ।’’ ਸਾਨੂੰ ਅਜੇ ਹੋਰ ਚਾਰ ਸਾਲ ਇਹ ਦੇਖਣ ਲਈ ਉਡੀਕਣਾ ਪਵੇਗਾ ਕਿ ਕੀ ਅਸੀਂ ਸੱਚਮੁੱਚ ਦੁਬਾਰਾ ਮੂਰਖ ਬਣਾਏ ਜਾ ਸਕਦੇ ਹਾਂ।

# ਕਾਂਗਰਸ ਤੋਂ ਦੂਰ ਹੁੰਦੇ ਸ਼ਹਿਰੀ ਵੋਟਰ

ਅਰੁਣ ਨਹਿਰੂ

ਹਾਲ ਹੀ ਵਿਚ ਹੋਈਆਂ ਦਿੱਲੀ ਨਗਰ ਨਿਗਮ ਚੋਣਾਂ ਦਾ ਜਨਮਤ ਹੈਰਾਨੀਜਨਕ ਹੈ। ਮੁੰਬਈ ਦੇ ਸਥਾਨਕ ਨਗਰ ਨਿਗਮ ਚੋਣਾਂ ਦੀ ਤਰ੍ਹਾਂ, ਜਿਥੇ ਸ਼ਿਵਸੈਨਾ-ਭਾਜਪਾ ਗਠਜੋੜ ਨੇ ਦੁਬਾਰਾ ਜਿੱਤ ਹਾਸਲ ਕੀਤੀ, ਦਿੱਲੀ ਵਿਚ ਵੀ ਭਾਜਪਾ ਸੱਤਾ-ਵਿਰੋਧੀ ਰੁਝਾਨ ਨੂੰ ਹਰਾਉਣ ਵਿਚ ਸਫ਼ਲ ਰਹੀ ਹੈ। ਇਕ ਵਾਰ ਫਿਰ ਹਾਰ ਦਾ ਮੂੰਹ ਦੇਖਣ ਵਾਲੀ ਕਾਂਗਰਸ ਲਈ ਇਹ ਚਿੰਤਾ ਦਾ ਵਿਸ਼ਾ ਹੈ। ਇਹ ਦਿੱਲੀ ਦੀ ਮੁੱਖ ਮੰਤਰੀ ਲਈ ਘੱਟ, ਕੇਂਦਰ ਦੀ ਯੂ.ਪੀ.ਏ ਲਈ ਵੱਡਾ ਝਟਕਾ ਹੈ। ਉਂਜ ਚੋਣਾਂ ਦਾ ਇਹ ਸਮਾਂ ਹੀ ਕਾਂਗਰਸ ਦੇ ਲਿਹਾਜ਼ ਨਾਲ ਕਾਫ਼ੀ ਮੁਸ਼ਕਲ ਸੀ ਕਿਉਂਕਿ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੇ ਬੁਰੇ ਪ੍ਰਦਰਸ਼ਨ ਫੌਜੀ ਮਾਮਲੇ ’ਤੇ ਉਠੇ ਵਿਵਾਦ ਨਾਲ ਕੇਂਦਰ ਵਿਚ ਸ਼ਾਸਨ ਦੀ ਕਮੀ ਦੀ ਭਾਵਨਾ ਹੀ ਸਾਹਮਣੇ ਆਈ ਹੈ। ਦਿੱਲੀ ਨਗਰ ਨਿਗਮ ਦੇ ਤਿੰਨਾਂ ਖੇਤਰਾਂ ਵਿਚ ਕਾਂਗਰਸ ਚੋਣਾਂ ਹਾਰ ਗਈ। ਚੇਨੱਈ, ਬੰਗਲੌਰ, ਮੁੰਬਈ ਅਤੇ ਦਿੱਲੀ ਵਿਚ ਹਾਰ ਤੋਂ ਬਾਅਦ ਸਾਫ਼ ਹੈ ਕਿ ਸ਼ਹਿਰੀ ਵੋਟਰ ਕਾਂਗਰਸ ਤੋਂ ਦੂਰ ਚਲੇ ਗਏ ਹਨ। ਨੇੜ ਭਵਿੱਖ ਵਿਚ ਇਹ ਕਾਂਗਰਸ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਦਿੱਲੀ ਨਗਰ ਨਿਗਮ ਦੀ ਚੋਣ ਕਦੇ ਆਸਾਨ ਨਹੀਂ ਰਹੀ, ਪਰ ਸ਼ੀਲਾ ਦੀਕਸ਼ਿਤ ਇਕੱਲੀ ਲੜਾਈ ਲੜ ਰਹੀ ਸੀ। ਸਾਫ਼ ਜ਼ਾਹਰ ਹੈ ਕਿ 2004 ਤੋਂ 2008 ਦੌਰਾਨ ਯੂ.ਪੀ.ਏ ਦੀ ਜਿਹੜੀ ਸਾਖ਼ ਸੀ, ਉਹ 2009 ਤੋਂ ਬਾਅਦ ਪੂਰੀ ਤਰ੍ਹਾਂ ਵਿਗੜ ਚੁੱਕੀ ਹੈ। ਯੂ.ਪੀ.ਏ-2 ਦੀ ਸਰਕਾਰ ਅੰਤਹੀਣ ਰਾਜਨੀਤੀ ਘਟਨਾਵਾਂ ਦਾ ਸ਼ਿਕਾਰ ਰਹੀ ਹੈ, ਜਿਨ੍ਹਾਂ ਵਿਚੋਂ ਕਈ ਤਾਂ ਖੁਦ ਪੈਦਾ ਕੀਤੀਆਂ ਸਨ।

ਕੁਝ ਦਿਨ ਪਹਿਲਾਂ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਕਰਨਾਟਕ ਅਤੇ ਕੇਰਲ ਵਰਗੇ ਦੱਖਣੀ ਰਾਜਾਂ ਦੇ ਰੁਝਾਨਾਂ ਬਾਰੇ ਲਿਖਿਆ ਸੀ। ਤੱਥ ਇਹ ਹੈ ਕਿ ਕਾਂਗਰਸ ਆਗਾਮੀ ਲੋਕ ਸਭਾ ਚੋਣਾਂ ਵਿਚ 2009 ਦੀ ਤੁਲਨਾ ਵਿਚ 25 ਤੋਂ 30 ਸੀਟਾਂ ਗਵਾ ਸਕਦੀ ਹੈ। ਨਿਗਮ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਦਿੱਲੀ ਵਿਚ ਵੀ ਉਸ ਲਈ ਸੰਕਟ ਵਾਲੀ ਸਥਿਤੀ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੇ ਦਿੱਲੀ ਵਿਚ 7 ਵਿਚੋਂ 7, ਪੰਜਾਬ ਵਿਚ 13 ’ਚੋਂ 9, ਹਰਿਆਣਾ ਵਿਚ 10 ’ਚੋਂ 9 ਅਤੇ ਰਾਜਸਥਾਨ ਵਿਚ 25 ਵਿਚੋਂ 20 ਸੀਟਾਂ ਜਿੱਤੀਆਂ ਸਨ। ਪਰ ਅੱਜ ਉਸ ਦੀ ਜਿਹੜੀ ਸਥਿਤੀ ਹੈ, ਉਸ ਨੂੰ ਦੇਖਦਿਆਂ ਬਹੁਤੀ ਉਮੀਦ ਨਹੀਂ ਕੀਤੀ ਜਾ ਸਕਦੀ। ਉਹ ਦਿੱਲੀ ਵਿਚ ਭਾਜਪਾ ਤੋਂ ਤਿੰਨ ਤੋਂ ਚਾਰ ਸੀਟਾਂ ਹਾਰ ਸਕਦੀ ਹੈ, ਜਦੋਂ ਪੰਜਾਬ ਵਿਚ ਅਕਾਲੀ-ਭਾਜਪਾ ਗਠਜੋੜ ਦੇ ਮੁਕਾਬਲੇ ਵਿਚ ਚਾਰ ਤੋਂ ਪੰਜ ਸੀਟਾਂ ਗਵਾ ਸਕਦੀ ਹੈ। ਇਸੇ ਤਰ੍ਹਾਂ ਹਰਿਆਣਾ ਵਿਚ ਇਨੈਲੋ-ਭਾਜਪਾ ਨਾਲ ਮੁਕਾਬਲੇ ਵਿਚ ਉਹ ਚਾਰ ਤੋਂ ਪੰਜ ਸੀਟਾਂ ਗਵਾ ਸਕਦੀ ਹੈ, ਜਦੋਂ ਕਿ ਰਾਜਸਥਾਨ ਵਿਚ ਉਸ ਦੇ ਹਿੱਸੇ ਦੀਆਂ ਅੱਠ ਤੋਂ ਦਸ ਸੀਟਾਂ ਭਾਜਪਾ ਦੇ ਹਿੱਸੇ ਜਾ ਸਕਦੀਆਂ ਹਨ। ਪਹਿਲਾਂ ਮੇਰਾ ਅੰਦਾਜ਼ਾ ਸੀ ਕਿ ਆਗਾਮੀ ਲੋਕ ਸਭਾ ਚੋਣਾਂ ਵਿਚ ਕਾਂਗਰਸ (206 ਸੀਟਾਂ) ਅਤੇ ਭਾਜਪਾ (116 ਸੀਟਾਂ) ਮਿਲਾ ਕੇ ਲੋਕ ਸਭਾ ਦੀਆਂ 320 ਸੀਟਾਂ ਜਿੱਤ ਸਕਦੀ ਹੈ, ਪਰ ਜਦੋਂ ਦੋਵੇਂ ਪਾਰਟੀਆਂ 250 ਤੋਂ 270 ਸੀਟਾਂ ਤੱਕ ਸਿਮਟ ਕੇ ਰਹਿ ਜਾਣਗੀਆਂ ਅਤੇ ਦੋਵਾਂ ਵਿਚਾਲੇ ਸੀਟਾਂ ਦਾ ਫਾਸਲਾ ਵੀ ਘਟ ਜਾਵੇਗਾ, ਤਦ ਕੀ ਹੋਵੇਗਾ? ਜਿਵੇਂ ਹੀ ਕਾਂਗਰਸ 135 ਤੋਂ 145 ਸੀਟਾਂ ’ਤੇ ਸਿਮਟ ਜਾਵੇਗੀ ਅਤੇ ਭਾਜਪਾ 125 ਤੋਂ 130 ਸੀਟਾਂ ’ਤੇ, ਤਦ ਇਹੀ ਅੰਕੜੇ ਭਵਿੱਖ ਦੇ ਗਠਜੋੜ ਦੀ ਦਿਸ਼ਾ ਤੈਅ ਕਰਨਗੇ। ਲਿਹਾਜ਼ਾ ਇਸ ਸਾਲ ਦੇ ਅੰਤ ਵਿਚ ਹੋਣ ਵਾਲੀਆਂ ਗੁਜਰਾਤ ਵਿਧਾਨ ਸਭਾ ਚੋਣਾਂ ਨਾ ਸਿਰਫ਼ ਮਹੱਤਵਪੂਰਨ ਹੋਣਗੀਆਂ, ਬਲਕਿ ਭਵਿੱਖ ਦੀ ਦਿਸ਼ਾ ਵੀ ਤੈਅ ਕਰਨਗੀਆਂ।

ਅਸੀਂ ਯੂ.ਪੀ.ਏ, ਐਨ.ਡੀ.ਏ ਜਾਂ ਤੀਸਰੇ ਮੋਰਚੇ ਬਾਰੇ ਬਹੁਤ ਗੱਲਾਂ ਕਰਦੇ ਹਾਂ, ਪਰ ਅਸਲੀਅਤ ਇਹੀ ਹੈ ਕਿ 2014 ਲਈ ਗਠਜੋੜ ਇਸ ਸਾਲ ਹੋਣ ਵਾਲੀਆਂ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਹੀ ਸਪਸ਼ਟ ਹੋਣਗੇ। ਭਾਜਪਾ ਇਨ੍ਹਾਂ ਦੋ ਰਾਜਾਂ ਵਿਚ ਜੇਕਰ ਸੱਤਾ-ਵਿਰੋਧੀ ਰੁਝਾਨ ਨੂੰ ਹਰਾਉਣ ਵਿਚ ਕਾਮਯਾਬ ਰਹੀ, ਤਾਂ ਲੋਕ ਸਭਾ ਚੋਣਾਂ 2013 ਵਿਚ ਕਦੇ ਵੀ ਹੋ ਸਕਦਾ ਹੈ।

ਭ੍ਰਿਸ਼ਟਾਚਾਰ ਲਗਾਤਾਰ ਵੱਡਾ ਮਸਲਾ ਬਣ ਰਿਹਾ ਹੈ। 2 ਜੀ ਘੁਟਾਲੇ ਦਾ ਅਸਰ ਹਾਲੇ ਖ਼ਤਮ ਨਹੀਂ ਹੋਇਆ ਹੈ, ਜਦੋਂ ਕਿ ਰਾਸ਼ਟਰ ਮੰਡਲ ਖੇਡ ਘੁਟਾਲੇ ਨਾਲ ਜੁੜੀ ਕਾਰਵਾਈ ਵਿਚ ਬਹੁਤ ਥੋੜ੍ਹੀ ਪ੍ਰਗਤੀ ਹੋਈ ਹੈ। ਇਨ੍ਹਾਂ ਤੋਂ ਇਲਾਵਾ ਟਾਟ੍ਰਾ/ਬੀ.ਈ.ਐਮ.ਐਲ ਘੁਟਾਲੇ ਸਾਹਮਣੇ ਆਏ ਹਨ। ਇਨ੍ਹਾਂ ਵਿਚ ਜਿੰਨੀ ਜਲਦੀ ਹੋ ਸਕੇ, ਕਾਰਵਾਈ ਹੋਣੀ ਚਾਹੀਦੀ ਹੈ। ਆਦਰਸ਼ ਹਾਊਸਿੰਗ ਘੁਟਾਲੇ ਦੀ ਲੀਪਾਪੋਤੀ ਦੀਆਂ ਜਿਵੇਂ ਕੋਸ਼ਿਸ਼ਾਂ ਹੋ ਰਹੀਆਂ ਹਨ, ਉਸ ਨੂੰ ਦੇਖ ਕੇ ਹੈਰਾਨ ਰਹਿ ਜਾਣਾ ਪੈਂਦਾ ਹੈ। ਇਸ ਨਾਲ ਕੀ ਫਰਕ ਪੈਂਦਾ ਹੈ ਕਿ ਜ਼ਮੀਨ ਦਾ ਅਸਲੀ ਮਾਲਕ ਕੌਣ ਹੈ-ਮਹਾਰਾਸ਼ਟਰ ਸਰਕਾਰ ਜਾਂ ਰੱਖਿਆ ਮੰਤਰਾਲਾ?

ਮਹਾਰਾਸ਼ਟਰ ਦੀ ਸਥਿਤੀ ਕਾਫੀ ਸੰਕਟ ਭਰਪੂਰ ਹੈ। ਸਾਬਕਾ ਮੁੱਖ ਮੰਤਰੀ ਅਤੇ ਹੋਰ ਸੀਨੀਅਰ ਮੰਤਰੀਆਂ ਵੱਲੋਂ ਚੈਰੀਟੇਬਲ ਟਰੱਸਟਾਂ ਰਾਹੀਂ ਜ਼ਮੀਨ ਹਥਿਆਉਣ ਨਾਲ ਸਬੰਧਤ ਕੈਗ ਦੀ ਰਿਪੋਰਟ ਨੇ ਅੰਨਾ ਹਜ਼ਾਰੇ ਨੂੰ ਆਪਣੇ ਅੰਦੋਲਨ ਲਈ ਇਕ ਹੋਰ ਜਵਲੰਤ ਮੁੱਦਾ ਦੇ ਦਿੱਤਾ ਹੈ। ਸਾਬਕਾ ਮੁੱਖ ਮੰਤਰੀ ਵਿਲਾਸ ਰਾਓ ਦੇਸ਼ਮੁੱਖ ਪਹਿਲਾਂ ਹੀ ਫਿਲਮ ਨਿਰਮਾਤਾ ਸੁਭਾਸ਼ ਘਈ ਨੂੰ ਜ਼ਮੀਨ ਵੰਡ ਕਰਨ ਦੇ ਮਾਮਲੇ ਵਿਚ ਸੁਪਰੀਮ ਕੋਰਟ ਦੇ ਫੈਸਲੇ ਨਾਲ ਮੁਸ਼ਕਲ ਵਿਚ ਹਨ। ਰਾਸ਼ਟਰਪਤੀ ਪ੍ਰਤਿਭਾ ਪਾਟਿਲ ਲਈ ਸੇਵਾ ਮੁਕਤੀ ਤੋਂ ਬਾਅਦ ਪੁਣੇ ਵਿਚ ਰੱਖਿਆ ਵਿਭਾਗ ਦੀ ਜ਼ਮੀਨ ’ਤੇ ਸਰਕਾਰ ਜਿਸ ਤਰ੍ਹਾਂ ਘਰ ਬਣਵਾਉਣ ਜਾ ਰਹੀ ਹੈ, ਉਹ ਵੀ ਯੂ.ਪੀ.ਏ ਸਰਕਾਰ ਨੂੰ ਮੁਸ਼ਕਲ ਵਿਚ ਹੀ ਪਾਵੇਗਾ। ਸਰਕਾਰ ਦੇ ਇਸ ਕਦਮ ਨੂੰ ਪੁਣੇ ਦੇ ਨਾਗਰਿਕ ਸਮੂਹਾਂ ਵੱਲੋਂ ਚੁਣੌਤੀ ਦਿੱਤੀ ਹੀ ਜਾਵੇਗੀ। ਇਹ ਮਹੱਤਵਪੂਰਨ ਹਸਤੀਆਂ ਤੇ ਆਮ ਆਦਮੀ ਵਿਚਾਲੇ ਫਾਸਲੇ ਨੂੰ ਹੀ ਵਧਾਏਗਾ ਅਤੇ ਭਵਿੱਖ ਲਈ ਗਲਤ ਉਦਾਹਰਣ ਹੀ ਸਥਾਪਤ ਕਰੇਗਾ। ਰਾਸ਼ਟਰਪਤੀ ਪ੍ਰਤਿਭਾ ਪਾਟਿਲ ਤਦ ਵੀ ਕਈ ਵਿਵਾਦਾਂ ਵਿਚ ਘਿਰੀ ਸੀ, ਜਦੋਂ ਉਹ ਰਾਸ਼ਟਰਪਤੀ ਬਣੀ ਸੀ ਅਤੇ ਇਹ ਸ਼ਰਮਨਾਕ ਹੀ ਹੋਵੇਗਾ ਕਿ ਆਪਣੇ ਕਾਰਜਕਾਲ ਦੇ ਅੰਤ ਵਿਚ ਵੀ ਉਨ੍ਹਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ। ਜ਼ਮੀਨ ਐਕਵਾਇਰ ਹੁਣ ਕਾਫੀ ਮੁਸ਼ਕਲ ਹੋ ਗਿਆ ਹੈ ਅਤੇ ਜ਼ਮੀਨ ਐਕਵਾਇਰ ਮੁਹਿੰਮ ਹੁਣ ਜਨਤਕ ਜਾਂਚ ਦੇ ਅਧੀਨ ਹੈ।

ਮਹੱਤਵਪੂਰਨ ਹਸਤੀਆਂ ਦੀਆਂ ਜ਼ਰੂਰਤਾਂ ਲਈ ਰੱਖਿਆ ਵਿਭਾਗ ਦੀ ਜ਼ਮੀਨ ਜਾਂ ਜਨਤਕ ਉਪਯੋਗ ਕੀਤੀ ਕਿਸੇ ਵੀ ਜ਼ਮੀਨ ਜਾਂ ਜਨਤਕ ਉਪਯੋਗ ਨੂੰ ਕਿਸੇ ਵੀ ਜ਼ਮੀਨ ਨੂੰ ਐਕਵਾਇਰ ਕਰਨਾ ਹੁਣ ਬਿਲਕੁਲ ਸਵੀਕਾਰਯੋਗ ਨਹੀਂ ਹੈ ਅਤੇ ਇਸ ਪਰੰਪਰਾ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ। ਕੁੱਲ ਮਿਲਾ ਕੇ ਯੂ.ਪੀ.ਏ ਲਈ ਚੁਣੌਤੀਆਂ ਘੱਟ ਹੁੰਦੀਆਂ ਨਹੀਂ ਦਿਖਦੀਆਂ।

Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ
ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ

We can Wash
Your Truck
anywhere in
Edmonton & Area
- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease

For more info Call:
BIN: (780) 267-9102
CAM: (780) 238-8161

# ਮਜ਼ਬੂਤ ਪਾਚਣ ਲਈ ਬੇਹੱਦ ਜ਼ਰੂਰੀ ਹਨ ਫਲ



ਡਾ. ਬਲਵਿੰਦਰ ਕੌਰ
Certified Diabetic Educator
Pfizer India Ltd., Chandigarh
Mob. No : +91-99158-02886
balwinderdietician77@gmail.com

ਫਲ ਗੁਣਾਂ ਨਾਲ ਭਰਪੂਰ ਹੁੰਦੇ ਹਨ ਤੇ ਅਕਸਰ ਇਨ੍ਹਾਂ ਵਿਚ ਜ਼ਰੂਰੀ ਵਿਟਾਮਨ ਤੇ ਖਣਿਜਾਂ ਦੀ ਬਹੁਤਾਤ ਮਾਤਰਾ ਹੁੰਦੀ ਹੈ, ਜੋ ਕਿਸੇ ਹੋਰ ਭੋਜਨ ਵਿਚ ਨਹੀਂ ਮਿਲਦੀ। ਹੋਰਨਾਂ ਭੋਜਨਾਂ ਨਾਲੋਂ ਇਨ੍ਹਾਂ ਵਿਚ ਪੌਸ਼ਟਿਕਤਾ ਦਾ ਉਚ ਪੱਧਰ ਹੁੰਦਾ ਹੈ।

ਫਲਾਂ ਵਿਚ ਪਾਣੀ ਹੁੰਦਾ ਹੈ ਜੋ ਸਰੀਰ ਲਈ ਬੇਹੱਦ ਜ਼ਰੂਰੀ ਹੁੰਦਾ ਹੈ। ਫਲਾਂ ਦਾ ਛਿਲਕਾ, ਬੀਜ ਤੇ ਭਰਪੂਰ ਮਾਤਰਾ ਵਿਚ ਫਾਈਬਰ ਪਾਚਨ ਪ੍ਰਣਾਲੀ ਨੂੰ ਤੰਦਰੁਸਤ ਰੱਖਦੇ ਹਨ। ਅੰਤੜੀਆਂ ਦੀ ਕਿਰਿਆ ਨੂੰ ਨਿਯਮਤ ਰੱਖਣ, ਕੈਲੇਸਟਰੋਲ ਘਟਾਉਣ, ਕਬਜ਼ ਰੋਕਣ, ਅੰਤੜੀਆਂ ਦੇ ਕੈਂਸਰ ਜਾਂ ਪੇਟ ਨਾਲ ਸਬੰਧਤ ਹੋਰਨਾਂ ਰੋਗਾਂ ਨੂੰ ਦੂਰ ਭਜਾਉਣ ਲਈ ਫਲਾਂ ਵਿਚਲੇ ਫਾਈਬਰ (ਰੇਸ਼ੇ) ਦੀ ਬੇਹੱਦ ਲੋੜ ਹੁੰਦੀ ਹੈ। ਵੱਖ ਵੱਖ ਰੰਗਾਂ ਦੇ ਫਲਾਂ ਵਿਚ ਵੱਖ ਵੱਖ ਖਣਿਜ ਤੇ ਪੌਸ਼ਟਿਕ ਗੁਣ ਹੁੰਦੇ ਹਨ, ਇਸ ਲਈ ਭਰਪੂਰ ਮਾਤਰਾ ਵਿਚ ਫਲ ਖਾਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਤਾਂ ਜੋ ਸਰੀਰ ਨੂੰ ਬਿਮਾਰੀਆਂ ਤੋਂ ਮੁਕਤ ਰੱਖਿਆ ਜਾ ਸਕੇ।

ਲਾਲ, ਸੰਤਰੀ ਤੇ ਪੀਲੇ ਰੰਗ ਦੇ ਫਲ ਜਿਵੇਂ ਕਿ ਖਰਬੂਜ਼ਾ, ਅੰਬ ਤੇ ਆੜੂ ਵਿਚ ਵਿਟਾਮਨ ਏ, ਸੀ ਤੇ ਈ ਦੀ ਮਾਤਰਾ ਹੁੰਦੀ ਹੈ ਜੋ ਕੈਂਸਰ ਦੀਆਂ ਕੁਝ ਕਿਸਮਾਂ ਖਿਲਾਫ਼ ਲੜਨ ਦੇ ਸਮਰਥ ਹੁੰਦੇ ਹਨ। ਇਸ ਤੋਂ ਇਲਾਵਾ ਵਿਟਾਮਨ ਏ, ਸੀ ਤੇ ਈ ਨਾਲ ਭਰਪੂਰ ਫਲਾਂ ਵਿਚ ਵਿਟਾਮਿਨ ਬੀ ਤੇ ਕੇ ਪਲੱਸ ਖਣਿਜ ਜਿਵੇਂ ਕਿ ਪੋਟਾਸ਼ੀਅਮ, ਕੈਲਸ਼ੀਅਮ, ਫਾਸਫੋਰਸ, ਮੈਗਨੀਜ਼ ਤੇ ਆਇਰਨ ਹੁੰਦੇ ਹਨ। ਇਨ੍ਹਾਂ ਵਿਚ ਵਿਟਾਮਨ ਸੀ ਤੇ ਈ ਵੀ ਵੱਡੀ ਮਾਤਰਾ ਵਿਚ ਹੁੰਦੇ, ਜੋ ਦੋਵੇਂ ਹੀ ਐਂਟੀਔਕਸੀਡੈਂਟਸ ਨਾਲ ਭਰੇ ਹੁੰਦੇ ਹਨ। ਕੁਝ ਫਲ ਮਨੁੱਖ ਲਈ ਬਹੁਤ ਲਾਹੇਵੰਦ ਹੁੰਦੇ ਹਨ ਜੋ ਇਸ ਪ੍ਰਕਾਰ ਹਨ-

1- ਚੈਰੀਜ਼ ਸਾਡੇ ਨਾੜੀ ਤੰਤਰ ਨੂੰ ਤੰਦਰੁਸਤ ਰੱਖਣ ਵਿਚ ਮਦਦ ਕਰਦੇ ਹਨ।

2- ਆੜੂ ਪੋਟਾਸ਼ੀਅਮ, ਫਲੋਰਾਈਡ ਤੇ ਆਇਰਨ ਭਰਪੂਰ ਹੁੰਦੇ ਹਨ।

3- ਖਰਬੂਜ਼ਾ ਸਾਡੇ ਦਿਲ ਦੀ ਧੜਕਨ ਨੂੰ ਕੰਟਰੋਲ ਵਿਚ ਰੱਖਦਾ ਹੈ।

4- ਸਟ੍ਰਾਬੈਰੀਜ਼ ਜਿਥੇ ਕੈਂਸਰ ਖਿਲਾਫ਼ ਲੜਨ ਦੇ ਸਮਰਥ ਬਣਾਉਂਦੀਆਂ ਹਨ, ਉਥੇ ਬੁਢਾਪੇ ਵੀ ਜਲਦੀ ਨਹੀਂ ਆਉਣ ਦਿੰਦੀਆਂ।

5- ਪਾਈਨੈਪਲ ਜੋੜਾਂ ਦੇ ਦਰਦ ਦਾ ਮੁਕਾਬਲਾ ਕਰਦਾ ਹੈ।

6- ਕਿਵੀ ਹੱਡੀਆਂ ਲਈ ਚੰਗੀਆਂ ਹੁੰਦੀਆਂ ਹਨ।

7- ਅੰਗੂਰ ਖੂਨ ਦੀਆਂ ਨਾੜੀਆਂ ਨੂੰ ਤੰਦਰੁਸਤ ਰੱਖਦੇ ਹਨ।

8- ਸੇਬ ਸਾਡੇ ਸਰੀਰ ਨੂੰ ਰੋਗਾਣੂਆਂ ਤੋਂ ਮੁਕਤ ਰੱਖਣ ਵਿਚ ਸਹਾਈ ਹੁੰਦੇ ਹਨ।

9- ਸੰਤਰੇ ਜਿਥੇ ਚਮੜੀ ਨੂੰ ਠੀਕ ਰੱਖਦੇ ਹਨ, ਉਥੇ ਨਜ਼ਰ ਲਈ ਵੀ ਲਾਹੇਵੰਦ ਹੁੰਦੇ ਹਨ।

10- ਕੇਲੇ ਸਾਨੂੰ ਊਰਜਾ ਦਿੰਦੇ ਹਨ।

11- ਬਲਿਊਬੈਰੀਜ਼ ਸਾਡੇ ਦਿਲ ਲਈ ਫਾਇਦੇਮੰਦ ਹਨ।

12-ਅੰਬ ਕਈ ਤਰ੍ਹਾਂ ਦੇ ਕੈਂਸਰਾਂ ਤੋਂ ਰੱਖਿਆ ਕਰਦੇ ਹਨ।

# ਦਿਲ ਦੇ ਦੌਰੇ ਤੋਂ ਬਚਾਏਗਾ ਤੇਜ਼ ਪ੍ਰਕਾਸ਼



ਵਾਸ਼ਿੰਗਟਨ (ਨਦਬ) ਹੁਣ ਤੇਜ਼ ਪ੍ਰਕਾਸ਼ ਦੀ ਵਰਤੋਂ ਨਾਲ ਦਿਲ ਦੇ ਦੌਰਿਆਂ ਦੇ ਖ਼ਤਰਿਆਂ ਤੋਂ ਬਚਿਆ ਜਾ ਸਕੇਗਾ। ਇਹ ਦਾਅਵਾ ਕੋਲੋਰਾਡੋ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਕੀਤਾ ਹੈ।

ਅਧਿਐਨ ਦਲ ਦੇ ਪ੍ਰਮੁੱਖ ਪ੍ਰੋਫੈਸਰ ਟੋਬਾਈਸ ਇਕਲੇ ਨੇ ਕਿਹਾ ਕਿ ਅਧਿਐਨ ਵਿਚ ਸੁਝਾਇਆ ਗਿਆ ਹੈ ਕਿ ਤੇਜ਼ ਰੌਸ਼ਨੀ ਜਾਂ ਦਿਨ ਦਾ ਪ੍ਰਕਾਸ਼ ਦਿਲ ਦਾ ਦੌਰਾ ਆਉਣ ਦੇ ਖ਼ਤਰੇ ਜਾਂ ਇਸ ਤੋਂ ਹੋਏ ਨੁਕਸਾਨ ਨੂੰ ਘੱਟ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਮਰੀਜ਼ਾਂ ਲਈ ਇਸ ਦਾ ਮਤਲਬ ਹੈ ਕਿ ਹਸਪਤਾਲ ਦੇ ਅੰਦਰ ਦਿਨ ਦਾ ਪ੍ਰਕਾਸ਼ ਦਿਲ ਦੇ ਦੌਰੇ ਨਾਲ ਹੋਏ ਨੁਕਸਾਨ ਨੂੰ ਘੱਟ ਕਰਨ ਵਿਚ ਸਹਾਇਕ ਹੋ ਸਕਦਾ ਹੈ, ਪਰ ਪ੍ਰਕਾਸ਼ ਅਤੇ ਸਾਇਓਕਾਰਡੀਅਲ ਰੋਧਗਲਨ ਨਾਲ ਕੀ ਸਬੰਧ ਹੋ ਸਕਦਾ ਹੈ, ਜਿਸ ਨੂੰ ਆਮ ਤੌਰ 'ਤੇ ਹਾਰਟ ਅਟੈਕ ਸਮਝਿਆ ਜਾਂਦਾ ਹੈ। ਇਸ 'ਤੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਮਨੁੱਖ ਸਰੀਰ ਦੀ ਜੈਵਿਕ ਘੜੀ ਦਾ ਸਬੰਧ ਹਨੇਰੇ ਅਤੇ ਪ੍ਰਕਾਸ਼ ਨਾਲ ਹੁੰਦਾ ਹੈ। ਜੈਵਿਕ ਘੜੀ ਦਿਮਾਗ ਦੇ ਪ੍ਰੋਟੀਨਾਂ ਨਾਲ ਚਲਦੀ ਹੈ, ਪਰ ਪ੍ਰੋਟੀਨ ਦਿਲ ਦੇ ਨਾਲ-ਨਾਲ ਹੋਰ ਅੰਗਾਂ ਵਿਚ ਵੀ ਹੁੰਦਾ ਹੈ। ਨੇਚਰ ਮੈਡੀਸਨ ਜਨਰਲ ਦੀ ਰਿਪੋਰਟ ਅਨੁਸਾਰ ਵਿਗਿਆਨੀਆਂ ਨੇ ਪਾਇਆ ਕਿ ਪੀਰੀਅਡ 2 ਨਾਮਕ ਪ੍ਰੋਟੀਨ ਦਿਲ ਦੇ ਦੌਰੇ ਨਾਲ ਹੋਏ ਨੁਕਸਾਨ ਨੂੰ ਘੱਟ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਦਿਲ ਦਾ ਦੌਰਾ ਪੈਣ 'ਤੇ ਦਿਲ ਵਿਚ ਆਕਸੀਜਨ ਨਹੀਂ ਪਹੁੰਚਦੀ। ਅਜਿਹੇ ਵਿਚ ਦਿਲ ਨੂੰ ਆਪਣੇ ਵਰਗਾ ਈਂਧਨ ਲੈਣ ਲਈ ਫੈਟ ਤੋਂ ਗਲੂਕੋਸਜ਼ ਵੱਲ ਰੁਖ਼ ਕਰਨਾ ਪੈਂਦਾ ਹੈ। ਦਿਲ ਵਿਚ ਇਹ ਪਰਿਵਰਤਨ ਨਾ ਹੋਣ 'ਤੇ ਕੋਸ਼ਿਕਾਵਾਂ ਮਰ ਜਾਂਦੀਆਂ ਹਨ ਅਤੇ ਦਿਲ ਨੂੰ ਨੁਕਸਾਨ ਪਹੁੰਚਦਾ ਹੈ। ਅਧਿਐਨ ਵਿਚ ਕਿਹਾ ਗਿਆ ਹੈ ਕਿ ਪੀਰੀਅਡ 2 ਪ੍ਰੋਟੀਨ ਈਂਧਨ ਦਾ ਫੈਟ ਨਾਲ ਗਲੂਕੋਜ਼ ਵਿਚ ਬਦਲਾਅ ਲਈ ਅਹਿਮ ਹੁੰਦਾ ਹੈ, ਜਿਸ ਨਾਲ ਦਿਲ ਦੀ ਕਿਰਿਆ ਜ਼ਿਆਦਾ ਪ੍ਰਭਾਵੀ ਹੋ ਜਾਂਦੀ ਹੈ।

ਪਸ਼ੂਆਂ ਵਿਚ ਤੇਜ਼ ਰੌਸ਼ਨੀ ਇਸੇ ਪੀਰੀਅਡ 2 ਨੂੰ ਪ੍ਰੇਰਤ ਕਰਦੀ ਹੈ ਅਤੇ ਦਿਲ ਦੇ ਦੌਰੇ ਦਾ ਖ਼ਤਰਾ ਘਟਾ ਦਿੰਦੀ ਹੈ। ਭਵਿੱਖ ਵਿਚ ਹੋਣ ਵਾਲੀ ਸਟੱਡੀ ਤੋਂ ਇਹ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਪ੍ਰਕਾਸ਼ ਮਨੁੱਖ ਵਿਚ ਦਿਲ ਦੀ ਕਿਰਿਆ ਨੂੰ ਕਿਵੇਂ ਬਦਲਨ ਵਿਚ ਸਮਰਥ ਹੋਵੇਗਾ ਅਤੇ ਦਿਲ ਦੇ ਮਰੀਜ਼ਾਂ ਦੇ ਇਲਾਜ ਵਿਚ ਇਸ ਨੂੰ ਕਿਵੇਂ ਵਰਤਿਆ ਜਾ ਸਕੇਗਾ।

### ਕਿਵੇਂ ਕੰਮ ਕਰਦਾ ਹੈ ਦਿਲ

ਮਨੁੱਖ ਦਾ ਦਿਲ ਸਰੀਰ ਵਿਚ ਖ਼ੂਨ ਨੂੰ ਪ੍ਰਵਾਹਤ ਕਰਦਾ ਹੈ ਅਤੇ ਜਦੋਂ ਇਸ ਵਿਚ ਖ਼ੂਨ ਨੂੰ ਪ੍ਰਵਾਹਤ ਕਰਨ ਦੀ ਸਮਰਥਾ ਘੱਟ ਹੋ ਜਾਂਦੀ ਹੈ ਤਾਂ ਇਸ ਵਿਚ ਖ਼ੂਨ ਭਰ ਜਾਂਦਾ ਹੈ ਅਤੇ ਕੁਝ ਸਮੇਂ ਤੱਕ ਉਹ ਖਿਚ ਜਾਂਦਾ ਹੈ। ਦਿਲ ਦਾ ਆਕਾਰ ਜਿੰਨਾ ਵੱਡਾ ਹੁੰਦਾ ਹੈ, ਮੁਸ਼ਕਲ ਵੀ ਉਨੀ ਹੀ ਵਧਦੀ ਜਾਂਦੀ ਹੈ। ਸਰਜਨ ਇਸੇ ਨੁਕਸਾਨ ਨੂੰ ਘੱਟ ਕਰਨ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ।




# ਮੋਬਾਈਲ ਤੋਂ ਸਿਹਤ ਨੂੰ ਖ਼ਤਰੇ ਦੇ ਸਬੂਤ ਨਹੀਂ !



ਐਚ.ਪੀ.ਏ ਦੀ ਇਹ ਖੋਜ ਮੋਬਾਈਲ ਅਤੇ ਸਿਹਤ 'ਤੇ ਇਸ ਦੇ ਅਸਰ ਨਾਲ ਸਬੰਧਤ ਹੁਣ ਤੱਕ ਦੀ ਸਭ ਤੋਂ ਵੱਡੀ ਖੋਜ ਹੈ। ਬਰਤਾਨੀਆ ਦੀ ਸਿਹਤ ਸੁਰੱਖਿਆ ਏਜੰਸੀ ਵੱਲੋਂ ਕਰਵਾਈ ਖੋਜ ਅਨੁਸਾਰ ਹਾਲੇ ਤੱਕ ਉਨ੍ਹਾਂ ਨੂੰ ਅਜਿਹੇ ਕੋਈ ਸਬੂਤ ਨਹੀਂ ਮਿਲੇ ਹਨ, ਜਿਸ ਨਾਲ ਇਹ ਸਾਬਤ ਹੋ ਸਕੇ ਕਿ ਮੋਬਾਈਲ ਦੀ ਵਰਤੋਂ ਨਾਲ ਸਿਹਤ 'ਤੇ ਬੁਰਾ ਅਸਰ ਪੈਂਦਾ ਹੈ।

ਸੈਂਕੜੇ ਮੋਬਾਈਲ ਖਪਤਕਾਰਾਂ 'ਤੇ ਕੀਤੀ ਗਈ ਖੋਜ ਵਿਚ ਵਿਗਿਆਨੀਆਂ ਨੂੰ ਮੋਬਾਈਲ ਦੀ ਵਰਤੋਂ ਨਾਲ ਕੈਂਸਰ, ਦਿਮਾਗ ਨਾਲ ਸਬੰਧਤ ਬਿਮਾਰੀ ਜਾਂ ਨਾਮਰਦਾਨਗੀ ਵਰਗੀਆਂ ਬਿਮਾਰੀਆਂ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ ਹੈ। ਹਾਲਾਂਕਿ ਖੋਜ ਕਰਤਾਵਾਂ ਦਾ ਮੰਨਣਾ ਹੈ ਕਿ ਇਸ ਸਬੰਧ ਵਿਚ ਖੋਜ ਅੱਗੇ ਵੀ ਜਾਰੀ ਰਹਿਣੀ ਚਾਹੀਦੀ ਹੈ ਕਿਉਂਕਿ ਮੋਬਾਈਲ ਫੋਨ ਨੂੰ ਲੰਬੇ ਸਮੇਂ ਤੱਕ ਵਰਤਣ ਨਾਲ ਸਿਹਤ 'ਤੇ ਪੈਣ ਵਾਲੇ ਪ੍ਰਭਾਵ ਬਾਰੇ ਕੋਈ ਖਾਸ ਜਾਣਕਾਰੀ ਹਾਲੇ ਤੱਕ ਉਨ੍ਹਾਂ ਦੇ ਹੱਥ ਨਹੀਂ ਲੱਗੀ।

ਸਿਹਤ ਸੁਰੱਖਿਆ ਏਜੰਸੀ ਐਚ.ਪੀ.ਏ ਦਾ ਮੰਨਣਾ ਹੈ ਕਿ ਬੱਚਿਆਂ ਨੂੰ ਮੋਬਾਈਲ ਦੀ ਜ਼ਿਆਦਾ ਵਰਤੋਂ ਤੋਂ ਬਚਣਾ ਚਾਹੀਦਾ ਹੈ। ਐਚ.ਪੀ.ਏ ਦੀ ਇਹ ਖੋਜ ਮੋਬਾਈਲ ਅਤੇ ਸਿਹਤ 'ਤੇ ਇਸ ਦੇ ਅਸਰ ਨਾਲ ਸਬੰਧਤ ਹੁਣ ਤੱਕ ਦੀ ਸਭ ਤੋਂ ਵੱਡੀ ਖੋਜ ਹੈ।

### ਰੇਡੀਓ ਫ੍ਰਿਕਵੈਂਸੀ

ਬਰਤਾਨੀਆ ਵਿਚ ਫਿਲਹਾਲ ਲਗਪਗ ਅੱਠ ਕਰੋੜ ਮੋਬਾਈਲ ਖਪਤਕਾਰ ਹਨ ਅਤੇ ਖੋਜਕਰਤਾਵਾਂ ਦਾ ਕਹਿਣਾ ਹੈ ਕਿ ਟੀ.ਵੀ., ਵਾਈ-ਫਾਈ ਇੰਟਰਨੈਟ ਦੀ ਵਰਤੋਂ ਨਾਲ ਜ਼ਿਆਦਾਤਰ ਲੋਕ ਉਂਝ ਵੀ ਹੇਠਲੇ ਪੱਧਰੀ ਰੇਡੀਓ ਫ੍ਰਿਕਵੈਂਸੀ ਦੇ ਪ੍ਰਭਾਵ ਖੇਤਰ ਵਿਚ ਰਹਿੰਦੇ ਹਨ। ਖੋਜਕਰਤਾ ਪ੍ਰੋ. ਐਂਥਨੀ ਸਵਰਡਲੋ ਅਨੁਸਾਰ, ''ਇਸ ਖੋਜ ਦੇ ਪੁਖ਼ਤਾ ਹੋਣ ਦੇ ਬਾਵਜੂਦ ਮੈਨੂੰ ਲੱਗਦਾ ਹੈ ਕਿ ਸਾਨੂੰ ਇਸ ਸਬੰਧ ਵਿਚ ਕੰਮ ਜਾਰੀ ਰੱਖਣਾ ਚਾਹੀਦਾ ਹੈ।''

ਖੋਜਕਰਤਾਵਾਂ ਨਾਲ ਕੰਮ ਕਰ ਰਹੇ ਮਾਹਰਾਂ ਦਾ ਕਹਿਣਾ ਹੈ ਕਿ ਬਰਤਾਨੀਆ ਵਿਚ ਜਿਹੜੇ ਲੋਕਾਂ 'ਤੇ ਖੋਜ ਕੀਤੀ ਗਈ ਹੈ, ਉਸ ਵਿਚੋਂ ਕਿਸੇ ਨੇ ਵੀ ਮੋਬਾਈਲ ਵਰਤੋਂ ਤੋਂ ਬਾਅਦ ਸਿਹਤ ਸਬੰਧੀ ਸ਼ਿਕਾਇਤ ਨਹੀਂ ਕੀਤੀ। ਇਨ੍ਹਾਂ ਲੋਕਾਂ ਵਿਚ ਉਹ ਵੀ ਸ਼ਾਮਲ ਸਨ, ਜਿਨ੍ਹਾਂ ਦੀ ਸਿਹਤ ਰੇਡੀਓ ਫ੍ਰਿਕਵੈਂਸੀ ਪ੍ਰਤੀ ਸੰਵੇਦਨਸ਼ੀਲ ਹੈ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਪੰਜ ਸਾਲ ਜਾਂ ਉਸ ਤੋਂ ਜ਼ਿਆਦਾ ਸਮੇਂ ਤੱਕ ਮੋਬਾਈਲ ਦੀ ਵਰਤੋਂ ਕਰਨ ਨਾਲ ਸਿਹਤ 'ਤੇ ਹੋਣ ਵਾਲੇ ਅਸਰ ਬਾਰੇ ਹਾਲੇ ਤੱਕ ਕੋਈ ਖਾਸ ਜਾਣਕਾਰੀ ਨਹੀਂ ਮਿਲੀ ਹੈ।

ਇਸ ਖੋਜ ਦੀ ਪ੍ਰਧਾਨਗੀ ਕਰਨ ਵਾਲੇ ਵਿਗਿਆਨਕ ਪ੍ਰੋ. ਐਂਥਨੀ ਸਵਰਡਲੋ ਨੇ ਕਿਹਾ, ''ਇਸ ਖੋਜ ਦੇ ਪੁਖ਼ਤਾ ਹੋਣ ਦੇ ਬਾਵਜੂਦ ਮੈਨੂੰ ਲਗਦਾ ਹੈ ਕਿ ਸਾਨੂੰ ਇਸ ਸਬੰਧ ਵਿਚ ਕੰਮ ਜਾਰੀ ਰੱਖਣਾ ਚਾਹੀਦਾ ਹੈ।'' ਐਚ.ਪੀ.ਏ ਨੇ ਇਸ ਸਬੰਧ ਵਿਚ ਸਾਲ 2003 ਵਿਚ ਇਕ ਖੋਜ ਕੀਤੀ ਸੀ, ਜਿਸ ਵਿਚ ਇਹੀ ਦੱਸਿਆ ਗਿਆ ਸੀ ਕਿ ਮੋਬਾਈਲ ਦਾ ਸਿਹਤ ਲਈ ਖ਼ਤਰਨਾਕ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ ਹੈ।

# ਐਥਲੀਟਾਂ 'ਤੇ ਨਹੀਂ ਲੱਗੇਗੀ ਉਮਰ ਭਰ ਪਾਬੰਦੀ



ਬਰਤਾਨੀਆ ਵਿਚ ਪਾਬੰਦੀਸ਼ੁਦਾ ਦਵਾਈ ਲੈਣ ਦੇ ਦੋਸ਼ੀ ਪਾਏ ਗਏ ਐਥਲੀਟ ਹੁਣ ਲੰਡਨ ਓਲੰਪਿਕ ਵਿਚ ਹਿੱਸਾ ਲੈ ਸਕਣਗੇ ਕਿਉਂਕਿ ਅਦਾਲਤ ਨੇ ਬ੍ਰਿਟਿਸ਼ ਓਲੰਪਿਕ ਐਸੋਸੀਏਸ਼ਨ (ਬੀ.ਓ.ਏ) ਦੀ ਉਮਰ ਭਰ ਪਾਬੰਦੀ ਦੀ ਨੀਤੀ ਨੂੰ ਖਾਰਜ ਕਰ ਦਿੱਤਾ ਹੈ।

ਖੇਡ ਮਾਮਲਿਆਂ ਦੀ ਵਿਚੋਲਗੀ ਕਰਨ ਵਾਲੀ ਅਦਾਲਤ ਵਿਚ ਇਸ ਮਾਮਲੇ 'ਤੇ ਚੱਲ ਰਹੀ ਸੁਣਵਾਈ ਵਿਚ ਬ੍ਰਿਟਿਸ਼ ਓਲੰਪਿਕ ਐਸੋਸੀਏਸ਼ਨ ਅਤੇ ਵਿਸ਼ਵ ਐਂਟੀ ਡੋਪਿੰਗ ਏਜੰਸੀ ਵਿਚਾਲੇ ਮਾਮਲਾ ਸੀ, ਜੋ ਐਸੋਸੀਏਸ਼ਨ ਹਾਰ ਗਈ। ਇਸ ਦਾ ਭਾਵ ਇਹ ਹੋਇਆ ਕਿ ਧਾਵਕ ਡਵੇਨ ਚੈਂਬਰਸ ਅਤੇ ਸਾਈਕਲ ਚਾਲਕ ਡੇਵਿਡ ਮਿਲਰ ਲੰਡਨ ਓਲੰਪਿਕ ਵਿਚ ਬਰਤਾਨੀਆ ਦੀ ਟੀਮ ਦਾ ਹਿੱਸਾ ਬਣਨ ਲਈ ਪੂਰੀ ਕੋਸ਼ਿਸ਼ ਕਰ ਸਕਦੇ ਹਨ। ਇਨ੍ਹਾਂ ਦੋਵਾਂ 'ਤੇ ਪਾਬੰਦੀਸ਼ੁਦਾ ਦਵਾਈਆਂ ਲੈਣ ਦੇ ਦੋਸ਼ ਵਿਚ ਉਮਰ ਭਰ ਪਾਬੰਦੀ ਲਗਾਈ ਗਈ ਸੀ। 34 ਸਾਲਾ ਚੈਂਬਰ ਅਤੇ 36 ਸਾਲਾ ਮਿਲਰ ਜੇਕਰ ਤੈਅ ਮਾਪਦੰਡਾਂ 'ਤੇ ਖਰੇ ਉਤਰਦੇ ਹਨ ਤਾਂ ਉਹ ਟੀਮ ਦਾ ਹਿੱਸਾ ਬਣ ਸਕਦੇ ਹਨ। ਦੋਵੇਂ ਹੀ ਐਥਲੀਟ ਲੰਬੇ ਸਮੇਂ ਤੋਂ ਵਿਸ਼ਵ ਐਂਟੀ ਡੋਪਿੰਗ ਏਜੰਸੀ ਨਾਲ ਕੰਮ ਕਰ ਰਹੇ ਸਨ ਤਾਂ ਕਿ ਉਨ੍ਹਾਂ 'ਤੇ ਲੱਗੀ ਪਾਬੰਦੀ ਖ਼ਤਮ ਹੋਵੇ। ਬੀ.ਓ.ਏ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਦੋਸ਼ੀ ਪਾਏ ਗਏ ਖਿਡਾਰੀਆਂ 'ਤੇ ਉਮਰ ਭਰ ਪਾਬੰਦੀ ਲਗਾਉਣ ਦਾ ਅਧਿਕਾਰ ਹੈ।

**ਮਿਸ਼ੇਲ ਵੇਰੋਰਕਨ**

ਬਰਤਾਨੀਆ ਵਿਚ ਐਂਟੀ ਡੋਪਿੰਗ ਕੰਸਲਟੈਂਸੀ ਦੇ ਡਾਇਰੈਕਟਰ ਮਿਸ਼ੇਲ ਵੇਰੋਰਕਨ ਦਾ ਕਹਿਣਾ ਸੀ, "ਮੈਂ ਤਾਂ ਐਥਲੀਟਾਂ ਅਤੇ ਬੀ.ਓ.ਏ ਦੋਵਾਂ ਲਈ ਦੁਖੀ ਹਾਂ। ਇਹ ਕਾਨੂੰਨ 20 ਸਾਲ ਤੋਂ ਹੈ ਅਤੇ ਹੁਣ ਅਦਾਲਤ ਨੇ ਫੈਸਲਾ ਦਿੱਤਾ ਹੈ ਕਿ ਇਸ ਕਾਨੂੰਨ ਨੂੰ ਹਟਾਇਆ ਜਾਣਾ ਚਾਹੀਦਾ ਹੈ। ਇਸ ਦਾ ਮਤਲਬ ਹੈ ਕਿ ਹੁਣ ਬੀ.ਓ.ਏ ਨੂੰ ਆਪਣੀ ਹੀ ਟੀਮ ਚੁਣਨ ਦਾ ਅਧਿਕਾਰ ਨਹੀਂ ਹੋਵੇਗਾ। ਜੋ ਪਹਿਲਾਂ ਦੋਸ਼ੀ ਪਾਏ ਜਾ ਚੁੱਕੇ ਹਨ, ਉਨ੍ਹਾਂ ਨਾਲ ਬਾਕੀ ਐਥਲੀਟਾਂ ਨੂੰ ਮੁਸ਼ਕਲ ਵੀ ਹੋ ਸਕਦੀ ਹੈ।" ਇਹ ਕਾਨੂੰਨ 20 ਸਾਲ ਪਹਿਲਾਂ ਲਿਆਇਆ ਗਿਆ ਸੀ, ਜਿਸ ਕਾਰਨ ਲੰਬੇ ਸਮੇਂ ਤੋਂ ਕਈ ਬਰਤਾਨਵੀ ਐਥਲੀਟ ਦੋਸ਼ੀ ਪਾਏ ਜਾਣ ਤੋਂ ਬਾਅਦ ਕਿਸੇ ਹੋਰ ਖੇਡ ਵਿਚ ਹਿੱਸਾ ਨਹੀਂ ਲੈ ਸਕੇ। ਚੈਂਬਰਸ ਲਗਾਤਾਰ ਇਸ ਕਾਨੂੰਨ ਨੂੰ ਖ਼ਤਮ ਕਰਨ ਦੀ ਮੰਗ ਕਰਦੇ ਰਹੇ ਹਨ।

# ਓਲੰਪਿਕ ਸੁਰੱਖਿਆ : ਅਜਿਹੀ ਹੋਵੇਗੀ ਲੰਡਨ ਪੁਲਿਸ ਅਤੇ ਘਰਾਂ 'ਚ ਲੱਗਣਗੀਆਂ ਮਿਜ਼ਾਇਲਾਂ




ਦੂਰ ਤੋਂ ਦੇਖਣ 'ਤੇ ਇਹ ਕੋਈ ਸ਼ੱਕੀ ਅੱਤਵਾਦੀ ਲੱਗਦਾ ਹੈ, ਪਰ ਇਹ ਅਸਲ ਵਿਚ ਲੰਡਨ ਪੁਲਿਸ ਦਾ ਜਵਾਨ ਹੈ। ਓਲੰਪਿਕ ਖੇਡਾਂ ਦੀ ਸੁਰੱਖਿਆ ਵਿਚ ਤਾਇਨਾਤ ਲੰਡਨ ਪੁਲਿਸ ਦੇ ਜਵਾਨ ਇਸੇ ਰੂਪ ਵਿਚ ਦਿਖਣਗੇ। ਆਧੁਨਿਕ ਹਥਿਆਰਾਂ ਨਾਲ ਲੈਸ ਅਤੇ ਕਮਿਊਨਿਕੇਸ਼ਨ ਡਿਵਾਈਸੇਜ ਨਾਲ ਲੈਸ ਇਨ੍ਹਾਂ ਜਵਾਨਾਂ ਦੀ ਨਜ਼ਰ ਚਾਰੇ ਪਾਸੇ ਹੋਵੇਗੀ।

# ਮਰਚੈਂਟ ਨੇ ਠੁਕਰਾ ਦਿੱਤੀ ਸੀ ਰਾਜ ਸਭਾ ਦੀ ਪੇਸ਼ਕਸ਼

ਵਡੋਦਰਾ, (ਕੁਨਾਲ ਪੇਠੇ) - ਸਚਿਨ ਤੇਂਦੂਲਕਰ ਦਾ ਰਾਜ ਸਭਾ ਵਿਚ ਜਾਣਾ ਇਨ੍ਹੀਂ ਦਿਨੀਂ ਚਰਚਾ ਵਿਚ ਹੈ। ਅਜਿਹੀ ਹੀ ਚਰਚਾ 1978 ਵਿਚ ਹੋਈ ਸੀ। ਕ੍ਰਿਕਟਰ ਵਿਜੇ ਮਰਚੈਂਟ ਨੂੰ ਉਚ ਸਦਨ ਦੀ ਮੈਂਬਰਤਾ ਦੀ ਪੇਸ਼ਕਸ਼ ਮਿਲੀ ਸੀ।



ਤਤਕਾਲੀਨ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਨੇ ਇਹ ਪ੍ਰਸਤਾਵ ਦਿੱਤਾ ਸੀ। ਪਰ ਮਰਚੈਂਟ ਨੇ ਇਸ ਨੂੰ ਠੁਕਰਾ ਦਿੱਤਾ ਸੀ। ਬਾਵਜੂਦ ਇਸ ਦੇ ਕਿ ਉਹ ਕ੍ਰਿਕਟ ਤੋਂ ਉਸ ਸਮੇਂ ਸੰਨਿਆਸ ਲੈ ਚੁੱਕੇ ਸਨ। ਮੋਰਾਰਜੀ ਦੇ ਜੁਆਇੰਟ ਸੈਕਟਰੀ ਰਹੇ ਹੰਸਮੁੱਖ ਸ਼ਾਹ ਨੇ ਇਹ ਜਾਣਕਾਰੀ ਦਿੱਤੀ।

ਉਨ੍ਹਾਂ ਦੱਸਿਆ ਕਿ ਅਪ੍ਰੈਲ 1978 ਵਿਚ ਰਾਜ ਸਭਾ ਦੀਆਂ ਚਾਰ ਸੀਟਾਂ

**ਕਿਹਾ ਸੀ, ਅਪਾਹਜਾਂ ਦੀ ਸੇਵਾ ਅਤੇ ਉਨ੍ਹਾਂ ਦਾ ਪੁਨਰਵਾਸ ਮੇਰੇ ਲਈ ਜ਼ਿਆਦਾ ਮਹੱਤਵਪੂਰਨ ਕੰਮ**

ਖਾਲੀ ਹੋਈਆਂ ਸਨ। ਵਿਜੇ ਮਰਚੈਂਟ ਸਮਾਜ ਸੇਵਾ ਵਿਚ ਸਰਗਰਮ ਸਨ। ਮੋਰਾਰਜੀ ਉਨ੍ਹਾਂ ਨੂੰ ਰਾਜ ਸਪਾ ਮੈਂਬਰ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਮੈਨੂੰ ਮਰਚੈਂਟ ਨਾਲ ਗੱਲ ਕਰਨ ਦੀ ਜ਼ਿੰਮੇਵਾਰੀ ਸੌਂਪੀ। ਮੈਂ ਗੱਲ ਕੀਤੀ। ਪਰ ਮਰਚੈਂਟ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਸ਼ਾਹ ਨੇ ਕਿਹਾ ਕਿ ਮਰਚੈਂਟ ਨੇ ਮੋਰਾਰਜੀ ਨੂੰ ਚਿੱਠੀ ਲਿਖ ਕੇ ਕਿਹਾ ਸੀ ਕਿ ਉਨ੍ਹਾਂ ਦੇ ਮਨ ਵਿਚ ਅਪਾਹਜਾਂ ਦੀ ਸੇਵਾ ਅਤੇ ਉਨ੍ਹਾਂ ਦੇ ਪੁਨਰਵਾਸ ਦਾ ਕੰਮ ਜ਼ਿਆਦਾ ਮਹੱਤਵਪੂਰਨ ਹੈ। ਸ਼ਾਹ ਅਨੁਸਾਰ ਪੇਸ਼ਕਸ਼ ਸੁਣ ਕੇ ਮਰਚੈਂਟ ਨੇ ਕਿਹਾ ਕਿ ਉਨ੍ਹਾਂ ਲਈ ਇਹ ਵੱਡਾ ਸਨਮਾਨ ਹੈ। ਦਿਲ ਚਾਹੁੰਦਾ ਹੈ ਕਿ ਇਸ ਨੂੰ ਸਵੀਕਾਰ ਕਰ ਲਵਾਂ, ਪਰ ਕਮਜ਼ੋਰ ਸਿਹਤ ਕਾਰਨ ਮੈਂ ਹਵਾਈ ਯਾਤਰਾ ਨਹੀਂ ਕਰ ਸਕਦਾ। ਇਸ ਲਈ ਰੇਲ 'ਚ ਹੀ ਆਉਣ-ਜਾਣ ਕਰਨਾ ਪੈਂਦਾ ਹੈ। ਮੈਂ ਰਾਜ ਸਭਾ ਦੀ ਇਕ ਵੀ ਬੈਠਕ ਵਿਚ ਹਿੱਸਾ ਨਹੀਂ ਲੈ ਸਕਾਂਗਾ। ਰੇਲ ਯਾਤਰਾ ਵਿਚ ਹੀ ਸਮਾਂ ਨਿਕਲ ਜਾਵੇਗਾ। ਇਸ ਨਾਲ ਮੇਰੀਆਂ ਸਮਾਜਿਕ ਗਤੀਵਿਧੀਆਂ ਵਿਚ ਰੁਕਾਵਟ ਆਵੇਗੀ।

# ਲੰਡਨ ਜਾਣ ਵਾਲੇ ਸਭ ਤੋਂ ਛੋਟੀ ਉਮਰ ਦੇ ਮੁੱਕੇਬਾਜ਼ ਹੋਣਗੇ ਥਾਪਾ




ਦੋ ਹੋਰ ਭਾਰਤੀ ਮੁੱਕੇਬਾਜ਼ਾਂ ਸ਼ਿਵਾ ਥਾਪਾ ਅਤੇ ਸੁਮਿਤ ਸਾਂਗਵਾਨ ਨੇ ਲੰਡਨ ਓਲੰਪਿਕ ਲਈ ਕੁਆਲੀਫਾਈ ਕਰ ਲਿਆ ਹੈ। 18 ਸਾਲਾ ਥਾਪਾ ਭਾਰਤ ਵਲੋਂ ਕੁਆਲੀਫਾਈ ਕਰਨ ਵਾਲੇ ਸਭ ਤੋਂ ਛੋਟੇ ਨੌਜਵਾਨ ਮੁੱਕੇਬਾਜ਼ ਹਨ। ਉਂਝ ਭਾਰਤ ਨੂੰ ਉਦੋਂ ਦੋ ਹੋਰ ਝਟਕੇ ਲੱਗੇ, ਜਦੋਂ ਪਰਮਜੀਤ ਸਮੋਟਾ 91 ਕਿਲੋਗ੍ਰਾਮ ਤੋਂ ਜ਼ਿਆਦਾ ਵਜ਼ਨ ਵਰਗ ਵਿਚ ਅਤੇ ਮਨਪ੍ਰੀਤ ਸਿੰਘ 91 ਕਿਲੋਗ੍ਰਾਮ ਦੇ ਵਰਗ 'ਚ ਸੈਮੀਫਾਈਨਲ ਵਿਚ ਹਾਰ ਗਏ। ਕਜ਼ਾਖ਼ਸਤਾਨ ਦੇ ਅਸਤਾਨਾ ਵਿਚ 81 ਕਿਲੋਗ੍ਰਾਮ ਵਰਗ ਵਿਚ ਸਾਂਗਵਾਨ ਨੇ ਅਤੇ 56 ਕਿਲੋਗ੍ਰਾਮ ਵਰਗ ਵਿਚ ਥਾਪਾ ਨੇ ਫਾਈਨਲ ਵਿਚ ਜਗ੍ਹਾ ਬਣਾਈ। ਸੁਮਿਤ ਨੇ 2009 ਦੀ ਏਸ਼ਿਆਈ ਚੈਂਪੀਅਨਸ਼ਿਪ ਦੇ ਕਾਂਸਾ ਤਮਗਾ ਜੇਤੂ ਜਾਰਡਨ ਦੇ ਈਹਾਬ ਅਲਮਾਤ ਦੌਲਤ ਨੂੰ ਹਰਾਇਆ। ਸੁਮਿਤ ਨੇ 24-12 ਨਾਲ ਜਿੱਤ ਹਾਸਲ ਕੀਤੀ ਅਤੇ ਹੁਣ ਉਨ੍ਹਾਂ ਦਾ ਘੱਟੋ ਘੱਟ ਚਾਂਦੀ ਦਾ ਤਮਗਾ ਪੱਕਾ ਹੋ ਗਿਆ ਹੈ। ਇਸ ਤਰ੍ਹਾਂ ਭਾਰਤ ਦੇ ਕੁੱਲ ਸੱਤ ਮੁੱਕੇਬਾਜ਼ਾਂ ਨੂੰ ਓਲੰਪਿਕ ਦਾ ਟਿਕਟ ਮਿਲ ਗਿਆ ਹੈ। ਇਸ ਤੋਂ ਪਹਿਲਾਂ ਬੀਜਿੰਗ ਵਿਚ ਭਾਰਤ ਦੇ ਪੰਜ ਮੁੱਕੇਬਾਜ਼ ਓਲੰਪਿਕ ਵਿਚ ਉਤਰੇ ਸਨ।

# ਗਿੰਨੀ ਮੈਮੋਰੀਅਲ ਕੱਲਬ ਦੀ ਝੰਡੀ



ਐਡਮਿੰਟਨ,(ਨਦਬ): ਕੈਨੇਡਾ ਦੇ ਐਡਮਿੰਟਨ, ਅਲਬਰਟਾ ਖੇਤਰ ਦੇ ਭਾਈਚਾਰੇ ਲਈ ਖੇਡਾਂ ਦੇ ਪ੍ਰਚਾਰ ਦੇ ਮਕਸਦ ਨਾਲ ਇਕ ਸਵੈ ਸੇਵੀ ਜਥੇਬੰਦੀ ਗਿੰਨੀ ਮੈਮੋਰੀਅਲ ਸਪੋਰਟਸ ਐਂਡ ਕਲਚਰਲ ਕੱਲਬ ਕੰਮ ਕਰ ਰਹੀ ਹੈ। ਇਹ ਕਲੱਬ ਸਥਾਨਕ ਭਾਈਚਾਰੇ ਦੀ ਨੌਜਵਾਨ ਪੀੜ੍ਹੀ 'ਚ ਕ੍ਰਿਕਟ ਨੂੰ ਉਤਸ਼ਾਹਤ ਕਰਨ ਲਈ ਵਚਨਬੱਧ ਹੈ। ਇਸ ਕੱਲਬ ਨੇ 1912 'ਚ ਸਥਾਪਤ ਹੋਈ ਐਡਮਿੰਟਨ ਡਿਸਟ੍ਰਿਕਟ ਕ੍ਰਿਕਟ ਲੀਗ (ਈ.ਡੀ.ਸੀ.ਐਲ.) ਵਿਚ ਕਈ ਵਾਰੀ ਭਾਗ ਲਿਆ ਹੈ। ਖੇਡਾਂ ਤੋਂ ਇਲਾਵਾ ਇਹ ਕੱਲਬ ਸਭਿਆਚਾਰਕ ਸਰਗਰਮੀਆਂ ਅਤੇ ਪ੍ਰੋਗਰਾਮਾਂ ਦਾ ਵੀ ਆਯੋਜਨ ਕਰਦੀ ਹੈ ਜਿਸ ਨਾਲ ਵੱਖ-ਵੱਖ ਸਭਿਆਚਾਰਕ ਪਿਛੋਕੜ ਦੇ ਬਾਵਜੂਦ ਸਾਰੇ ਲੋਕਾਂ 'ਚ ਦੋਸਤੀ ਅਤੇ ਭਾਈਚਾਰੇ ਦੀ ਸੱਚੀ ਭਾਵਨਾ ਪੈਦਾ ਹੁੰਦੀ ਹੈ। ਇਸ ਸਾਲ ਆਪਣੀ ਸ਼ਾਨਦਾਰ ਸ਼ੁਰੂਆਤ ਕਰਦਿਆਂ ਗਿੰਨੀ ਮੈਮੋਰੀਅਲ ਸਪੋਰਟਸ ਐਂਡ ਕਲਚਰਲ ਕੱਲਬ ਮਿਲਵੁਡ ਕ੍ਰਿਕਟ ਗਰਾਉਂਡ ਵਿਖੇ ਹੋਏ ਫਾਈਨਲ ਮੁਕਾਬਲੇ 'ਚ ਗੁੱਡ ਟਾਈਮਸ ਸਪੋਟਰਸ ਕੱਲਬ ਨੂੰ 44 ਦੌੜਾਂ ਨਾਲ ਹਰਾ ਕੇ ਦੂਜੀ ਡਵੀਜ਼ਨ ਦੇ ਟਾਈਟਲ 'ਤੇ ਕਾਬਜ਼ ਹੋ ਗਿਆ ਹੈ। ਇਸ ਜਿੱਤ ਨਾਲ ਇਹਨੇ ਇਸੇ ਸਾਲ ਹੋਣ ਵਾਲੀ ਪਹਿਲੀ ਡਵੀਜ਼ਨ ਲੀਗ ਲਈ ਆਪਣੀ ਥਾਂ ਬਣਾ ਲਈ ਹੈ। ਜਿਹੜੇ ਇੱਛੁਕ ਖਿਡਾਰੀ ਕ੍ਰਿਕਟ ਖੇਡਣ ਦੇ ਇੱਛੁਕ ਹਨ ਉਹ 20 ਮਈ 2012 'ਚ ਸ਼ੁਰੂ ਹੋਣ ਵਾਲੇ ਟ੍ਰੇਨਿੰਗ ਸੈਸ਼ਨ ਲਈ ਕੱਲਬ ਦੇ ਬਾਨੀ ਅੰਮ੍ਰਿਤ ਬਰਾੜ ਨਾਲ (780)707 3756 'ਤੇ ਸੰਪਰਕ ਕਰ ਸਕਦੇ ਹਨ।

GLOBAL

GLOBAL RESP CORPORATION
Approved Distributor of the Global Educational Trust Plan (Global Plan)

# ਕੀ ਤੁਸੀਂ ਆਪਣੇ ਬੱਚੇ ਨੂੰ ਡਾਕਟਰ, ਟੀਚਰ ਜਾਂ ਇੰਜਨੀਅਰ ਬਣਾਉਣ ਦਾ ਸੁਪਨਾ ਦੇਖ ਰਹੇ ਹੋ?

## ਕੀ ਤੁਸੀਂ ਆਪਣੇ ਬੱਚੇ ਦੇ ਐਜੂਕੇਸ਼ਨ ਸੇਵਿੰਗ ਪਲੈਨ ਦੀ ਚੋਣ ਕਰਨ ਲਈ ਉਲਝਣ ਵਿੱਚ ਹੋ?

- ਜੇ ਤੁਸੀਂ ਘੱਟ ਆਮਦਨ ਵਾਲੇ ਪਰਿਵਾਰ ਵਿੱਚ ਆਉਂਦੇ ਹੋ ਤਾਂ ਤੁਸੀਂ ਵਾਧੂ ਸਰਕਾਰੀ ਗਰਾਂਟਾਂ ਦੇ ਹੱਕਦਾਰ ਹੋ।
- ਜੇਕਰ ਤੁਹਾਡਾ ਬੱਚਾ ਸਾਲ 2004 ਜਾਂ ਉਸ ਤੋਂ ਬਾਅਦ ਪੈਦਾ ਹੋਇਆ ਹੈ ਤਾਂ ਵੀ ਤੁਸੀਂ ਵਾਧੂ ਸਰਕਾਰੀ ਗਰਾਂਟਾਂ ਦੇ ਹੱਕਦਾਰ ਹੋ।
- ਅਸੀਂ ਗਲੋਬਲ ਐਜੂਕੇਸਨ ਟਰੱਸਟ ਪਲੈਨ ਰਾਹੀਂ ਤੁਹਾਡੇ ਬੱਚੇ ਦੇ ਸੋਹਣੇ ਭਵਿੱਖ ਦੇ ਸੁਪਨੇ ਸਾਕਾਰ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।




- Families with low income may be eligible to receive more CESG yearly for each of their children
- Children born on or after January 1, 2004 can be eligible for the CLB when the family receives the National Child Benefit (NCB) Supplement.
- Children born to or adopted by an Alberta family on or after January 1, 2005 are eligible to receive ACES grant

ਕੀ ਤੁਸੀ ਜਾਣਦੇ ਹੋ ਕਿ 50% ਤੋਂ ਜਿਆਦਾ ਬੱਚੇ ਕਰਜੇ ਦੇ ਭਾਰ ਥੱਲੇ ਦੱਬ ਕੇ ਯੂਨੀਵਰਸਿਟੀ ਵਿੱਚੋਂ ਨਿਕਲਦੇ ਹਨ?

## ਅਸੀਂ ਤੁਹਾਡੇ ਬੱਚੇ ਨੂੰ ਕਨੇਡਾ ਅਤੇ ਅਲਬਰਟਾ ਸਰਕਾਰ ਵਲੋਂ ਮਿਲਦੀਆਂ $10,000* ਤੱਕ ਦੀਆਂ ਗਰਾਂਟਾਂ ਲੈ ਕੇ ਦੇ ਸਕਦੇ ਹਾਂ।

ਆਪਣੇ ਬੱਚੇ ਦੇ ਉਜਲ ਭਵਿੱਖ ਲਈ ਗਲੋਬਲ ਐਜੂਕੇਸ਼ਨ ਪਲੈਨ ਕਰਵਾਉਣ ਲਈ ਅੱਜ ਹੀ ਫੋਨ ਕਰੋ:

**Jasvir Deol**
Branch Manager
**780-465-6900**

GLOBAL RESP CORPORATION

*Canada Education Savings Grant up to $ 7,200 Canada Learning Bond up to $ 2,000 and Alberta Centennial Education Savings Plan Grant up to $ 800

**Jessie Singh**
Branch Manager
**403-830-7007**



# Creative Doors & Mouldings Ltd.

"Your Complete Finishing Store"

* Interior * Prehung Units
* Locks & Hardware * French Doors
* Bi-Folds * Mouldings * Accessories
* Railing





Phone: 780 438 2224
Fax: 780 438 4422

**9838-60 Avenue Edmonton, AB T6E 0C5**

# SUZUKI

SUZUKI Way of Life!

## DRIVE TO DECIDE

### 2012 KIZASHI S iAWD

**THE AWD AWARD WINNER!**
STANDARD INTELLIGENT ALL-WHEEL DRIVE

OWN IT FOR **$232** BI-WEEKLY** WITH $0 DOWN

**0%** PURCHASE FINANCING FOR **60** MONTHS
PURCHASE FOR **$27,995** MSRP*
*INCLUDES FREIGHT, OMVIC FEES, TIRE TAX, AIR TAX



### 2012 GRAND VITARA URBAN 4WD

**AUTHENTIC SUV!**
1,360KG/3,000LB BEST IN CLASS TOWING
STANDARD 4WD

TEXT 780-902-4734 "GET ME APPROVED" forr a chance to win a trip to Vegas!



OWN IT FOR **$225** BI-WEEKLY**

**0%** PURCHASE FINANCING FOR **60** MONTHS
PURCHASE FOR **$26,995** MSRP*
*INCLUDES FREIGHT, OMVIC FEES, TIRE TAX, AIR TAX

### 2012 SX4 JA iAWD CROSSOVER

**CANADA'S MOST AFFORDABLE AWD CROSSOVER.**
3-MODE INTELLIGENT ALL-WHEEL DRIVE

OWN IT FOR **$176** BI-WEEKLY** WITH $0 DOWN

**0%** PURCHASE FINANCING FOR **60** MONTHS
PURCHASE FOR **$20,795** MSRP*
*INCLUDES FREIGHT, OMVIC FEES, TIRE TAX, AIR TAX

DON'T PAY FOR 120 DAYS[1]



CONSUMERS SHOULD READ THE FOLLOWING: *All offers and Selling Price exclude Delivery & Destination ($1,450 for SX4, $1,650 for Grand Vitara, $1,550 for Kizashi), Dealer Administration Fee, PPSA up to $72 (when financing), applicable taxes, license, registration, insurance and a down payment of $0. Vehicle may not be exactly as shown. Vehicle images shown may include optional upgrades. These offers cannot be combined with any other offers and are subject to change without notice. Dealers may sell for less. See participating dealers for details. **Limited time finance offers available O.A.C. Special bi-weekly purchase finance offers are available on 2012 SX4 Crossover JA iAWD with manual transmission Model H3NB2G2 (Selling Price $20,795) for a 72-month term. The bi-weekly 72-month payment interest rates are based on 2012 SX4 Crossover JA iAWD @ 0% purchase financing, bi-weekly payments are $133.30 with $0 down payment. Cost of borrowing is $0 for a total obligation of $20,795. Special bi-weekly purchase finance offers are available on 2012 Grand Vitara Urban 4WD automatic transmission Model L2NB5U2 (Selling Price $26,995) for a 72-month term. The bi-weekly 72-month payment interest rates are based on 2012 Grand Vitara Urban 4WD @ 0% purchase financing, bi-weekly payments are $173.04 with $0 down payment. Cost of borrowing is $0 for a total obligation of $26,995. Special bi-weekly purchase finance offers are available on 2012 Kizashi S iAWD Model 6B233C2 (Selling Price $27,995), for a 72-month term. The bi-weekly 72-month payment interest rates are based on 2012 Kizashi S iAWD @ 0%, bi-weekly payments are $179.46 with $0 down payment. Cost of borrowing is $0 for a total obligation of $27,995. [1]Don't Pay for 120 Days available only for certain 2011 models. See dealer for details. Offer valid until April 30, 2012.

- **2011 BUICK LUCERNE** #1206-0 Loaded, Black, 48,000 km **$19,995**
- **2010 GMC YUKON SLT AWD** #11T177-1 7 Passenger **$37,995**
- **2011 CHEVROLET TRAVERSE LS** #12033-0. 4 Door, AWD, 7 passenger, 35,000 km **$26,995**
- **2010 FORD FUSION SE** #12002-0 Power Roof, Silver, 56,000 km **$13,995**
- **2010 GMC YUKON SLT** #11T177-1 7 Passenger, AWD, Black **$37,995**
- **2011 SUZUKI SX4 SEDAN JA** #12007-0 White, 24,000 km **$12,995**
- **2011 SUZUKI GRAND VITARA JLX-C** #11989-0 Red, 27,000 km **$21,995**
- **2011 SUZUKI KIZASHI** #12060-0 White, FWD, 33,000 km **$18,995**
- **2010 JEEP GRAND CHEROKEE LAREDO** #12070-0 Blue, 38,000 km **$25,995**
- **2010 KIA RIO HATCHBACK** #12073-0 Loaded, Silver, 50,000 km **$12,995**
- **2011 SUZUKI GRAND VITARA JX 4X4** #11968-0 Blue, 21,000 km **$20,995**
- **2011 SUZUKI SWIFT** #12074-0 Auto, Air, Black, 50,000 km **$11,995**
- **2010 DODGE GRAND CARAVAN SE** #12056-0 Stow/Go, Black, 68,000 km **$14,995**
- **2010 HYUNDAI GENESIS COUPE** #11C203-1 Blue, 28,000 km **$22,995**
- **2010 NISSAN ALTIMA 2.5S** #12046-0 Black, 58,000 km **$14,995**
- **2009 GRAND VITARA JX 4X4** #12T219-1 **$17,995**
- **2005 PONTIAC GRAND PRIX 4 DR.** #11C195-1 Loaded & Only 90,000kms **$8,995**
- **2010 VOLKSWAGON PASSAT CC 2.0T** #11T120-1 4 Door Coupe, Black, 33,000 km **$25,995**
- **2008 DODGE DAKOTA ST CREW CAB 4X4** #11978-0 Crew, 4x4, Black **$14,995**
- **2008 KIA MAGENTIS LX** #12080-0 Red, 56,000 km **$11,995**
- **2009 CHRYSLER SEBRING TOURING** #12062-0 Beige, 35,000 km **$14,995**
- **2009 PONTIAC G6** #12082-0 4 Door, Power Seats, Alloy Wheels **$13,995**
- **2008 SUZUKI XL7 JLX** #12058-0 White, 62,000 km **$19,995**
- **2008 LEXUS RX350 AWD** #CN0002 Grey, 104,000km **$26,995**
- **2007 SUZUKI SX4 JX HATCHBACK** #12T408-1 Only 49,000kms **$10,995**
- **2009 SUZUKI SX4 JX AWD** #12068-0 5 Speed, AWD, Grey **$13,995**
- **2008 CHEVROLET IMPALA LS** #11998-1 White, 89,000 km **$10,995**
- **2008 DODGE AVENGER** #12083-0 4 Door, SXT, Power Roof **$12,995**
- **2008 MAZDA 6** #12081-0 V6, Hatchback, Loaded **$14,995**
- **2006 FORD F350 CREW CAB** CREW CAB #C301169-1 4x4, 4 Door, Diesel **$22,995**

### 2012 FORD ESCAPE LTD 4WD

#12090-0. Loaded

**$28,995** ~~$29,995~~

3 TO CHOOSE FROM!



### 2012 CHEVROLET IMPALA 4 DR SEDAN LS

#12087-0. Loaded



**$19,995**

SHOP 24/7 @
**MILLWOODS SUZUKI.com**
780-450-4500
ON THE AUTO ROW | 3403-93 ST. TOLL FREE 1-866-897-4500


Jessy Parihar


Nand Bhasin


Vijay Soni



# NEW WAY Stucco Ltd.



**Quality work at reasonable rates.**

We do Splash Dash Stucco and Acrylic. For free estimates call
**(BALJIT) Ph. : (780)-708-1436, Fax : (780)-462-0691**

All Kind of Stucco Acrylic & Rain Screen Residential & Commercial

ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਉ



# Moga Painting Company

Serving Since 1985



Experts in Interior & Exterior Paint

**Residential & Commercial**

> Excellent Colour Matching
> Guaranteed Work
> Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

**For Free ESTIMATES Call SURJIT**
**Edmonton (780) 934-3535 Winnipeg (204) 979-7070**





Sales Representative
**Harinder Hundal**
M.Sc. Eco, M.B.A

Residential | Commertial | Investment Properties
**Home Life/United Realty Inc.** Brokerage
*Independently Owned & Operated.*
*Higher Standards Agents... Higher Results™*

Cell: 647 818 6880
Bus: 905 672 1234
Fax : 905 672 0672
hpshundal@gmail.com

ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ

MLS MULTIPLE LISTING SERVICE REALTOR

50 SunnyVale Gate, Unit # 7,
Brampton, ON L6S OC4



# ਮੁਲਾਕਾਤ Productions

ਟੀ. ਵੀ ਪ੍ਰੋਗਰਾਮ ਮੁਲਾਕਾਤ

**Aired on VISION TV**
**1:00 pm to 1:30 pm**
**(Alberta Time / Every Saturday)**

*Charanjit Brar*
*Producer & Host*
*Ph: 647 300 8436*
cbrar@rogers.com



# ਸੱਭਿਅਕ ਪੰਜਾਬੀ ਗੀਤਾਂ ਦਾ ਆਗਾਜ਼ – 'ਰੰਗਲਾ ਪੰਜਾਬ'

ਦਲਬੀਰ ਸਾਂਗਿਆਂਣ

ਲੰਮੇ ਅਰਸੇ ਤੋਂ ਪਰਿਵਾਰ ਸਮੇਤ ਐਡਮਿੰਟਨ ਵਿਚ ਰਹਿ ਰਿਹਾ ਉਪਿੰਦਰ ਮਠਾਰੂ, ਪਿੰਡ ਖੜਿਆਲ ਸੈਣੀਆਂ, ਜ਼ਿਲਾ ਹੁਸ਼ਿਆਰਪੁਰ ਦਾ ਜੰਮਪਲ ਹੈ।ਹਲਕੇ ਕੱਦ ਦਾ ਛਬੀਲਾ ਨੌਜਵਾਨ ਉਪਿੰਦਰ, ਆਪਣੇ ਬਿਜ਼ਨਿਸ ਦੇ ਨਾਲ-ਨਾਲ ਪੰਜਾਬੀ ਗਾਇਕੀ ਵਿਚ ਆਹਲਾ ਦਿੱਖ ਅਤੇ ਪ੍ਰਸੰਸਾਮਈ ਪਛਾਣ ਬਨਾਉਣ ਵਿਚ ਕਾਮਯਾਬ ਹੋਇਆ ਹੈ।ਪੰਜਾਬੀ ਗੀਤਾਂ ਦੀ ਕੈਸਿਟ 'ਰੰਗਲਾ ਪੰਜਾਬ'ਰੀਲੀਜ਼ ਕਰਕੇ, ਉਪਿੰਦਰ ਨੇ ਇਕ ਆਸ ਦੀ ਕਿਰਨ ਪੈਦਾ ਕੀਤੀ ਹੈ ਕਿ ਅਜੇ ਵੀ ਪੰਜਾਬੀਅਤ ਨੂੰ ਚਾਹੁੰਣ ਵਾਲਿਆ ਵਿਚ ਕੁਝ ਲੋਕ ਹਨ ਜਿਹੜੇ ਪੰਜਾਬੀ ਮਾਂ ਬੋਲੀ ਨੂੰ ਦਿਲੋਂ ਪਿਆਰ ਕਰਦੇ ਹਨ। ਕਿਉਂਕਿ ਬਹੁਤੇ ਗਾਇਕ ਜਾਂ ਲੋਕ ਸਿਰਫ ਪੰਜਾਬੀ ਬੋਲੀ ਨੂੰ ਸਾਂਭਣ ਦੇ ਦਮਗਜੇ ਤਾਂ ਬਹੁੱਤ ਮਾਰਦੇ ਹਨ ਪਰ ਅਸਲੀਅਤ ਵਿਚ ਉਨਾਂ ਦੇ ਰਹਿਣ ਸਹਿਣ, ਬੋਲਣ ਚੱਲਣ ਅਤੇ ਰਹਿਤ ਮਰਿਆਦਾ ਵਿਚ ਪੰਜਾਬੀਅਤ ਨਾਮਤਰ ਹੀ ਹੁੰਦੀ ਹੈ।ਅੱਜ ਦੇ ਅੰਧਾਧੁੰਦ, ਰੌਲੇ-ਰੱਪੇ ਅਤੇ ਬੁਰੀ ਤਰਾਂ ਖਿੰਡ ਚੁੱਕੀ ਮਾਨਸਿਕਤਾ ਵਿਚ ਆਮ ਬੰਦਾ ਨੀਮ ਪਾਗਲ ਦੀ ਹਾਲਤ ਵਿਚ ਫਿਰ ਰਿਹਾ ਹੈ। ਕਹਿਣ ਨੂੰ ਹਰ ਵਿਆਕਤੀ ਆਪਣੇ ਆਪ ਨੂੰ ਸਿਆਣਾ, ਸਮੇਂ ਦੇ ਹਾਣ ਦਾ ਅਤੇ ਗਲੋਬਲ ਪਿੰਡ ਦਾ ਵਸਨੀਕ ਦੱਸਦਾ ਹੈ। ਪਰ ਅਸਲੀਅਤ ਵਿਚ ਆਮ ਵਿਆਕਤੀ ਵਿਰੋਧਾਭਾਸ ਦੇ ਦੋ ਪੁੱਲਾਂ ਵਿਚ ਪਿਸਦਾ ਇਕ ਦੁਖਦਾਈ ਅੰਤ ਵਾਲਾ ਜੀਵਨ ਬਿਤਾ ਰਿਹਾ ਹੈ। ਕਸੂਰ ਕਿਸੇ ਇਕ ਵਿਆਕਤੀ, ਕੌਮ ਜਾਂ ਸੱਭਿਆਚਾਰ ਦਾ ਨਹੀਂ ਬਲਕੇ ਆਲੇ ਦੁਆਲੇ ਸਿਰਜ ਚੁੱਕੇ ਹਾਲਾਤਾਂ ਦਾ ਹੈ ਜਿਨਾਂ ਦੀ ਛਤਰ ਛਾਇਆ ਵਿਚ ਮਾਨਸਿਕ ਅਜ਼ਾਦੀ ਅਤੇ ਜ਼ਿੰਮੇਵਾਰੀ ਗਾਇਬ ਹੋ ਚੁੱਕੀ ਹੈ।




ਪੰਜਾਬੀ ਗੀਤਾਂ ਵਿਚ ਸੱਭਿਆਚਾਰ ਦੇ ਨਾਂ ਤੇ ਲੋਕਾਂ ਨੇ ਅਜਿਹੇ ਗੀਤ ਲਿਖੇ ਅਤੇ ਗਾਏ ਜਿਨਾਂ ਨੂੰ ਸੁਣ ਕੇ ਮੂੰਹ ਨੀਵਾਂ ਹੁੰਦਾ ਹੈ। ਜਿਆਦਾ ਗੀਤ ਤਾਂ ਆਮ ਲੋਕਾਂ ਦੀ ਸਮਝ ਹੀ ਨਹੀਂ ਪੈਂਦੇ ਕਿਉਂਕਿ ਉਹ ਵਿਆਹ ਸ਼ਾਦੀਆਂ ਦੀਆਂ ਪਾਰਟੀਆਂ ਦੇ ਰੌਲੇ ਰੱਪੇ 'ਚ ਹੀ ਸੁਣੇ ਜਾਂਦੇ ਹਨ ਤੇ ਨੱਚਣ ਟੱਪਣ ਦੇ ਮਹੌਲ ਵਿਚ ਹੀ ਵਿਚਰ ਕੇ ਆਮ ਬੰਦਾ ਘਰ ਨੂੰ ਵਾਪਸ ਆ ਜਾਂਦਾ ਹੈ।ਗੀਤ ਸਮਾਜ ਦਾ ਸ਼ੀਸਾ ਹੁੰਦੇ ਹਨ।ਸਮਾਜਿਕ ਘਟਨਾਵਾਂ ਅਤੇ ਸਰੋਕਾਰ ਲੋਕ ਗੀਤਾਂ ਦਾ ਮੂੰਹ ਮਹਾਂਦਰਾ ਹੁੰਦੇ ਹਨ।ਲੋਕ ਗੀਤ ਰਸਮੋ ਰਿਵਾਜ਼, ਪ੍ਰਚੱਲਿਤ ਦੰਦ ਕਥਾਵਾਂ ਅਤੇ ਰਿਸ਼ਤਿਆਂ ਤੇ ਅਧਾਰਤ ਸਮਾਜ ਦੀ ਤਸਵੀਰ ਪੇਸ਼ ਕਰਦੇ ਹਨ। ਪੰਜਾਬੀ ਸੱਭਿਆਚਾਰ ਵਿਚ ਪਿੰਡਾਂ ਦਾ ਜੀਵਨ, ਫਸਲਾਂ ਅਤੇ ਕੁਦਰਤੀ ਚੌਗਿਰਦਾ ਇੰਨਾ ਕਮਾਲ ਦਾ ਹੈ ਕਿ ਸਦੀਆਂ ਭਰ ਦੀ ਕਵਿਤਾ, ਲੋਕ ਗੀਤ ਅਤੇ ਕਹਾਵਤਾਂ ਆਦਿ ਸਾਡੇ ਸਾਰਿਆਂ ਦੇ ਸਾਹਮਣੇ ਇਕ ਵਿਰਾਸਤੀ ਖਜ਼ਾਨੇ ਵਾਂਗੂੰ ਹਨ ਜਿਨਾਂ ਦੇ ਪਰਨਾਏ ਅਸੀਂ ਆਪਣੇ ਭਵਿੱਖ ਦੀ ਨਿਸ਼ਾਨਦੇਹੀ ਕਰ ਸਕਦੇ ਹਾਂ। ਬਾਬਾ ਫਰੀਦ ਦੀ ਬਾਣੀ ਦੇ ਮਿੱਠੇ ਸ਼ਲੋਕ ਅਤੇ ਅੱਤ ਦੀ ਨਿਮਰਤਾ ਵਾਲੀ ਸ਼ਾਇਰੀ ਪੁਰਖੀ ਬੋਲੀ ਵਜੋਂ ਪ੍ਰਵਾਨਿਤ ਸਾਡੇ ਕੋਲ ਹੈ। ਸਦੀਆਂ ਭਰ ਦੀ ਸਾਹਿਤ ਪ੍ਰਤੀ ਇਬਾਦਤ ਬਦਲਵੇਂ ਜ਼ਮਾਨੇ ਵਿਚ ਇੰਨੀ ਬਦਲੀ ਕਿ ਬੇਸੁਰੀ, ਬੇਮਤਲਬੀ ਗਾਇਕੀ ਅਤੇ ਗੀਤਕਾਰ ਪੈਦਾ ਹੋ ਗਏ ਜਿਨਾਂ ਨੇ ਨਵੀਨਤਾ ਦੇ ਨਾਂ ਤੇ ਆਪਣੀ ਅਵਾਜ਼ ਇੰਨੀ ਬਲੁੰਦ ਕੀਤੀ ਕੀ ਅਜੋਕੀ ਪੀੜ੍ਹੀ ਇਹ ਸਮਝਣ ਲੱਗ ਪਈ ਕਿ ਇਹੋ ਹੀ ਪੰਜਾਬੀ ਸੱਭਿਆਚਾਰ ਦੀ ਤਸਵੀਰ ਹੈ।ਮਹੁੰਮਦ ਸਦੀਕ ਅਤੇ ਰਣਜੀਤ ਕੌਰ ਦਾ ਦਾ ਗਾਇਆ ਦੋਗਾਣਾ ਅਤੇ ਬਾਬੂ ਸਿੰਘ ਮਰਾੜਾਂ ਵਾਲੇ ਦਾ ਲਿਖਿਆ ਗੀਤ ਦੀ ਇਕ ਉਦਾਰਹਣ ਲੈਂਦੇ ਹਾਂ।

"ਬੋਦੀ ਵਾਲਾ ਤਾਰਾ ਚੜਿਆ
ਘਰ ਘਰ ਹੋਣ ਵਿਚਾਰਾਂ ਨੀ,
ਕੁਝ ਲੁੱਟ ਲਿਆ ਮੈਨੂੰ ਪਿੰਡ ਦੀਆਂ ਪੰਚਾਂ
ਕੁਝ ਲੁੱਟ ਲਿਆ ਸਰਦਾਰਾਂ ਨੇ"
"ਗਹਿਣਾ ਗੱਟਾ ਮੇਰਾ ਮਾਪਿਆ ਰੱਖ ਲਿਆ,
ਰੂਪ ਹੰਡਾ ਲਿਆ ਯਾਰਾਂ ਨੇ"

ਸੁਣਨ ਵਿਚ ਇਹ ਗੀਤ ਅਸ਼ਲੀਲ ਜਿਹਾ ਲੱਗਦਾ ਹੈ ਪਰ ਵਿਚਾਰਣ ਵਿਚ ਇਕ ਸਚਾਈ ਬਿਆਨ ਕਰ ਰਿਹਾ ਹੈ।ਇਹ ਗੀਤ ਸਮਾਜ ਵਿਚ ਔਰਤ ਦੀ ਹੋ ਰਹੀ ਲੁੱਟ ਖੁਸੱਟ ਨੂੰ ਬਿਆਨ ਕਰਦਾ ਹੈ ਕਿ ਕਿੰਜ ਪਿੰਡ ਦੇ ਮੋਹਤਬਰ ਅਤੇ ਝੂਠਾ ਪਿਆਰ ਕਰਨ ਵਾਲੇ ਬੰਦੇ ਔਰਤ ਦੀ ਆਬਰੂ ਨੂੰ ਲੁੱਟਣ ਲਈ ਚਾਲਾਂ ਚੱਲਦੇ ਹਨ। ਇਹੋ ਜਿਹੇ ਗੀਤ ਜਿਨਾਂ ਦਾ ਮਤਲਬ ਸਿਰਫ ਤੇ ਸਿਰਫ ਇੱਕੋ ਹੀ ਹੈ ਅੱਜ ਕੱਲ ਦੇ ਗੀਤਾਂ ਨਾਲੋ ਮੂਲੋਂ ਹੀ ਵੱਖਰੇ ਹਨ ਜਿਹੜੇ ਕਿ ਦੋ ਮਤਲਬੀ ਹਨ। ਅਜਿਹੇ ਦੁਵੱਲੇ ਮਤਲਬੀ ਗੀਤਾਂ ਨੰ ਬੜੇ ਚਾਅ ਨਾਲ ਸੁਣਿਆ ਜਾਂਦਾ ਹੈ ਕਿਉਂ ਕੀ ਗੀਤ ਲਿਖਣ ਜਾਂ ਗਾਉਣ ਵਾਲਿਆਂ ਨੂੰ ਪੰਜਾਬੀ ਦੀ ਬੇਸ਼ੁਮਾਰ ਸਵਾਦਲੀ ਸ਼ਬਦਾਵਲੀ ਅਤੇ ਜ਼ਿੰਦਗੀ ਨੂੰ ਨਿਸ਼ਆਉਣ ਵਾਲੀ ਨਿਆਮਤ ਦਾ ਪਤਾ ਹੀ ਨਹੀਂ ਕਿ ਸਾਫ ਸੁਥਰੇ ਸ਼ਬਦਾਂ ਦੀ ਕਿੰਨੀ ਤਾਕਤ ਹੈ ਕਿ ਮਨੁੱਖੀ ਮਨ ਦੀਆਂ ਤਰੰਗਾਂ ਹਿਲਾ ਕੇ ਰੱਖ ਦਿੰਦੀ ਹੈ।ਮਿਆਰੀ ਸ਼ਾਇਰੀ ਅੱਜ ਵੀ ਉਚੇ ਅਤੇ ਸੱਚੇ ਜੀਵਨ ਦਾ ਅਨੰਦ, ਸਕੂਨ ਅਤੇ ਅਭਿਲਾਸ਼ਾ ਹੈ।

'ਰੰਗਲਾ ਪੰਜਾਬ' ਕੈਸਿਟ ਵਿਚ ਉਪਿੰਦਰ ਨੇ ਗੀਤਾਂ ਦੀ ਚੋਣ ਸਮੇਂ ਨੂੰ ਦੇਖਦਿਆਂ ਸਮਝਦਾਰੀ ਨਾਲ ਕੀਤੀ ਹੈ।ਕੈਸਿਟ ਦਾ ਪਲੇਠਾ ਗੀਤ "ਰੰਗਲਾ ਪੰਜਾਬ" ਅਤੇ ਬਾਕੀ ਦੇ ਛੇ ਗੀਤ ਕਿਸੇ ਨਾ ਕਿਸੇ ਸਚਾਈ ਨੂੰ ਬਿਆਨ ਕਰਦੇ ਹਨ। ਕੋਈ ਵੀ ਗੀਤ ਅਜਿਹਾ ਨਹੀਂ ਜਿਹੜਾ ਕਿ ਪਰਿਵਾਰ ਨਾਲ ਨਾ ਸੁਣਿਆ ਜਾ ਸਕੇ। ਰੰਗਲੇ ਪੰਜਾਬ ਵਿਚ ਜਾਣ ਨੂੰ ਕਿਸ ਦਾ ਦਿਲ ਨਹੀਂ ਕਰਦਾ ਜਿਥੇ ਪਿਛੋਕੜ ਵਿਚ ਪਿੰਡ, ਹਰੀਆਂ ਕਚੂਰ ਲਹਿਰਾਉਦੀਆਂ ਫਸਲਾਂ, ਗੂਹੜੇ ਰਿਸ਼ਤੇ, ਮੋਹ ਦੀਆਂ ਤੰਦਾਂ ਆਦਿ ਉਹ ਸਾਰੀਆਂ ਨਿਆਮਤਾਂ ਹਨ ਜਿਹੜੀਆਂ ਮਨ ਨੂੰ ਚੈਨ ਅਤੇ ਗਾਵਹੀ ਦਿੰਦੀਆਂ ਹਨ ਕਿ ਮਾਹਸ਼ਾਲਾ ਪੰਜਾਬ ਵਸਦਾ ਰਹੇ।ਵਸਦਾ ਵੀ ਉਸੇ ਤਰਾਂ ਰਹੇ ਜਿਸ ਤਰਾਂ ਦਾ ਛੱਡ ਕੇ ਆਏ ਸੀ।ਵਿਰਾਸਤ ਵਿਚ ਤਾਂ ਬਾਬਾ ਨਾਨਕ, ਫਰੀਦ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਸੁਲਤਾਨ ਬਾਹੂ ਆਦਿ ਦਾ ਪਰੋਸਿਆ ਇੰਨਾ ਕੁੱਝ ਹੈ ਕਿ ਮੁੱਕ ਨਹੀਂ ਸਕਦਾ।ਪਰ ਅੱਜ ਦੀ ਪੀੜ੍ਹੀ ਇਨਾਂ ਬੁਜ਼ਰਗਾਂ ਨੂੰ ਸਿਰਫ ਨਾਂ ਤੋਂ ਜਾਣਦੀ ਹੈ ਕਰਮ ਤੋਂ ਨਹੀਂ।ਲੋੜ ਹੈ ਪੁਰਾਣੀਆਂ ਰਿਵਾਇਤਾਂ ਵਿਚੌਂ ਨਵੀਨਤਾ ਨੂੰ ਲੱਭਣ ਦੀ ਜਿਹੜੀ ਪਿਛੋਕੜ ਨਾਲੋ ਬਿਲਕੁਲ ਟੁੱਟੀ ਨਾ ਹੋਵੇ।ਇਸੇ ਕਰਕੇ ਇੱਲਤੀ ਮਾਨਨਿਸਕਤਾ ਵਿਚ ਲੱਚਰਤਾ ਪੈਦਾ ਹੋ ਗਈ ਹੈ।ਖਪਤ ਅਤੇ ਬਾਜ਼ਾਰੂ ਮੰਡੀ ਨੇ ਮੁਨਾਫੇ ਦੇ ਨਾਂ ਤੇ ਲੱਚਰਤਾ ਸੱਭਿਅਕ ਸਮਾਜ ਦਾ ਅਨਿਖੜਵਾਂ ਅੰਗ ਬਣਾ ਦਿੱਤੀ ਹੈ। ਗਾਇਕੀ ਜਿਹੜੀ ਕਿਸੇ ਸਮੇਂ ਇਬਾਬਤ ਸਮਝੀ ਜਾਂਦੀ ਸੀ ਅੱਜ ਸਰੀਰਕ ਅਤੇ ਮਾਨਸਿਕ ਸ਼ੋਸਣ ਦਾ ਇਕ ਜ਼ਰੀਆ ਬਣ ਗਈ ਹੈ।ਅੱਜ ਦਾ ਪੰਜਾਬ ਗਲੋਬਾਈਜੇਸ਼ਨ ਵਿਚ ਆਪਣੀ ਦਿੱਖ ਅਤੇ ਪਹਿਚਾਣ ਗਵਾ ਰਿਹਾ ਹੈ।ਸਮੇਂ ਦੇ ਬਦਲਣ ਨਾਲ ਇੰਨਾ ਕੁੱਝ ਤੇਜੀ ਨਾਲ ਬਦਲ ਰਿਹਾ ਹੈ ਕਿ ਆਮ ਬੰਦਾ ਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਹੋ ਰਿਹਾ ਹੈ।ਆਮ ਤੌਰ ਤੇ ਹਰ ਗਾਇਕ ਦੀ ਇਹੀ ਇੱਛਾ ਭਾਰੂ ਹੁੰਦੀ ਹੈ ਕਿ ਕੈਸਿਟ ਮਾਰਕਿਟ 'ਚ ਧੁੰਮਾਂ ਮਚਾ ਦੇਵੇ।ਗਾਇਕ ਨੂੰ ਕੈਸਿਟ ਕੱਢਣ ਲੱਗਿਆਂ ਕਾਫੀ ਰਾਸ਼ੀ ਖਰਚਣੀ ਪੈਂਦੀ ਹੈ।ਦੂਜਾ ਇਹ ਹੈ ਕਿ ਗਾਇਕ ਵੀ ਅੱਜ ਦੇ ਖਪਤ ਸੱਭਿਆਚਾਰ ਤੋਂ ਅਭਿੱਜ ਨਹੀਂ ਹੈ। ਇਸ ਕਰਕੇ ਉਸ ਅੰਦਰ ਵੀ ਲਾਲਸਾ ਹੈ ਕਿ ਜਿਸ ਤਰਾਂ ਦਾ ਵੀ ਮਰਜ਼ੀ ਗਾਇਆ ਜਾਵੇ ਜਿਹਨੂੰ ਬੇਸਮਝੀ ਮੁੰਡੀਰ ਪਸੰਦ ਕਰਦੀ ਹੈ ਬੱਸ ਪੈਸੇ ਬਨਣੇ ਚਾਹੀਦੇ ਹਨ। ਇਸੇ ਅੰਨੀ ਦੌੜ ਵਿਚ ਗਾਇਕ ਅਤੇ ਗੀਤਕਾਰ ਆਪਣੀ ਜ਼ਿੰਮੇਵਾਰੀ ਭੁੱਲ ਜਾਂਦੇ ਹਨ।


ਗੀਤਕਾਰ: ਲਾਡੀ ਸੂਸ

ਉਪਿੰਦਰ ਮਠਾੜੂ ਇਸ ਤਰਾਂ ਦਾ ਗਾਇਕ ਨਹੀਂ ਹੈ।ਗਾਇਕੀ ਉਸ ਦਾ ਮਨਭਾਉਂਦਾ ਸ਼ੌਕ ਹੈ।ਕਿੱਤਾ ਉਸ ਦਾ ਹੋਰ ਹੈ।ਉਪਿੰਦਰ ਆਪਣੇ ਬਿਜ਼ਨਿਸ ਵਿਚ ਮਸ਼ਰੂਫ ਹੈ ਪਰ ਗਾਇਕੀ ਉਸ ਦੇ ਮਨ ਦਾ ਸਕੂਨ ਹੈ।ਇਸੇ ਕਰਕੇ ਉਸ ਨੇ ਆਪਣੇ ਆਪ ਨੂੰ ਬਾਕੀ ਗਾਇਕਾਂ ਵਾਂਗੂੰ ਪੇਸ਼ ਨਹੀਂ ਕੀਤਾ ਬਲਕੇ ਇਕ ਸੁਹਿਰਦ ਪੰਜਾਬੀ ਵਜੋਂ ਪੇਸ਼ ਕੀਤਾ ਹੈ।ਜਿਸ ਦੇ ਮਨ ਵਿਚ ਪੰਜਾਬੀਅਤ ਲਈ ਅਥਾਹ ਪਿਆਰ ਅਤੇ ਸੰਜੀਦਗੀ ਹੈ।ਇਹ ਪਿਆਰ ਉਸ ਨੂੰ ਟਿੱਕ ਕੇ ਨਹੀਂ ਬਹਿਣ ਦੇਵੇਗਾ। ਇਸੇ ਸਦਕਾ ਉਸ ਕੋਲੋਂ ਉਮੀਦ ਕੀਤੀ ਜਾਂਦੀ ਹੈ ਕਿ ਭਵਿੱਖ ਵਿਚ ਉਹ ਰਸ ਭਿੰਨੜੇ, ਸਵਾਦਲੇ ਅਤੇ ਵਲਵਲੇ ਵਾਲੇ ਅਰਥ ਭਰਭੂਰ ਗੀਤ ਲੈ ਕੇ ਆਵੇਗਾ ਜਿਨਾਂ ਨੂੰ ਸੁਣਣ ਨਾਲ ਇਹ ਮਹਿਸੂਸ ਹੋ ਸਕੇ ਕਿ ਪੰਜਾਬੀਅਤ ਨੂੰ ਕਾਇਮ ਰੱਖਣ ਵਾਲੇ ਵੀ ਆਪਣੇ ਜੌਹਰ ਦਿਖਾ ਰਹੇ ਹਨ। ਲੋਕਾਂ ਦੇ ਅੰਦਰ ਦੀ ਸਚਾਈ ਬਿਆਨ ਕਰ ਰਹੇ ਹਨ।ਇਹੋ ਜਿਹੀਆਂ ਕੋਸ਼ਿਸ਼ਾ ਸਦਕਾ ਹੀ ਮਿਆਰੀ ਗਾਇਕੀ ਦੀ ਚੜਤ ਅਤੇ ਬੇਸੁਰੀ ਗਾਇਕੀ ਨੂੰ ਪਿਛਾੜ ਪੈ ਸਕਦੀ ਹੈ। ਨਹੀਂ ਤਾਂ ਬੇਮੁਹਾਰਾ ਹੜ੍ਹ ਪੰਜਾਬੀਅਤ ਨੂੰ ਖੋਰਾ ਲਾ ਰਿਹਾ ਹੈ।ਇਨਾਂ ਸੱਤ ਗੀਤਾਂ ਵਿਚੋਂ 'ਰੰਗਲਾ ਪੰਜਾਬ, ਜਵਾਬ, ਇਕ ਪੈਗ, ਦਿਲ ਦੇ' ਨੂੰ ਐਡਮਿੰਟਨ ਵਸਦੇ ਗੀਤਕਾਰ ਲਾਡੀ ਸੂਸਾਂ ਵਾਲੇ ਨੇ ਲਿਖਿਆ ਹੈ।ਬਾਕੀ ਦੇ ਤਿੰਨ ਗੀਤ 'ਜੱਟ, ਢੋਲ, ਟੋਲ ਪਲਾਜ਼ਾ' ਨੂੰ ਇੰਡੀਆ ਵਸਦੇ ਗੀਤਕਾਰ ਮਲਕੀਤਾ ਜੌੜਾ ਅਤੇ ਜੇਮਜ਼ ਧਾਲੀਵਾਲ ਨੇ ਲਿਖਿਆ ਹੈ।ਜੇਕਰ ਵਧੀਆ ਕਲਮ ਨੂੰ ਸੁਚੱਜੀ ਅਵਾਜ਼ ਮਿਲ ਜਾਵੇ ਤਾਂ ਨਿਰਸੰਦੇਹ ਕੈਸਿਟ ਦਾ ਮਿਆਰ ਉਚਾ ਹੁੰਦਾ ਹੈ। ਇਹੋ ਹੀ ਉਮੀਦ ਕੀਤਾ ਜਾਂਦਾ ਹੈ ਕਿ ਓਪਿੰਦਰ ਅਤੇ ਲਾਡੀ ਜ਼ਰੂਰ ਸਫਲਤਾ ਦੀਆਂ ਪੁਲਾਂਘਾ ਪੁੱਟਣਗੇ।

ਹਲਕਾ ਨਿਵਾਸੀਆਂ, ਵੋਟਰਾਂ,
ਸਹਿਯੋਗੀਆਂ ਤੇ ਸਮੂਹ ਭਾਈਚਾਰੇ ਦਾ
ਧੰਨਵਾਦ



ਵਿਧਾਨ ਸਭਾ ਚੋਣਾਂ 'ਚ ਹਲਕਾ ਨਿਵਾਸੀਆਂ, ਵੋਟਰਾਂ, ਸਹਿਯੋਗੀਆਂ ਤੇ ਸਮੂਹ ਭਾਈਚਾਰੇ ਵੱਲੋਂ ਦਿਤੇ ਗਏ ਸਹਿਯੋਗ ਲਈ ਬਹੁਤ-ਬਹੁਤ ਧੰਨਵਾਦ, ਜਿਨ੍ਹਾਂ ਦੀ ਬਦੌਲਤ ਇਹ ਜਿੱਤ ਯਕੀਨੀ ਬਣੀ। ਹਲਕੇ ਦੀ ਬੇਹਤਰੀ ਤੇ ਭਾਈਚਾਰੇ ਲਈ ਮੈਂ ਹਮੇਸ਼ਾ ਹੀ ਮੋਢੇ ਨਾਲ ਮੋਢਾ ਜੋੜ ਕੇ ਦਿਨ ਰਾਤ ਇਨ੍ਹਾਂ ਦੀ ਸੇਵਾ ਵਿੱਚ ਹਾਜ਼ਿਰ ਰਹਾਂਗਾ। ਮੈਂ ਭਵਿੱਖ ਵਿਚ ਵੀ ਇਨ੍ਹਾਂ ਕੋਲੋਂ ਭਰਵੇਂ ਹੁੰਗਾਰੇ ਦੀ ਆਸ ਪ੍ਰਗਟ ਕਰਦਾ ਹਾਂ।

ਨਰੇਸ਼ ਭਾਰਦਵਾਜ
ਵਿਧਾਇਕ, ਹਲਕਾ ਐਲਰਸਰੀ, ਐਡਮਿੰਟਨ

# ADVANCE DRIVING SCHOOL & LIMOS

- Lady Instructor Available
- Defensive Training Classes to Restore Demerits
- Free Pick up & Drop



- Airport Service Flat Rate
- Wedding Ceremony
- Any Other Function

780 660 4090

#202 3456 91 Street NW, Edmonton AB

# South Common Farmers' Market

Now Open Saturday & Sunday from 10-4pm

19th ave & Parsons Rd. , Go to

www.southcommonmarket.ca for more infromation

Bring this ad to the Kettle Corn booth for a dollar off a reg. size bag of great tasting Kettle corn.

*We'd Like...*

*to earn your business at Progressive Home Warranty, we are proud to offer the best products, protection, and people in the industry.*

*For more information please contact us:*

*Phone: 780-470-4663*

*Toll Free: 1-866-996-9776*

*sales@progressivewarranty.com*

*www.progressivewarranty.com*

CARB CANADIAN ALLIANCE OF RESIDENTIAL BUILDERS

progressive

home warranty solutions inc.

*Building Solutions for Building Professionals*

*Progressive Home Warranty offers the best New Home Warranty and Insurance products available. Canada's Best New Home Warranty.*

# ਚਿੱਠੀ-ਰਸੈਣ ਗੁਲਾਬਦੀਨ

‘ਗਲਾਬੁਦੀਨ ਚਿੱਠੀ ਰਸੈਣ’ ਕਹਾਣੀ ਦੀ ਅਸਲ ਖ਼ੂਬਸੂਰਤੀ ਇਸ ਦੀ ਨਾਟਕੀ ਬਣਤਰ ਵਿਚ ਵੀ ਹੈ ਅਤੇ ਮਾਨਵੀ ਸਰੋਕਾਰਾਂ ਦੀ ਸਰਬ ਵਿਆਪਕਤਾ ਵਿਚ ਵੀ। ਸਾਡੀ ਨਾਮ ਨਿਹਾਦ ਇੱਜ਼ਤਦਾਰ ਬਰਾਦਰੀ ਨੇ ਸਭਿਅਕ ਕਦਰਾਂ-ਕੀਮਤਾਂ ਨੂੰ ਕੇਵਲ ਆਪਣੇ ਇਲਾਕਿਆਂ ਲਈ ਰਾਖਵਾਂ ਰੱਖਣ ਦਾ ਭਰਮ ਪਾਲਿਆ ਹੋਇਆ ਹੈ ਅਤੇ ਬਦਨਾਮ ਬਸਤੀਆਂ ਇਨ੍ਹਾਂ ਲਈ ਇਖ਼ਲਾਕੀ ਪੱਖੋਂ ਭੈਅ ਅਤੇ ਘ੍ਰਿਣਾ ਦਾ ਪ੍ਰਤੀਕ ਬਣੀਆਂ ਹੋਈਆਂ ਹਨ। ਇਹ ਭੱਦਰ ਪੁਰਸ਼ ਇਨ੍ਹਾਂ ਬਦਨਾਮ ਬਸਤੀਆਂ ਦੇ ਜੀਵਨ ਉਪਰ ਝਾਤ ਮਾਰਨਾ ਵੀ ਪਸੰਦ ਨਹੀਂ ਕਰਦੇ।

ਗਲਾਬੁਦੀਨ ਚਿੱਠੀ ਰਸੈਣ ਦਾ ਤਬਾਦਲਾ ਜਦ ਇਕ ਅਜਿਹੀ ਹੀ ਬਸਤੀ ਵਿਚ ਹੋ ਜਾਂਦਾ ਹੈ ਤਾਂ ਉਸ ਦੇ ਮਨ ਦੀ ਹਾਲਤ ਦੇਖਣ ਵਾਲੀ ਹੁੰਦੀ ਹੈ। ਪਰ ਜਦੋਂ ਉਹ ਇਸ ਬਸਤੀ ਵਿਚ ਵਿਚਰਦਾ ਹੈ, ਬਸਤੀ ਦੇ ਲੋਕਾਂ ਦੇ ਜੀਵਨ ਨੂੰ ਸਮਝਦਾ ਹੈ, ਉਨ੍ਹਾਂ ਦੇ ਮਨ-ਅੰਤਰ ਵਿਚ ਗਹਿਰਾ ਉਤਰਦਾ ਹੈ ਤਾਂ ਉਸ ਦੀਆਂ ਅੱਖਾਂ ਖੁੱਲ੍ਹ ਜਾਂਦੀਆਂ ਹਨ। ਉਸ ਦੇ ਸਾਰੇ ਭਰਮ ਤੜੱਕ ਕਰਕੇ ਟੁੱਟ ਜਾਂਦੇ ਹਨ। ਇਹ ਕਹਾਣੀ ਅਖਾਉਤੀ ਇੱਜ਼ਤਦਾਰ ਅਤੇ ਬਦੋਬਦੀ ਬਦਨਾਮ ਕੀਤੇ ਹੋਏ ਲੋਕਾਂ ਵਿਚਕਾਰਲੀ ਖਾਈ ਨੂੰ ਮੇਟਣ ਵਾਲੀ ਹੈ ਤੇ ਇਸ ਆਦਰਸ਼ ਨੂੰ ਪੇਸ਼ ਕਰਦੀ ਹੈ ਕਿ ਮਨੁੱਖ ਕਿਤੇ ਵੀ ਰਹੇ ਉਹ ਜੀਉਣ ਲਈ ਸਭਿਅਕ ਕਦਰਾਂ-ਕੀਮਤਾਂ ਤੇ ਪ੍ਰਬੰਧਾਂ ਦੀ ਉਸਾਰੀ ਕਰਦਾ ਹੈ। ਬਦਨਾਮ ਤੇ ਹਾਸ਼ੀਆਗ੍ਰਸਤ ਬਸਤੀਆਂ ਦੇ ਬਸ਼ਿੰਦੇ ਵੀ ਸਭਿਅਤਾ ਤੋਂ ਮੁਕਤ ਨਹੀਂ ਹੁੰਦੇ।

**ਆਗਾ ਬਾਬਰ**

ਡਾਕਖਾਨੇ ਦੇ ਪਿਛਵਾੜੇ ਵਾਲੀ ਇਮਾਰਤ ਦੇ ਲੰਮੇ ਕਮਰੇ ਵਿਚ ਖਾਸੀ ਚਹਿਲ-ਪਹਿਲ ਵਿਖਾਈ ਦੇ ਰਹੀ ਸੀ। ਅੱਜ ਡਾਕੀਆਂ ਦੇ ਇਲਾਕੇ ਬਦਲ ਗਏ ਸਨ। ਗੁਲਾਬਦੀਨ ਦਾ ਚਿਹਰਾ ਉਤਰਿਆ ਹੋਇਆ ਸੀ। ਕਮਰ ਇਲਾਹੀ ਨੇ ਅਕਰਮ ਨੂੰ ਪੁੱਛਿਆ, ‘‘ਗੁਲਾਬਦੀਨ ਦੀ ਮਾਂ ਕਿਉਂ ਮਰੀ ਹੋਈ ਹੈ?’’

‘‘ਉਹਦੀ ਬਦਲੀ ਹੀਰਾ ਮੰਡੀ ਦੀ ਹੋ ਗਈ ਹੈ।’’

ਕਰਮ ਇਲਾਹੀ ਨੇ ਹੱਥ ਅੱਗੇ ਕਰਦੇ ਹੋਏ ਕਿਹਾ, ‘‘ਸੌਂਹ ਰੱਬ ਦੀ।’’

ਅਕਰਮ ਬੋਲਿਆ, ‘‘ਸੌਂਹ ਰੱਬ ਦੀ।’’ ਤੇ ਉਸ ਨੇ ਆਪਣਾ ਹੱਥ ਉਸ ਦੇ ਹੱਥ ’ਤੇ ਮਾਰਿਆ। ਦੋਵੇਂ ਖਿੜਖਿੜਾ ਕੇ ਹੱਸ ਪਏ।

‘‘ਇਸ ਦਾ ਕੀ ਮਤਲਬ ਹੋਇਆ। ਰਿਜ਼ਕ ਦੇਣ ਵਾਲਾ ਤਾਂ ਖੁਦਾ ਹੈ। ਮੈਨੂੰ ਭਾਵੇਂ ਨੌਕਰੀ ਕਿਉਂ ਨਾ ਛੱਡਣੀ ਪਵੇ, ਮੈਂ ਤਾਂ ਵੱਡੇ ਸਾਹਿਬ ਕੋਲ ਅਪੀਲ ਜ਼ਰੂਰ ਕਰਾਂਗਾ। ਤੁਸੀਂ ਖੁਦ ਸਮਝਦਾਰ ਹੋ। ਅਫਸਰਾਂ ਨੂੰ ਤਾਂ ਖਿਆਲ ਕਰਨਾ ਚਾਹੀਦਾ ਹੈ ਕਿ ਕਿਹੜਾ ਇਲਾਕਾ ਕਿਸ ਨੂੰ ਦੇਣਾ ਹੈ।’’ ਗੁਲਾਬਦੀਨ ਆਪਣੇ ਦਿਲ ਦੀ ਭੜਾਸ ਕੱਢ ਰਿਹਾ ਸੀ।

ਉਹ ਪੰਜ ਵਕਤ ਦਾ ਨਮਾਜ਼ੀ ਸੀ। ਇਮਾਨਦਾਰੀ ਅਤੇ ਕੰਮ ਪ੍ਰਤੀ ਲਗਨ ਕਾਰਨ ਉਸ ਨੂੰ ਆਪਣੇ ਪਰਾਏ ਸਾਰੇ ਇੱਜ਼ਤ ਦੀ ਨਜ਼ਰ ਨਾਲ ਵੇਖਦੇ ਸਨ। ਪਰ ਅੱਜ ਉਸ ਦੀ ਇੱਜ਼ਤ ਦਾ ਦਮ ਘੁੱਟ ਰਿਹਾ ਸੀ। ਤੂੰ ਹੀਰਾ ਮੰਡੀ ਵਿਚ ਖ਼ਤ ਵੰਡਣ ਜਾਵੇਂਗਾ? ਰੰਡੀਆਂ ਦੇ ਕੋਠਿਆਂ ’ਤੇ ਚੜ੍ਹ ਕੇ ਆਵਾਜ਼ ਦੇਵੇਂਗਾ, ‘‘ਬੀਬੀ ਖ਼ਤ ਆਇਆ ਹੈ।’’ ਗੰਦੀਆਂ ਗਲੀਆਂ ਵਿਚ ਜਾ ਕੇ ਪੇਸ਼ੇਵਰਾਂ ਨੂੰ ਉਨ੍ਹਾਂ ਦੇ ਯਾਰਾਂ ਦੇ ਖ਼ਤ ਦੇਵੇਂਗਾ, ਜੋ ਹਵਸ ਤੋਂ ਸ਼ੁਰੂ ਹੋ ਕੇ ਹਵਸ ’ਤੇ ਹੀ ਖ਼ਤਮ ਹੋ ਜਾਂਦੇ ਹਨ, ਜਿਨ੍ਹਾਂ ਦਾ ਕਿੱਤਾ ਸਿਰਫ਼ ਬਦਕਾਰੀ ਹੀ ਹੈ। ਕਿਸੇ ਖ਼ਤ ਵਿਚ ਮਾਂ ਦੀ ਮਮਤਾ ਨਹੀਂ ਹੋਵੇਗੀ, ਕਿਸੇ ਖ਼ਤ ਵਿਚ ਬਾਪ ਦਾ ਪਿਆਰ ਨਹੀਂ ਹੋਵੇਗਾ। ਮਾਂ ਦੀਆਂ ਛਾਤੀਆਂ ਵਿਚ ਦੁੱਧ ਦੀ ਜਗ੍ਹਾ ਜ਼ਹਿਰ ਹੋਵੇਗਾ ਤੇ ਬਾਪ ਦੀਆਂ ਨਜ਼ਰਾਂ ਵਿਚ ਬੇ-ਗ਼ੈਰਤੀ, ਬੇਸ਼ਰਮੀ, ਬੇਹਯਾਈ। ਉਹ ਹੜਬੜਾ ਕੇ ਉਠ ਬੈਠਾ।

ਅਗਲੇ ਦਿਨ ਪੋਸਟਮਾਸਟਰ ਕਹਿ ਰਿਹਾ ਸੀ, ‘‘ਗੁਲਾਬਦੀਨ, ਕਿਉਂ ਪੇਸ਼ ਹੋਣਾ ਚਾਹੁੰਦਾ ਹੈ?’’

ਸੁਪਰਵਾਈਜ਼ਰ ਬੋਲਿਆ, ‘‘ਤੁਹਾਨੂੰ ਕੋਈ ਬੇਨਤੀ ਕਰਨਾ ਚਾਹੁੰਦਾ ਹੈ। ਸਿਰਫ ਦੋ ਮਿੰਟ ਲਈ ਪੇਸ਼ ਹੋਣ ਲਈ ਕਹਿ ਰਿਹਾ ਹੈ।’’

‘‘ਬੁਲਾਓ ਉਸ ਨੂੰ।’’

ਗੁਲਾਬਦੀਨ ਦਾ ਚਿਹਰਾ ਵੱਡੇ ਸਾਹਿਬ ਕੋਲ ਪੇਸ਼ੀ ਕਰਕੇ ਪੀਲਾ ਹੋ ਗਿਆ ਸੀ। ਦਿਲ ਬੈਠਾ ਜਾ ਰਿਹਾ ਸੀ। ਪਾਟੇ ਹੋਏ ਬੁਲ੍ਹ ਜ਼ਿਆਦਾ ਮੋਟੇ ਦਿਖਾਈ ਦੇ ਰਹੇ ਸਨ। ਦਾੜ੍ਹੀ ਦੇ ਵਾਲ ਜ਼ਿਆਦਾ ਸੰਘਣੇ ਨਜ਼ਰ ਆ ਰਹੇ ਸਨ। ਉਹ ਸ਼ਾਇਦ ਹੁਣੇ-ਹੁਣੇ ਵੁਜ਼ੂ ਕਰ ਕੇ ਅਤੇ ਦੁਆ ਮੰਗ ਕੇ ਆ ਰਿਹਾ ਸੀ।

‘‘ਕੀ ਗੱਲ ਹੈ ਗੁਲਾਬਦੀਨ?’’

‘‘ਜੀ! ਮੈਂ ਸਿਰਫ ਇਹ ਅਰਜ਼ ਕਰਨ ਆਇਆ ਸਾਂ ਕਿ ਮੇਰੀ ਬਦਲੀ ਹੀਰਾ ਮੰਡੀ ਦੀ ਕਰ ਦਿੱਤੀ ਗਈ ਹੈ...’’

‘‘ਤਾਂ ਫਿਰ’’

‘‘ਜੀ, ਜ਼ਰਾ ਖਿਆਲ ਕਰੋ। ਮੈਂ ਪੰਜ ਵਕਤ ਦਾ ਨਿਮਾਜ਼ੀ ਪਰਹੇਜ਼ਗਾਰ ਆਦਮੀ ਹਾਂ। ਮੇਰੀ ਬੜੀ ਬੇਇੱਜ਼ਤੀ ਹੋਵੇਗੀ।’’ ਉਸ ਨੇ ਦਰਖ਼ਾਸਤ ਕੱਢ ਕੇ ਮੇਜ਼ ’ਤੇ ਰੱਖ ਦਿੱਤੀ ਤੇ ਆਪਣੇ ਕੋਟ ਦੀ ਜੇਬ ਵਿਚੋਂ ਕਾਲੇ ਮਣਕਿਆਂ ਦੀ ਮਾਲਾ ਕੱਢ ਕੇ ਬੋਲਿਆ, ‘‘ਹਜ਼ੂਰ, ਜਿਸ ਹੱਥ ਨਾਲ ਇਹ ਮਾਲਾ ਫੇਰੀ ਜਾਂਦੀ ਹੈ, ਉਹ ਬਦਕਾਰੀ ਦੇ ਅੱਡਿਆਂ ’ਤੇ ਜਾ ਕੇ ਪੇਸ਼ੇਵਰ ਔਰਤਾਂ ਨੂੰ ਖ਼ਤ ਵੰਡੇਗਾ? ਯਾ ਖ਼ੁਦਾ, ਮੇਰੇ ਕੋਲੋਂ ਇਹ ਨਹੀਂ ਜੇ ਹੋ ਸਕਣਾ। ਜਨਾਬ, ਮੇਰੀ ਬੇਨਤੀ ਹੈ ਕਿ ਮੈਨੂੰ ਫ਼ੈਜ਼ ਬਾਗ ਦਾ ਇਲਾਕਾ ਦੇ ਦਿੱਤਾ ਜਾਵੇ ਤਾਂ ਮਿਸ਼ਰੀ ਸ਼ਾਹ ਵਿਚ ਹੀ ਰਹਿਣ ਦਿੱਤਾ ਜਾਵੇ।’’

ਪੋਸਟਮਾਸਟਰ ਨੇ ਹੱਥ ਵਿਚ ਪੇਪਰ ਵੇਟ ਘੁਮਾਉਂਦੇ ਹੋਏ ਕਿਹਾ, ‘‘ਤਾਂ ਫਿਰ ਤੇਰੀ ਬਦਲੀ ਮਨਸੂਖ ਕਰ ਦਿੱਤੀ ਜਾਵੇ?’’

‘‘ਤੁਹਾਡੇ ਬੱਚੇ ਜਿਊਂਦੇ ਰਹਿਣ... ਇਹੀ ਮੇਰਾ ਮਤਲਬ ਸੀ।’’

‘‘ਫਿਲਹਾਲ ਤਾਂ ਇਹ ਮੁਸ਼ਕਲ ਹੈ... ਵਿਚਾਰ ਕਰਨ ਲਈ ਤੇਰੀ ਅਰਜ਼ੀ ਰੱਖ ਲੈਂਦੇ ਹਾਂ, ਪਰ ਇਸ ਸਮੇਂ ਬਦਲੀ ਮਨਸੂਖ ਨਹੀਂ ਹੋ ਸਕਦੀ।’’ ਗੁਲਾਬਦੀਨ ਦੇ ਸੀਨੇ ਵਿਚ ਇਕ ਤੀਰ ਜਿਹਾ ਲੱਗਾ।

***

ਸਿਰਾਜ ਤੇ ਗੁਲਾਬਦੀਨ ਦੋਵੇਂ ਪਾਣੀ ਵਾਲੇ ਤਲਾਬ ਵੱਲ ਦੀ ਹੁੰਦੇ ਹੋਏ ਜਦ ਨੌਗਜੇ ਦੀ ਕਬਰ ’ਤੇ ਪਹੁੰਚੇ ਤਾਂ ਸਿਰਾਜ ਰੁਕ ਗਿਆ। ਉਸ ਨੇ ਹੱਥ ਵਿਚ ਫੜ੍ਹੀ ਹੋਈ ਡਾਕ ਛਾਂਟੀ ਤੇ ਬੋਲਿਆ, ‘‘ਮੌਲਵੀ ਗੁਲਾਬਦੀਨ! ਏਧਰੋਂ ਸ਼ੁਰੂ ਕਰਦੇ ਹਾਂ।’’ ਉਹ ਸੱਜੇ ਹੱਥ ਵੱਲ ਘੁੰਮ ਗਿਆ, ‘‘ਇਹ ਪਹਿਲਾ ਚੁਬਾਰਾ ਫ਼ੀਰੋਜ਼ਾ ਦਾ ਹੈ। ਏਧਰ ਸਭ ਗਾਉਣ ਵਾਲੀਆਂ ਰਹਿੰਦੀਆਂ ਹਨ।’’ ਫਾਟਕ ਦੇ ਸਾਹਮਣੇ ਚਾਰ-ਪੰਜ ਆਦਮੀ ਬੈਠੇ ਤਾਸ਼ ਖੇਡ ਰਹੇ ਸਨ। ਮਕਾਨ ਦੀ ਛੱਤ ’ਤੇ ਇਕ ਔਰਤ ਮੋਢੇ ’ਤੇ ਤੌਲੀਆ ਲਪੇਟੀ ਉਂਗਲੀਆਂ ਨਾਲ ਝਟਕੇ ਮਾਰ-ਮਾਰ ਕੇ ਵਾਲ ਸੁਕਾ ਰਹੀ ਸੀ। ਸਿਰ ’ਤੇ ਚੁੰਨੀ ਨਾ ਹੋਣ ਕਾਰਨ ਗੁਲਾਬਦੀਨ ਨੂੰ ਇਹ ਬੜੀ ਬੇਸ਼ਰਮ ਲੱਗ ਰਹੀ ਸੀ। ਹਰ ਝਟਕੇ ਨਾਲ ਉਸ ਦੀ ਛਾਤੀ...। ਉਸ ਦਾ ਦਿਲ ਕੀਤਾ, ਉਹ ਅੱਖਾਂ ਬੰਦ ਕਰ ਲਵੇ। ਉਸ ਨੇ ਆਪਣੀ ਪੱਗ ਦੇ ਸ਼ਮਲੇ ਨਾਲ ਆਪਣਾ ਨੱਕ ਤੇ ਮੂੰਹ ਲੁਕਾ ਲਿਆ।

‘‘ਕੱਲ੍ਹ ਤੋਂ ਮੇਰੀ ਜਗ੍ਹਾ ਇਹ ਚਿੱਠੀਆਂ ਵੰਡਿਆ ਕਰੇਗਾ।’’

‘‘ਹੈਂ! ਨਵਾਂ ਚਿੱਠੀ-ਰਸੈਣ ਲੱਗ ਪਿਆ।’’

‘‘ਜੀ ਹਾਂ।’’

ਲੰਮੀਆਂ-ਲੰਮੀਆਂ ਮੁੱਛਾਂ ਵਾਲੇ ਨੇ ਤਾਸ਼ ਦੇ ਪੱਤੇ ਫਟਾਕ ਨਾਲ ਬੰਦ ਕਰਦਿਆਂ ਹੋਇਆਂ ਸਿਰਾਜ ਨੂੰ ਵੇਖਿਆ। ਵੇਖਣ ਵਾਲੇ ਦੀਆਂ ਅੱਖਾਂ ਸੁਰਖ ਸਨ ਤੇ ਮੰਜੀ ਦਾ ਕਾਫੀ ਹਿੱਸਾ ਉਸ ਦੇ ਭਾਰੇ ਸਰੀਰ ਨੇ ਮੱਲਿਆ ਹੋਇਆ ਸੀ। ਉਸ ਨੇ ਗੋਡੇ ਇਕੱਠੇ ਕਰਦਿਆਂ ਹੋਇਆਂ ਲੱਠੇ ਦੀ ਚਾਦਰ ਆਪਣੇ ਚੱਡਿਆਂ ਵਿਚ ਲੈ ਲਈ। ਫਿਰ ਆਰਾਮ ਨਾਲ ਬੈਠ ਗਿਆ।

‘‘ਮੁਨਸ਼ੀ ਹੁਰਾਂ ਦਾ ਨਾਂ ਕੀ ਹੈ?’’ ਨੌਜਵਾਨ ਛੋਕਰੇ ਨੇ ਪੁੱਛਿਆ।

‘‘ਗੁਲਾਬਦੀਨ।’’ ਸਿਰਾਜ ਨੇ ਜੁਆਬ ਦਿੱਤਾ।

ਨੌਜਵਾਨ ਨੇ ਹੱਸ ਕੇ ਕਿਹਾ, ‘‘ਓ ਰਾਂਝਾ, ਫੁੱਲ ਗੁਲਾਬ ਦਾ ਮੇਰੀ ਝੋਲੀ ਟੁੱਟ ਪਿਆ।’’

‘‘ਸ਼ਰਮ ਨਹੀਂ ਆਉਂਦੀ ਤੈਨੂੰ। ਦੁਆ-ਸਲਾਮ ਕਰਨ ਦੀ ਬਜਾਏ ਉਲਟਾ ਮਸ਼ਕਰੀਆਂ ਕਰ ਰਿਹਾ ਹੈਂ?’’ ਛੱਤ ’ਤੇ ਖੜ੍ਹੀ ਤਵਾਇਫ਼ ਨੇ ਝਿੜਕਿਆ। ਉਸ ਨੇ ਆਪਣਾ ਇਕ ਪੈਰ ਜੰਗਲੇ ’ਤੇ ਰੱਖਿਆ ਸੀ, ਜਿਸ ਤੋਂ ਉਸ ਦੀਆਂ ਪਿੰਨੀਆਂ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਸੀ।

‘‘ਓ ਬੀਬੀ, ਆਪਣੀ ਸਲਵਾਰ ਜਾ ਕੇ ਸਿਊਂ ਪਹਿਲਾਂ।’’

ਉਸ ਨੇ ਆਪਣਾ ਪੈਰ ਜੰਗਲੇ ਤੋਂ ਹੇਠਾਂ ਰੱਖਦਿਆਂ ਹੋਇਆਂ ਕਿਹਾ, ‘‘ਫਿਟੇ ਮੂੰਹ ਬੇਸ਼ਰਮਾ।’’

ਮੁੱਛਾਂ ਵਾਲੇ ਨੇ ਡੱਬੀ ਚੁੱਕ ਕੇ ਗੁਲਾਬਦੀਨ ਨੂੰ ਕਿਹਾ, ‘‘ਸਿਗਰਟ ਪੀਓ, ਮੌਲਵੀ ਜੀ।’’

ਗੁਲਾਬਦੀਨ ਬੋਲਿਆ, ‘‘ਜੀ ਨਹੀਂ, ਮਿਹਰਬਾਨੀ।’’

ਸਿਰਾਜ ਨੇ ਸਿਗਰਟ ਸੁਲਗਾ ਲਈ ਅਤੇ ਸਲਾਮ-ਅਲੈਕੁਮ ਲੈ ਕੇ ਅੱਗੇ ਚੱਲ ਪਿਆ, ‘‘ਇਹ ਮੁੱਛਾਂ ਵਾਲਾ ਕੌਣ ਹੈ?’’

‘‘ਏਸੇ ਗਲੀ ਦਾ ਚੌਧਰੀ ਹੈ।’’

‘‘ਤੇ ਇਹ ਲੱਚਰ ਜਿਹਾ ਛੋਕਰਾ?’’

‘‘ਇਹ ਬਿੱਲੋ ਦੇ ਚਾਚੇ ਦਾ ਮੁੰਡਾ ਹੈ। ਇਹ ਬਿੱਲੋ ਹੀ ਤਾਂ ਸੀ। ਢੋਲਕ ’ਤੇ ਗੀਤ ਬਹੁਤ ਵਧੀਆ ਗਾਉਂਦੀ ਹੈ। ਇਹ ਹੇਠਲੀ ਬੈਠਕ ਬਾਲਾ ਦੀ ਹੈ ਤੇ ਉਪਰ ਚੁਬਾਰੇ ਵਿਚ ਗਿੱਗ ਰਹਿੰਦੀ ਹੈ। ਉਸ ਨੇ ਹੱਥ ਵਿਚ ਫੜੀ ਹੋਈ ਡਾਕ ਵਿਚੋਂ ਇਕ ਲਿਫਾਫਾ ਕੱਢ ਕੇ ਗੁਲਾਬਦੀਨ ਨੂੰ ਵਿਖਾਇਆ, ਜਿਸ ’ਤੇ ਸਿਰਨਾਵਾਂ ਲਿਖਿਆ ਹੋਇਆ ਸੀ ‘ਜਮਰੇਂਦ ਸੁਲਤਾਨਾ ਉਰਫ਼ ਗਿੱਗ।’ ਉਹ ਪੌੜ੍ਹੀਆਂ ਚੜ੍ਹ ਕੇ ਗਲਿਆਰੇ ਅੱਪੜੇ, ਬੈਠਕ ਖਾਲੀ ਪਈ ਸੀ। ਦਰਵਾਜ਼ੇ ’ਤੇ ਮੋਤੀਆਂ ਦੀਆਂ ਲੜੀਆਂ ਲਮਕ ਰਹੀਆਂ ਸਨ। ਸਿਰਾਜ ਨੇ ਖ਼ਤ ਸੁੱਟਦਿਆਂ ਹੋਇਆਂ ਕਿਹਾ, ‘‘ਚਿੱਠੀ ਲੈ ਲਓ ਜੀ।’’

ਇਕ ਠਿਗਣੀ ਜਿਹੀ ਔਰਤ ਨੇ ਖ਼ਤ ਚੁੱਕ ਲਿਆ। ਸਿਰਾਜ ਬੋਲਿਆ, ‘‘ਬੀਬੀ ਜੀ! ਕੱਲ੍ਹ ਤੋਂ ਇਹ ਚਿੱਠੀ-ਰਸੈਣ ਚਿੱਠੀਆਂ ਵੰਡਿਆ ਕਰੇਗਾ।’’

ਬਾਕੀ ਸਫ਼ਾ 41 ’ਤੇ

Harjeet Sandhu
REALTOR
''Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

LIQUOR STORE ON SALE
Located In a Very Busy Plaza
Close To Cineplex, Restaurants
ਸੇਂਟ ਐਲਬਰਟ ਟਰੇਲ (137 ਐਵੀਨਿਊ) ਐਡਮਿੰਟਨ ਵਿਚ ਚੰਗੀ ਸੇਲ ਨਾਲ ਚੱਲ ਰਹੇ ਲਿਕਰ ਸਟੋਰ ਨੂੰ ਖ੍ਰੀਦਣ ਦਾ ਸੁਨਹਿਰੀ ਮੌਕਾ।
ਵਾਜਬ ਕੀਮਤ, ਇਨਵੈਂਟਰੀ ਸਮੇਤ
15 ਸਾਲ ਲੀਜ਼ ਹਾਲੇ ਬਾਕੀ।
Contact : ਪਾਲ ਬੜਵਾਲ
ਸੰਪਰਕ : 587-708-6866

A City Limos Ltd.
Ph: 780-462-4940
Toll Free: 1-888-462-4623

Wedding
School Proms
Birthday
City Tours
Airport Service
Edmonton-Calgary Vancouver
Contact
780-951-7260

e-mail: dhaliwalsd@hotmail.com, www.acitylimousine.com

''ਅੱਛਾ ਮੁਨਸ਼ੀ।'' ਉਸ ਨੇ ਬਿਨਾਂ ਧਿਆਨ ਦਿੱਤਿਆਂ ਕਿਹਾ ਤੇ ਕਾਹਲੀ ਨਾਲ ਲਿਫ਼ਾਫ਼ਾ ਲੈ ਕੇ ਅੰਦਰ ਚਲੀ ਗਈ, ''ਗਿੱਗ ਦੀ ਚਿੱਠੀ ਆਈ ਹੈ।''

ਵਾਪਸੀ 'ਤੇ ਤਾਸ਼ ਖੇਡਣ ਵਾਲਿਆਂ ਕੋਲੋਂ ਲੰਘਦਿਆਂ ਗੁਲਾਬਦੀਨ ਨੇ ਆਪਣੀਆਂ ਖਾਲੀ-ਖਾਲੀ ਨਿਗਾਹਾਂ ਖ਼ਲਾਅ ਵਿਚ ਗੱਡ ਦਿੱਤੀਆਂ ਤਾਂ ਕਿ ਉਹ ਲੱਚਰ ਜਿਹਾ ਮੁੰਡਾ ਉਸ ਨੂੰ ਫਿਰ ਮਜ਼ਾਕ ਨਾ ਕਰ ਦੇਵੇ, ਪਰ ਉਨ੍ਹਾਂ ਲੋਕਾਂ ਨੇ ਇਸ ਵਾਰ ਵੇਖਿਆ ਵੀ ਨਹੀਂ ਕਿ ਕੌਣ ਲੰਘ ਰਿਹਾ ਹੈ। ਬਾਜ਼ਾਰ ਵਿਚ ਪਹੁੰਚ ਕੇ ਗੁਲਾਬਦੀਨ ਨੇ ਲੰਮਾ ਸਾਹ ਲਿਆ ਤੇ ਸ਼ਮਲੇ ਦੇ ਸਿਰ ਨਾਲ ਮੱਥਾ ਪੂੰਝਿਆ।

''ਇਹ ਨਿੱਕਾ ਪਾਨ ਵਾਲਾ ਹੈ। ਇਹ ਬਾਰੇ ਦੀ ਦੁਕਾਨ ਹੈ। ਸ਼ਾਬੇ ਦੇ ਪਾਨ ਸਾਰੀ ਹੀਰਾ ਮੰਡੀ ਵਿਚ ਮਸ਼ਹੂਰ ਹਨ। ਇਹ ਉਹਦਾ ਸ਼ਾਗਿਰਦ ਹੈ। ਦਿਨ ਨੂੰ ਇਹ ਬੈਠਦਾ ਹੈ। ਸ਼ਾਬਾ ਇਸ ਵੇਲੇ ਸੁੱਤਾ ਹੋਵੇਗਾ। ਸ਼ਾਮ ਨੂੰ ਉਠੇਗਾ। ਪਾਨ-ਸਿਗਰਟ ਦੀਆਂ ਦੁਕਾਨਾਂ ਦਲਾਲੀ ਦੇ ਅੱਡੇ ਹਨ, ਮੌਲਵੀ ਜੀ।''

ਉਸ ਵਕਤ ਤਕ ਗੁਲਾਬਦੀਨ ਨੇ ਚੁੱਪ ਧਾਰੀ ਹੋਈ ਸੀ। ਉਹ ਸਿਰਾਜ ਦੇ ਇਸ ਖ਼ਿਤਾਬ 'ਤੇ ਚੌਂਕ ਪਿਆ ਤੇ ਬੋਲਿਆ, ''ਖ਼ੁਦਾ ਗਰਕ ਕਰੇ ਇਨ੍ਹਾਂ ਲੋਕਾਂ ਨੂੰ।''

''ਬਾਜ਼ਾਰ ਵਿਚ ਇਹ ਲੋਕ ਜੋ ਸਾਨੂੰ ਬੈਠੇ ਹੋਏ ਨਜ਼ਰ ਆ ਰਹੇ ਹਨ, ਤਵਾਇਫ਼ਾਂ ਦੇ ਨੌਕਰ ਹਨ।'' ਇਕ ਗਲੀ ਦੇ ਸਿਰੇ 'ਤੇ ਖੜ੍ਹੇ ਹੋ ਕੇ ਸਿਰਾਜ ਚਿੱਠੀ-ਰਸੈਣ ਨੇ ਫਿਰ ਖ਼ਤ ਛਾਂਟੇ, ''ਇਸ ਗਲੀ ਵਿਚ ਪੇਸ਼ਾ ਕਰਨ ਵਾਲੀਆਂ ਬੈਠਦੀਆਂ ਹਨ।'' ਸਿਰਾਜ ਨੇ ਕਿਸੇ ਜਜ਼ਬੇ ਤੋਂ ਬਗ਼ੈਰ ਕਿਹਾ ਤੇ ਗੁਲਾਬਦੀਨ ਨੂੰ ਲੈ ਕੇ ਅੱਗੇ ਵਧ ਗਿਆ। ਉਸ ਗਲੀ ਵਿਚੋਂ ਸੜੇ ਹੋਏ ਖ਼ਰਬੂਜ਼ਿਆਂ ਦੀ ਬੋਅ ਆ ਰਹੀ ਸੀ। ਗੁਲਾਬਦੀਨ ਨੇ ਪੱਗ ਦੇ ਸ਼ਮਲੇ ਨਾਲ ਆਪਣਾ ਮੂੰਹ ਇਕ ਵਾਰ ਫਿਰ ਢੱਕਿਆ। ਨਿਮਰਤਾ ਨਾਲ ਬੋਲਿਆ, ''ਇਸ ਗਲੀ ਵਿਚ ਜਾਣਾ ਜ਼ਰੂਰੀ ਹੈ?''

''ਸਿਰਫ ਇਕ ਖ਼ਤ ਹੈ।''

''ਕਿਸ ਦਾ?''

''ਕੰਜਰਾਂ ਦੇ ਚੌਧਰੀ ਮਾਤੂ ਦਾ। ਇਸ ਗਲੀ ਦੀਆਂ ਬਹੁਤ ਘੱਟ ਚਿੱਠੀਆਂ ਹੁੰਦੀਆਂ ਹਨ। ਜੇ ਕੋਈ ਹੋਵੇ ਤਾਂ ਉਹ ਚੌਧਰੀ ਦੀ ਜਾਂ ਕਿਸੇ ਦਲਾਲ ਦੀ ਹੁੰਦੀ ਹੈ।''

ਚੌਧਰੀ ਦੀ ਦਾੜ੍ਹੀ ਖ਼ਜ਼ਾਬ ਨਾਲ ਰੰਗੀ ਹੋਈ ਸੀ। ਉਹ ਮੰਜੀ 'ਤੇ ਬੈਠਾ ਹੁੱਕਾ ਪੀ ਰਿਹਾ ਸੀ ਤੇ ਇਕ ਆਦਮੀ ਉਸ ਦੀਆਂ ਪਿੰਨੀਆਂ ਘੁੱਟ ਰਿਹਾ ਸੀ। ਕੋਲ ਹੀ ਇਕ ਤੇਲ ਮਾਲਸ਼ੀ ਬੈਠਾ ਹੋਇਆ ਸੀ। ''ਕਿਧਰ ਮਾਸਟਰ?'' ਉਸ ਨੇ ਚਿੱਠੀ-ਰਸੈਣ ਨੂੰ ਵੇਖ ਕੇ ਕਿਹਾ।

''ਚੌਧਰੀ ਮਾਤੂ, ਤੁਹਾਡੀ ਇਹ ਚਿੱਠੀ ਸੀ।''

ਕਸਬੀਆਂ (ਵੇਸਵਾਵਾਂ) ਆਪਣੀਆਂ-ਆਪਣੀਆਂ ਦਹਿਲਜ਼ਾਂ 'ਤੇ ਲੋਹੇ ਦੀਆਂ ਕੁਰਸੀਆਂ 'ਤੇ ਬੈਠੀਆਂ ਸਨ। ਮੂੰਹ 'ਤੇ ਫਿਟਕਾਰ ਨਜ਼ਰ ਆ ਰਹੀ ਸੀ। ਗੁਲਾਬਦੀਨ ਨੀਵੀਆਂ ਨਜ਼ਰਾਂ ਨਾਲ ਸਿਰਾਜ ਦੇ ਨਾਲ-ਨਾਲ ਜਾ ਰਿਹਾ ਸੀ। ਏਨੇ ਵਿਚ ਇਕ ਔਰਤ ਦੀ ਆਵਾਜ਼ ਆਈ, ''ਮੀਆਂ ਮਿੱਠੂ! ਚੂਰੀ ਖਾਣੀ ਏਂ?''

ਗੁਲਾਬਦੀਨ ਨੇ ਚੋਰ ਅੱਖ ਨਾਲ ਵੇਖਿਆ। ਇਕ ਕਸਬੀ ਨੇ ਆਪਣੇ ਦਰਵਾਜ਼ੇ 'ਤੇ ਤੋਤੇ ਦਾ ਪਿੰਜਰਾ ਲਟਕਾਇਆ ਹੋਇਆ ਸੀ। ਚਿੱਠੀ-ਰਸੈਣ ਨੂੰ ਵੇਖ ਕੇ ਬੋਲੀ ''ਮੁਨਸ਼ੀ ਜੀ! ਸਾਡੀ ਕੋਈ ਚਿੱਠੀ ਨਹੀਂ ਆਈ?'' ਸਿਰਾਜ ਨੇ ਜਦੋਂ ਸਿਰ ਹਿਲਾਇਆ ਤਾਂ ਨਾਲਦੀ ਬੋਲੀ, ''ਯਾਰਾਂ ਪਿੱਟੀਏ! ਹੁਣ ਤੈਨੂੰ ਕੌਣ ਚਿੱਠੀਆਂ ਲਿਖੇਗਾ? ਮਰ ਗਏ ਤੇਰੇ...।''

ਉਹ ਦੋਵੇਂ ਅੱਗੇ ਨਿਕਲ ਗਏ। ਸਿਰਾਜ ਨੇ ਕਿਹਾ, ''ਤੋਤੇ ਵਾਲੀ ਔਰਤ ਦਾ ਨਾਂ ਗੁਲਾਬੋ ਹੈ। ਇਸ ਗਲੀ ਦੀ ਸਾਰੀ ਰੌਣਕ ਇਸੇ ਕਰਕੇ ਹੈ। ਬਹੁਤ ਸਾਰੇ ਤਮਾਸ਼ਬੀਨ ਇਸ ਗਲੀ ਵਿਚ ਉਸੇ ਕਰਕੇ ਆਉਂਦੇ ਹਨ...।'' ਗਲੀ ਅੱਗੋਂ ਤੰਗ ਹੁੰਦੀ ਜਾ ਰਹੀ ਸੀ। ਤਮਾਸ਼ਬੀਨ, ਜੋ ਖਿੱਲਰੇ-ਖਿੱਲਰੇ ਨਜ਼ਰ ਆ ਰਹੇ ਸਨ, ਹੁਣ ਉਨ੍ਹਾਂ ਕਰਕੇ ਰਾਹ ਤੰਗ ਹੁੰਦਾ ਜਾ ਰਿਹਾ ਸੀ। ਉਸ ਨੇ ਖੁੱਲ੍ਹੀ ਸੜਕ 'ਤੇ ਪਹੁੰਚ ਕੇ ਸੁੱਖ ਦਾ ਸਾਹ ਲਿਆ। ਪਗੜੀ ਦੇ ਸ਼ਮਲੇ ਨਾਲ ਮੱਥਾ ਪੂੰਝਿਆ ਤੇ ਦਾੜ੍ਹੀ 'ਤੇ ਹੱਥ ਫੇਰਿਆ। ਦਾੜ੍ਹੀ 'ਤੇ ਹੱਥ ਫੇਰਦੇ ਹੋਏ ਉਸ ਨੂੰ ਯਾਦ ਆਇਆ ਕਿ ਉਸ ਨੇ ਤਮਾਸ਼ਬੀਨਾਂ ਦੀ ਭੀੜ ਵਿਚ ਇਕ ਦਾੜ੍ਹੀ ਵਾਲੇ ਨੂੰ ਵੀ ਵੇਖਿਆ ਸੀ, ਜਿਸ ਦੇ ਮੱਥੇ ਉਤੇ ਹਾਰ ਲਪੇਟਿਆ ਹੋਇਆ ਸੀ ਤੇ ਫੇਰ ਕੰਜਰਾਂ ਦੇ ਚੌਧਰੀ ਦੀ ਖਿਜ਼ਾਬ-ਰੰਗੀ ਭਰਵੀਂ ਦਾੜ੍ਹੀ ਉਸ ਨੂੰ ਯਾਦ ਆਈ। ਉਹ ਥੱਕ ਚੁੱਕਾ ਸੀ ਤੇ ਆਪਦੇ ਕੰਮ ਤੋਂ ਅਵਾਜ਼ਾਰੀ ਮਹਿਸੂਸ ਕਰ ਰਿਹਾ ਸੀ। ਉਸ ਨੇ ਸੋਚਿਆ, ਕਾਸ਼! ਉਸ ਦੀ ਲੂਣ ਤੇਲ ਦੀ ਦੁਕਾਨ ਹੁੰਦੀ। ਆਰਾਮ ਨਾਲ ਬੈਠਾ ਦੁਕਾਨ ਕਰਦਾ। ਉਸ ਨੂੰ ਪਤਾ ਨਹੀਂ, ਤਾਂਗਿਆਂ ਦੇ ਅੱਡੇ ਤੱਕ ਪਹੁੰਚਦਿਆਂ ਕਿੰਨਾ ਵਕਤ ਲੱਗਾ। ਸਿਨਮੇ ਦੇ ਕਰੀਬ ਦਾ ਮਾਹੌਲ ਉਸ ਨੂੰ ਕੁਝ ਵੱਖਰਾ ਲੱਗਿਆ। ਉਸ ਦਾ ਦਿਲ ਕੀਤਾ, ਪੌੜੀਆਂ 'ਤੇ ਬੈਠ ਕੇ ਆਉਂਦੇ-ਜਾਂਦੇ ਲੋਕਾਂ ਨੂੰ ਵੇਖਦਾ ਰਹੇ ਤਾਂ ਕਿ ਉਸ ਦੇ ਦਿਲ-ਦਿਮਾਗ ਵਿਚੋਂ ਖਿਚਾਅ ਦੂਰ ਹੋ ਜਾਵੇ। ਸਿਰਾਜ ਨੇ ਉਸ ਵੱਲ ਵੇਖਿਆ ਤੇ ਕਿਹਾ, ''ਕਿਉਂ ਮੁਨਸ਼ੀ ਜੀ! ਥੱਕ ਗਏ?''

''ਨਹੀਂ ਤਾਂ।''

''ਬੱਸ ਇਹ ਦੋ ਚਿੱਠੀਆਂ ਹੋਰ ਵੰਡਣੀਆਂ ਹਨ।'' ਇਹ ਕਹਿ ਦੇ ਸਿਰਾਜ ਨੇ ਚਾਰ-ਪੰਜ ਖ਼ਤ ਗੁਲਾਬਦੀਨ ਨੂੰ ਫੜਾ ਦਿੱਤੇ। ਗੁਲਾਬਦੀਨ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ, ਜਿਵੇਂ ਕਿਸੇ ਨੇ ਗੰਦੇ ਖ਼ੂਨ ਨਾਲ ਲਿਬੜੇ ਲੀੜੇ, ਕੂੜੇ ਦੇ ਢੇਰ ਤੋਂ ਚੁੱਕ ਕੇ ਉਸ ਦੇ ਹੱਥਾਂ ਵਿਚ ਫੜਾ ਦਿੱਤੇ ਹੋਣ। ਏਨੇ ਵਿਚ ਸਿਰਾਜ ਇਕ ਮਕਾਨ ਵਿਚ ਦਾਖ਼ਲ ਹੋਇਆ। ਮਕਾਨ ਦੀ ਡਿਊਢੀ ਬਹੁਤ ਵੱਡੀ ਸੀ, ਜੋ ਖਾਲੀ ਪਈ ਸੀ। ਉਹ ਬੇਧੜਕ ਅੱਗੇ ਵਿਹੜੇ ਵਿਚ ਚਲਾ ਗਿਆ। ਵਿਹੜੇ ਵਿਚ ਇਕ ਨਵਾਰੀ ਪਲੰਘ 'ਤੇ ਦੋ ਕੁੜੀਆਂ ਲਸ੍ਹਣ ਦੀਆਂ ਤੁਰੀਆਂ ਛਿੱਲ ਰਹੀਆਂ ਸਨ। ਸਾਹਮਣੇ ਲਸ੍ਹਣ ਦੀਆਂ ਛਿੱਲਾਂ ਦਾ ਢੇਰ ਲੱਗਾ ਹੋਇਆ ਸੀ। ਚੌਕੀ 'ਤੇ ਬੈਠੀ ਇਕ ਛੋਟੀ ਜਿਹੀ ਕੁੜੀ ਅੱਡ ਲਸ੍ਹਣ ਛਿੱਲ ਰਹੀ ਸੀ। ਸਿਰਾਜ ਨੇ ਗੁਲਾਬਦੀਨ ਦੇ ਹੱਥ ਵਿਚ ਫੜੀ ਡਾਕ ਵਿਚੋਂ ਇਕ ਖ਼ਤ ਕੱਢ ਲਿਆ, ਜਿਸ 'ਤੇ ਬਦਰੂਨਿਸਾ ਦਾ ਨਾਂ ਲਿਖਿਆ ਹੋਇਆ ਸੀ। ਉਸ ਦੀ ਆਵਾਜ਼ ਸੁਣ ਕੇ ਦੋਵਾਂ ਕੁੜੀਆਂ ਨੇ ਆਪਣੀਆਂ ਨਜ਼ਰਾਂ ਉਪਰ ਚੁੱਕੀਆਂ। ਸਿਰਾਜ ਬੋਲਿਆ, ''ਖ਼ਤ ਆਇਆ ਜੀ।''

ਦੋਵੇਂ ਕੁੜੀਆਂ ਬੇਤਾਬੀ ਨਾਲ ਅੱਗੇ ਵਧੀਆਂ। ਸਿਰਾਜ ਨੇ ਖ਼ਤ ਦੇਣ ਲਈ ਗੁਲਾਬਦੀਨ ਨੂੰ ਅੱਗੇ ਧੱਕਿਆ। ਇਹ ਪਹਿਲਾ ਖ਼ਤ ਸੀ, ਜੋ ਗੁਲਾਬਦੀਨ ਨੇ ਦਿੱਤਾ ਸੀ। ਬਦਰੂਨਿਸਾ ਖ਼ਤ ਖੋਲ੍ਹ ਕੇ ਪੜ੍ਹ ਰਹੀ ਸੀ ਕਿ ਡਿਉਢੀ ਵਿਚੋਂ ਦੋ ਹੱਟੇ-ਕੱਟੇ ਆਦਮੀ ਆਉਂਦੇ ਦਿਸੇ। ਸਿਰਾਜ ਬੋਲਿਆ, ''ਲਓ ਉਸਤਾਦ ਹੋਰੀਂ ਵੀ ਆ ਗਏ। ਮੁਨਸ਼ੀ ਜੀ! ਉਸਤਾਦ ਨੂਰਦੀਨ ਦੀ ਚਿੱਠੀ ਵੇਖਣਾ।''

ਗੁਲਾਬਦੀਨ ਖ਼ਤ ਛਾਂਟਣ ਲੱਗਾ। ਬਦਰੂਨਿਸਾ ਖੁਸ਼ੀ ਨਾਲ ਚੀਕੀ, ''ਆਪਾ ਦੇ ਕਾਕੀ ਹੋਈ।'' ਦੋਵੇਂ ਕੁੜੀਆਂ ਬਦਰੂਨਿਸਾ ਦੇ ਪਿੱਛੇ ਭੱਜੀਆਂ।

ਉਸਤਾਦ ਨੂਰਦੀਨ ਵਿਹੜੇ ਵਿਚ ਖੜ੍ਹਾ ਕਹਿ ਰਿਹਾ ਸੀ, ''ਓ ਹੈਵਾਨੋ, ਸ਼ੈਤਾਨੋ, ਸਾਨੂੰ ਚਿੱਠੀ ਤਾਂ ਵਿਖਾਓ।''

ਬਰਾਂਡੇ ਵਿਚ ਲਮਕੀ ਹੋਈ ਚਿੱਕ ਦੇ ਪਿੱਛੋਂ ਕਿਸੇ ਬੁੱਢੀ ਔਰਤ ਦੀ ਆਵਾਜ਼ ਆਈ, ''ਉਸਤਾਦ ਜੀ! ਕਮਰ ਦੇ ਕਾਕੀ ਹੋਈ ਹੈ।''

''ਕਰਮਾਂ ਵਾਲੀ ਹੋਵੇ, ਮੁਬਾਰਕਾਂ ਹੋਣ ਅੰਮਾ ਜੀ।''

''ਤੁਹਾਨੂੰ ਵੀ ਮੁਬਾਰਕਾਂ ਹੋਣ। ਨੀ ਕੁੜੀਓ? ਚਿੱਠੀ-ਰਸੈਣ ਦਾ ਮੂੰਹ ਤਾਂ ਮਿੱਠਾ ਕਰਾਓ।''

ਉਸਤਾਦ ਬੋਲਿਆ, ''ਚਿੱਠੀ-ਰਸੈਣ ਇਕ ਨਹੀਂ, ਦੋ ਹਨ।''

ਸਿਰਾਜ ਮੁਸਕਰਾ ਕੇ ਬੋਲਿਆ, ''ਉਸਤਾਦ ਜੀ! ਆਪਣਾ ਖ਼ਤ ਵੀ ਲਿਆ ਜੇ ਜਾਂ ਨਹੀਂ?''

ਗੁਲਾਬਦੀਨ ਨੇ ਨੂਰਦੀਨ ਨੂੰ ਉਸ ਦਾ ਖ਼ਤ ਦੇ ਦਿੱਤਾ, ਜੋ ਮਹਿਜ਼ ਇਸ਼ਾਰੇ ਦੀ ਉਡੀਕ ਕਰ ਰਿਹਾ ਸੀ।

ਦੂਸਰਾ ਤਕੜਾ ਆਦਮੀ ਬੋਲਿਆ, ''ਅੱਜ ਤੁਸੀਂ...।''

ਸਿਰਾਜ ਨੇ ਕਿਹਾ, ''ਅੱਜ ਮੇਰਾ ਆਖ਼ਰੀ ਦਿਨ ਹੈ। ਕੱਲ੍ਹ ਤੋਂ ਮੁਨਸ਼ੀ ਗੁਲਾਬਦੀਨ ਚਿੱਠੀਆਂ ਵੰਡਿਆ ਕਰਨਗੇ।''

ਸਿਰਾਜ ਦੇ ਹੱਥ ਵਿਚ ਕਦਰੋ ਨੇ ਆ ਕੇ ਦੋ ਰੁਪਏ ਦਿੱਤੇ। ਉਸਤਾਦ ਨੇ ਗੁਲਾਬਦੀਨ ਵੱਖ ਵੇਖ ਕੇ ਕਿਹਾ, ''ਬੜੀ ਕਿਸਮਤ ਵਾਲੇ ਹੋ... ਕੰਜਰਾਂ ਦੇ ਘਰ ਤੋਂ ਪਹਿਲੇ ਦਿਨ ਹੀ ਬੋਹਣੀ ਕਰ ਚੱਲੇ ਹੋ।''

ਬਦਰੋ ਬੋਲੀ, ''ਮਸ਼ਖ਼ਰੀਆਂ ਛੱਡੋ ਉਸਤਾਦ ਜੀ। ਬਾਹਰ ਜਾ ਕੇ ਅੱਬੇ ਹੋਰਾਂ ਨੂੰ ਵੇਖੋ ਤੇ ਕਹੋ ਘਰ ਮਠਿਆਈ ਦੀ ਟੋਕਰੀ ਲੈ ਕੇ ਆਉਣ।''

ਬਾਜ਼ਾਰ ਵਿਚ ਜਾ ਕੇ ਸਿਰਾਜ ਨੇ ਲੋਹੇ ਦੇ ਜੰਗਲੇ ਵਾਲੇ ਮਕਾਨ ਵੱਲ ਇਸ਼ਾਰਾ ਕਰ ਕੇ ਕਿਹਾ, ''ਏਥੇ ਬੇਘਾ ਰਹਿੰਦੀ ਹੈ। ਉਹ ਨਾਲ ਵਾਲਾ ਮਕਾਨ ਬੱਖੋ ਦਾ ਹੈ। ਉਸ ਦੇ ਪਿੱਛੇ ਜੋ ਬੈਠਕ ਨਜ਼ਰ ਆ ਰਹੀ ਹੈ, ਉਹ ਉਸਤਾਦ ਨੂਰਦੀਨ ਦੀ ਹੈ। ਉਸ ਨੂੰ ਬਦਰੰਗੇ ਦੀ ਬੈਠਕ ਵੀ ਕਹਿੰਦੇ ਨੇ... ਵੇਖੀਂ, ਇਕ ਚਿੱਠੀ ਮੁਸ਼ਤਰੀ ਦੀ ਵੀ ਸੀ।''

ਗੁਲਾਬਦੀਨ ਨੇ ਡਾਕ ਵੇਖ ਕੇ ਕਿਹਾ, ''ਹਾਂ, ਹੈ।''

''ਇਹ ਘਰ ਜ਼ੋਹਰਾ ਮੁਸ਼ਤਰੀ ਦਾ ਹੈ।'' ਇਹ ਕਹਿ ਕੇ ਉਹ ਡਿਉੜੀ ਅੰਦਰ ਚਲਾ ਗਿਆ। ਸਾਹਮਣੇ ਬਰਾਂਡੇ ਵਿਚ ਇਕ ਔਰਤ ਮੰਜੀ 'ਤੇ ਪਾਸੇ ਪਰਨੇ ਪਏ ਹੋਈ ਸੀ। ਉਸ ਦੇ ਢਾਕਾਂ ਤੋਂ ਕਮੀਜ਼ ਹਟੀ ਹੋਈ ਸੀ। ਪੈਰਾਂ ਦੀ ਬਿੜਕ ਸੁਣ ਕੇ ਵੀ ਉਨ੍ਹਾਂ ਵੱਲ ਨਹੀਂ ਵੇਖਿਆ, ਜਿਵੇਂ ਉਹ ਕੋਈ ਨਸ਼ਾ ਪੀ ਕੇ ਸੁੱਤੀ ਪਈ ਹੋਵੇ। ਸਿਰਾਜ ਨੇ ਖੰਘ ਕੇ ਕਿਹਾ, ''ਚਿੱਠੀ-ਰਸੈਣ ਆਇਆ।''

ਨਾਲ ਵਾਲੇ ਕਮਰੇ ਵਿਚੋਂ ਇਕ ਨਾਜ਼ਕ ਤੇ ਦੁਬਲੀ-ਪਤਲੀ ਲੜਕੀ ਖ਼ਤ ਲੈਣ ਲਈ ਬਾਹਰ ਆਈ। ਸਾਹਮਣੇ ਵਾਲੇ ਕਮਰੇ ਵਿਚ ਦੋ ਸਾਜ਼ਿੰਦੇ ਬੈਠੇ ਇਕ ਛੋਟੀ ਲੜਕੀ ਨੂੰ ਰਿਆਜ਼ ਕਰਵਾ ਰਹੇ ਸਨ। ਜਿਸ ਨੇ ਨੱਕ ਵਿਚ ਨੱਥ ਪਾਈ ਹੋਈ ਸੀ। ਕੰਨ 'ਤੇ ਹੱਥ ਰੱਖੀ ਲੰਬੀ ਆਵਾਜ਼ ਕੱਢ ਰਹੀ ਸੀ ਆ... ਉਸੇ ਤਰ੍ਹਾਂ ਫਿਰ ਕਹਿ ਰਹੀ ਸੀ ਜਾ...।

ਨਵੇਂ ਬਾਜ਼ਾਰ ਵਿਚ ਆ ਕੇ ਸਿਰਾਜ ਨੇ ਦੁਬਾਰਾ ਗੁਲਾਬਦੀਨ ਨੂੰ ਇਕ ਰੁਪਈਆ ਦੇਣ ਦੀ ਕੋਸ਼ਿਸ਼ ਕੀਤੀ। ਦੋਵੇਂ ਰੁਪਏ ਆਪ ਰੱਖਣੇ ਉਸ ਨੂੰ ਚੰਗੇ ਨਹੀਂ ਲੱਗੇ। ਉਸ ਨੇ ਇਕ ਰੁਪਈਆ ਜ਼ਬਰਦਸਤੀ ਉਸ ਦੇ ਕੋਟ ਦੀ ਜੇਬ ਵਿਚ ਪਾ ਦਿੱਤਾ ਤੇ ਬੋਲਿਆ, ''ਇਹ ਹਰਾਮ ਦਾ ਪੈਸਾ ਨਹੀਂ। ਸਮਝਣ ਦੀ ਗੱਲ ਹੈ। ਕਿਸੇ ਦੀ ਜੇਬ ਵਿਚੋਂ ਰੁਪਈਆ ਕੱਢਣਾ ਬਹੁਤ ਮੁਸ਼ਕਿਲ ਕੰਮ ਹੈ। ਰੁਪਏ ਦਾ ਤਾਂ ਇਹੀ ਹਿਸਾਬ-ਕਿਤਾਬ ਹੈ। ਅੱਜ ਸਾਡੀ ਜੇਬ ਵਿਚ ਹੈ, ਕੱਲ੍ਹ ਦੂਸਰੇ ਦੀ ਜੇਬ ਵਿਚ ਹੈ ਤੇ ਪਰਸੋਂ ਕਿਸੇ ਤੀਸਰੇ ਦੀ ਜੇਬ ਵਿਚ... ਇਹ ਕਿਸੇ ਦੇ ਕੋਲ ਕਦੋਂ ਠਹਿਰਦਾ ਹੈ।''

ਗੁਲਾਬਦੀਨ ਨੂੰ ਉਹ ਨੱਥ ਵਾਲੀ ਕੁੜੀ ਯਾਦ ਆ ਗਈ, ਜਿਸ ਨੂੰ ਪਹਿਲਾ ਸਬਕ ਇਹੋ ਦਿੱਤਾ ਜਾ ਰਿਹਾ ਸੀ... ਆ... ਜਾ... ਫਿਰ ਆ, ਫਿਰ ਜਾ।

''ਹੁਣ ਏਧਰ ਕਿਧਰ?'' ਗੁਲਾਬਦੀਨ ਨੇ ਸਿਰਾਜ ਨੂੰ ਤੀਸਰੀ ਗਲੀ ਵਿਚ ਵੜਦਿਆਂ ਵੇਖ ਹੈਰਾਨੀ ਨਾਲ ਪੁੱਛਿਆ।

''ਸਾਨੂੰ ਕਿਸੇ ਭੜੂਏ ਦਾ ਡਰ ਨਹੀਂ, ਮੁਨਸ਼ੀ ਜੀ। ਅਸੀਂ ਆਪਣੀ ਡਿਊਟੀ ਦੇ ਰਹੇ ਹਾਂ।''

ਉਸ ਗਲੀ ਵਿਚੋਂ ਕੱਚੇ ਗੋਸ਼ਤ ਦੀ ਮਹਿਕ ਆ ਰਹੀ ਸੀ, ਜਿਵੇਂ ਮੀਟ ਮਾਰਕੀਟ ਵਿਚੋਂ ਆਉਂਦੀ ਹੈ। ਦੋਵੇਂ ਪਾਸੇ ਕੁਰਸੀਆਂ 'ਤੇ ਪੇਸ਼ੇਵਰ ਔਰਤਾਂ ਮਰਦਾਂ ਦੀ ਤਰ੍ਹਾਂ ਟੰਗਾਂ 'ਤੇ ਟੰਗਾਂ ਰੱਖੀ ਬੈਠੀਆਂ ਸਨ। ਉਨ੍ਹਾਂ ਦੀਆਂ ਗੱਲਾਂ ਬੇਹੂਦਾ ਤੇ ਹਰਕਤਾਂ ਲੱਚਰ ਕਿਸਮ ਦੀਆਂ ਸਨ। ਕੁਝ ਹੋਰ ਚੁਬਾਰਿਆਂ 'ਤੇ ਬੈਠੀਆਂ ਤਾਂਕ-ਝਾਂਕ ਕਰ ਰਹੀਆਂ ਸਨ।

ਅੱਧੀ ਗਲੀ ਵਿਚ ਪਹੁੰਚ ਕੇ ਉਸ ਨੇ ਕਿਹਾ, ''ਮੁਨਸ਼ੀ ਜੀ! ਫ਼ਜ਼ਲਦੀਨ ਮਾਰਫ਼ਤ ਇਲਾਹੀ ਜਾਨ ਦਾ ਖ਼ਤ ਕੱਢਣਾ। ਉਸ ਨੂੰ ਦੇ ਦਈਏ।''

ਗੁਲਾਬਦੀਨ ਨੇ ਉਸ ਪਤੇ ਦਾ ਖ਼ਤ ਇਲਾਹੀ ਜਾਨ ਨੂੰ ਦੇ ਦਿੱਤਾ, ਜਿਸ ਕੋਲੋਂ ਉਸ ਨੂੰ ਨਸਵਾਰ ਦੀ ਬੋਅ ਆ ਰਹੀ ਸੀ। ਇਕ ਦਰਵਾਜ਼ੇ ਦੇ ਸਾਹਮਣੇ ਬਹੁਤ ਸਾਰੇ ਤਮਾਸ਼ਬੀਨ ਇਕ ਮੁਸ਼ਕੀ ਰੰਗ ਦੀ ਔਰਤ ਨਾਲ ਚੋਹਲ-ਮੋਹਲ ਕਰ ਰਹੇ ਸਨ, ਜਿਸ ਨੇ ਤਹਿਮਤ ਬੰਨ੍ਹ ਰੱਖੀ ਸੀ। ਕੰਨਾਂ ਵਿਚ ਮੋਤੀਏ ਦੇ ਫੁੱਲ ਸਨ ਅਤੇ ਵਾਲਾਂ ਵਿਚ ਸੁਰਖ ਗੁਲਾਬ ਘੁਸੇੜ ਰੱਖਿਆ ਸੀ। ਸਿਰਾਜ ਨੇ ਇਹ ਕਹਿ ਕੇ ਇਲਾਕੇ ਦੇ ਬਾਖ਼ਸਰ ਚਿੱਠੀ-ਰਸੈਣ ਹੋਣ ਦਾ ਸਬੂਤ ਦਿੱਤਾ, ''ਇਹ ਖ਼ਾਨਗੀ ਜਾਤੀ ਦੀ ਮੁਸੱਲਨ ਹੈ।''

ਉਸ ਵਕਤ ਗੁਲਾਬਦੀਨ ਨੂੰ ਇਹ ਗੱਲ ਚੰਗੀ ਨਹੀਂ ਲੱਗੀ। ਬਾਹਰ ਨਿਕਲਦੇ ਹੀ ਉਸ ਨੇ ਹੈਰਾਨੀ ਨਾਲ ਪੁੱਛਿਆ, ''ਇਨ੍ਹਾਂ ਖ਼ਾਨਗੀਆਂ ਦੀ ਕਿੰਨੀ ਗਿਣਤੀ ਹੋਵੇਗੀ।''

''ਕੋਈ ਗਿਣਤੀ-ਮਿਣਤੀ ਨਹੀਂ। ਇਨ੍ਹਾਂ ਨੂੰ ਖ਼ਾਨਗੀਆਂ ਨਹੀਂ ਕਹਿੰਦੇ ਮੁਨਸ਼ੀ ਜੀ! ਇਹ ਕੰਜਰੀਆਂ ਹਨ। ਪੇਸ਼ੇ 'ਤੇ ਨਾ ਬੈਠਣ ਵਾਲੀ ਨੂੰ ਖ਼ਾਨਗੀ ਕਹਿੰਦੇ ਹਨ।''

****

ਡਾਕ ਦੋ ਵਾਰ ਵੰਡੀ ਜਾਂਦੀ ਸੀ। ਇਕ ਦੁਪਹਿਰ, ਇਕ ਤੀਸਰੇ ਪਹਿਰ। ਦੋਵੇਂ ਵਕਤ ਗੁਲਾਬਦੀਨ ਨੂੰ ਇਲਾਕਾ ਘੁੰਮਣਾ ਪੈਂਦਾ ਸੀ। ਚਾਰੇ ਪਾਸੇ ਚਿੱਠੀਆਂ ਵੰਡਣ ਜਾਣਾ ਪੈਂਦਾ ਸੀ। ਇਸ ਗੱਲ ਦਾ ਉਸ ਨੂੰ ਬਹੁਤ ਅਫਸੋਸ ਸੀ ਕਿ ਕਦਰੋ ਬਦਰੋ ਦੇ ਘਰੋਂ ਲਿਆ ਰੁਪਈਆ ਉਹ ਵਾਪਸ ਨਹੀਂ ਸੀ ਕਰ ਸਕਿਆ। ਉਸ ਦਿਨ ਸਿਰਾਜ ਨੇ ਜ਼ਬਰਦਸਤੀ ਰੁਪਈਆ ਉਸ ਦੀ ਜੇਬ ਵਿਚ ਪਾ ਦਿੱਤਾ ਸੀ। ਉਸ ਨੇ ਉਸਨੂੰ ਉਸੇ ਤਰ੍ਹਾਂ ਜੇਬ ਵਿਚ ਹੀ ਰਹਿਣ ਦਿੱਤਾ ਸੀ ਕਿ ਅਗਲੇ ਦਿਨ ਜਾ ਕੇ ਵਾਪਸ ਕਰ ਦੇਵੇਗਾ, ਪਰ ਉਸ ਦਾ ਉਧਰ ਜਾਣ ਦਾ ਹੌਂਸਲਾ ਨਾ ਪਿਆ। ਉਸ ਨੇ ਸੋਚਿਆ, ਕਿਸੇ ਦਿਨ ਉਨ੍ਹਾਂ ਦੀ ਚਿੱਠੀ ਦੇਣ ਜਾਵੇਗਾ ਤਾਂ ਰੁਪਈਆ ਵੀ ਵਾਪਸ ਕਰ ਦੇਵੇਗਾ, ਪਰ ਚਿੱਠੀ ਹੀ ਨਹੀਂ ਆਈ। ਜਿਸ ਦਿਨ ਚਿੱਠੀ ਆਈ, ਉਸ ਤੋਂ ਦੋ ਦਿਨ ਪਹਿਲਾਂ ਉਸ ਦੀ ਜੇਬ ਵਿਚੋਂ ਇਹ ਰੁਪਈਆ ਕੱਢ ਕੇ ਉਸ ਦੀ ਘਰਵਾਲੀ ਨੇ ਮਿੱਟੀ ਦਾ ਤੇਲ ਮੰਗਵਾ ਲਿਆ ਸੀ।

ਬਦਰੋ ਤੇ ਕਦਰੋ ਸਫ਼ੇਦ ਚਾਂਦਨੀ 'ਤੇ ਲੰਮੀਆਂ ਪਈਆਂ ਹੋਈਆਂ ਸਨ। ਸਿਰਹਾਣੇ 'ਤੇ ਉਨ੍ਹਾਂ ਦੀ ਭੈਣ ਪਲੱਥੀ ਮਾਰੀ ਬੈਠੀ ਸੀ, ਜੋ ਅੱਜ ਆਪਣੀ ਉਮਰ ਤੋਂ ਵੱਡੀ ਵਿਖਾਈ ਦੇ ਰਹੀ ਸੀ। ਜਦੋਂ ਗੁਲਾਬਦੀਨ ਵਿਹੜੇ ਵਿਚ ਦਾਖ਼ਲ ਹੋਇਆ ਤਾਂ ਬਦਰੋ ਉਸ ਨੂੰ ਵੇਖ ਕੇ ਬੋਲੀ, ''ਚਿੱਠੀ-ਰਸੈਣ ਆਇਆ।''

ਗੁਲਾਬਦੀਨ ਨੇ ਡਾਕ ਛਾਂਟ ਕੇ ਤਿੰਨ ਲਿਫ਼ਾਫੇ ਉਸ ਨੂੰ ਫੜਾ ਦਿੱਤੇ। ਉਸ ਦਾ ਬਾਪ ਬੋਲਿਆ, ''ਆਓ ਮੁਨਸ਼ੀ ਜੀ! ਜੀ ਆਇਆਂ ਨੂੰ। ਕੁੜੀਆਂ ਰੋਜ਼ ਕਹਿੰਦੀਆਂ ਸਨ, ਚਿੱਠੀ ਨਹੀਂ ਆਈ। ਨਵੇਂ ਮੁਨਸ਼ੀ ਲੱਗੇ ਹਨ। ਕਿਤੇ ਸਾਡੀਆਂ ਚਿੱਠੀਆਂ ਹੋਰ ਕਿਸੇ ਨੂੰ ਨਾ ਦੇ ਦੇਣ।''

ਗੁਲਾਬਦੀਨ ਬੋਲਿਆ, ''ਜੀ ਨਹੀਂ। ਤੁਹਾਡੀਆਂ ਚਿੱਠੀਆਂ ਨਹੀਂ ਸਨ ਆਈਆਂ।''

''ਮੇਰੀ ਗੱਲ ਦਾ ਗੁੱਸਾ ਨਾ ਕਰਿਓ। ਆਦਮੀ ਭੁੱਲਣਹਾਰ ਹੈ। ਗਲਤੀ ਹੋ ਹੀ ਜਾਂਦੀ ਹੈ। ਬਾਜ਼ਾਰ ਵਿਚ ਮੇਰੀਆਂ ਕੁੜੀਆਂ ਬਦਰੋ ਤੇ ਕਦਰੋ ਦੇ ਨਾਂ ਨਾਲ ਮਸ਼ਹੂਰ ਹਨ। ਅਸਲ ਨਾਂ ਬਦਰੂਨਿਸਾ ਅਤੇ ਕਦਰੂਨਿਸਾ ਹੈ। ਤੀਸਰੀ ਕਮਰੂਨਿਸਾ ਕਰਾਚੀ ਵਿਚ ਬੈਠਕ ਕਰਦੀ ਹੈ।''

ਕਦਰੂਨਿਸਾ ਚਾਂਦਨੀ 'ਤੇ ਲੇਟੀ-ਲੇਟੀ ਬੋਲੀ, ''ਅੱਬਾ! ਇਹੋ ਤਾਂ ਉਸ ਦਿਨ ਕਾਕੀ ਦੇ ਜੰਮਣ ਦੀ ਚਿੱਠੀ ਲੈ ਕੇ ਆਏ ਸਨ।''

''ਬੜੇ ਮੁਬਾਰਕ ਕਦਮ ਹਨ ਤੁਹਾਡੇ ਮੁਨਸ਼ੀ ਜੀ। ਰੱਬ ਤੁਹਾਡਾ ਭਲਾ ਕਰੇ। ਇਹ ਮਨੀਆਰਡਰ ਤਾਂ ਲਿਖ ਦੇਵੋ।'' ਉਸ ਨੇ ਸਿਰਹਾਣੇ ਹੇਠੋਂ ਇਕ ਮਨੀਆਰਡਰ ਫਾਰਮ ਕੱਢ ਕੇ ਗੁਲਾਬਦੀਨ ਦੇ ਹੱਥ ਫੜਾ ਦਿੱਤਾ। ਬੈਠਣ ਲਈ ਥਾਂ ਖਾਲੀ ਕਰ ਦਿੱਤੀ ਤੇ ਹੁੱਕਾ ਉਸ ਵੱਲ ਕਰ ਕੇ ਨੌਕਰ ਨੂੰ ਕਹਿਣ ਲੱਗਾ, ''ਮੁਨਸ਼ੀ ਜੀ ਲਈ ਲੱਸੀ ਲਿਆਉ।''

''ਜੀ ਨਹੀਂ, ਤਕਲੀਫ਼ ਨਾ ਕਰੋ।''

''ਤਕਲੀਫ ਕਿਸ ਗੱਲ ਦੀ ਭਈ, ਘਰ ਦੀ ਲੱਸੀ ਹੈ।''

''ਕੋਈ ਲਵੇਰਾ ਹੈ?''

''ਮੱਝ ਹੈ, ਮੁਨਸ਼ੀ ਜੀ।''

ਬਦਰੂਨਿਸਾ ਬੋਲੀ, ''ਸਾਡਾ ਘਰਾਣਾ ਤਾਂ ਮੁਗਲਾਂ ਦੇ ਵਕਤ ਦਾ ਆਬਾਦ ਹੈ।''

ਗੁਲਾਬਦੀਨ ਦੀ ਸਮਝ ਵਿਚ ਇਹ ਗੱਲ ਨਹੀਂ ਸੀ ਆਈ। ਬਦਰੋ ਦਾ ਬਾਪ ਬੋਲਿਆ, ''ਅਸੀਂ ਕੋਈ ਐਸੇ-ਵੈਸੇ ਨਹੀਂ ਬੜੇ ਖ਼ਾਨਦਾਨੀ ਕੰਜਰ ਹਾਂ।'' ਫਿਰ ਉਸ ਨੇ ਕਮਰੂਨਿਸਾ ਦੇ ਨਾਂ ਮਨੀਆਰਡਰ ਲਿਖਣਾ ਸ਼ੁਰੂ ਕੀਤਾ। ਜਦੋਂ ਆਖ਼ਰੀ ਖਾਨਾ ਆਇਆ ਤਾਂ ਬੋਲਿਆ, ''ਇਹ ਦੋ ਸੌ ਰੁਪਇਆ ਤੈਨੂੰ ਕਾਕੀ ਚੂਸਨੀ ਦੇ ਲਈ ਭੇਜ ਰਿਹਾ ਹਾਂ। ਤੇਰੀ ਮਾਂ ਦੀ ਤਬੀਅਤ ਠੀਕ ਨਹੀਂ ਹੈ। ਜਿਉਂ ਹੀ ਠੀਕ ਹੋਈ, ਤੈਨੂੰ ਮਿਲਣ ਆਵਾਂਗੇ।''

ਲੱਸੀ ਦੇ ਸ਼ੁਕਰੀਏ ਦੇ ਤੌਰ 'ਤੇ ਗੁਲਾਬਦੀਨ ਨੇ ਪੁੱਛ ਹੀ ਲਿਆ, ''ਕੀ ਤਕਲੀਫ਼ ਹੈ ਘਰ ਵਿਚ?''

''ਚੱਕਰ ਆਉਂਦੇ ਹਨ। ਅਸੀਂ ਲੋਕ ਪਰਹੇਜ਼ ਵੀ ਤਾਂ ਨਹੀਂ ਕਰਦੇ, ਮੁਨਸ਼ੀ ਜੀ।''

ਗੁਲਾਬਦੀਨ ਤੁਰਨ ਲੱਗਾ ਤਾਂ ਬਦਰੋ ਦਾ ਬਾਪ ਬੋਲਿਆ, ''ਮੁਨਸ਼ੀ ਜੀ, ਜਿਸ ਦਿਨ ਘਰ ਦੀ ਲੱਸੀ ਪੀਣ

ਡਾਕ ਦੋ ਵਾਰ ਵੰਡੀ ਜਾਂਦੀ ਸੀ। ਇਕ ਦੁਪਹਿਰ, ਇਕ ਤੀਸਰੇ ਪਹਿਰ। ਦੋਵੇਂ ਵਕਤ ਗੁਲਾਬਦੀਨ ਨੂੰ ਇਲਾਕਾ ਘੁੰਮਣਾ ਪੈਂਦਾ ਸੀ। ਚਾਰੇ ਪਾਸੇ ਚਿੱਠੀਆਂ ਵੰਡਣ ਜਾਣਾ ਪੈਂਦਾ ਸੀ। ਇਸ ਗੱਲ ਦਾ ਉਸ ਨੂੰ ਬਹੁਤ ਅਫਸੋਸ ਸੀ ਕਿ ਕਦਰੋ ਬਦਰੋ ਦੇ ਘਰੋਂ ਲਿਆ ਰੁਪਈਆ ਉਹ ਵਾਪਸ ਨਹੀਂ ਸੀ ਕਰ ਸਕਿਆ। ਉਸ ਦਿਨ ਸਿਰਾਜ ਨੇ ਜ਼ਬਰਦਸਤੀ ਰੁਪਈਆ ਉਸ ਦੀ ਜੇਬ ਵਿਚ ਪਾ ਦਿੱਤਾ ਸੀ। ਉਸ ਨੇ ਉਸਨੂੰ ਉਸੇ ਤਰ੍ਹਾਂ ਜੇਬ ਵਿਚ ਹੀ ਰਹਿਣ ਦਿੱਤਾ ਸੀ ਕਿ ਅਗਲੇ ਦਿਨ ਜਾ ਕੇ ਵਾਪਸ ਕਰ ਦੇਵੇਗਾ, ਪਰ ਉਸ ਦਾ ਉਧਰ ਜਾਣ ਦਾ ਹੌਂਸਲਾ ਨਾ ਪਿਆ। ਉਸ ਨੇ ਸੋਚਿਆ, ਕਿਸੇ ਦਿਨ ਉਨ੍ਹਾਂ ਦੀ ਚਿੱਠੀ ਦੇਣ ਜਾਵੇਗਾ ਤਾਂ ਰੁਪਈਆ ਵੀ ਵਾਪਸ ਕਰ ਦੇਵੇਗਾ, ਪਰ ਚਿੱਠੀ ਹੀ ਨਹੀਂ ਆਈ। ਜਿਸ ਦਿਨ ਚਿੱਠੀ ਆਈ, ਉਸ ਤੋਂ ਦੋ ਦਿਨ ਪਹਿਲਾਂ ਉਸ ਦੀ ਜੇਬ ਵਿਚੋਂ ਇਹ ਰੁਪਈਆ ਕੱਢ ਕੇ ਉਸ ਦੀ ਘਰਵਾਲੀ ਨੇ ਮਿੱਟੀ ਦਾ ਤੇਲ ਮੰਗਵਾ ਲਿਆ ਸੀ।

ਬਾਕੀ ਸਫ਼ਾ 42 'ਤੇ

ਨੂੰ ਦਿਲ ਕਰੇ ਤਾਂ ਬਿਨਾਂ ਤਕੱਲਫ਼ ਆ ਜਾਇਆ ਕਰੋ।''

ਹੌਲੀ-ਹੌਲੀ ਗੁਲਾਬਦੀਨ ਨੂੰ ਸਭ ਦੀਆਂ ਅੰਦਰਲੀਆਂ ਗੱਲਾਂ ਦਾ ਪਤਾ ਲੱਗਦਾ ਗਿਆ। ਮਸਲਨ, ਇਹ ਗੇਰੂਏ ਰੰਗ ਦਾ ਵੱਡਾ ਮਕਾਨ, ਜਿਸ ਵਿਚ ਬਦਰੋ ਤੇ ਕਦਰੋ ਰਹਿੰਦੀਆਂ ਸਨ, ਉਨ੍ਹਾਂ ਦੀ ਪੜਦਾਦੀ ਨੂੰ ਇਕ ਰਈਸ ਲਾਲਾ ਮੁਕੰਦ ਲਾਲ ਨੇ ਬਣਵਾ ਕੇ ਦਿੱਤਾ ਸੀ ਤੇ ਇਹ ਕਿ ਹੁਣ ਉਨ੍ਹਾਂ ਦੀ ਸਭ ਤੋਂ ਛੋਟੀ ਲੜਕੀ ਮਹਰੂਨਿਸਾ ਲਈ ਕਿਸੇ ਚੰਗੇ ਰਈਸ ਦੀ ਤਾੜ ਵਿਚ ਸਨ। ਉਸ ਦਿਨ ਕਦਰੋ ਨੇ ਜਦੋਂ ਮੁਜਰੇ ਲਈ ਗੁਲਾਬਰਗ ਜਾਣਾ ਸੀ ਤਾਂ ਬਦਰੂ ਨੇ ਮਹਰੂਨਿਸਾ ਨੂੰ ਕਿਸ ਕਿਸ ਤਰ੍ਹਾਂ ਸਜਾਇਆ ਸੀ ਤੇ ਉਸ ਦੇ ਕੋਲ ਨੱਥਨੀ ਪਾਈ ਮੋਮ ਦੀ ਗੁੱਡੀ ਵਿਖਾਈ ਦੇ ਰਹੀ ਸੀ। ਬਦਰੋ ਤੇ ਕਦਰੋ ਦੇ ਬਾਪ ਦਾ ਨਾਂ ਅਬਦੁਲ ਕਰੀਮ ਸੀ ਤੇ ਭਰਾ ਦਾ ਨਾਂ ਕੀਮ ਸੀ, ਜੋ ਕੰਨਾਂ ਵਿਚ ਮੁੰਦਰਾਂ ਪਾਈ ਰੱਖਦਾ ਸੀ। ਚੰਗਾ ਖਾਂਦਾ, ਚੰਗਾ ਪੀਂਦਾ ਸੀ, ਪਰ ਕੰਮ ਕੋਈ ਨਹੀਂ ਸੀ ਕਰਦਾ। ਕਦਰੋ ਤੇ ਬਦਰੋ ਦੀ ਮਾਂ ਸਖ਼ਤ ਪਰਦਾ ਕਰਦੀ ਸੀ।

ਜੋਹਰਾ ਅਤੇ ਮੁਸ਼ਤਰੀ ਦੇ ਘਰ ਮੋਟੇ-ਮੋਟੇ ਕੂਹਲਿਆਂ ਵਾਲੀ ਔਰਤ, ਜੋ ਪਾਸਾ ਮੋੜੀ ਲੇਟੀ ਨਜ਼ਰ ਆ ਰਹੀ ਸੀ, ਨੂੰ ਅਫ਼ੀਮ ਖਾਣ ਦੀ ਆਦਤ ਸੀ। ਜੋਹਰਾ ਅਤੇ ਮੁਸ਼ਤਰੀ ਦੀ ਮਾਂ ਪਰਦਾ ਕਰਦੀ ਹੈ ਅਤੇ ਪਿਛਲੇ ਸਾਲ ਹੱਜ ਕਰ ਕੇ ਵਾਪਸ ਆਈ ਹੈ। ਉਸ ਦੀ ਦੇਖਾ-ਦੇਖੀ ਕਦਰੋ ਤੇ ਬਦਰੋ ਦੀ ਮਾਂ ਵੀ ਹੱਜ ਕਰਨ ਦੀ ਇੱਛਾ ਰੱਖਦੀ ਹੈ। ਮਗਰ ਅਬਦੁਲ ਕਰੀਮ ਅਤੇ ਉਸ ਦੀਆਂ ਤਿੰਨ ਬੇਟੀਆਂ ਇਸ ਲਈ ਹਾਮੀ ਨਹੀਂ ਭਰਦੀਆਂ, ਕਿਉਂਕਿ ਮਾਂ ਦੀ ਸਿਹਤ ਬਹੁਤ ਕਮਜ਼ੋਰ ਹੈ।

ਗੁਲਾਬਦੀਨ ਨੂੰ ਇਹ ਵੀ ਮਲੂਮ ਹੋ ਗਿਆ ਹੈ ਕਿ ਜਿਸ ਗਾਉਣ ਵਾਲੀ ਦੀ ਬੈਠਕ ਜ਼ਿਆਦਾ ਚਮਕੇ, ਦੂਸਰੇ ਘਰ ਫ਼ੌਰਨ ਖ਼ਬਰ ਪਹੁੰਚ ਜਾਂਦੀ ਹੈ ਕਿ ਫਲਾਣੇ ਦੇ ਘਰ ਅੱਜ-ਕੱਲ੍ਹ ਜ਼ਿਆਦਾ ਸਾਮੀਆਂ ਆਉਂਦੀਆਂ ਹਨ। ਇਹ ਸਭ ਕੰਮ ਕੰਜਰੀਆਂ ਦੇ ਨੌਕਰ ਕਰਦੇ ਹਨ, ਜੋ ਰਾਤ ਭਰ ਇੱਧਰ-ਉਧਰ ਫਿਰਦੇ ਰਹਿੰਦੇ ਹਨ। ਦਿਨ ਭਰ ਦੁਕਾਨਾਂ 'ਤੇ ਬੈਠੇ ਤਾਸ਼ ਖੇਡਦੇ ਰਹਿੰਦੇ ਹਨ ਤੇ ਹਾਰਨ ਵਾਲਿਆਂ ਤੋਂ ਪੇੜਿਆਂ ਵਾਲੀ ਲੱਸੀ ਪੀਂਦੇ ਹਨ। ਜਿਨ੍ਹਾਂ ਮਕਾਨਾਂ ਦੇ ਦਰਵਾਜ਼ਿਆਂ 'ਤੇ ਦਿਨੇ ਮੋਟੀਆਂ-ਮੋਟੀਆਂ ਚਿੱਕਾਂ ਦੇ ਪਰਦੇ ਲਟਕਦੇ ਹਨ, ਰਾਤ ਨੂੰ ਉਨ੍ਹਾਂ ਮਕਾਨਾਂ ਦੇ ਦਰਵਾਜ਼ੇ ਏਨੇ ਜ਼ੋਰ ਨਾਲ ਖੁੱਲ੍ਹਦੇ ਹਨ ਤਾਂ ਇਵੇਂ ਲੱਗਦਾ ਹੈ ਕਿ ਪਰਦੇ ਅਤੇ ਚਿੱਕਾਂ ਦੀਆਂ ਧੱਜੀਆਂ ਉਡ ਗਈਆਂ ਹੋਣ। ਉਸ ਨੂੰ ਇਹ ਸਾਰੇ ਮਕਾਨ ਬੜੇ ਰਹੱਸ ਪੂਰਨ ਲੱਗਦੇ ਸਨ।

ਉਹ ਇਕ ਦਿਨ ਥੱਕਿਆ ਹੋਇਆ ਸੀ। ਤੇਹ ਬੜੀ ਲੱਗੀ ਹੋਈ ਸੀ। ਉਸ ਦਾ ਜੀਅ ਅਬਦੁਲ ਕਰੀਮ ਦੇ ਘਰ ਲੱਸੀ ਪੀਣ ਲਈ ਕੀਤਾ। ਉਸ ਨੇ ਸੋਚਿਆ, ਚਾਰ ਚਿੱਠੀਆਂ ਵੰਡ ਕੇ ਚੌਕ ਵੱਲ ਮੁੜ ਜਾਵੇਗਾ। ਜਿਉਂ ਹੀ ਉਹ ਚਾਰ ਚਿੱਠੀਆਂ ਵੰਡਣ ਲਈ ਗਲੀ ਵਿਚ ਵੜਿਆ, ਉਥੇ ਰੌਲਾ ਪਿਆ ਹੋਇਆ ਸੀ। ਮੁਸੱਲਨ ਦੀ ਇਕ ਰੰਡੀ ਨਾਲ ਲੜਾਈ ਹੋ ਰਹੀ ਸੀ। ਕੁਝ ਰੰਡੀਆਂ ਖੜ੍ਹੀਆਂ ਤਮਾਸ਼ਾ ਵੇਖ ਰਹੀਆਂ ਸਨ। ਜਦੋਂ ਗੁਲਾਬਦੀਨ ਉਥੋਂ ਲੰਘਣ ਲੱਗਾ ਤਾਂ ਮੁਸੱਲਨ ਰੰਡੀ ਵੱਲ ਲਚਰ ਜਿਹਾ ਇਸ਼ਾਰਾ ਕਰ ਕੇ ਬੋਲੀ, ''ਚਿੱਠੀ-ਰਸੈਣ...।''

''ਗਸ਼ਤੀਏ, ਤੈਨੂੰ ਚਿੱਠੀ-ਰਸੈਣ...।'' ਦੂਸਰੀ ਨੇ ਮੋੜਵਾਂ ਜੁਆਬ ਦਿੱਤਾ।

ਸਭ ਰੰਡੀਆਂ ਖਿੜ ਖਿੜਾ ਕੇ ਹੱਸ ਪਈਆਂ ਤੇ ਗੁਲਾਬਦੀਨ ਚਿੱਠੀਆਂ ਵੰਡੇ ਬਿਨਾਂ ਹੀ ਵਾਪਸ ਪਰਤ ਆਇਆ ਤੇ ਅਬਦੁਲ ਕਰੀਮ ਕੋਲ ਪਹੁੰਚ ਗਿਆ। ਉਹ ਆਪਣੀ ਡਿਉੜੀ ਵਿਚ ਬੈਠਾ ਹੁੱਕਾ ਪੀ ਰਿਹਾ ਸੀ।

''ਖ਼ੈਰ ਹੈ? ਤੂੰ ਕੁਝ ਘਬਰਾਇਆ ਹੋਇਆ ਲੱਗ ਰਿਹਾ ਏਂ?''

ਗੁਲਾਬਦੀਨ ਨੇ ਪਗੜੀ ਦੇ ਸ਼ਮਲੇ ਨਾਲ ਮੱਥਾ ਪੂੰਝਿਆ ਅਤੇ ਸਾਰੀ ਘਟਨਾ ਦੱਸ ਦਿੱਤੀ।

ਅਬਦੁਲ ਕਰੀਮ ਅਗਲੇ ਦਿਨ ਗੁਲਾਬਦੀਨ ਨੂੰ ਚੌਧਰੀ ਹਾਤੋ ਕੋਲ ਲੈ ਗਿਆ। ਜਿਸ ਨੇ ਅੱਲ੍ਹਾ ਰੱਖੀ ਮੁਸੱਲਨ ਨੂੰ ਖੂਬ ਕੁੱਟਿਆ ਅਤੇ ਗੁਲਾਬਦੀਨ ਨੂੰ ਕਹਿਣ ਲੱਗਾ, ''ਦੇਖੋ ਮੁਨਸ਼ੀ ਜੀ, ਤੁਸਾਂ ਮੈਨੂੰ ਇਹ ਤਾਂ ਦੱਸਿਆ ਨਹੀਂ ਕਿ ਗੁਲਾਬੋ ਦੀ ਗਲੀ ਵਿਚ ਲੰਘਦਿਆਂ ਫੋਂਦਾਂ ਕੰਜਰੀ ਤੁਹਾਨੂੰ ਟਿੱਚਰਾਂ ਕਰਦੀ ਸੀ। ਜਦੋਂ ਤੁਸੀਂ ਲੰਘਦੇ, ਉਹ ਗੁਲਾਬੋ ਨੂੰ ਕਹਿੰਦੀ... ਨੀ ਤੇਰਾ ਖਸਮ ਗੁਲਾਬਦੀਨ ਆਇਆ ਹੈ। ਮੈਨੂੰ ਇਹ ਸ਼ਿਕਾਇਤ ਦੂਸਰੀਆਂ ਕੰਜਰੀਆਂ ਤੋਂ ਮਿਲੀ ਸੀ ਤੇ ਇਸੇ ਗੱਲ ਕਰਕੇ ਮੈਂ ਇਕ ਦਿਨ ਪਹਿਲਾਂ ਫੋਂਦਾਂ ਦੀਆਂ ਪਸਲੀਆਂ ਵੀ ਤੋੜੀਆਂ ਸਨ। ਸਾਨੂੰ ਤਾਂ ਤੁਹਾਡਾ ਪਹਿਲਾਂ ਹੀ ਬੜਾ ਖਿਆਲ ਹੈ ਮੁਨਸ਼ੀ ਜੀ, ਪਰ ਇਕ ਗੱਲ ਮੈਂ ਤੁਹਾਨੂੰ ਕਹਿਣੀ ਹੈ, ਉਹ ਇਹ ਹੈ ਕਿ ਇਨ੍ਹਾਂ ਗਲੀਆਂ ਵਿਚ ਤੁਸੀਂ ਮਰਦਾਂ ਵਾਂਗ ਆਇਆ ਕਰੋ, ਖੁਸਰਿਆਂ ਵਾਂਗ ਨਹੀਂ। ਇਸ ਇਲਾਕੇ ਵਿਚ ਤਾਂ ਆਦਮੀ ਨੂੰ ਬੜਾ ਚੁਸਤ ਹੋ ਕੇ ਰਹਿਣਾ ਪੈਂਦਾ ਹੈ।''

ਜਦੋਂ ਗੁਲਾਬਦੀਨ ਅਬਦੁਲ ਕਰੀਮ ਦੇ ਨਾਲ ਉਸ ਦੇ ਘਰ ਪਹੁੰਚਿਆ ਤਾਂ ਡਿਊੜੀ ਦੇ ਬਾਹਰ ਇਕ ਲੰਮੀ ਜਿਹੀ ਸਬਜ਼ ਕਾਰ ਖੜ੍ਹੀ ਵੇਖ ਕੇ ਅਬਦੁਲ ਕਰੀਮ ਬੋਲਿਆ, ''ਮੇਰਾ ਖਿਆਲ ਹੈ ਕਿ ਰਾਣਾ ਹੁਰੀਂ ਆਏ ਨੇ।''

ਬੈਠਕ ਵਿਚ ਖਸਤਾ ਸੋਫ਼ੇ 'ਤੇ, ਜਿਸ ਦਾ ਗਲਾਫ਼ ਪੁਰਾਣੀ ਮੈਲ ਕਾਰਨ ਮੋਮਜਾਮਾ ਬਣ ਚੁੱਕਾ ਸੀ, ਰਾਣਾ ਸਾਹਿਬ ਬੈਠੇ ਹੋਏ ਸਨ। ਸੋਫ਼ੇ ਦੀ ਬਾਹ 'ਤੇ ਬਦਰੋ ਬੈਠੀ ਹੋਈ ਸੀ ਅਤੇ ਮੇਹਰੋ ਇਰਾਨੀ ਸਿਲਕ ਦਾ ਥਾਨ ਆਪਣੀਆਂ ਬਾਹਵਾਂ ਨਾਲ ਮਿਣ ਰਹੀ ਸੀ। ਖਿੱਲਰੀਆਂ ਹੋਈਆਂ ਬਾਹਵਾਂ ਕਾਰਨ ਉਸ ਦੇ ਸੀਨੇ ਦੀਆਂ ਗੋਰੀਆਂ ਗੁਲਾਈਆਂ ਸਾਹਮਣੇ ਆ ਅੱਖਾਂ ਲੜਾ ਰਹੀਆਂ ਸਨ। ਰਾਣੇ ਨਾਲ ਹੱਥ ਮਿਲਾ ਕੇ ਅਬਦੁਲ ਕਰੀਮ ਤਕੀਏ 'ਤੇ ਬੈਠ ਗਿਆ ਅਤੇ ਮੇਹਰੋ ਨੂੰ ਕਿਹਾ, ''ਗੰਜੇ ਨੂੰ ਕਹਿ, ਮੁਨਸ਼ੀ ਨੂੰ ਲੱਸੀ ਪਿਲਾਏ।''

ਬਦਰੋ ਬੋਲੀ, ''ਉਹ ਬਾਜ਼ਾਰ ਗਿਆ ਹੈ। ਮੈਂ ਜਾਂਦੀ ਹਾਂ।'' ਇਹ ਕਹਿ ਕੇ ਉਹ ਸੋਫ਼ੇ ਤੋਂ ਉਠ ਬੈਠੀ ਤੇ ਅੰਦਰੋਂ ਲੱਸੀ ਦਾ ਇਕ ਗਿਲਾਸ ਲਿਆ ਕੇ ਗੁਲਾਬਦੀਨ ਨੂੰ ਦੇ ਦਿੱਤਾ ਅਤੇ ਆਹਿਸਤਾ ਜਿਹੇ ਬੋਲੀ, ''ਤੁਸੀਂ ਅਜੇ ਜਾਇਓ ਨਾ।''

ਉਹ ਆਪਣੀ ਰੇਸ਼ਮੀ ਸਲਵਾਰ ਸੰਭਾਲਦੀ ਹੋਈ ਬਰਾਂਡੇ ਵਿਚ ਪਹੁੰਚੀ। ਉਥੋਂ ਬੈਠਕ ਵਿਚ ਆ ਕੇ ਰਾਣੇ ਨੂੰ ਬੋਲੀ, ''ਅੰਮਾ ਹੁਰੀਂ ਅੰਦਰ ਬੈਠੇ ਮੱਝ ਦਾ ਸੌਦਾ ਕਰ ਰਹੇ ਹਨ।'' ਫਿਰ ਬਾਪ ਵੱਲ ਵੇਖ ਕੇ ਕਹਿਣ ਲੱਗੀ, ''ਮੁਨਸ਼ੀ ਜੀ ਕਹਿੰਦੇ ਹਨ, ਮੱਝ ਦਾ ਮਾਲਕ ਕਹਿੰਦਾ ਹੈ, ਲੈਣੀ ਹੈ ਤਾਂ ਦੋ ਦਿਨ ਵਿਚ ਆ ਕੇ ਆਪਣਾ ਮਾਲ ਲੈ ਜਾਵੇ।''

ਰਾਣਾ ਨੇ ਬਰੀਕ ਜਿਹੀਆਂ ਨਜ਼ਰਾਂ ਨਾਲ ਬਦਰੋ ਦੇ ਚਿਹਰੇ ਵੱਖ ਵੇਖ ਕੇ ਕਿਹਾ, ''ਤਾਂ ਲੈ ਲਵੋ ਨਾ, ਕਿੰਨੇ ਦੀ ਦੇਂਦਾ ਹੈ?''

''ਕਿਉਂ ਅੱਬਾ ਜੀ, ਅੱਠ ਸੌ ਮੰਗਦਾ ਹੈ?''

''ਹਾਂ-ਪੁੱਤਰ।''

''ਕੱਲ੍ਹ ਮੇਰੇ ਕੋਲੋਂ ਚੈਕ ਲੈ ਲੈਣ।'' ਰਾਣਾ ਬੜੀ ਬੇਗਰਜ਼ੀ ਨਾਲ ਬੋਲਿਆ।

ਬਦਰੋ ਨੇ ਬੜੇ ਚੋਚਲੇਪਨ ਨਾਲ ਉਥੇ ਹੀ ਖੜ੍ਹੇ-ਖੜ੍ਹੇ ਕਿਹਾ, ''ਚੰਗਾ ਮੁਨਸ਼ੀ ਜੀ, ਹੁਣ ਤੁਸੀਂ ਜਾਓ। ਡੋਗਰ ਨੂੰ ਕਹਿ ਦੇਵੋ, ਅੱਬਾ ਜੀ ਆਣ ਕੇ ਮੱਝ ਲੈ ਜਾਣਗੇ।''

''ਮੱਝ? ਕਿਹੜੀ ਮੱਝ?'' ਉਹ ਸੋਚਣ ਲੱਗਾ।

ਉਸ ਨੇ ਬਾਹਰ ਨਿਕਲਦੇ ਹੀ ਪਾਨਵਾੜੀ ਨੂੰ ਪੁੱਛਿਆ, ''ਇਹ ਰਾਣੇ ਹੁਰੀਂ ਕੌਣ ਹਨ?''

''ਕੋਟੇ ਤੋਂ ਆਇਆ ਹੈ। ਏਨੇ ਭੋਲੇ ਨਾ ਬਣੋ ਮੁਨਸ਼ੀ ਜੀ, ਮਾਲ ਲੈ ਕੇ ਆਇਆ ਹੋਵੇਗਾ। ਹੁਣ ਛੋਟੀ ਵੀ ਜਵਾਨ ਹੋ ਗਈ ਹੈ। ਬੜਾ ਉਸਤਰਾ ਗੁਲ ਆਦਮੀ ਹੈ।''

''ਉਸਤਰਾ ਗੁਲ ਕੀ ਹੁੰਦਾ ਹੈ?'' ਇਹ ਸੋਚਦਾ ਹੋਇਆ ਉਹ ਨੌਗਜੇ ਦੀ ਕਬਰ ਵੱਲ ਨਿਕਲ ਗਿਆ। ਅਗਲੇ ਦਿਨ ਉਸ ਨੂੰ ਰਾਣੇ ਨੂੰ ਵੇਖਣ ਦਾ ਸ਼ੌਕ ਫਿਰ ਬਦਰੋ ਦੇ ਘਰ ਲੈ ਆਇਆ। ਬੈਠਕ ਵਿਚ ਨਾਲ-ਨਾਲ ਦੋ ਪਲੰਘ ਵਿਛੇ ਹੋਏ ਸਨ। ਇਕ ਪਲੰਘ 'ਤੇ ਰਾਣਾ ਬੈਠਾ ਹੋਇਆ ਨਾਈ ਕੋਲੋਂ ਸ਼ੇਵ ਕਰਵਾ ਰਿਹਾ ਸੀ। ਦੂਸਰੇ 'ਤੇ ਚਾਹ ਦੀਆਂ ਪਿਆਲੀਆਂ ਵਗੈਰ ਖਿੱਲਰੀਆਂ ਪਈਆਂ ਸਨ। ਉਨ੍ਹਾਂ ਦਾ ਨੌਕਰ ਗੰਜਾ ਕੂੰਡੀ ਵਿਚ ਬਦਾਮ ਰਗੜ ਰਿਹਾ ਸੀ ਅਤੇ ਬਦਰੋ ਦਾ ਭਰਾ ਕੀਮ ਰੇਸ਼ਮੀ ਤਹਿਮਤ ਵਲੇਟੀ ਉਸਤਰੇ ਨਾਲ ਮੁੰਨੀਆਂ ਨੰਗੀਆਂ ਪਿੰਨੀਆਂ ਕੱਢੀ ਉਸ ਦੇ ਕੋਲ ਬੈਠਾ ਕੁਝ ਹਦਾਇਤਾਂ ਦੇ ਰਿਹਾ ਸੀ। ਕਦਰੋ ਤੇ ਬਦਰੋ ਤਕੀਏ 'ਤੇ ਚੜ੍ਹ ਕੇ ਬੈਠੀਆਂ ਲਸਣ ਛਿੱਲ ਰਹੀਆਂ ਸਨ।

''ਚੌਧਰੀ ਹੁਰੀਂ ਘਰ ਹਨ।''

''ਨਹੀਂ ਮੁਨਸ਼ੀ ਜੀ... ਮੁਨਸ਼ੀ ਜੀ, ਮੇਰੀ ਕੋਈ ਚਿੱਠੀ ਨਹੀਂ ਆਈ?'' ਮੇਹਰੋ ਜਲਦੀ ਨਾਲ ਬੋਲੀ, ਜਿਵੇਂ ਦੋ ਦਿਨਾਂ ਵਿਚ ਉਸ ਨੂੰ ਕੋਈ ਖੰਭ ਲੱਗ ਪਏ ਹੋਣ।

''ਤੇਰੀ ਚਿੱਠੀ ਕਿਥੋਂ ਆਏਗੀ ਗਸ਼ਤੀਏ?'' ਕਦਰੋ ਨੇ ਉਸ ਦਾ ਪੱਤਾ ਕੱਟ ਦਿੱਤਾ। ਨਾਲ ਵਾਲੇ ਕਮਰੇ ਵਿਚੋਂ ਬਦਰੋ ਨਿਕਲ ਆਈ। ਉਸ ਨੇ ਖੂਬਸੂਰਤ ਸੂਟ ਪਹਿਨ ਰੱਖਿਆ ਸੀ। ਉਸ ਦੇ ਹੱਥ ਵਿਚ ਸੈਂਟ ਵਾਲੀ ਇਕ ਸ਼ੀਸ਼ੀ ਸੀ, ਜੋ ਉਹ ਆਪਣੇ ਕੱਪੜਿਆਂ 'ਤੇ ਛਿੜਕ ਰਹੀ ਸੀ। ਕੁਝ ਸੈਂਟ ਉਸ ਨੇ ਰਾਣੇ ਦੇ ਕੱਪੜਿਆਂ 'ਤੇ ਛਿੜਕਿਆ ਤੇ ਬੋਲੀ, ''ਮੁਨਸ਼ੀ ਜੀ! ਕੋਟੇ ਦੀ ਸੁਗਾਤ ਲੈਂਦੇ ਜਾਣਾ। ਇਹ ਚਾਰ ਸੇਬ ਜੋਹਰਾ ਮੁਸ਼ਤਰੀ ਦੇ ਘਰ ਦੇਂਦੇ ਜਾਣਾ ਅਤੇ ਇਹ ਦੋ ਤੁਹਾਡਾ ਹਿੱਸਾ ਹਨ।''

ਬਦਰੋ ਨੇ ਇਕ ਥੈਲੇ ਵਿਚੋਂ ਛੇ ਸੁਰਖ-ਸੁਰਖ ਸੇਬ ਕੱਢ ਕੇ ਗੁਲਾਬਦੀਨ ਨੂੰ ਦੇ ਦਿੱਤੇ, ਜੋ ਉਸ ਨੇ ਆਪਣੇ ਚਮੜੇ ਦੇ ਥੈਲੇ ਵਿਚ ਪਾ ਲਏ ਅਤੇ ਲੰਮੇ-ਲੰਮੇ ਸਾਹ ਨਾਲ ਖੁਸ਼ਬੂ ਦੀਆਂ ਲਪਟਾਂ ਲੈਂਦਾ ਹੋਇਆ ਬਾਹਰ ਨਿਕਲ ਗਿਆ।

ਜੋਹਰਾ ਮੁਸ਼ਤਰੀ ਆਪਣੀ ਬੈਠਕ ਵਿਚ ਦੋ ਅਜਨਬੀਆਂ ਨਾਲ ਬੈਠੀ ਰਮੀ ਖੇਡ ਰਹੀ ਸੀ। ਗੁਲਾਬਦੀਨ ਨੇ ਜਾ ਕੇ ਸੇਬ ਉਨ੍ਹਾਂ ਦੇ ਸਾਹਮਣੇ ਰੱਖ ਦਿੱਤੇ। ਦੋਵੇਂ ਭੈਣਾਂ ਨੇ ਅਰਥ ਭਰਪੂਰ ਨਜ਼ਰਾਂ ਨਾਲ ਇਕ ਦੂਜੀ ਵੱਲ ਵੇਖਿਆ, ''ਮੁਨਸ਼ੀ ਜੀ! ਦੇਗ ਚੜ੍ਹੀ ਹੈ ਉਨ੍ਹਾਂ ਦੇ ਘਰ?'' ਜੋਹਰਾ ਨੇ ਦਿਲਚਸਪੀ ਨਾਲ ਪੁੱਛਿਆ।

''ਮੈਂ ਨਹੀਂ ਵੇਖੀ।'' ਗੁਲਾਬਦੀਨ ਨੇ ਜੁਆਬ ਦਿੱਤਾ। ਬਰਾਂਡੇ ਵਿਚ ਉਨ੍ਹਾਂ ਦੀ ਮਤਰੇਈ ਭੈਣ ਨੇ ਪਾਸਾ ਬਦਲ ਕੇ ਗੁਲਾਬਦੀਨ ਵੱਲ ਵੇਖਿਆ, ਫਿਰ ਪਿੱਠ ਮੋੜ ਲਈ।

ਅਗਲੇ ਦਿਨ ਡਾਕ ਛਾਂਟਦਿਆਂ ਉਸ ਨੂੰ ਜੋਹਰਾ ਦੇ ਨਾਂ ਦੀ ਚਿੱਠੀ ਮਿਲੀ। ਉਹ ਚਾਹੁੰਦਾ ਸੀ, ਬਦਰੋ ਜਾਂ ਕਦਰੋ ਦੀ ਚਿੱਠੀ ਮਿਲੇ ਤਾਂ ਕਿ ਅੱਜ ਫਿਰ ਉਧਰ ਦਾ ਫੇਰਾ ਵੱਜ ਸਕੇ।

ਤੀਸਰੇ ਪਹਿਰ ਜਦ ਉਹ ਜੋਹਰਾ ਦੀ ਚਿੱਠੀ ਹੱਥ ਵਿਚ ਫੜੀ ਮਕਾਨ ਵਿਚ ਦਾਖ਼ਲ ਹੋਇਆ ਤਾਂ ਜੋਹਰਾ ਤੇ ਮੁਸ਼ਤਰੀ ਦੁਪਹਿਰ ਦਾ ਸ਼ੋਅ ਵੇਖਣ ਗਈਆਂ ਹੋਈਆਂ ਸਨ। ਰਾਣਾ ਬਰਾਂਡੇ ਵਿਚ ਉਨ੍ਹਾਂ ਦੀ ਭੈਣ ਨਾਲ ਚੋਹਲ-ਮੋਹਲ ਕਰ ਰਿਹਾ ਸੀ, ਜੋ ਉਸ ਨੂੰ ਆਪਣੇ ਜਿੰਨੀਆਂ ਮੋਟੀਆਂ-ਮੋਟੀਆਂ ਗਾਲ੍ਹਾਂ ਦੇ ਰਿਹਾ ਸੀ। ''ਓਧਰ ਮੱਝ ਖਰੀਦਣ ਦੀ ਰਕਮ ਦੇ ਆਇਆ ਹੈ, ਏਧਰ ਮੱਝ ਨਾਲ ਚੋਹਲ ਕਰ ਰਿਹਾ ਹੈ। ਰਾਣਾ ਉਸਤਰਾ ਗੁਲ ਆਦਮੀ ਹੈ ਜਾਂ ਮੱਝਾਂ ਦਾ ਵਪਾਰੀ?'' ਗੁਲਾਬਦੀਨ ਇਹ ਸੋਚਦਾ ਹੋਇਆ ਬਾਹਰ ਨਿਕਲ ਆਇਆ।

ਤਿੰਨ ਦਿਨ ਬਾਅਦ ਉਸ ਨੂੰ ਉਡਦੀ-ਉਡਦੀ ਇਕ ਖ਼ਬਰ ਮਿਲੀ। ਪਨਵਾੜੀ ਦੀ ਦੁਕਾਨ ਉਨ੍ਹਾਂ ਦੇ ਸਾਹਮਣੇ ਹੈ। ਉਸ ਤੋਂ ਤਸਦੀਕ ਕਰਨੀ ਚਾਹੀ। ਪਨਵਾੜੀ ਬੋਲਿਆ, ''ਜੋ ਤੂੰ ਸੁਣਿਆ ਹੈ, ਠੀਕ ਹੈ। ਰਾਣਾ ਤਾਂ ਮੇਹਰੋ ਲਈ ਤਿਆਰ ਸੀ, ਪਰ ਬਦਰੋ ਦੀ ਮਾਂ ਨਹੀਂ ਮੰਨੀ।''

ਗੁਲਾਬਦੀਨ ਨੇ ਪੁੱਛਿਆ, ''ਅਬਦੁਲ ਕਰੀਮ ਅਤੇ ਕੀਮ ਖੁਸ਼ ਸਨ।''

''ਕੀਮ ਤਾਂ ਸ਼ਰਦਾਈਆਂ ਘੋਟ-ਘੋਟ ਕੇ ਪਿਆਉਂਦਾ ਸੀ।'' ਪਨਵਾੜੀ ਮੁਸਕਰਾ ਕੇ ਬੋਲਿਆ, ''ਜਿਸ ਦਾ ਮਾਲ, ਉਸ ਦਾ ਗਾਲ, ਮੁਨਸ਼ੀ ਜੀ।''

''ਹੁਸਨ ਕਿਸ ਤਰ੍ਹਾਂ ਵੇਚਿਆ ਜਾ ਸਕਦਾ ਹੈ? ਜਿਸਮ ਕਿਸ ਤਰ੍ਹਾਂ ਫਰੋਖ਼ਤ ਹੋ ਸਕਦਾ ਹੈ?'' ਉਹ ਇਸ ਤਰ੍ਹਾਂ ਦੀਆਂ ਗੱਲਾਂ ਸੋਚਦਾ ਜਾਂਦਾ। ਬਾਜ਼ਾਰ ਵਿਚ ਤੁਰਦੀਆਂ ਫਿਰਦੀਆਂ ਕੰਜਰੀਆਂ ਨੂੰ ਖ਼ਾਲੀ ਜ਼ਿਹਨ ਨਾਲ ਵੇਖਦਾ ਵੀ ਜਾਂਦਾ ਤੇ ਡਾਕ ਵੀ ਵੰਡਦਾ ਜਾਂਦਾ। ਉਸ ਨੇ ਆਪਣੇ ਕੰਮ ਨਾਲ ਕੰਮ ਰੱਖਿਆ ਅਤੇ ਕਈ ਦਿਨ ਬਦਰੋ ਤੇ ਕਦਰੋ ਦੇ ਘਰ ਨਾ ਗਿਆ। ਇਕ ਦਿਨ ਉਸ ਨੂੰ ਮੋਤੀ ਬਾਜ਼ਾਰ ਵਿਚ ਅਬਦੁਲ ਕਰੀਮ ਮਿਲਿਆ, ਜਿਸ ਦੀ ਜ਼ੁਬਾਨੀ ਉਸ ਨੂੰ ਪਤਾ ਲੱਗਾ ਕਿ ਉਨ੍ਹਾਂ ਇਕ ਨਵੀਂ ਮੱਝ ਖਰੀਦ ਲਈ ਹੈ। ਅਬਦੁਲ ਕਰੀਮ ਨੇ ਕਿਹਾ, ''ਕਿਸੇ ਦਿਨ ਆਉਣਾ। ਸਾਡੇ ਘਰ ਵਿਚ ਜਲਸਾ ਹੋਣ ਵਾਲਾ ਹੈ।''

ਇਕ ਦਿਨ ਬਦਰੋ ਦੇ ਨਾਂ ਪੰਜ ਸੌ ਦਾ ਮਨੀਆਰਡਰ ਆਇਆ। ਗੁਲਾਬਦੀਨ ਨੇ ਪੜ੍ਹਿਆ। ਰਾਣਾ ਹਯਾਤ ਬਖਸ਼ ਕੋਟਾ ਨੇ ਭੇਜਿਆ ਸੀ। ਆਖਰ ਵਿਚ ਲਿਖਿਆ ਸੀ, ''ਜਲਸੇ ਲਈ ਰੁਪਏ ਭੇਜ ਰਿਹਾ ਹਾਂ। ਮੈਨੂੰ ਵੀ ਉਸ ਦਿਨ ਯਾਦ ਕਰ ਲੈਣ।'' ਉਹ ਚਿੱਕ-ਚੁੱਕ ਕੇ ਅੰਦਰ ਗਿਆ ਤਾਂ ਬਦਰੋ ਮੰਜੀ 'ਤੇ ਲੇਟੀ ਸਿਗਰਟ ਪੀ ਰਹੀ ਸੀ। ਖੜਾਕ ਸੁਣ ਕੇ ਉਠ ਬੈਠੀ, ''ਸ਼ੁਕਰ ਹੈ ਤੁਸੀਂ ਆਏ ਤਾਂ ਸਹੀ, ਮੁਨਸ਼ੀ ਜੀ।''

''ਕੋਈ ਖ਼ਤ ਹੀ ਨਹੀਂ ਆਇਆ ਸੀ...।''

''ਖ਼ਤ ਨਾ ਹੋਵੇ ਤਾਂ ਕੀ ਆਉਣਾ ਛੱਡ ਦੇਈਦਾ ਹੈ। ਅੱਬੇ ਹੁਰੀਂ ਕਿੰਨਾ ਯਾਦ ਕਰਦੇ ਸਨ ਤੁਹਾਨੂੰ।''

ਕਮਰੇ ਵਿਚੋਂ ਅਬਦੁਲ ਕਰੀਮ ਬਾਹਰ ਨਿਕਲ ਆਇਆ। ਮਨੀਆਰਡਰ ਦਾ ਸੁਣ ਕੇ ਸਾਰਿਆਂ ਦੇ ਚਿਹਰੇ 'ਤੇ ਰੌਣਕ ਆ ਗਈ। ਮੇਹਰੋ ਵੀ ਚੰਗੇਰ ਚੁੱਕੀ ਭੱਜੀ-ਭੱਜੀ ਬਾਹਰ ਆਈ, ''ਹੁਣ ਤੁਸੀਂ ਮੁਨਸ਼ੀ ਜੀ, ਜ਼ਰਾ ਕਾਗਜ਼ ਪੈਨਸਲ ਲੈ ਕੇ ਬੈਠ ਜਾਵੋ। ਕਾਕੀ, ਅੰਦਰੋਂ ਹੁੱਕਾ ਚੁੱਕ ਲਿਆ।''

ਮੇਹਰੋ ਨੇ ਹੁੱਕਾ ਲਿਆ ਕੇ ਬਾਪ ਦੇ ਕੋਲ ਰੱਖ ਦਿੱਤਾ, ਜਿਸ ਨੇ ਮੂੰਹ ਵਿਚ ਹੁੱਕੇ ਦੀ ਨੜੀ ਲੈ ਕੇ ਗੁਲਾਬਦੀਨ ਨੂੰ ਦੇਗ ਦਾ ਸਾਮਾਨ ਲਿਖਵਾਉਣਾ ਸ਼ੁਰੂ ਕਰ ਦਿੱਤਾ। ਗੁਲਾਬਦੀਨ ਦੀ ਹੈਰਾਨੀ ਦੂਰ ਕਰਨ ਲਈ ਅਬਦੁਲ ਕਰੀਮ ਨੇ ਕਿਹਾ, ''ਅਸੀਂ ਕਮਰੋ ਦੀ ਕਾਕੀ ਦੀ ਖੁਸ਼ੀ ਕਰਨਾ ਚਾਹੁੰਦੇ ਹਾਂ। ਕੀਮ ਤਾਂ ਨਕਾਰਾ ਆਦਮੀ ਹੈ। ਕੱਲ੍ਹ ਮੈਂ ਤੇ ਤੁਸੀਂ ਜਾ ਕੇ ਸੌਦਾ ਲੈ ਆਵਾਂਗੇ। ਨਾਈ ਨੂੰ ਵੀ ਨਾਲ ਲੈ ਚੱਲਾਂਗੇ।''

ਇਸ ਗੱਲਬਾਤ ਦੌਰਾਨ ਕਦਰੋ ਤੇ ਬਦਰੋ ਵੀ ਕਦੀ-ਕਦੀ ਸਲਾਹ ਮੁਸ਼ਵਰਾ ਦੇਂਦੀਆਂ। ਮੇਹਰੋ ਪੱਕੇ ਫਰਸ਼ 'ਤੇ ਪਲੱਥਾ ਮਾਰੀ ਲਸ੍ਹਣ ਛਿੱਲ ਰਹੀ ਸੀ। ਗੁਲਾਬਦੀਨ ਨੇ ਆਪਣੇ ਕੰਨਾਂ 'ਤੇ ਅੜਾਈ ਪੈਨਸਲ ਆਪਣੀ ਜੇਬ ਨਾਲ ਲਾਉਂਦੇ ਹੋਏ ਪੁੱਛਿਆ, ''ਐਨਾ ਲਸ੍ਹਣ ਕੀ ਕਰਦੇ ਹੋ ਤੁਸੀਂ?''

ਕਦਰੋ ਨੇ ਕਿਹਾ, ''ਸਾਡੇ ਘਰ ਵਿਚ ਸਬਜ਼ੀ ਬਹੁਤ ਬਣਦੀ ਹੈ ਅਤੇ ਬਹੁਤ ਆਦਮੀਆਂ ਲਈ ਬਣਦੀ ਹੈ। ਉਸ ਵਿਚ ਪਾਉਂਦੇ ਹਾਂ।''

ਬਦਰੋ ਬੋਲੀ, ''ਅਸੀਂ ਦਿਨ ਭਰ ਕੀ ਕੰਮ ਕਰੀਏ। ਇਸੇ ਤਰ੍ਹਾਂ ਅੰਮਾਂ ਦਾ ਹੱਥ ਵਟਾ ਲੈਂਦੀਆਂ ਹਾਂ।'' ਮੇਹਰੋ ਆਪਣੀ ਅਹਿਮੀਅਤ ਦੱਸਣ ਲਈ ਹੋਰ ਤੇਜ਼ੀ ਨਾਲ ਲਸ੍ਹਣ ਛਿੱਲਣ ਲੱਗ ਪਈ।''

''ਅੱਲ੍ਹਾ ਖ਼ੈਰ ਕਰੇ। ਹੁਣ ਐਤਵਾਰ ਨੂੰ ਵੇਖ ਲੈਣਾ।'' ਅਬਦੁਲ ਕਰੀਮ ਗੁਲਾਬਦੀਨ ਦੇ ਮੋਢੇ ਥਾਪੜਦਾ ਹੋਇਆ ਬੋਲਿਆ।

ਉਨ੍ਹਾਂ ਨੇ ਬਾਸਮਤੀ ਦੇ ਚੌਲ, ਦੇਸੀ ਘਿਉ ਅਤੇ ਮਸਾਲੇ ਦੀਆਂ ਪੋਟਲੀਆਂ ਜਦੋਂ ਟਾਂਗੇ ਤੋਂ ਲਾਹ ਕੇ ਡਿਉਢੀ ਵਿਚ ਰੱਖੀਆਂ, ਘਰ ਵਿਚ ਕੋਈ ਨਹੀਂ ਸੀ। ਅਬਦੁਲ ਕਰੀਮ ਦੇ ਕਹਿਣ 'ਤੇ ਗੰਜਾ ਬਾਜ਼ਾਰੋਂ ਚਾਹ ਦਾ ਇਕ ਸੈਟ ਲੈ ਆਇਆ। ਉਹ ਚਾਹ ਦੀਆਂ ਚੁਸਕੀਆਂ ਲੈ ਰਹੇ ਸਨ ਕਿ ਬਦਰੋ, ਕਦਰੋ ਤੇ ਮੇਹਰੋ ਤਿੰਨੇ ਭੈਣਾਂ ਬੈਠਕ ਵਿਚ ਦਾਖ਼ਲ ਹੋਈਆਂ। ਬਦਰੋ ਹੱਸ ਕੇ ਬੋਲੀ, ''ਅੱਬਾ ਜੀ, ਅਸੀਂ ਤਾਂ ਸੱਦਾ ਦੇ ਆਈਆਂ ਹਾਂ।''

ਅੱਜ ਬਦਰੋ ਰੋਜ਼ ਨਾਲੋਂ ਜ਼ਿਆਦਾ ਪਤਲੀ ਤੇ ਆਕਰਸ਼ਕ ਲੱਗ ਰਹੀ ਸੀ। ਕਦਰੋ ਦਾ ਜਿਸਮ ਗਦਰਾਇਆ ਹੋਇਆ ਸੀ; ਉਸ ਦੇ ਨੱਕ ਦੀ ਤੀਲੀ ਵਾਰ-ਵਾਰ ਚਮਕ ਰਹੀ ਸੀ ਅਤੇ ਮੇਹਰੋ ਪੁਰਬਹਾਰ ਸ਼ਬਾਬ ਦੀਆਂ ਸਾਰੀਆਂ ਰੰਗੀਨੀਆਂ ਲਈ ਇਸ ਤਰ੍ਹਾਂ ਉਨ੍ਹਾਂ ਦੇ ਨਾਲ-ਨਾਲ ਸੀ, ਜਿਵੇਂ ਧੋਤੀਆਂ ਨਿਖਰੀਆਂ ਬਦਲੀਆਂ ਦੇ ਨਾਲ-ਨਾਲ ਬਿਜਲੀ ਦੀ ਚਮਕ ਹੋਵੇ।

ਪ੍ਰੋਗਰਾਮ ਇਹ ਸੀ ਕਿ ਐਤਵਾਰ ਨੂੰ ਦੁਪਹਿਰ ਖਾਣਾ ਅਤੇ ਰਾਤ ਨੂੰ ਗਾਉਣਾ। ਗੁਲਾਬਦੀਨ ਨੂੰ ਅਬਦੁਲ ਕਰੀਮ ਨੇ ਕਿਹਾ, ''ਮੁਨਸ਼ੀ ਜੀ, ਤੁਸੀਂ ਕੋਈ ਓਪਰੇ ਨਹੀਂ। ਸਾਡੇ ਘਰ ਵਿਚ ਤੁਹਾਨੂੰ ਕੌਣ ਨਹੀਂ ਜਾਣਦਾ। ਅੱਬਲ ਤਾਂ ਅਸੀਂ ਬਹੁਤੇ ਲੋਕਾਂ ਨੂੰ ਬੁਲਾਇਆ ਹੀ ਨਹੀਂ। ਆਂਢ-ਗੁਆਂਢ ਦੇ ਚੰਦ ਘਰਾਂ ਨੂੰ ਬੁਲਾਇਆ ਹੈ। ਬਾਕੀ ਰਿਹਾ ਗਾਉਣਾ, ਤਾਂ ਉਹ ਤੁਹਾਡੀ ਮਰਜ਼ੀ। ਹਾਫਿਜ਼ ਸਾਹਿਬ ਨੇ ਕੀ ਫਰਮਾਇਆ ਹੈ, ਕਦਰੋ ਪੁੱਤਰ?''

ਕਦਰੋ ਨੇ ਕਿਹਾ, ''ਉਹ ਆ ਜਾਣਗੇ। ਕਿਉਂ ਅੱਬਾ ਜੀ?''

''ਕੁਝ ਨਹੀਂ ਪੁੱਤਰ। ਮੁਨਸ਼ੀ ਜੀ ਨੂੰ ਸਿਗਰਟ ਦੇਵੀਂ।''

ਕਦਰੋ ਨੇ ਸਿਰਗਟ ਦੀ ਡੱਬੀ ਮੁਨਸ਼ੀ ਜੀ ਦੇ ਅੱਗੇ ਕਰ ਦਿੱਤੀ। ਗੁਲਾਬਦੀਨ ਨੇ ਇਕ ਸਿਗਰਟ ਕੱਢ ਦੇ ਸੁਲਗਾ ਲਈ।

''ਬੱਸ, ਤੁਸੀਂ ਡਾਕ ਵੰਡ ਕੇ ਸਿੱਧੇ ਏਧਰ ਹੀ ਆ ਜਾਇਓ।''

ਸ਼ਨੀਵਾਰ ਦੀ ਸ਼ਾਮ ਨੂੰ ਨਾਈ ਨੇ ਭੱਠੀਆਂ ਗੱਡ ਲਈਆਂ ਅਤੇ ਐਤਵਾਰ ਨੂੰ ਉਸ ਦੇ ਦੋ ਸਾਥੀਆਂ ਨੇ ਆ ਕੇ ਕੰਮ ਸੰਭਾਲ ਲਿਆ। ਲੌਂਗ, ਦਾਲਚੀਨੀ ਅਤੇ ਜ਼ਾਫ਼ਰਾਨ ਦੀ ਖੁਸ਼ਬੋ ਚਾਰੇ ਪਾਸੇ ਫੈਲ ਗਈ ਅਤੇ ਦੇਗਾਂ ਵਿਚ ਵੱਡਾ ਕੜਛਾ ਵੱਜਣ ਲੱਗਾ। ਗੁਲਾਬਦੀਨ ਪੈਦਾਇਸ਼ੀ ਪ੍ਰਬੰਧਕ ਸੀ। ਅਬਦੁਲ ਕਰੀਮ ਨੇ ਉਸਤਾਦ ਨੂਰਦੀਨ ਤੇ ਗੁਲਾਬਦੀਨ ਨੂੰ ਦੇਗਾਂ ਦੀ ਨਿਗਰਾਨੀ ਬਿਠਾ ਦਿੱਤਾ। ਕਦਰੋ ਦੇ ਸਾਜ਼ਿੰਦਿਆਂ ਨੇ ਦਲਾਨਾਂ ਵਿਚ ਕਿਰਾਏ ਦੀਆਂ ਦਰੀਆਂ ਵਿਛਾ ਦਿੱਤੀਆਂ। ਕੀਮ ਅਤੇ ਉਸ ਦੇ ਦੋਸਤਾਂ ਨੇ ਤਕੀਏ ਲਾ ਦਿੱਤੇ। ਫਿਰ ਆਤਸ਼ਦਾਨ ਤੇ ਗੁਲਾਬ-ਪੱਤੀਆਂ ਰੱਖ ਦਿੱਤੀਆਂ ਤੇ ਪੁੱਛਣ ਲੱਗਾ, ''ਆਪਾ, ਬਦਰੋ ਠੀਕ ਹੈ?''

ਉਸ ਨੇ ਕਿਹਾ, ''ਹਾਂ, ਜਿਉਂਦੀ ਰਹੇ। ਠੀਕ ਹੈ।''

''ਆਪਾ ਸਿਗਰਟ ਲਈ ਕੁਝ ਪੈਸੇ ਤਾਂ ਦੇ ਦੇਵੋ।'' ਬਦਰੋ ਨੇ ਦਸ ਰੁਪਏ ਦਾ ਨੋਟ ਦੇ ਦਿੱਤਾ। ਉਹ ਇਧਰ ਗਾਇਬ ਹੋਈ ਤੇ ਉਹ ਏਧਰ ਕਦਰੋ ਨੂੰ ਲੈ ਆਇਆ ਤੇ ਬੋਲਿਆ, ''ਬੀਬੀ ਸਾਡਾ ਇੰਤਜ਼ਾਮ ਠੀਕ ਹੈ ਨਾ?''

ਉਸ ਨੇ ਕਮਰਿਆਂ ਦਾ ਜਾਇਜ਼ਾ ਲੈ ਕੇ ਕਿਹਾ, ''ਠੀਕ ਹੈ।''

''ਬੀਬੀ, ਸਿਗਰਟ ਲਈ ਕੁਝ ਪੈਸੇ ਤਾਂ ਦੇ ਦੇ।'' ਉਸ ਤੋਂ ਵੀ ਦਸ ਦਾ ਨੋਟ ਹਥਿਆ ਲਿਆ।

ਦੁਪਹਿਰ ਹੋਈ ਤਾਂ ਕੰਜਰੀਆਂ ਦੀਆਂ ਟੋਲੀਆਂ ਆਉਣੀਆਂ ਸ਼ੁਰੂ ਹੋ ਗਈਆਂ। ਉਂਗਲੀਆਂ ਵਿਚ ਸਿਗਰਟ ਲਈ, ਪਾਨ ਚਬਾਉਂਦੀਆਂ, ਸਰਗੋਸ਼ੀਆਂ ਕਰਦੀਆਂ, ਰੰਗ-ਬਰੰਗੀਆਂ ਆਵਾਜ਼ਾਂ, ਰੰਗ-ਬਰੰਗੇ ਲਿਬਾਸ, ਗੋਰੇ ਚਿਹਰੇ, ਭਰੀਆਂ-ਭਰੀਆਂ ਛਾਤੀਆਂ, ਪਤਲੀਆਂ ਕਮਰਾਂ, ਦਿਲਬਰੀ ਦੀਆਂ ਸਭ ਅਦਾਵਾਂ ਅਤੇ ਰੇਸ਼ਮ ਦਿਆਂ ਥਾਨਾਂ ਵਿਚ ਲਿਪਟੇ ਕੁਝ ਜੋਬਨ ਕੁਝ ਅਧੇੜ। ਦਲਾਨ ਜਿਵੇਂ ਕਬੂਤਰੀਆਂ ਦੀ ਗੁਟਰਗੂੰ ਨਾਲ ਚਹਿਕ ਉਠਿਆ ਹੋਵੇ।

ਨੂਰ ਪੁਲਾਵ, ਸ਼ੀਰਮਾਲ ਅਤੇ ਕੋਰਮਾ ਵਰਤਾਇਆ ਗਿਆ। ਇਕ ਆਉਂਦਾ ਇਕ ਜਾਂਦਾ ਰਿਹਾ। ਜ਼ਿਆਦਾ ਨੇੜ ਵਾਲਿਆਂ ਦੇ ਘਰ ਖਾਣਾ ਭੇਜ ਦਿੱਤਾ ਗਿਆ। ਇਸ ਹਜੂਮੇ ਦਿਲਬਰਾਂ ਵਿਚ ਘਿਰੇ ਗੁਲਾਬਦੀਨ ਦਾ ਹੇਠਾਂ ਦਾ ਸਾਹ ਹੇਠਾਂ ਤੇ ਉਪਰ ਦਾ ਉਪਰ। ਮਹਿਮਾਨ ਭੁਗਤ ਗਏ ਤਾਂ ਵਰਤਾਵਿਆਂ ਦੀ ਵਾਰੀ ਆਈ। ਫਿਰ ਸਭ ਖਾ ਪੀ ਕੇ ਦਲਾਨ ਵਿਚ ਵਿਛੀ ਦਰੀ 'ਤੇ ਲੇਟ ਕੇ ਸਿਗਰਟਾਂ ਦਾ ਧੂੰਆਂ ਉਡਾਣ ਲੱਗੇ। ਨਾਈ ਆਪਣੀਆਂ ਦੇਗਾਂ ਸਾਂਭਣ ਲੱਗਾ। ''ਪਤਾ ਨਹੀਂ, ਤੁਸਾਂ ਚਿੱਠੀ-ਰਸੈਣ ਨੂੰ ਕੁਝ ਦਿੱਤਾ ਹੈ ਜਾਂ ਨਹੀਂ?''

ਉਸਤਾਦ ਨੂਰਦੀਨ ਬੋਲਿਆ, ''ਬੀਬੀ ਨੇ ਚੌਲ ਦਿੱਤੇ ਸਨ।''

ਬਰਾਂਡੇ ਵਿਚੋਂ ਬਦਰੋ ਬੋਲੀ, ''ਮੈਂ ਦਿੱਤੇ ਸਨ, ਅੱਬਾ ਜੀ।''

''ਸਾਡੇ ਲਈ ਹਮੇਸ਼ਾ ਚੰਗੀਆਂ ਖ਼ਬਰਾਂ ਲਿਆਉਂਦਾ ਹੈ।''

ਰਾਤ ਨੂੰ ਜਦੋਂ ਗੁਲਾਬਦੀਨ ਪਹੁੰਚਿਆ ਤਾ ਮਜਲਸ ਸੱਜ ਚੁੱਕੀ ਸੀ। ਫ਼ੀਰੋਜ਼ਾ ਨੇ ਸਲਮਾ-ਸਿਤਾਰਾ ਵਾਲਾ ਸੂਟਾ ਪਾਇਆ ਹੋਇਆ ਸੀ। ਉਸ ਦੀਆਂ ਸੁਡੌਲ ਵੀਣੀਆਂ ਵਿਚ ਸੋਨੇ ਦੀਆਂ ਵੰਗਾਂ ਫਸੀਆਂ ਹੋਈਆਂ ਸਨ। ਜੋਹਰਾ ਨੇ ਸਾੜ੍ਹੀ ਨਾਲ ਬਰਾਏਨਾਮ ਚੋਲੀ ਪਾਈ ਹੋਈ ਸੀ। ਜਦੋਂ ਸਾੜ੍ਹੀ ਦਾ ਪੱਲਾ ਸਰਕ ਜਾਂਦਾ ਤਾਂ ਸਾਹਮਣੇ ਤੋਂ ਉਸ ਦਾ ਕੱਸਿਆ-ਕੱਸਿਆ ਪੇਟ ਤੇ ਪਿੱਛੋਂ ਉਸ ਦੀ ਚੀਕਨੀ-ਚੀਕਨੀ ਕਮਰ ਵਿਖਾਈ ਦੇਣ ਲੱਗਦੀ। ਗਿੱਗ ਨੇ ਚੂੜੀਦਾਰ ਪਜਾਮੀ ਤੇ ਘੇਰੇਦਾਰ ਕਮੀਜ਼ ਪਹਿਨ ਰੱਖੀ ਸੀ। ਜਿਵੇਂ ਅਕਬਰ ਦੇ ਜ਼ਮਾਨੇ ਦੀ ਨਾਚੀ ਹੋਵੇ। ਜਦੋਂ ਤੁਰਦੀ ਤਾਂ ਜੁੱਤੀ ਦੇ ਸਿਤਾਰੇ ਅਤੇ ਕਮੀਜ਼ ਦੀ ਗੋਟੇ ਦੀ ਸਲਾਰ ਝਿਲਮਿਲ-ਝਿਲਮਿਲ ਕਰਦੀ। ਰੇਸ਼ਮੀ ਗਰਾਰੇ ਵਿਚ ਮੁਸ਼ਤਰੀ ਦੇ ਚੂਲੇ ਦੋ ਪੁੜਾਂ ਵਾਂਗ ਰਗੜ ਖਾ ਰਹੇ ਹੁੰਦੇ। ਮੁਸ਼ਤਰੀ ਦੀ ਛੋਟੀ ਭੈਣ, ਜੋ ਚੰਦ ਮਹੀਨੇ ਪਹਿਲਾਂ 'ਆ ਜਾ' ਦਾ ਸਬਕ ਲੈ ਰਹੀ ਸੀ, ਅੱਜ ਪਹਿਚਾਣੀ ਨਹੀਂ ਸੀ ਜਾਂਦੀ। ਉਸ ਦੇ ਮੱਥੇ ਉਤੇ ਝੂਮਰ ਲਟਕ ਰਿਹਾ ਸੀ। ਪਲਕਾਂ ਦੇ ਤਨਾਅ ਵਿਚ ਕਈ

ਬਾਕੀ ਸਫ਼ਾ 43 'ਤੇ

ਇਸ਼ਾਰੇ ਪਲ ਰਹੇ ਸਨ। ਸੁਲਫੇ ਦੀ ਲਾਟ ਬਣੀ ਏਧਰੋਂ-ਓਧਰ ਆਪਣਾ ਰੂਪ ਵਿਖਾਉਂਦੀ ਫਿਰ ਰਹੀ ਸੀ। ਬਿੱਲੋ ਫੁਲਝੜੀ ਬਣੀ ਹੋਈ ਸੀ। ਉਸ ਨੇ ਸੀਨੇ 'ਤੇ ਦੋ ਪਟਾਕੇ ਬੰਨ੍ਹ ਰੱਖੇ ਸਨ। ਉਸ ਦੇ ਕਈ ਰੂਪ ਸਨ। ਮੇਹਤਾਬੀ, ਅਨਾਰ, ਪੋਪਟ, ਗੋਲਾ, ਲੇਕਿਨ ਬਿਜਲੀਆਂ ਨਹੀਂ ਸਨ। ਸਭ ਬਿਜਲੀਆਂ ਅੱਜ ਬਦਰੋ ਦੇ ਹਿੱਸੇ ਆ ਗਈਆਂ ਸਨ। ਉਹ ਪਾਨ ਇਲਾਚੀ ਦੀ ਤਸ਼ਤਰੀ ਲਈ ਚਾਰੇ ਪਾਸੇ ਆਓ ਭਗਤ ਵਿਚ ਰੁੱਝੀ ਹੋਈ ਸੀ। ਕਦਰੋ ਜਦੋਂ ਬੁਲ੍ਹ ਮੀਟ ਮੀਟ ਕੇ ਗੱਲਾਂ ਕਰਦੀ ਤਾਂ ਉਸ ਦੇ ਬੁਲ੍ਹਾਂ ਦੀਆਂ ਫਾੜੀਆਂ ਹੋਰ ਵੀ ਗਜ਼ਬ ਢਾਂਹਦੀਆਂ। ਉਹ ਆਪਣੀਆਂ ਉਂਗਲੀਆਂ ਦੀ ਹਲਕੀ ਜਿਹੀ ਛੋਹ ਨਾਲ ਜਦੋਂ ਆਪਣੇ ਕੱਟੇ ਹੋਏ ਵਾਲ ਧੌਣ ਤੋਂ ਪਰੇ ਹਟਾਉਂਦੀ ਤਾਂ ਇਉਂ ਲੱਗਦਾ ਜਿਵੇਂ ਉਂਗਲਾਂ ਦਿਆਂ ਪੋਟਿਆਂ ਵਿਚ ਬਲੌਰੀ ਤਰੇਲ ਦੀ ਫੁਹਾਰ ਪੈ ਰਹੀ ਹੋਵੇ।

ਮੇਹਰੋ, ਮੇਹਰੋ ਹੀ ਨਹੀਂ ਲੱਗਦੀ ਸੀ। ਉਸ ਦੀਆਂ ਅੱਖਾਂ ਵਿਚ ਐਨੀ ਸ਼ੋਖੀ ਪਤਾ ਨਹੀਂ ਕਿਥੋਂ ਆ ਗਈ ਸੀ। ਉਹ ਹਿਰਨ ਵਾਂਗ ਚੌਕੜੀਆਂ ਭਰਦੀ ਫਿਰ ਰਹੀ ਸੀ ਅਤੇ ਉਸ ਦੇ ਤੰਗ ਲਿਬਾਸ ਵਿਚੋਂ ਉਸ ਦਾ ਅੰਗ-ਅੰਗ ਨਜ਼ਰ ਆ ਰਿਹਾ ਸੀ। ਛੋਟੀ ਜਿਹੀ ਨੱਥਨੀ ਉਸ ਦੇ ਵੱਡੇ-ਵੱਡੇ ਅਰਮਾਨਾਂ ਅਤੇ ਅਣ-ਕਹੇ ਖਿਆਲਾਂ ਦੀ ਚੁਗਲੀ ਕਰ ਰਹੀ ਸੀ। ਏਨੇ ਵਿਚ ਇਕ ਜੋੜਾ ਅੰਦਰ ਆਇਆ। ਸਰੂ-ਕਦ ਲੜਕੀ ਨਿੱਕੇ-ਨਿੱਕੇ ਕਦਮ ਭਰਦੀ ਰੇਸ਼ਮ ਵਾਂਗ ਸਿਮਟੀ ਹੋਈ ਮਹਿਫ਼ਲ ਵਿਚ ਦਾਖ਼ਲ ਹੋਈ। ਬੜੀ ਨਜ਼ਾਕਤ ਨਾਲ ਹੱਥ ਨੂੰ ਕਮਾਨ ਬਣਾ ਕੇ ਸਭ ਨੂੰ ਸਲਾਮ ਕੀਤੀ। ਦਲਾਨ ਦੀ ਦਹਿਲੀਜ਼ 'ਤੇ ਬੈਠੇ ਗੁਲਾਬਦੀਨ ਨੇ ਪੁੱਛਿਆ, ''ਕੀਮ ਜੀ! ਇਹ ਲੜਕੀ ਕੌਣ ਹੈ?''

ਉਸ ਨੇ ਆਕੜ ਨਾਲ ਕਿਹਾ, ''ਸ਼ੱਮੋ... ਮੇਰੀ ਫੁੱਫੀ ਦੀ ਲੜਕੀ। ਖਵਾਜਾ ਸਾਹਿਬ ਦੇ ਘਰੋਂ ਹੈ।'' ਗੁਲਾਬਦੀਨ ਦੇ ਸੀਨੇ ਵਿਚ ਜਿਵੇਂ ਬੜੇ ਚਿਰ ਦਾ ਸਾਹ ਰੁਕਿਆ ਹੋਇਆ ਸੀ। ਉਸ ਨੇ ਇਕ ਲੰਬਾ ਸਾਹ ਲਿਆ। ਉਹ ਖਵਾਜੇ ਦੀ ਕੋਠੀ ਡਾਕ ਵੰਡ ਚੁੱਕਾ ਸੀ। ਉਹ ਉਹਨੂੰ ਜਾਣਦਾ ਸੀ।

ਰਾਹ ਵਿਚ ਖਿੜੇ ਸਾਰੇ ਫੁੱਲ ਸਾਹਮਣੇ ਇਕੱਠੇ ਹੋ ਗਏ ਸਨ। ਰੰਗਾ-ਰੰਗ, ਹੱਸਦੇ-ਖੇਡਦੇ, ਚਮਕਦੇ ਚਿਹਰੇ ਗੁਲਦਸਤਾ ਬਣੇ ਵਿਖਾਈ ਦੇ ਰਹੇ ਸਨ। ਕੰਡਾ ਫੁੱਲ ਦੇ ਨਾਲ ਕਿਧਰੇ ਵੀ ਵਿਖਾਈ ਨਹੀਂ ਸੀ ਦੇ ਰਿਹਾ।

ਖਵਾਜਾ ਸਾਹਿਬ ਉਨ੍ਹਾਂ ਸੋਫਿਆਂ 'ਤੇ ਜਾ ਬੈਠੇ, ਜਿਧਰ ਮਰਦ ਮਹਿਮਾਨ ਬੈਠੇ ਸਨ। ਇਕ ਪਾਸੇ ਬੈਠ ਕੇ ਹੁੱਕੇ ਦਾ ਧੂੰਆਂ ਉਡਾਣ ਵਾਲੇ ਸਾਜ਼ਿੰਦਿਆਂ ਵਿਚੋਂ ਇਕ ਅੱਧ ਨੇ ਉਨ੍ਹਾਂ ਨੂੰ ਸਲਾਮ ਕੀਤਾ ਅਤੇ ਆਪਣੇ ਨਾਲ ਲੈ ਕੇ ਕਾਲੀਨ 'ਤੇ ਆ ਬੈਠੇ। ਸਭ ਤੋਂ ਪਹਿਲਾਂ ਮੁਸ਼ਤਰੀ ਦੀ ਖੂਬਸੂਰਤ ਭੈਣ ਅਲਮਾਸ ਨੂੰ ਫੜ ਕੇ ਬਿਠਾ ਦਿੱਤਾ ਗਿਆ। ਉਸ ਦੇ ਗਾਣੇ ਤੋਂ ਬਾਅਦ ਸ਼ੋਰ ਹੋਇਆ, ''ਬਦਰੋ... ਬਦਰੋ।''

ਬਦਰੋ ਨੇ ਆਪਣੀਆਂ ਪਲਕਾਂ ਉਪਰ ਚੁੱਕੀਆਂ। ਮਰਦਾਂ ਵੱਲ ਮੁਸਕਰਾ ਕੇ ਵੇਖਿਆ। ਫਿਰ ਮਹਿਫਲ ਦਾ ਇਕ ਨਜ਼ਰ ਜਾਇਜ਼ਾ ਲਿਆ ਅਤੇ ਆਪਣੀ ਰੇਸ਼ਮੀ ਸਲਵਾਰ ਦੀ ਕਰੀਜ ਪੋਟਿਆਂ ਨਾਲ ਫੜੀ ਪੋਂਹਚੇ ਸੰਭਾਲਦੀ ਹੋਈ ਵਿਚਕਾਰ ਆ ਬੈਠੀ। ਗੁਲਾਬਦੀਨ ਦਹਿਲੀਜ਼ 'ਤੇ ਹੋਰ ਉਚਾ ਹੋ ਗਿਆ। ਉਸ ਨੇ ਬਦਰੋ ਨੂੰ ਇਸ ਰੰਗ ਵਿਚ ਕਦ ਵੇਖਿਆ ਸੀ? ਯਾ ਇਲਾਹੀ, ਬਦਰੋ ਦੀ ਆਵਾਜ਼ ਦੀ ਲਹਿਰ ਸੀ ਜਾਂ ਰਿਮਝਿਮ। ਇਕ ਮਹਿਮਾਨ ਨੇ ਨੋਟ ਕੱਢਿਆ। ਗੁਲਾਬਦੀਨ ਦੇ ਨਾਲ ਦੇ ਕੋਲੋਂ ਪੁੱਛਿਆ, ''ਕਿੰਨੇ ਦਾ ਹੈ?''

''ਦਸ ਦਾ।''

ਗੁਲਾਬਦੀਨ ਦੇ ਸੀਨੇ ਵਿਚੋਂ ਫਿਰ ਇਕ ਲੰਮਾ ਸਾਹ ਨਿਕਲਿਆ, ਜੋ ਦੇਰ ਤੋਂ ਰੁਕਿਆ ਪਿਆ ਸੀ। ਉਹ ਸੋਚਣ ਲੱਗਾ, ਬਦਰੋ ਦੇ ਅੰਗਾਂ ਵਿਚ ਇਹ ਲਚਕ ਕਿਥੋਂ ਉਤਰਦੀ ਆ ਰਹੀ ਹੈ। ਉਸ ਦੀ ਆਵਾਜ਼ ਨਿਖਰਦੀ ਜਾ ਰਹੀ ਸੀ। ਇਕ ਨੋਟ, ਦੋ ਨੋਟ, ਤਿੰਨ ਚਾਰ, ਪੰਜ...। ''ਇਹ ਲੋਕ ਕੌਣ ਹਨ?''

''ਆਪਣੇ-ਆਪਣੇ ਮੁਲਾਕਾਤੀ ਹਨ। ਆਪਣੇ ਵਾਲੀਆਂ ਨੂੰ ਸਲਾਮੀਆਂ ਦੇ ਰਹੇ ਹਨ।''

ਹੁਣ ਖਵਾਜਾ ਸਾਹਿਬ ਨੇ ਨੋਟ ਦਿੱਤਾ, ਫਿਰ ਸ਼ੱਮੋ ਨੇ, ਫਿਰ ਖਵਾਜਾ ਸਾਹਿਬ ਨੇ, ਫਿਰ ਸ਼ੱਮੋ ਨੇ। ਸਭ ਹੱਸਣ ਲੱਗੇ। ਬਦਰੋ ਦੋ ਗ਼ਜ਼ਲਾਂ ਗਾ ਕੇ ਬੜੀ ਨਜ਼ਾਕਤ ਨਾਲ ਉਠ ਬੈਠੀ। ਗਿੱਗ ਜੀ ਦੀ ਫਰਮਾਇਸ਼ ਹੋਈ। ਗਿੱਗ ਨੇ ਪੱਕੇ ਰਾਜ ਨਾਲ ਸ਼ੁਰੂਆਤ ਕੀਤੀ। ਜਦ ਗਲਾ ਸਾਫ਼ ਹੋ ਗਿਆ ਤਾਂ ਸਾਕੀ ਨਾਮਾ ਸ਼ੁਰੂ ਕੀਤਾ। ਆਵਾਜ਼ ਦਾ ਜਾਦੂ ਮੁਲਾਕਾਤੀਆਂ ਦੇ ਸਿਰ ਚੜ੍ਹ ਕੇ ਨੋਟ ਤੇ ਨੋਟ ਦਵਾਉਣ ਲੱਗਾ। ਗਿੱਗ ਨੇ ਜੋਸ ਵਿਚ ਆ ਕੇ ਘੁੰਗਰੂ ਬੰਨ੍ਹ ਲਏ। ਸਾਰੇ ਲੋਕ ਖੁਸ਼ੀ ਵਿਚ ਤਾੜੀਆਂ ਮਾਰਨ ਲੱਗੇ। ਉਸ ਨੇ ਬਤਾਵੇ ਦੇ ਦੇ ਕੇ ਕਿਸ-ਕਿਸ ਹੁਸਨੇ ਅਦਾ ਨਾਲ ਜਾਹਿਦ ਤੇ ਮੋਹਤਸਿਬ ਦੀਆਂ ਚੁਟਕੀਆਂ ਲਈਆਂ। ਕਿਸ-ਕਿਸ ਸ਼ਾਨੇ ਦਿਲਰੁਬਾਈ ਨਾਲ ਕਮਰ ਲਚਕਾ ਕੇ ਮੈਕਦੇ ਦੇ ਦਰਵਾਜ਼ੇ 'ਤੇ ਦਸਤਕ ਦਿੱਤੀ। ਮਹਿਫ਼ਲ ਦੀ ਮਹਿਫ਼ਲ ਤੜਫ ਕੇ ਰਹਿ ਗਈ। ਬਦਰੋ ਨੇ ਉਠ ਕੇ ਉਸ ਨੂੰ ਸੀਨੇ ਨਾਲ ਲਾ ਲਿਆ ਤੇ ਬੋਲੀ, ''ਗਿੱਗ ਜੀ, ਜ਼ਿੰਦਾਬਾਦ।''

ਇਕ ਕੋਨੇ ਤੋਂ ਆਵਾਜ਼ ਆਈ 'ਢੋਲਕ'। ਬਿੱਲੋ ਨੇ ਚੁਕੰਨਾ ਹੋ ਕੇ ਉਧਰ ਵੇਖਿਆ। ਬਿੱਲੋ ਦੇ ਮੁਲਾਕਾਤੀ ਨੇ ਸੀਨੇ 'ਤੇ ਹੱਥ ਰੱਖ ਕੇ ਦੱਸਿਆ, ''ਤੇਰਾ ਨਿਆਜ਼ਮੰਦ ਏਧਰ ਬੈਠਾ ਹੈ।'' ਬਿੱਲੋ ਮੁਸਕਰਾ ਪਈ। ਮੇਹਰੋ ਨੇ ਢੋਲਕੀ ਲਿਆ ਕੇ ਬਿੱਲੋ ਦੇ ਸਾਹਮਣੇ ਰੱਖ ਦਿੱਤੀ ਅਤੇ ਅਲਮਾਸ ਨੂੰ ਲੈ ਕੇ ਖੁਦ ਵੀ ਉਥੇ ਹੀ ਬੈਠ ਗਈ। ਢੋਲਕੀ ਕੀ ਵੱਜੀ, ਕਈ ਮਹਿਮਾਨ ਸੋਫਿਆਂ ਤੋਂ ਉਤਰ ਕੇ ਕਾਲੀਨਾਂ ਦੇ ਉਤੇ ਆ ਬੈਠੇ ਤੇ ਚੁਟਕੀਆਂ ਵਜਾਉਣ ਲੱਗੇ। ਥਾਪ ਦੇਣ ਲੱਗੇ। ਰੰਗੇ-ਮਹਿਫ਼ਲ ਹੀ ਬਦਲ ਗਿਆ। ਇਕ ਸਾਹਿਬ ਪਹਿਲਾਂ ਨੋਟ ਦਿੰਦੇ ਰਹੇ, ਫਿਰ ਕਮਰ 'ਤੇ ਹੱਥ ਰੱਖ ਕੇ ਨੱਚਣ ਲੱਗ ਪਏ। ਘੁੰਮਣ-ਘੇਰੀਆਂ ਲੈਂਦੇ ਕਦਰੋ ਦੇ ਕੋਲ ਜਾ ਪਹੁੰਚੇ ਤੇ ਹੱਸਦੇ-ਹੱਸਦੇ ਉਸ ਨੂੰ ਖਿੱਚ ਕੇ ਆਪਣੇ ਨਾਲ ਲੈ ਆਏ। ਸ਼ੋਰ ਮੱਚਿਆ, ''ਸ਼ਾਬਾਸ਼, ਠੀਕ ਹੈ, ਠੀਕ ਹੈ।'' ਉਸ ਸਾਹਿਬ ਨੇ ਕਦਰੋ ਨੂੰ ਘੁੰਗਰੂ ਬੰਨ੍ਹ ਦਿੱਤੇ ਅਤੇ ਉਸਤਾਦ ਨੂੰ ਇਸ਼ਾਰਾ ਕੀਤਾ। ਤਬਲੇ 'ਤੇ ਹੱਥ ਪਿਆ 'ਥਈ'। ਕਦਰੋ ਨੇ ਆਪਣੇ ਯਾਕੂਤੀ ਹੇਠਾਂ ਦੀਆਂ ਪੰਖੜੀਆਂ ਮੀਚ ਕੇ ਵੀਣੀ ਨਾਲ ਗੰਢ ਬੰਨ੍ਹੀ। ਅੱਡੀ ਠੁਮਕੀ, ਅੱਖਾਂ ਵਿਚ ਰਸ ਉਤਰਿਆ। ਪਲਕਾਂ ਦਾ ਰੇਸ਼ਮੀ ਤਨਾਅ ਸਿਤਾਰਿਆਂ ਦੀ ਤਰ੍ਹਾਂ ਟੁੱਟ-ਟੁੱਟ ਕੇ ਚਾਂਦਨੀ ਵਿਚ ਘੁਲਣ ਲੱਗਾ। ਕਾਇਨਾਤ ਘੁੰਮਣ ਲੱਗੀ ਅਤੇ ਕਦਰੋ ਰੰਗਾਂ ਦੀ ਮੂਰਤੀ ਬਣ ਕੇ ਘੁੰਮਣ ਲੱਗੀ।

ਗੁਲਾਬਦੀਨ ਦੇ ਸੀਨੇ ਵਿਚ ਹੁਣ ਕੋਈ ਰੁਕੀ ਹੋਈ ਸਾਹ ਬਾਕੀ ਨਹੀਂ ਸੀ। ਉਹ ਮੂਰਤੀ ਬਣਿਆ ਸਭ ਵੇਖ ਰਿਹਾ ਸੀ। ਯਾ ਇਲਾਹੀ, ਇਹ ਕਦਰੋ ਸੀ। ਉਸ ਦੇ ਪੈਰ ਸਨ ਜਾਂ ਖ਼ਤ ਛਾਂਟਣ ਵਾਲੀ ਸਵੈਚਾਲਕ ਮਸ਼ੀਨ। ਭਾਫ ਨਿਕਲ ਰਹੀ ਸੀ। ਉਸ ਨੇ ਗੌਰ ਨਾਲ ਵੇਖਿਆ। ਨੌਕਰ ਲੋਕ ਮਹਿਫ਼ਲ ਵਿਚ ਗਰਮ-ਗਰਮ ਕਸ਼ਮੀਰੀ ਚਾਹ ਦੇ ਪਿਆਲੇ ਟਰੇਆਂ ਵਿਚ ਰੱਖੀ ਫਿਰ ਰਹੇ ਸਨ। ਚਾਰੇ ਪਾਸੇ ਸਿਗਰਟਾਂ ਦਾ ਧੂੰਆਂ ਫੈਲਿਆ ਹੋਇਆ ਸੀ। ਉਹ ਇਨ੍ਹਾਂ ਰੰਗਾਂ-ਰੰਗ ਆਵਾਜ਼ਾਂ ਵਿਚ ਅਜੇ ਕੋਈ ਫੈਸਲਾ ਨਹੀਂ ਸੀ ਕਰ ਸਕਿਆ ਕਿ ਅਬਦੁਲ ਕਰੀਮ ਨੇ ਉਸ ਦੇ ਕੋਲੋਂ ਲੰਘਦਿਆਂ ਕਿਹਾ, ''ਅਜੇ ਜਾਣਾ ਨਹੀਂ।''

ਰਾਤ ਬਹੁਤ ਬੀਤ ਗਈ ਸੀ। ਉਸ ਨੇ ਦੋ ਚਾਰ ਉਬਾਸੀਆਂ ਲਈਆਂ, ਪਰ ਚਾਹ ਦੇ ਗਰਮ-ਗਰਮ ਪਿਆਲੇ ਨੇ ਉਸ ਦੇ ਸਰੀਰ ਵਿਚ ਫਿਰ ਚੁਸਤੀ ਪੈਦਾ ਕਰ ਦਿੱਤੀ ਸੀ। ਅਜੇ ਉਸ ਦਾ ਪਿਆਲਾ ਖ਼ਤਮ ਵੀ ਨਹੀਂ ਹੋਇਆ ਸੀ ਕਿ ਮਹਿਫ਼ਲ ਵਿਚੋਂ ਕਿਸੇ ਨੇ ਅਲਾਪ ਸ਼ੁਰੂ ਕਰ ਦਿੱਤਾ। ਉਹ ਫਿਰ ਆਪਣੀ ਥਾਂ ਆ ਬੈਠਾ। ਸ਼ੱਮੋ ਦੀਆਂ ਬਲੌਰੀ ਉਂਗਲੀਆਂ ਹਵਾ ਵਿਚ ਇਕ ਦਾਇਰਾ ਬਣਾ ਰਹੀਆਂ ਸਨ ਅਤੇ ਉਸ ਦੇ ਗਲੇ ਵਿਚੋਂ ਸ਼ਹਿਦ ਭਰੀ ਆਵਾਜ਼ ਨਿਕਲ ਰਹੀ ਸੀ। ਇਕ ਮਹਿਕ ਚਾਰੇ ਪਾਸੇ ਫੈਲ ਰਹੀ ਸੀ। ਸ਼ਬਦਾਂ ਨੂੰ ਸਿਖ਼ਰ 'ਤੇ ਖੜ੍ਹ ਕੇ ਉਹ ਆਹਿਸਤਗੀ ਨਾਲ ਵਾਪਸ ਲਿਆਉਂਦੀ ਸੀ ਕਿ ਸੀਨੇ ਵਿਚ ਦਿਲ ਡੋਲ ਜਾਂਦੇ ਸਨ ਤੇ ਮਹਿਫ਼ਲ ਵਿਚ ਵਾਹ-ਵਾਹ ਹੋਣ ਲੱਗਦੀ।

ਉਸ ਦੇ ਬਾਅਦ ਮੁਸ਼ਤਰੀ ਆਈ। ਚੇਹਰੇ 'ਤੇ ਇਕ ਸਾਂਵਲਾਪਨ ਅਤੇ ਅਣ-ਕਹੇ ਖਿਆਲਾਂ ਦੀ ਝਿਲਮਿਲਾਹਟ, ਨੱਕ ਵਿਚ ਫ਼ੀਰੋਜ਼ੇ ਦੀ ਤੀਲੀ, ਹੱਥ ਵਿਚ ਫ਼ੀਰੋਜ਼ੇ ਦੀ ਅੰਗੂਠੀ। ਇਕ ਕੋਨੇ ਤੋਂ ਆਵਾਜ਼ ਆਈ, ''ਪੰਜਾਬੀ''। ਉਸ ਨੇ ਹੌਲੀ ਜਿਹੀ ਉਸਤਾਦ ਨੂੰ ਕੁਝ ਕਿਹਾ ਤੇ ਮਾਹੀਆ ਗਾਉਣ ਲੱਗ ਪਈ। ਇਕ ਦੇ ਬਾਅਦ ਦੂਸਰਾ, ਦੂਸਰੇ ਤੋਂ ਬਾਅਦ ਤੀਸਰੇ ਪੰਜਾਬੀ ਗੀਤ ਦੀ ਫਰਮਾਇਸ਼ ਜਦ ਪੂਰੀ ਹੋ ਚੁੱਕੀ ਤਾਂ ਬਦਰੋ ਅਤੇ ਗਿੱਗ ਨੇ ਕਿਹਾ, ''ਆਪਾ ਫਿਰੋਜ਼ਾਂ।''

ਫਿਰੋਜਾਂ ਨੇ ਸਿਗਰਟ ਦਾ ਇਕ ਭਰਪੂਰ ਕਸ਼ ਲੈ ਕੇ ਉਸ ਨੂੰ ਮਸਲ ਦਿੱਤਾ। ਫਿਰ ਆਪਣੇ ਸੁਰਖ ਹੇਠਾਂ 'ਤੇ ਜ਼ਬਾਨ ਫੇਰ ਕੇ ਖੂਨੀ ਖੰਜਰ ਨੂੰ ਆਬ ਦਿੱਤੀ ਅਤੇ ਆਪਣੀਆਂ ਸੁਡੌਲ ਵੀਣੀਆਂ ਵਿਚ ਚੂੜੀਆਂ ਸਵਾਰਦੀ ਹੋਈ ਉਠ ਬੈਠੀ। ਉਸ ਦੇ ਚਿਹਰੇ 'ਤੇ ਇਕ ਖਾਸ ਰੋਹਬ, ਪ੍ਰਤਿਸ਼ਠਤਾ ਤੇ ਭਰਪੂਰ ਵਿਸ਼ਵਾਸ ਸੀ। ਮਾਲੂਮ ਹੁੰਦਾ ਸੀ ਕਿ ਕਿਸੇ ਵਕਤ ਬੜੀ ਬਾਂਕੀ ਔਰਤ ਰਹੀ ਹੋਵੇਗੀ। ਕਿਸੇ ਨੇ ਕਿਹਾ, ''ਮਿਰਜ਼ਾ ਸਾਹਿਬਾਂ।''

ਉਸ ਨੇ ਉਸ ਪਾਸੇ ਇਕ ਅੰਦਾਜ਼ੇ-ਨਿਗਾਹ ਪਾ ਕੇ ਕਿਹਾ, ''ਅੱਛਾ।''

ਰਾਤ ਦੇ ਸੱਨਾਟੇ ਵਿਚ ਉਸ ਦੀ ਦਮਦਾਰ ਆਵਾਜ਼ ਬੁਲੰਦੀਆਂ ਦੀ ਖ਼ਬਰ ਲੈਣ ਲੱਗੀ। ਜਦ ਮਿਰਜ਼ੇ ਦੇ ਬੋਲ ਦੁਹਰਾਉਂਦੀ ਤਾਂ ਜੋਸ਼ ਵਿਚ ਉਠ ਖੜ੍ਹੀ ਹੋ ਜਾਂਦੀ। ਇਸ ਨਾਲ ਵੀ ਸੰਤੁਸ਼ਟ ਨਾ ਹੋਈ। ਦੁਪੱਟਾ ਉਤਾਰ ਕੇ ਰੱਖ ਦਿੱਤਾ ਤੇ ਲੰਮੀਆਂ-ਲੰਮੀਆਂ ਹੇਕਾਂ ਲਾਉਣ ਲੱਗੀ। ਜਿਵੇਂ ਰਾਵੀ ਦੀਆਂ ਲਹਿਰਾਂ ਵਿਗੜ ਕੇ ਕੰਢਿਆਂ ਤੋਂ ਉਛਲ ਜਾਣ ਅਤੇ 'ਸਾਹਿਬਾਂ' ਦੇ ਬੋਲ ਗਾਉਂਦੇ ਵਕਤ ਉਹ ਆਪਣੀ ਆਵਾਜ਼ ਇਸ ਤਰ੍ਹਾਂ ਸਮੇਟ ਲੈਂਦੀ ਜਿਵੇਂ ਲਹਿਰਾਂ 'ਤੇ ਚਾਂਦਨੀ ਰਾਤ ਦੇ ਛੋਟੇ-ਛੋਟੇ ਫੁੱਲ ਕਿਰਨ ਲੱਗ ਪੈਣ। ਉਹ ਨੋਟ ਸਮੇਟਦੀ ਜਾਂਦੀ ਸੀ ਅਤੇ ਮਹਿਫ਼ਲ 'ਤੇ ਆਪਣੀ ਲੋਚਦਾਰ ਆਵਾਜ਼ ਦਾ ਜਾਦੂ ਧੂੜਦੀ ਜਾਂਦੀ ਸੀ।

ਇਕ ਬਹਾਰ ਦੀ ਖੁਸ਼ਬੋ ਸੀ, ਜੋ ਤਾਰਿਆਂ ਦੀਆਂ ਝਿਲਮਿਲਾਉਂਦੀਆਂ ਰੌਸ਼ਨੀਆਂ ਨਾਲ ਗੁਜ਼ਰ ਗਈ। ਗੁਲਾਬਦੀਨ ਅਜਾਨ ਸੁਣਦੇ ਹੀ ਸ਼ਾਹੀ ਮਸਜਦ ਦੇ ਇਕ ਦਲਾਨ ਵਿਚੋਂ ਉਠਿਆ। ਹੌਜ ਦੇ ਠੰਡੇ ਪਾਣੀ ਨਾਲ ਉਸ ਨੇ ਵੁਜ਼ੂ ਕੀਤਾ। ਅੱਜ ਨਮਾਜ਼ ਪੜ੍ਹਨ ਦਾ ਉਸ ਨੂੰ ਬੜਾ ਲੁਤਫ਼ ਆਇਆ। ਖੁਦਾ ਦੇ ਇਸ ਵਿਸ਼ਾਲ ਘਰ ਵਿਚ ਅਤੇ ਗੁਲਾਬਦੀਨ ਦੇ ਉਦਾਰ ਦਿਲ ਵਿਚ ਬੜੀ ਸਮਾਨਤਾ ਸੀ। ਉਸ ਨੇ ਲੰਮੇ-ਲੰਮੇ ਸਜਦੇ ਕੀਤੇ ਤੇ ਰਵਾਨਾ ਹੋ ਗਿਆ।

ਉਸ ਨੇ ਆਸ-ਪਾਸ ਦੇ ਇਲਾਕੇ ਦੀ ਡਾਕ ਤਾਂ ਦੁਪਹਿਰ ਨੂੰ ਵੰਡ ਦਿੱਤੀ। ਦੋ ਚਿੱਠੀਆਂ, ਜੋ ਉਸ ਪਾਸੇ ਦੀਆਂ ਸਨ, ਉਸ ਨੇ ਹੱਥ ਰੱਖੀਆਂ। ਤੀਸਰੇ ਪਹਿਰ ਨੂੰ ਉਸ ਨੇ ਅਬਦੁਲ ਕਰੀਮ ਦੇ ਘਰ ਅੰਦਰ ਝਾਕਿਆ ਤਾਂ ਸਭ ਸੁੱਤੇ ਪਏ ਸਨ। ਅਗਲੇ ਦਿਨ ਜਦ ਗੁਲਾਬਦੀਨ ਨੇ ਚਿਕ ਚੁੱਕ ਕੇ ਵੇਖਿਆ ਤਾਂ ਸਭ ਲੋਕ ਬੈਠਕ ਵਿਚ ਲੇਟੇ ਪਏ ਸਨ।

''ਆਉ ਮੁਨਸ਼ੀ ਜੀ! ਕੀ ਹਾਲ ਹੈ?''

''ਬੁਰਾ ਹਾਲ ਸੀ ਸਾਡਾ। ਲੜਕੀਆਂ ਥੱਕ ਗਈਆਂ ਸਨ। ਕਿਉਂ, ਅੱਛੀ ਰੌਣਕ ਰਹੀ?'' ਅਬਦੁਲ ਕਰੀਮ ਨੇ ਪੁੱਛਿਆ।

''ਓ ਜੀ, ਰੌਣਕ! ਕਮਾਲ ਹੋ ਗਈ ਸੀ। ਗਿੱਗ ਜੀ ਨੇ ਤਾਂ ਹੱਦ ਹੀ ਕਰ ਦਿੱਤੀ।''

''ਅਜੇ ਤੁਹਾਡੇ ਆਉਣ ਤੋਂ ਦੋ ਮਿੰਟ ਪਹਿਲਾਂ ਹੀ ਗਈ ਹੈ। ਚਾਰ ਸੌ ਹੋ ਗਿਆ ਉਸ ਨੂੰ। ਲੜਕੀਆਂ ਨੂੰ ਆਪਣੇ ਨਾਲ ਬਰੀ ਇਮਾਮ ਲੈ ਜਾਣ ਨੂੰ ਕਹਿ ਰਹੀ ਸੀ। ਪਿਛਲੇ ਸਾਲ ਗਈ ਸੀ। ਬਹੁਤ ਕੁਝ ਲੈ ਕੇ ਆਈ ਸੀ।''

''ਫਿਰ?''

''ਫਿਰ ਇਹ ਵੀ ਤਿਆਰ ਹੋ ਗਈਆਂ ਹਨ।''

ਬਦਰੋ ਤਾਸ਼ ਫੈਂਟਦੀ ਹੋਈ ਬੋਲੀ, ''ਜੋ ਅੱਲਾ ਨੂੰ ਮਨਜ਼ੂਰ।''

ਪੰਦਰਾਂ ਦਿਨਾਂ ਤੱਕ ਤਿੰਨੇ ਭੈਣਾਂ ਦਾ ਹਰ ਵਕਤ ਧਿਆਨ ਕੱਪੜੇ ਸਵਾਉਣ ਵੱਲ ਰਿਹਾ। ਦਰਜੀ ਆਉਂਦਾ ਸੀ। ਗੰਜੇ ਨੂੰ ਡਾਂਟ ਤੇ ਡਾਂਟ ਪੈਂਦੀ ਸੀ। ਆਖ਼ਰ ਉਸਤਾਦਾਂ ਨੇ ਬੁਚਕੇ ਬੰਨ੍ਹੇ ਤੇ ਤਿੰਨੇ ਭੈਣਾਂ ਨੂੰ ਲੈ ਕੇ ਦਸ ਦਿਨਾਂ ਲਈ ਬਰੀਖ ਇਮਾਮ ਦੇ ਮੇਲੇ 'ਤੇ ਚੇਲੇ ਗਏ। ਅਬਦੁਲ ਕਰੀਮ ਨੂੰ ਉਨ੍ਹਾਂ ਦੇ ਖ਼ਤ ਦੀ ਬੜੀ ਉਡੀਕ ਰਹੀ। ਗੁਲਾਬਦੀਨ ਖ਼ਤ ਲਿਆਇਆ ਤਾਂ ਅਬਦੁਲ ਕਰੀਮ ਹੁੱਕੇ ਦੀ ਨਲਕੀ ਮੂੰਹ ਵਿਚੋਂ ਕੱਢ ਕੇ ਬੋਲਿਆ, ''ਤੇਰੇ ਤੋਂ ਕਿਹੜਾ ਪਰਦਾ ਹੈ। ਪੜ੍ਹ ਕੇ ਸੁਣਾ ਦੇ।''

ਬਦਰੋ ਨੇ ਖ਼ਤ ਵਿਚ ਲਿਖਿਆ ਸੀ ਕਿ ''ਅਸੀਂ ਪਿੰਡੀ ਪਹੁੰਚ ਕੇ ਖੈਰੀਅਤ ਨਾਲ ਨੂਰ ਪੁਰ ਪਹੁੰਚ ਗਏ ਹਾਂ। ਇਥੇ ਦੋ ਕਮਰਿਆਂ ਦਾ ਚੰਗਾ ਡੇਰਾ ਮਿਲ ਗਿਆ ਹੈ। ਰਾਤ ਨੂੰ ਚੌਂਕੀ ਦੇਵਾਂਗੇ ਤਾਂ ਪਤਾ ਚੱਲੇਗਾ ਕਿ ਮੇਲਾ ਕਿਸ ਤਰ੍ਹਾਂ ਦਾ ਰਹੇਗਾ? ਵੈਸੇ ਮੇਲਾ ਬਹੁਤ ਭਰ ਰਿਹਾ ਹੈ। ਚਾਰੇ ਪਾਸੇ ਤੋਂ ਤਰ੍ਹਾਂ-ਤਰ੍ਹਾਂ ਦੀਆਂ ਗਾਉਣ ਵਾਲੀਆਂ ਆਈਆਂ ਹਨ। ਕੁਝ ਅਜੇ ਆ ਰਹੀਆਂ ਹਨ। ਸੁਣਿਆ ਹੈ ਕਿ ਇਹ ਮੇਲਾ ਅਗਲੇ ਸਾਲ ਨਹੀਂ ਲੱਗੇਗਾ... ਆਪ ਦੀ ਬੇਟੀ ਬਦਰੋ।''

ਦੂਸਰਾ ਖ਼ਤ ਆਇਆ। ਉਸ ਵਿਚ ਲਿਖਿਆ ਸੀ, ''ਖੁਦਾ ਦੇ ਫ਼ਜ਼ਲ ਨਾਲ ਮੇਲੇ ਦੇ ਨਾਲ ਆਪਣਾ ਕੰਮ ਵੀ ਠੀਕ ਚੱਲ ਰਿਹਾ ਹੈ। ਪੰਜ ਦਿਨ ਦੀ ਆਮਦਨੀ ਚਾਰ ਹਜ਼ਾਰ ਹੋਈ ਹੈ। ਜੋ ਉਸਤਾਦ ਜੀ ਅੱਜ ਪਿੰਡੀ ਜਾ ਕੇ ਤੁਹਾਨੂੰ ਭੇਜ ਰਹੇ ਹਨ। ਅਸੀਂ ਅਠਾਰਾਂ ਉਨੀ ਨੂੰ ਲਾਹੌਰ ਪਹੁੰਚ ਜਾਵਾਂਗੇ। ਸਾਡੇ ਆਉਣ ਤੋਂ ਪਹਿਲਾਂ ਸੋਫਿਆਂ ਦਾ ਕੱਪੜਾ ਬਦਲ ਲੈਣਾ, ਬਲਕਿ ਸੋਫ਼ੇ ਹੀ ਨਵੇਂ ਖਰੀਦ ਲਵੋ। ਪਰਦੇ ਵੀ ਨਵੇਂ ਲੈ ਆਵੋ। ਸੁਸਤੀ ਨਾ ਕਰਿਓ। ਕਾਰਨ ਇਸ ਦਾ ਇਹ ਹੈ ਕਿ ਮੇਹਰੋ 'ਤੇ ਇਕ ਪਠਾਨ ਆਸ਼ਕ ਹੋ ਗਿਆ ਹੈ। ਤੁਸੀਂ ਉਸ ਤੋਂ ਜੋ ਨੱਥ ਉਤਰਵਾਈ ਮੰਗੋਗੇ, ਦੇਵੇਗਾ। ਮੈਂ ਤੇ ਕਦਰੋ ਨੇ ਕਿਹਾ, ਇਹ ਪਰਦੇਸ ਹੈ। ਤੁਸੀਂ ਲਾਹੌਰ ਆਣ ਕੇ ਸਾਡੇ ਮਹਿਮਾਨ ਬਣੋ, ਉਥੇ ਅਸੀਂ ਤੁਹਾਡੀ ਖਿਦਮਤ ਕਰਾਂਗੇ। ਕਹਿੰਦੇ ਹਨ, ਸਾਨੂੰ ਕੀ ਖਵਾਓ-ਪਿਆਓਗੇ। ਕਦਰੋ ਨੇ ਕਿਹਾ ਜੋ ਤੁਸੀਂ ਆਖੋ। ਬੋਲਿਆ, ਉਸਤਾਦ ਜੀ, ਸਾਨੂੰ ਬੱਸ ਸ਼ਰਬਤੇ ਵਿਲਾਸ (ਹੁਸਨ ਦਾ ਸ਼ਰਬਤ) ਪਿਆਓ। ਅਸੀਂ ਬਹੁਤ ਤਿਰਹਾਏ ਹਾਂ। ਉਸਤਾਦ ਜੀ ਨੇ ਕਿਹਾ, ਖਾਂ ਸਾਹਿਬ, ਤੁਸੀਂ ਆਓ ਤਾਂ ਸਹੀ, ਅਸੀਂ ਤੁਹਾਨੂੰ ਸ਼ਰਬਤੇ ਵਿਲਾਸ ਦੇ ਖੂਹ ਵਿਚ ਡਬੋ ਦਿਆਂਗੇ। ਮੇਹਰੋ ਦੇ ਸਿਰ 'ਤੇ ਸੌ-ਸੌ ਦੇ ਨੋਟ ਰੱਖਦਾ ਹੈ। ਸਦਕੇ ਤੇ ਕੁਰਬਾਨ ਹੋ ਹੋ ਜਾਂਦਾ ਹੈ। ਮੇਹਰੋ ਵੀ ਉਸ ਤੋਂ ਬੜੇ ਨਖ਼ਰੇ ਕਰਵਾ ਰਹੀ ਹੈ। ਗਿੱਗ ਦੇ ਨੌਕਰ ਨੂੰ ਪੁਲਿਸ ਫੜ ਕੇ ਲੈ ਗਈ ਹੈ, ਕਿਉਂਕਿ ਉਸ ਨੇ ਚਾਕੂ ਮਾਰ ਕੇ ਕਿਸੇ ਦੀਆਂ ਆਂਦਰਾਂ ਬਾਹਰ ਕੱਢ ਦਿੱਤੀਆਂ ਸਨ।''

ਅਬਦੁਲ ਕਰੀਮ ਨੇ ਖ਼ਤ ਸੁਣ ਕੇ ਸੁੱਖ ਦਾ ਸਾਹ ਲਿਆ ਤੇ ਬੋਲਿਆ, ''ਖੁਦਾ ਇਸ ਤਰ੍ਹਾਂ ਦੀਆਂ ਧੀਆਂ ਸਭ ਨੂੰ ਦੇਵੇ ਗੁਲਾਬਦੀਨ। ਉਨ੍ਹਾਂ ਬਾਪ ਨੂੰ ਹਮੇਸ਼ਾ ਵੱਡੀਆਂ-ਵੱਡੀਆਂ ਰਕਮਾਂ ਲਿਆ ਕੇ ਦਿੱਤੀਆਂ ਤੇ ਉਨ੍ਹਾਂ 'ਤੇ ਮੈਨੂੰ ਹਮੇਸ਼ਾ ਫ਼ਖ਼ਰ ਰਿਹਾ ਹੈ। ਹੁਣ ਅੱਲਾ ਦੇ ਫ਼ਜ਼ਲ ਨਾਲ ਮੇਹਰੋ ਵੀ ਕਮਾਊ ਹੋ ਜਾਵੇਗੀ। ਫਿਰ ਇਕ ਦਿਨ ਹੋਰ ਜਲਸਾ ਕਰਾਂਗੇ।''

ਜਦ ਅਬਦੁਲ ਕਰੀਮ ਨੇ ਚਾਰ ਹਜ਼ਾਰ ਦੇ ਬੈਂਕ ਡਰਾਫਟ ਦਾ ਰਜਿਸਟਰੀ ਲਿਫਾਫਾ ਗੁਲਾਬਦੀਨ ਦੇ ਹੱਥੋਂ ਵਸੂਲ ਪਾਇਆ ਤਾਂ ਅਗਲੇ ਦਿਨ ਹੀ ਕੀਮ ਜਾ ਕੇ ਨਵੇਂ ਡਿਜ਼ਾਇਨ ਦੇ ਸੋਫਿਆਂ ਤੇ ਪਰਦਿਆਂ ਦਾ ਕੱਪੜਾ ਲੈ ਆਇਆ। ਬੈਠਕ ਵਿਚ ਸਫੈਦੀ ਹੋ ਗਈ। ਨਵੇਂ ਸ਼ੀਸ਼ੇ ਲੱਗ ਪਏ। ਡੱਬੀ ਬਾਜ਼ਾਰ ਤੋਂ ਕਾਰੀਗਰ ਬੁਲਾ ਕੇ ਛੱਤ 'ਤੇ ਲਮਕੇ ਪੁਰਾਣੇ ਝਾੜ ਫਨੂਸ ਦੀ ਸਫਾਈ ਕਰਵਾ ਦਿੱਤੀ ਗਈ। ਸਾਰਾ ਘਰ ਲਿਸ਼ਕਾਂ ਮਾਰਨ ਲੱਗ ਪਿਆ।

ਲੜਕੀਆਂ ਉਨੀ ਨੂੰ ਸਵੇਰੇ ਆ ਰਹੀਆਂ ਸਨ ਤੇ ਉਨੀ ਨੂੰ ਹੀ ਪੋਸਟ-ਆਫਿਸ ਦੇ ਪਿਛਵਾੜੇ ਵਾਲੀ ਇਮਾਰਤ ਦੇ ਲੰਮੇ ਕਮਰੇ ਵਿਚ ਚਹਿਲ-ਪਹਿਲ ਦਿਖਾਈ ਦੇ ਰਹੀ ਸੀ। ਸੁਪਰਵਾਈਜ਼ਰ ਨੇ ਪੋਸਟਮਾਸਟਰ ਨੂੰ ਕਿਹਾ, ''ਗੁਲਾਬਦੀਨ ਕੁਝ ਅਰਜ਼ ਕਰਨਾ ਚਾਹੁੰਦਾ ਹੈ।''

''ਕੀ ਅਰਜ਼ ਕਰਨਾ ਚਾਹੁੰਦਾ ਹੈ ਇਹ ਹਰ ਸਾਲ? ਬੁਲਾਓ।'' ਪੋਸਟਮਾਸਟਰ ਨੇ ਚਿੜ ਕੇ ਸੁਪਰਵਾਈਜ਼ਰ ਨੂੰ ਕਿਹਾ।

ਦੂਸਰੇ ਪਲ ਗੁਲਾਬਦੀਨ ਪੋਸਟਮਾਸਟਰ ਦੇ ਸਾਹਮਣੇ ਖੜ੍ਹਾ ਸੀ। ਪੋਸਟਮਾਸਟਰ ਫਾਈਲ 'ਤੇ ਨਜ਼ਰਾਂ ਝੁਕਾਈ ਕਹਿ ਰਿਹਾ ਸੀ, ''ਤੇਰੀ ਪਿਛਲੇ ਸਾਲ ਵਾਲੀ ਅਰਜ਼ੀ ਮੇਰੇ ਸਾਹਮਣੇ ਪਈ ਹੈ। ਤੇਰੀ ਮਰਜ਼ੀ ਮੁਤਾਬਕ ਹੁਣ ਤੇਰੀ ਬਦਲੀ ਹੀਰਾਮੰਡੀ ਤੋਂ ਵਾਪਸ ਮਿਸ਼ਰੀ ਬਾਜ਼ਾਰ ਕਰ ਦਿੱਤੀ ਗਈ ਹੈ। ਹੁਣ ਤੂੰ ਕੀ ਅਰਜ਼ ਲੈ ਕੇ ਆਇਆ ਏ?''

''ਹਜ਼ੂਰ, ਮੇਰੀ ਸਿਰਫ ਏਨੀ ਅਰਜ਼ ਹੈ ਕਿ ਮੈਨੂੰ ਉਥੇ ਹੀ ਰਹਿਣ ਦਿੱਤਾ ਜਾਵੇ।''

''ਕੀ ਕਿਹਾ?'' ਪੋਸਟਮਾਸਟਰ ਨੇ ਫਾਈਲ ਤੋਂ ਨਜ਼ਰ ਚੁੱਕ ਕੇ ਗੁਲਾਬਦੀਨ ਨੂੰ ਹੈਰਾਨੀ ਨਾਲ ਵੇਖਿਆ। ਉਸ ਦੀ ਦਾੜ੍ਹੀ ਗਾਇਬ ਸੀ। ਲੰਮੀ ਜਿਹੀ ਠੋਡੀ ਨਿਕਲੀ ਹੋਈ ਸੀ ਤੇ ਮੋਟੇ-ਮੋਟੇ ਬੁਲ੍ਹਾਂ ਉਪਰ ਮੁੱਛਾਂ ਦਾ ਹਲਕਾ-ਹਲਕਾ ਗੁਬਾਰ ਸੀ।

**ਸਮਾਪਤ**


# ਐਡਮਿੰਟਨ ਵਿੱਖੇ ਖਾਲਸੇ ਦੇ ਸਿਰਜਨਾ ਦਿਵਸ
# ਵਿਸਾਖੀ ਨੂੰ ਸਮਰਪਤ ਚੌਂਦਵਾਂ ਮਹਾਨ ਨਗਰ ਕੀਰਤਨ
## 20 ਮਈ, 2012 ਦਿਨ ਐਤਵਾਰ (ਵਿਕਟੋਰੀਆ ਲੌਂਗ ਵੀਕਐਂਡ) ਨੂੰ
### ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

ਗੁਰੂ ਪਿਆਰੀ ਸਾਧ ਸੰਗਤ ਜੀਓ, ਪਿਛਲੇ ਸਾਲਾਂ ਦੀ ਤਰਾਂ ਐਡਮਿੰਟਨ ਦੀਆਂ ਸਮੂਹ ਸੰਗਤਾਂ ਵਲੋਂ ਖਾਲਸੇ ਦੇ ਸਿਰਜਨਾ ਦਿਵਸ ਨੂੰ ਸਮਰਪਤ ਵਿਸਾਖੀ ਨਗਰ ਕੀਰਤਨ ਦਾ ਪ੍ਰਬੰਧ 20 ਮਈ, 2012 ਦਿਨ ਐਤਵਾਰ (ਵਿਕਟੋਰੀਆ ਡੇ ਲੌਂਗ ਵੀਕਇੰਡ) ਨੂੰ ਕੀਤਾ ਗਿਆ ਹੈ।

ਪੰਜ ਪਿਆਰਿਆਂ ਅਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਨਗਰ ਕੀਰਤਨ ਠੀਕ 12:30 ਵਜੇ ਬਾਅਦ ਦੁਪਹਿਰ ਅਰਦਾਸ ਕਰਨ ਉਪ੍ਰੰਤ ਗੁਰਦਵਾਰਾ ਮਿਲਵੁਡਜ਼ ਤੋਂ ਅਰੰਭ ਹੋਵੇਗਾ ਅਤੇ 2:30 ਵਜੇ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਪੁਜੇਗਾ। ਇਥੇ ਪਹੁੰਚਣ ਤੇ ਇਕ ਘੰਟੇ ਲਈ ਸਟੇਜ ਸਜੇਗੀ ਜਿਸ ਵਿਚ ਕਵੀਸ਼ਰੀ, ਢਾਡੀ, ਰਾਗੀ ਜੱਥੇ ਅਤੇ ਹੋਰ ਬੁਲਾਰੇ ਗੁਰੂ ਜੱਸ, ਇਤਿਹਾਸ ਸਰਵਣ ਕਰਵਾਉਣਗੇ ਅਤੇ ਆਪਣੀਆਂ ਸ਼ੁਭ ਇੱਛਾਵਾਂ ਸੰਗਤਾਂ ਨਾਲ ਸਾਂਝੀਆਂ ਕਰਨਗੇ। ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਤੋਂ ਨਗਰ ਕੀਰਤਨ 3:30 ਵਜੇ ਫਿਰ ਚਾਲੇ ਪਾਕੇ 5:00 ਵਜੇ ਗੁਰਦਵਾਰਾ ਮਿਲਵੁਡਜ਼ ਵਾਪਸ ਪਹੁੰਚੇਗਾ। ਆਪ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਸ ਦਿਨ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ, ਦੋਸਤਾਂ ਮਿਤਰਾਂ ਨੂੰ ਨਾਲ ਲੈਕੇ ਨਗਰ ਕੀਰਤਨ ਵਿਚ ਸ਼ਾਮਲ ਹੋਕੇ ਨਗਰ ਕੀਰਤਨ ਦੀ ਰੌਣਕ ਨੂੰ ਵਧਾਓ ਅਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਆਪ ਸਭ ਸੰਗਤਾਂ ਨੂੰ ਇਹ ਬੇਨਤੀ ਵੀ ਹੈ ਕਿ ਉਸ ਦਿਨ ਵੀਰ ਆਪਣੇ ਸਿਰਾਂ ਤੇ ਕੇਸਰੀ ਰੰਗ ਦੀਆਂ ਦਸਤਾਰਾਂ ਅਤੇ ਬੀਬੀਆਂ ਆਪਣੇ ਸਿਰਾਂ ਤੇ ਕੇਸਰੀ ਰੰਗ ਦੇ ਦੁਪੱਟੇ ਸਜਾਕੇ ਨਗਰ ਕੀਰਤਨ ਵਿਚ ਸ਼ਾਮਲ ਹੋਣ।






ਗੁਰਦਵਾਰਾ ਮਿੱਲਵੁਡਜ਼ ਅਤੇ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

### ਧਿਆਨ ਰੱਖਣਯੋਗ - ਜ਼ਰੂਰੀ ਨੋਟ

- ਨਗਰ ਕੀਰਤਨ ਠੀਕ 12:30 ਵਜੇ ਅਰਦਾਸ ਕਰਨ ਬਾਅਦ ਦੁਪਹਿਰ ਚਾਲੇ ਪਾਵੇਗਾ।
- ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਿੱਛੇ ਪਿੱਛੇ ਚੱਲਣ, ਅੱਗੇ ਜਾਂ ਬਰਾਬਰ ਚਲਣ ਦੀ ਕੋਸ਼ਿਸ ਨਾ ਕਰਨਾ ਜੀ।
- ਨਗਰ ਕੀਰਤਨ ਦੇ ਰਸਤੇ ਜਾਂ ਜਿੱਥੇ ਕਾਰਾਂ ਪਾਰਕ ਕਰਨੀਆਂ ਮਨ੍ਹਾਂ ਹਨ, ਉਥੇ ਕਾਰਾਂ ਬਿਲਕੁਲ ਖੜ੍ਹੀਆਂ ਨਹੀਂ ਕਰਨੀਆਂ। ਨਹੀਂ ਤਾਂ ਕਾਰਾਂ ਉਥੋਂ ਟੋਅ ਕੀਤੀਆਂ ਜਾ ਸਕਦੀਆਂ ਹਨ। ਟਰੈਫਿਕ ਨਿਯਮਾਂ ਦੀ ਉਲੰਘਣਾਂ ਲਈ ਟਿਕਟ ਵੀ ਮਿਲ ਸਕਦੀ ਹੈ। ਪੁਲੀਸ ਵਲੋਂ ਇਸ ਬਾਰੇ ਸਖ਼ਤ ਹਦਾਇਤਾਂ ਹਨ।
- ਨਗਰ ਕੀਰਤਨ ਦੇ ਰਸਤੇ ਵਿਚ ਲੋਕਾਂ ਦੀਆਂ ਜਾਇਦਾਦਾਂ ਦਾ ਖਿਆਲ ਰੱਖਣਾ ਹੈ। ਘਾਹ ਵਗੈਰਾ ਉੱਪਰ ਬਿਲਕੁਲ ਨਹੀਂ ਚਲਣਾ ਜੀ। ਨਗਰ ਕੀਰਤਨ ਦੇ ਰਸਤੇ ਵਿਚ ਆਉਂਦੇ ਘਰਾਂ ਅਤੇ ਵਪਾਰਕ ਅਦਾਰਿਆਂ ਦੇ ਵਾਸ਼ਰੂਮ ਨਾ ਵਰਤੋ ਜੀ।
- ਆਪਦੀ ਸਹੂਲਤ ਲਈ ਨਗਰ ਕੀਰਤਨ ਵਾਲੇ ਦਿਨ ਦੋਨਾਂ ਗੁਰਦਵਾਰਿਆਂ ਦੀਆਂ ਪਾਰਕਿੰਗ ਲਾਟਾਂ ਵਿਚ ਅਤੇ **ਰਸਤੇ ਵਿਚ** ਟੀ ਡੀ ਬੇਕਰ ਅਤੇ ਪੋਲਰਡ ਮੈਡੋਜ਼ ਸਕੂਲਾਂ ਕੋਲ ਵਾਸ਼ਰੂਮ ਰੱਖੇ ਜਾ ਰਹੇ ਹਨ। ਲੋੜ ਪੈਣ ਤੇ ਇਨਾਂ ਵਾਸ਼ਰੂਮਾਂ ਦੀ ਵਰਤੋਂ ਕਰੋ ਜੀ।
- ਸਫਾਈ ਦਾ ਵੱਧ ਤੋਂ ਵੱਧ ਖਿਆਲ ਰੱਖਣਾ ਜੀ। ਨਗਰ ਕੀਰਤਨ ਦੇ ਰਸਤੇ ਅਤੇ ਗੁਰਦਵਾਰਿਆਂ ਵਿਚ ਹੇਠਾਂ ਪਿਆ ਕੂੜਾ-ਕਰਕਟ ਚੁੱਕ ਕੇ ਬੈਗ ਵਿਚ ਪਾਕੇ ਨਿਯਤ ਕੀਤੇ ਡਬਿਆਂ ਵਿਚ ਸੁੱਟ ਕੇ ਪ੍ਰਬੰਧਕਾਂ ਦੀ ਮਦਦ ਕਰੋ ਜੀ।
- ਅਸੀਂ ਉਨਾਂ ਸਾਰੇ ਪਰਿਵਾਰਾਂ ਦੇ ਬਹੁਤ ਧੰਨਵਾਦੀ ਹਾਂ ਜੋ ਰਸਤੇ ਵਿਚ ਸਟਾਲ ਲਾਕੇ ਸੰਗਤਾਂ ਲਈ ਚਾਹ ਪਾਣੀ ਆਦਿ ਦੀ ਸੇਵਾ ਕਰਦੇ ਹਨ। ਉਨਾਂ ਅੱਗੇ ਬੇਨਤੀ ਹੈ ਕਿ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ।
- ਆਪਣੀ ਅਤੇ ਆਪਣੇ ਬਚਿਆਂ ਦੀ ਸੁੱਰਖਿਆ ਦਾ ਖ਼ਾਸ ਖਿਆਲ ਰੱਖਣਾ ਹੈ। ਆਪਣੇ ਬੱਚਿਆਂ ਦੇ ਆਪ ਖ਼ੁਦ ਜ਼ੁੰਮੇਵਾਰ ਹੋ ਅਤੇ ਉਨ੍ਹਾਂ ਨੂੰ ਸੰਭਾਲ ਕੇ ਰੱਖੋ ਜੀ। ਨਗਰ ਕੀਰਤਨ ਦੇ ਰਸਤੇ ਵਿਚ ਅਤੇ ਗੁਰਦੁਆਰਿਆਂ ਵਿਚ ਲਗੇ ਸਟਾਲਾਂ ਤੋਂ ਖਾਣਾ ਆਪਣੀ ਜ਼ੁੰਮੇਵਾਰੀ ਤੇ ਲੈਕੇ ਖਾਣਾ ਹੈ।
- ਨਗਰ ਕੀਰਤਨ ਦੌਰਾਨ ਬਿਨਾਂ ਇਜਾਜ਼ਤ ਵੰਡੇ ਜਾਣ ਵਾਲੇ ਇਸ਼ਤਿਹਾਰ ਜਾਂ ਪੱਤਰਾਂ ਦੀ ਵਿਸਾਖੀ ਨਗਰ ਕੀਰਤਨ ਕਮੇਟੀ ਦੀ ਕੋਈ ਜ਼ੁੰਮੇਵਾਰੀ ਨਹੀਂ ਹੈ।
- ਸਾਈਡ-ਵਾਕਾਂ (ਪਗ-ਡੰਡੀਆਂ) ਨੂੰ ਵ੍ਹੀਲ-ਚੇਅਰਾਂ, ਵਾਕਰਾਂ, ਸਟਰੌਲਰਾਂ ਨੂੰ ਵਰਤਣ ਵਾਲਿਆਂ ਲਈ ਹੀ ਰਹਿਣ ਦਿਓ।

ਸਮੂਹ ਸੰਗਤਾਂ ਅੱਗੇ ਬੇਨਤੀ ਹੈ ਕਿ ਨਗਰ ਕੀਰਤਨ ਲਈ ਹੋਣ ਵਾਲੀ ਸੇਵਾ ਵਿੱਚ ਵੱਧ ਤੋਂ ਵੱਧ ਹੱਥ ਵਟਾਓ। ਸੇਵਾ ਵਿਚ ਹਿੱਸਾ ਜਾਂ ਹੋਰ ਸੂਚਨਾ ਲੈਣ ਲਈ ਹੇਠ ਲਿਖੇ ਨੰਬਰਾਂ ਤੇ ਫੋਨ ਕਰਕੇ ਸੰਪਰਕ ਕਰੋ ਜੀ।

**ਗੁਰਦਵਾਰਾ ਮਿਲਵੁਡਜ਼ 780-450-3844**
ਸ: ਬਲਬੀਰ ਸਿੰਘ ਚਾਨਾ 780-951-9154
ਸ: ਕਰਨੈਲ ਸਿੰਘ ਭੰਮਰਾ 780-990-6166

**ਸ੍ਰੀ ਗੁਰੂ ਨਾਨਕ ਸਿੱਖ ਗੁਰਦਵਾਰਾ 780-451-4519**
ਸ: ਪਾਲ ਸਿੰਘ ਪੁਰੇਵਾਲ 780-707-8403
ਸ: ਕਰਨੈਲ ਸਿੰਘ ਮਾਂਗਟ 780-721-4820

**ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ 780-462-7454**
ਸ: ਪਰਮਿੰਦਰ ਸਿੰਘ ਖੁੱਬੜ 780-462-7454
ਸ: ਗੁਰਚਰਨ ਸਿੰਘ ਸੰਘਾ 780-660-9961

ਸੰਗਤਾਂ ਦੇ ਦਾਸ :- ਵਿਸਾਖੀ ਨਗਰ ਕੀਰਤਨ ਕਮੇਟੀ, ਐਡਮਿੰਟਨ।

nagarkirtanedmonton@gmail.com

## Matrimonial

### ਵਰ ਦੀ ਲੋੜ

**Ramgarian Sikh Girl 24, Height 5`-8``, 3 year Nursing Diploma +4 year working Experience in Heart Institute Hospital , Looking for Suitable Match from Canada or who Lives in India but blood related/relative live in Manitoba. Girl qualified for Permanent and PNP Manitoba Immigration System. Girls Uncle and His Family Living in Canada. Only Contact Ramgarian Families.**
**Email: baljitsall62@hotmail.com**

### ਕੰਨਿਆ ਦੀ ਲੋੜ

Jat Sikh parents from U.S, seeking match for their U.S born son, handsome, 29, 6'-0", running his own franchised business after graduating from business school. Preferably Jat Sikh girl, 5`-5`` to 5`-7``, fair complexioned, education in the medical related fields such as Nursing or any technical fields.
E-mail: rnnahal@gmail.com

### ਕੰਨਿਆ ਦੀ ਲੋੜ

Ramgarian sikh boy looking for suitable girl. Boy is 28 years old, good looking, his height is 5'7, Canadian born. He has studied and finished web design, and now has been self employed for last 2 years doing construction. We are looking for a girl in Canada who is between 25-29 years of age. We are looking for someone who is working, well educated or studying. Preferably Ramgarian but are open to different castes. Please call us at : Babu Singh, 204-694-4815/204-297-0087 or email: at kaurkapoor@hotmail.com

### ਵਰ ਦੀ ਲੋੜ

ਖ਼ੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

------

ਰਾਮਗੜ੍ਹੀਆ ਧੀਮਾਨ 1982 ਦੀ ਜਨਮੀ, 5'-3" M.Lib., Working as a Head Librarian in private College (Punjab, India) , ਇੱਕ ਭਰਾ ਕੈਨੇਡਾ ਪੱਕਾ, ਸੁੰਦਰ-ਸੁਸ਼ੀਲ ਲੜਕੀ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ 780-966-8139 ਜਾਂ dhiman_ravi23@yahoo.co.in 'ਤੇ ਸੰਪਰਕ ਕਰ ਸਕਦੇ ਹਨ।

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

------

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੌਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

------

### ਕੰਨਿਆ ਦੀ ਲੋੜ

ਜ਼ਰੂਰਤ ਹੈ ਕਨੇਡਾ 'ਚ ਜੰਮੇ-ਪਲੇ 33 ਸਾਲਾ 6'-2" ਤਲਾਕਸ਼ੁਦਾ (ਇੱਕ 5 ਸਾਲ ਦਾ ਲੜਕਾ), ਕੇਵਲ ਇਕ ਸਾਲ ਵਿਆਹੁਤਾ ਰਹੇ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ/ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ 780-487-2295 ਤੋਂ email : ushab@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# Classified **Plus**

### Car for Sale

2005 Acura EL Touring Sport fully loaded, sunroof, leather seats 100,000km excellent condition. asking Price $ 10,250 call: Anna @ 780-893-9346 or 780-426-4410

SOLD

### HOUSE FOR RENT

3 bedroom bungalow, 2 bathroom with double attached garage on Acreage. Rent including utility in Beaumont. House has a location in front of shopping mall and golf course. Call: 780 929 9504.

RENTED



**City Estates**

**All Types of Property, Plots & Kothis available for Sale & Purchase in Chandigarh/Mohali/ Panchkula.**

For More Info Contact: SCO 123, Phase 7, Mohali (Punjab)
**011 91 98147 11263 or 011 91 98729 73304**




**Fort Road Drycleaners**
Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm
**Call: Baljit Minhas**
5521A- 137 Ave Edmonton, AB T5A 3L4
**780-478-1811**

**Laddi Padda Realtor**

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।

PROFESSIONAL REALTY GROUP





**Cell: 780-909-5154**
**9222-51 Avenue, Edmonton, AB T6E 5L8**
**Phone: 780-439-9818, Fax: 780-439-1257**

# ਵੇਖਿਆ ਸ਼ਹਿਰ ਬੰਬਈ...



ਗੁਰਚਰਨ ਸੱਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਹੁਣ ਫਿਲਮ ਦੀ ਸਕਰਿਪਟ ਵੱਲ ਉਹ ਆਇਆ ਤੇ ਹੌਲੀ ਹੌਲੀ ਸੀਨ ਬਦਲਣੇ ਸ਼ੁਰੂ ਕਰ ਦਿੱਤੇ। ਕਿਸੇ ਜ਼ਮਾਨੇ ਵਿਚ ਬਹੁਤ ਹੀ ਮਸ਼ਹੂਰ ਰਿਹਾ ਇਕ ਬਜ਼ੁਰਗ ਪ੍ਰੋਡਿਊਸਰ ਡਾਇਰੈਕਟਰ ਸੀ ਫਲੀ ਮਿਸਤਰੀ। ਸੁਖਵੰਤ ਦਾ ਉਸ ਕੋਲ ਕਾਫੀ ਆਉਣਾ ਜਾਣਾ ਸੀ ਤੇ ਅਸੀਂ ਆਪਣੀ ਫਿਲਮ ਦੀ ਸਕਰਿਪਟ ਲੈ ਕੇ ਉਸ ਕੋਲ ਚਲੇ ਗਏ। ਪਚੱਤਰ ਸਾਲਾਂ ਤੋਂ ਉਪਰਲੀ ਉਮਰ ਦੇ ਫਲੀ ਮਿਸਤਰੀ ਨੇ ਕਦੇ ਮੋਤੀ ਲਾਲ ਤੇ ਸ਼ਿਆਮ ਵਰਗੇ ਪਹਿਲੇ ਦੌਰ ਦੇ ਐਕਟਰਾਂ ਨਾਲ ਕੰਮ ਕੀਤਾ ਸੀ ਪਰ ਅੱਜ ਦਾ ਦੌਰ ਵੱਖਰਾ ਸੀ, ਨਵੀਆਂ ਕਹਾਣੀਆਂ ਸਨ, ਨਵੇਂ ਸਬਜੈਕਟ ਸਨ ਤੇ ਨਵੀਆਂ ਤਕਨੀਕਾਂ ਸਨ।

ਵੈਸੇ ਵੀ ਪਹਿਲੀਆਂ ਫਿਲਮਾਂ ਬੜੀਆਂ ਹੀ ਮੱਧਮ ਰਫਤਾਰ ਨਾਲ ਚਲਦੀਆਂ ਸਨ ਜਦਕਿ ਅੱਜ ਰਫਤਾਰ ਬਹੁਤ ਹੀ ਤੇਜ਼ ਹੋ ਗਈ ਸੀ। ਫਲੀ ਮਿਸਤਰੀ ਨੇ ਦਿੱਤੀ ਸਕਰਿਪਟ 'ਚੋਂ ਬਹੁਤੇ ਸਾਰੇ ਸੀਨ ਹੋਰ ਕੱਢ ਦਿੱਤੇ ਤੇ ਕਈ ਹੋਰ ਨਵੇਂ ਪਾ ਕੇ ਬਿਲਕੁਲ ਨਵੀਂ ਹੀ ਸਕਰਿਪਟ ਇਕ ਮਹੀਨੇ ਬਾਅਦ ਸਾਡੇ ਹੱਥ ਫੜਾ ਦਿੱਤੀ।

ਮੈਂ ਹੈਰਾਨ ਕਿ ਪੁਰਾਣੀ ਫਿਲਮ ਤਾਂ ਇਸ ਵਿਚ ਰਹੀ ਹੀ ਨਹੀਂ। ਬਣੀ ਹੋਈ ਫਿਲਮ ਦੇ ਤਕਰੀਬਨ ਸੱਤਰ ਪ੍ਰਤੀਸ਼ਤ ਸੀਨ ਉਸ ਕੱਢ ਦਿੱਤੇ ਸਨ ਤੇ ਇਹ ਸਭ ਕੁਝ ਉਸ ਸੁਖਵੰਤ ਦੇ ਕਹਿਣ 'ਤੇ ਹੀ ਕੀਤਾ ਸੀ। ਅਸਲ ਵਿਚ ਸੁਖਵੰਤ ਉਸ ਨਾਲ ਮਿਲ ਕੇ ਡਿਸਕਸ ਕਰਦਾ ਰਹਿੰਦਾ ਸੀ ਤੇ ਉਹ ਸਿਰਫ ਸੁਖਵੰਤ ਦੀਆਂ ਦਿੱਤੀਆਂ ਹਦਾਇਤਾਂ ਉਪਰ ਹੀ ਅਮਲ ਕਰ ਰਿਹਾ ਸੀ। ਇਸ ਸਭ ਕੁਝ ਬਾਰੇ ਮੈਨੂੰ ਬਾਅਦ ਵਿਚ ਹੀ ਪਤਾ ਲੱਗਾ। ਸੁਖਵੰਤ ਨੇ ਸ਼ਤਰੰਜ ਦੀ ਇਕ ਐਸੀ ਚਾਲ ਮੇਰੇ ਅੱਗੇ ਖੇਡ ਦਿੱਤੀ ਸੀ ਕਿ ਮੇਰਾ ਉਸ ਵਿਚੋਂ ਬਚ ਕੇ ਨਿਕਲ ਜਾਣ ਦਾ ਹੁਣ ਕੋਈ ਰਾਹ ਨਹੀਂ ਸੀ। ਇਕ ਦਿਨ ਉਹ ਮੇਰੇ ਕੋਲ ਆ ਕੇ ਕਹਿਣ ਲੱਗਾ:-

'ਸੱਗੂ ਸਾਹਿਬ ਪਹਿਲੇ ਮੈਂ ਸੋਚਿਆ ਸੀ ਕਿ ਅਪਣੀ ਫਿਲਮ ਵਿਚੋਂ ਬਹੁਤ ਕੁਝ ਨਿਕਲ ਆਵੇਗਾ, ਪਰ ਇਸ ਨਵੀਂ ਸਕਰਿਪਟ ਮੁਤਾਬਿਕ ਤਾਂ ਇਸ ਵਿਚੋਂ ਬੜੀ ਮੁਸ਼ਕਲ ਨਾਲ ਇਕ ਦੋ ਰੀਲਾਂ ਹੀ ਬਚ ਸਕਦੀਆਂ ਹਨ, ਫਿਰ ਉਹਨਾਂ ਨੂੰ ਵਿੱਚ ਰੱਖ ਕੇ ਅਸੀਂ ਨਵੀਂ ਬਣਨ ਵਾਲੀ ਫਿਲਮ ਨੂੰ ਵੀ ਖਰਾਬ ਕਰ ਲਵਾਂਗੇ ਕਿਉਂਕਿ ਉਹ ਸੀਨ ਇਸ ਵਿਚ ਜ਼ਬਰਦਸਤੀ ਹੀ ਫਿੱਟ ਕੀਤੇ ਜਾਣਗੇ, ਮੇਲ ਬਿਲਕੁਲ ਨਹੀਂ ਖਾਣਗੇ ਸਗੋਂ ਫਿਲਮ ਨੂੰ ਖਰਾਬ ਕਰਨਗੇ।'

ਫਿਰ ਕਹਿਣ ਲੱਗਾ, 'ਚਲੋ ਜੇ ਅਸੀਂ ਇਹ ਇਕ ਦੋ ਰੀਲਾਂ ਰੱਖ ਵੀ ਲਈਏ ਇਹ ਤਾਂ ਸਿਰਫ ਪੰਜ ਸੱਤ ਦਿਨਾਂ ਦੀ ਹੀ ਸ਼ੂਟਿੰਗ ਹੋਵੇਗੀ, ਫਿਰ ਕਿਉਂ ਨਾ ਅਸੀਂ ਇਹਨਾਂ ਦੀ ਵੀ ਨਵੀਂ ਹੀ ਸ਼ੂਟਿੰਗ ਕਰ ਲਈਏ ਤਾਂ ਕਿ ਫਿਲਮ ਵਿਚ ਇਕਸਾਰਤਾ ਨਜ਼ਰ ਆਵੇ।'

ਫਿਰ ਇਕ ਦਿਨ ਆ ਕੇ ਕਹਿਣ ਲੱਗਾ, 'ਮੈਂ ਬੜਾ ਸੀਰੀਅਸ ਹੋ ਕੇ ਅਪਣੀ ਫਿਲਮ ਬਾਰੇ ਸੋਚਿਆ ਹੈ, ਕਈਆਂ ਨਾਲ ਡਿਸਕਸ ਕੀਤਾ ਹੈ ਤੇ ਇਸ ਸਿੱਟੇ 'ਤੇ ਪਹੁੰਚਿਆ ਹਾਂ ਕਿ ਆਪਾਂ ਇਕ ਬਿਲਕੁਲ ਨਵੀਂ ਫਿਲਮ ਬਣਾਈਏ। ਇਹ ਜੋ ਅਪਣੀ ਫਿਲਮ ਬਣੀ ਹੈ, ਇਹ 35 ਐਮ ਐਮ ਵਿਚ ਸ਼ੂਟ ਹੋਈ ਹੈ ਜਦਕਿ ਅੱਜ ਸਾਰੀਆਂ ਫਿਲਮਾਂ ਸਿਨੇਮਾ ਸਕੋਪ ਬਣ ਰਹੀਆਂ ਹਨ। ਆਪਾਂ ਫਿਲਮ ਦੀ ਨਵੀਂ ਕਹਾਣੀ ਲਿਖਵਾਈਏ, ਨਵਾਂ ਮਿਊਜ਼ਿਕ ਡਾਇਰੈਕਟਰ ਲਈਏ ਕਿਉਂਕਿ ਕਲਿਆਣ ਜੀ ਆਨੰਦ ਜੀ ਵਿਚ ਹੁਣ ਕੋਈ ਵੀ ਮਿਊਜ਼ਿਕ ਕੰਪਨੀ ਇੰਟਰਸਟਡ ਨਹੀਂ ਹੈ।

ਮੇਰੇ ਲਈ ਇਹ ਇਕ ਭੁਚਾਲ ਤੋਂ ਘੱਟ ਨਹੀਂ ਸੀ। ਇਹ ਉਹ ਹੀ ਸੁਖਵੰਤ ਸੀ ਜਿਹੜਾ ਦੋ ਤਿੰਨ ਮਹੀਨੇ ਪਹਿਲਾਂ ਕਹਿੰਦਾ ਸੀ ਕਿ ਇਸੇ ਫਿਲਮ ਨੂੰ ਹੀ ਉਹ ਕੰਪਲੀਟ ਕਰੇਗਾ, ਸਿਰਫ ਇਕ ਦੋ ਰੀਲਾਂ ਹੀ ਬਾਹਰ ਕਢਣੀਆਂ ਪੈਣਗੀਆਂ, ਅੱਜ ਇਸ ਬਣੀ ਹੋਈ ਸਾਰੀ ਫਿਲਮ, ਰਿਕਾਰਡ ਤੇ ਸ਼ੂਟ ਕੀਤੇ ਹੋਏ ਗਾਣਿਆਂ ਨੂੰ ਡਸਟਬਿਨ ਵਿਚ ਸੁੱਟਣ ਲਈ ਮੈਨੂੰ ਕਹਿ ਰਿਹਾ ਹੈ।

ਉਸ ਰਾਤ ਮੈਂ ਸੌਂ ਨਹੀਂ ਸੀ ਰਿਹਾ, ਨੀਂਦ ਕਿਧਰੇ ਖੰਭ ਲਾ ਕੇ ਉੱਡ ਗਈ ਸੀ, ਦਿਮਾਗ ਵਿਚ ਅਜੀਬ ਤਰ੍ਹਾਂ ਦੀ ਖਲਬਲੀ ਮਚੀ ਹੋਈ ਸੀ। ਇਸੇ ਤਰ੍ਹਾਂ ਉਸਲਵੱਟੇ ਲੈਂਦਿਆਂ ਰਾਤ ਦੇ ਤਕਰੀਬਨ ਦੋ ਵੱਜ ਗਏ ਸਨ। ਅਚਾਨਕ ਫੂਨ ਦੀ ਘੰਟੀ ਵੱਜਦੀ ਹੈ, ਲੰਡਨ ਤੋਂ ਮੇਰੀ ਪਤਨੀ ਰਾਣੀ ਦਾ ਫੂਨ ਸੀ, ਉਹ ਉੱਚੀ ਉੱਚੀ ਰੋਈ ਜਾ ਰਹੀ ਸੀ, ਮੈਂ ਘਬਰਾ ਕੇ ਉੱਠ ਖੜੋਂਦਾ ਹਾਂ...

'ਦੱਸ ਵੀ ਕੀ ਗੱਲ ਹੋਈ ਹੈ, ਕਿਉਂ ਰੋ ਰਹੀ ਏਂ... ਪਲੀਜ਼ ਰੋ ਨਾ... ਆਰਾਮ ਨਾਲ ਗੱਲ ਕਰ'

'ਆਪਣੇ ਰਿੰਕੀ ਦਾ (ਸਾਡਾ ਸੋਲਾਂ ਸਾਲ ਦਾ ਪੁੱਤਰ) ਕਾਰ ਐਕਸੀਡੈਂਟ ਹੋ ਗਿਆ ਹੈ, ਉਹ ਹਸਪਤਾਲ ਵਿਚ ਮਰਨ ਕੰਢੇ ਪਿਆ ਹੈ... ਉਹਦੇ ਬਚਣ ਦੀ ਕੋਈ ਉਮੀਦ ਨਹੀਂ... ਹਾਏ! ਮੈਂ ਕੀ ਕਰਾਂ...

ਮੇਰੇ ਹੱਥੋਂ ਟੈਲੀਫੂਨ ਡਿਗਦਾ ਡਿਗਦਾ ਮਸਾਂ ਬਚਿਆ। ਥੋੜ੍ਹਾ ਸੰਭਲ ਕੇ ਮੈਂ ਫਿਰ ਪੁੱਛਿਆ 'ਦੱਸ ਗੱਲ ਕੀ ਹੋਈ ਹੈ, ਐਕਸੀਡੈਂਟ ਕਿਵੇਂ ਹੋਇਆ, ਰਿੰਕੀ ਦੀ ਹਾਲਤ ਕੀ ਹੈ?

ਕਹਿਣ ਲੱਗੀ, 'ਕਾਲਜ ਦੇ ਉਹਦੇ ਦੋਸਤ ਕਿਸੇ ਹੋਰ ਕਾਰ ਨਾਲ ਰੇਸ ਲਾ ਰਹੇ ਸੀ, ਕਾਰ ਉਲਟ ਗਈ... ਅੱਗ ਲੱਗ ਗਈ। ਬਸ ਅੱਗੇ ਕੁਝ ਪਤਾ ਨਹੀਂ, ਸਾਰੇ ਮੁੰਡੇ ਹਸਪਤਾਲ ਪਏ ਹਨ... ਉਹ ਫਿਰ ਰੋਣ ਲੱਗ ਪਈ।

ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਇਸ ਵੇਲੇ ਮੈਂ ਕੀ ਕਰਾਂ। ਮੇਰੇ ਲਈ ਇਹ ਸੁਖਵੰਤ ਦੇ ਦਿੱਤੇ ਭੁਚਾਲ ਤੋਂ ਕਿਤੇ ਵੱਡਾ ਭੁਚਾਲ ਸੀ। ਪੈਰਾਂ ਹੇਠੋਂ ਜ਼ਮੀਨ ਹਿੱਲ ਗਈ ਸੀ... ਐਕਸੀਡੈਂਟ ... ਇਕੱਲੀ ਬੀਵੀ... ਪੁੱਤਰ ਹਸਪਤਾਲ ਸੜਿਆ ਹੋਇਆ।

'ਤੂੰ ਪਲੀਜ਼ ਰੋ ਨਾ, ਘਬਰਾ ਨਾ... ਮੈਂ ਪਾਗਲ ਹੋ ਰਿਹਾ ਹਾਂ... ਮੈਂ ਸਵੇਰ ਨੂੰ ਆ ਰਿਹਾਂ'

ਮੈਂ ਰਿੰਕੀ ਦੇ ਇਕ ਦੋ ਹੋਰ ਦੋਸਤਾਂ ਦੇ ਘਰ ਫੂਨ ਕੀਤੇ ... ਕੋਈ ਵੀ ਘਰ ਨਹੀਂ ਸੀ ਜਾਂ ਦੇਰ ਕਰਕੇ ਕੋਈ ਚੁੱਕ ਨਹੀਂ ਸੀ ਰਿਹਾ।



ਗੁਰਚਰਨ ਸੱਗੂ ਦਾ ਪਰਿਵਾਰ ਪਹਿਲੀ ਵਾਰ ਬੰਬਈ ਆਉਣ 'ਤੇ ਹੋਟਲ ਤਾਜ ਮਹਿਲ ਦੇ ਸਾਹਮਣੇ।

ਅੱਠ ਵਜੇ ਸਵੇਰੇ ਮੈਂ ਜਹਾਜ਼ ਵਿਚ ਉੱਡ ਰਿਹਾ ਸਾਂ, ਲੰਡਨ ਆਉਣ ਲਈ।

ਬੱਚਿਆਂ ਦਾ ਬਹੁਤ ਵੱਡਾ ਐਕਸੀਡੈਂਟ ਹੋਇਆ ਸੀ। ਦੋ ਕਾਰਾਂ ਵਿਚ ਉਹ ਇਕ ਦੂਸਰੇ ਨਾਲ ਰੇਸ ਲਾ ਰਹੇ ਸੀ। ਇਕ ਕਾਰ ਮੇਰੀ ਛੋਟੀ ਭੈਣ ਦਾ ਪੁੱਤਰ ਅੱਗੇ ਦੌੜਾਈ ਜਾ ਰਿਹਾ ਸੀ, ਜਿਸਦਾ ਪਿਛਲੀ ਕਾਰ ਵਿਚ ਮੇਰੇ ਪੁੱਤਰ ਦਾ ਦੋਸਤ ਅਮਰਦੀਪ ਪਿੱਛਾ ਕਰ ਰਿਹਾ ਸੀ। ਭਾਣਜੇ ਨੇ ਇਹ ਕਾਰ ਅਪਣੇ ਮਾਪਿਆਂ ਤੋਂ ਚੋਰੀ ਖਰੀਦੀ ਹੋਈ ਸੀ, ਜਿਸ ਨੂੰ ਉਹ ਕਾਲਜ ਲੈ ਕੇ ਆਂਦਾ ਸੀ ਤੇ ਵਾਪਸ ਜਾ ਕੇ ਘਰ ਦੇ ਲਾਗੇ ਕਿਸੇ ਦੂਸਰੀ ਸਟਰੀਟ ਵਿਚ ਪਾਰਕ ਕਰ ਦੇਂਦਾ ਸੀ, ਬੜੀ ਹੀ ਸ਼ੋਅ ਕਰਦਾ ਸੀ ਉਹ ਅਪਣੀ ਇਸ ਕਾਰ ਦਾ ਤੇ ਇਹ ਰੇਸ ਵੀ ਇਸੇ ਸ਼ੋਅ ਦਾ ਹੀ ਨਤੀਜਾ ਸੀ।

ਇਸ ਤਰ੍ਹਾਂ ਇਹ ਰੇਸ ਲੱਗ ਰਹੀ ਸੀ ਦੋਹਾਂ ਕਾਰਾਂ ਦੀ ... ਅੱਸੀ ਨੱਬੇ ਦੀ ਰਫਤਾਰ। ਅਗਲੀ ਕਾਰ ਲਾਲ ਬੱਤੀਆਂ 'ਚੋਂ ਨਿਕਲ ਗਈ, ਅਮਰਦੀਪ ਨੇ ਵੀ ਨਿਕਲਣ ਦੀ ਕੋਸ਼ਿਸ਼ ਕੀਤੀ.. ਦੂਸਰੇ ਪਾਸਿਓਂ ਇਕ ਹੋਰ ਤੇਜ਼ ਰਫਤਾਰ ਕਾਰ ਹਰੀਆਂ ਬੱਤੀਆਂ 'ਚੋਂ ਲੰਘ ਰਹੀ ਸੀ... ਐਕਸੀਡੈਂਟ ... ਕਾਰ ਉਲਟ ਗਈ, ਕਈ ਗਜ਼ ਘਿਸਰ ਕੇ ਜਾ ਰਹੀ ਕਾਰ ਨੂੰ ਅੱਗ ਲੱਗ ਗਈ। ਬੱਚੇ ਅੰਦਰ ਚੀਕਾਂ ਮਾਰ ਰਹੇ ਸਨ... ਦਰਵਾਜ਼ੇ ਖੁੱਲ੍ਹ ਨਹੀਂ ਸਨ ਰਹੇ... ਚੀਕਾਂ... ਅੱਗ... ਪੈਟਰੋਲ ਦੀ ਟੈਂਕੀ।

ਪਰ 'ਜਿਸ ਕੋ ਰਾਖੇ ਸਾਈਆਂ, ਮਾਰ ਸਕੇ ਨਾ ਕੋਏ'। ਐਕਸੀਡੈਂਟ ਇਕ ਐਸੇ ਚੁਰਾਹੇ 'ਤੇ ਹੋਇਆ ਜਿਸਦੇ ਇਕ ਪਾਸੇ ਬਹੁਤ ਵੱਡੀ ਫੈਕਟਰੀ ਸੀ। ਉਸ ਦਿਨ ਧੁੱਪ ਬੜੀ ਸੀ, ਕੜਕਦੀ ਦੁਪਹਿਰ। ਕੁਝ ਫੈਕਟਰੀ ਵਰਕਰ ਅੰਦਰ ਦੀ ਗਰਮੀ ਤੋਂ ਬਚਣ ਲਈ ਬਾਹਰ ਬੈਠੇ ਲੰਚ ਕਰ ਰਹੇ ਸਨ ਜਦ ਇਹ ਐਕਸੀਡੈਂਟ ਹੋਇਆ। ਉਹਨਾਂ ਭੱਜ ਕੇ ਸੜ ਰਹੀ ਉਲਟੀ ਕਾਰ ਦਾ ਕਿਸੇ ਤਰ੍ਹਾਂ ਦਰਵਾਜ਼ਾ ਖੋਲ੍ਹ ਲੀਤਾ ਤੇ ਇਕ ਇਕ ਕਰਕੇ ਚਾਰਾਂ ਮੁੰਡਿਆਂ ਨੂੰ ਬਾਹਰ ਕੱਢ ਲਿਆ। ਕੁਝ ਹੀ ਮਿੰਟਾਂ ਬਾਅਦ ਪੂਰੀ ਕਾਰ ਸੜ ਚੁੱਕੀ ਸੀ।

ਮਿੰਟਾਂ ਵਿਚ ਹੀ ਐਂਬੂਲੈਂਸ ਤੇ ਫਾਇਰ ਬ੍ਰਿਗੇਡ ਵਾਲੇ ਆ ਗਏ ਸਨ। ਸਾਰਿਆਂ ਨੂੰ ਅੱਗ ਨਾਲ ਸੜਿਆਂ ਵਾਲੇ ਹਸਪਤਾਲ ਵਿਚ ਪਹੁੰਚਾਇਆ ਗਿਆ। ਇਕ ਘੰਟੇ ਬਾਅਦ ਸਾਰੇ ਡਾਕਟਰਾਂ ਦੀ ਨਿਗਰਾਨੀ ਥੱਲੇ ਸਨ।

ਸਾਡੇ ਪੁੱਤਰ ਰਿੰਕੀ ਦੇ ਹੱਥ ਦੀਆਂ ਦੋ ਉਂਗਲਾਂ, ਬਾਂਹ ਤੇ ਇਕ ਲੱਤ ਕਾਫੀ ਝੁਲਸ ਗਏ ਸਨ। ਇਕ ਦੀਆਂ ਦੋਵੇਂ ਲੱਤਾਂ, ਇਕ ਦੀ ਪਿੱਠ ਤੇ ਇਹਨਾਂ 'ਚੋਂ ਇਕ ਦਾ ਸਰੀਰ ਬਹੁਤ ਜ਼ਿਆਦਾ ਹੀ ਸੜ ਗਿਆ ਸੀ।

ਪਰ ਇਹ ਚਾਰੇ ਦੋਸਤ ਜਾਨੋਂ ਬਚ ਗਏ ਸਨ। ਇਨ੍ਹਾਂ 'ਚੋਂ ਕੋਈ ਇਕ ਮਹੀਨਾ, ਕੋਈ ਤਿੰਨ ਮਹੀਨੇ ਤੇ ਇਕ ਤਕਰੀਬਨ ਛੇ ਮਹੀਨੇ ਹਸਪਤਾਲ ਰਿਹਾ ਸੀ। ਸੜੇ ਹੋਏ, ਹਿੱਸਿਆਂ ਤੇ ਸਰੀਰ ਦੇ ਦੂਸਰੇ ਹਿੱਸਿਆਂ ਤੋਂ ਚਮੜੀ ਲਾਹ ਕੇ ਡਾਕਟਰਾਂ 'ਸਕਿਨ ਗਰਾਫਟਿੰਗ' ਕਰ ਦਿੱਤੀ ਸੀ। ਇਹ ਹਸਪਤਾਲ ਇਲਾਕੇ ਵਿਚ ਸਭ ਤੋਂ ਵੱਡਾ 'ਸਕਿਨ ਗਰਾਫਟਿੰਗ' ਕਰਨ ਵਾਲਾ ਹਸਪਤਾਲ ਸੀ ਤੇ ਹੈ ਵੀ ਇਹ ਐਕਸੀਡੈਂਟ ਵਾਲੀ ਜਗ੍ਹਾ ਤੋਂ ਸਿਰਫ ਅੱਧੇ ਘੰਟੇ ਦੇ ਰਸਤੇ 'ਤੇ ਸੀ।

ਇਹ ਸਾਰੇ ਮੁੰਡੇ ਕਿਵੇਂ ਬਚੇ, ਇਹ ਕੋਈ ਕੁਦਰਤ ਦਾ ਕ੍ਰਿਸ਼ਮਾ ਹੀ ਹੋ ਸਕਦਾ ਸੀ, ਲੋਕਲ ਅਖ਼ਬਾਰਾਂ ਵਿਚ ਇਹ ਐਕਸੀਡੈਂਟ ਹੈਡ ਨਿਊਜ਼ ਸੀ। ਸੜ ਰਹੀ ਕਾਰ ਵਿਚੋਂ ਜਿਸ ਗੋਰੇ ਨੇ ਅਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਮੁੰਡਿਆਂ ਨੂੰ ਬਾਹਰ ਕੱਢਿਆ ਸੀ ਉਸਦੀ ਫੋਟੋ ਸੀ। ਬਾਅਦ ਵਿਚ ਲੋਕਲ ਬਾਡੀਜ਼ ਵਲੋਂ ਉਨ੍ਹਾਂ ਗੋਰਿਆਂ ਨੂੰ ਸਨਮਾਨਿਆ ਗਿਆ।

ਕਿੱਡਾ ਵੱਡਾ ਕੁਦਰਤੀ ਕ੍ਰਿਸ਼ਮਾ ਸੀ ਇਹ ਸਾਰੇ ਪਰਿਵਾਰਾਂ ਲਈ... ਇਸਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੈ।

ਸੋਚ ਰਿਹਾ ਸਾਂ ਕਿ ਜੇ ਕਿਧਰੇ ਇਹੋ ਜਿਹਾ ਐਕਸੀਡੈਂਟ ਭਾਰਤ ਦੀ ਕਿਸੇ ਸੜਕ 'ਤੇ ਹੋਇਆ ਹੁੰਦਾ ਤਾਂ ਕਿਸੇ ਦਾ ਵੀ ਬਚਣਾ ਅਸੰਭਵ ਸੀ। ਉਸ ਦਿਨ ਲੰਡਨ ਵਿਚ ਧੁੱਪ ਵਾਲਾ ਦਿਨ ਹੋਣਾ ਸੀ, ਲੰਚ ਬਰੇਕ ਦਾ ਵਕਤ ਹੋਣਾ ਸੀ, ਵਰਕਰਾਂ ਨੇ ਬਾਹਰ ਬੈਠਣਾ ਸੀ ਤੇ ਫਿਰ ਵੇਲੇ ਸਿਰ ਡਾਕਟਰੀ ਸਹਾਇਤਾ ਦਾ ਆ ਜਾਣਾ ਸੀ।

ਸਾਰੇ ਆਪੋ ਅਪਣੇ ਰੱਬ ਦਾ ਸ਼ੁਕਰੀਆ ਕਰਦੇ ਹੋਏ ਥੱਕ ਨਹੀਂ ਸਨ ਰਹੇ। ਅਸਾਂ ਵੀ ਅਪਣੇ ਘਰ ਸ੍ਰੀ ਅਖੰਡ ਪਾਠ ਕਰਵਾਇਆ ਤੇ ਉਸ ਕਰਤਾ ਸ੍ਰਿਸ਼ਟੀ ਅੱਗੇ ਸ਼ੁਕਰਾਨੇ ਵਿਚ ਸਿਰ ਝੁਕਾਏ-'ਲੱਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰ ਨਦਰ ਕਰੇ'।

ਗੱਲ ਉਸ ਵਕਤ ਦੀ ਹੋ ਰਹੀ ਸੀ। ਇਕ ਮਹੀਨਾ ਲੰਡਨ ਰਹਿ ਕੇ ਪਰਿਵਾਰ ਨੂੰ ਮੈਂ ਹੌਸਲਾ ਦਿੱਤਾ, ਥੋੜ੍ਹਾ ਬਹੁਤ ਕੰਮ ਵੱਲ ਧਿਆਨ ਦਿੱਤਾ, ਗਾਹਕਾਂ ਨੂੰ ਫੂਨ ਕਰਕੇ ਕੁਝ ਉਗਰਾਹੀ ਕੀਤੀ ਤੇ ਸਪਲਾਇਰਜ਼ ਕੋਲੋਂ ਨਵਾਂ ਮਾਲ ਖਰੀਦਿਆ। ਇਸ ਸਭ ਦੇ ਬਾਵਜੂਦ ਸਾਰਾ ਦਿਨ ਮੇਰਾ ਧਿਆਨ ਬੰਬਈ ਵਿਚ ਫਸਿਆ ਰਹਿੰਦਾ। ਸੁਖਵੰਤ ਨੂੰ ਟੈਲੀਫੋਨ ਕਰਦਾ, ਤਰਲੇ ਕਰਦਾ ਕਿ ਮੇਰੇ ਕੋਲੋਂ ਹੁਣ ਹੋਰ ਇੰਤਜ਼ਾਰ ਨਹੀਂ ਹੋ ਰਹੀ, ਉਹ ਜਲਦੀ ਕੁਛ ਕਰੇ।

ਇੱਧਰ ਪੁੱਤਰ ਸਾਡਾ ਹੌਲੀ ਹੌਲੀ ਠੀਕ ਹੋ ਰਿਹਾ ਸੀ। ਉਸਦੇ ਕਾਲਜ ਦੀ ਪੜ੍ਹਾਈ ਟੁੱਟ ਗਈ ਸੀ। ਮੇਰੀ ਵੱਡੀ ਧੀ ਅਠਾਰਾਂ ਤੋਂ ਉੱਪਰ ਹੋ ਗਈ ਸੀ ਤੇ ਛੋਟੀ ਬਾਰਾਂ ਸਾਲ ਦੀ। ਸਾਰੇ ਬੱਚੇ ਹੀ ਜ਼ਿੰਦਗੀ ਦੀ ਉਸ ਸਟੇਜ 'ਤੇ ਸਨ ਜਦੋਂ ਮਾਂ ਬਾਪ ਦਾ ਉਹਨਾਂ ਕੋਲ ਹੋਣਾ ਜ਼ਰੂਰੀ ਹੁੰਦਾ ਹੈ। ਇਕ ਧੀ ਜ਼ਿੰਦਗੀ ਦੀ ਉਸ ਦਹਿਲੀਜ਼ 'ਤੇ ਪਹੁੰਚ ਗਈ ਸੀ ਜਿਸ ਤੋਂ ਉਸਦਾ ਭਵਿੱਖ ਬਣ ਰਿਹਾ ਸੀ ਤੇ ਇਕ ਉਸ ਦਹਿਲੀਜ਼ 'ਤੇ ਜਿੱਥੇ ਉਸਦੀ ਪ੍ਰਸੈਨਿਲਟੀ ਵਿਚ 'ਟੀਨੇਜਰ ਯੀਅਰਜ਼' ਦੀ ਭਾਰੀ ਤਬਦੀਲੀ ਆਉਣ ਵਾਲੀ ਸੀ। ਰਾਣੀ ਮੇਰੇ ਨਾਲ ਹਰ ਰੋਜ਼ ਸਵੇਰੇ ਨੌਂ ਵਜੇ ਕੰਮ 'ਤੇ ਨਿਕਲ ਆਉਂਦੀ, ਸਾਰਾ ਦਿਨ ਮੇਰੇ ਨਾਲ ਗਾਹਕਾਂ ਨਾਲ ਮੱਥਾ ਮਾਰਦੀ। ਲੰਚ ਬ੍ਰੇਕ ਵੇਲੇ, ਸਕੂਲ ਖਤਮ ਹੋਣ ਵੇਲੇ ਘਰ ਫੂਨ ਕਰਦੀ... ਖਾਣਾ ਫਰਿੱਜ ਵਿਚੋਂ ਕੱਢ ਕੇ ਖਾਣ ਪੀਣ ਦੀਆਂ ਹਦਾਇਤਾਂ ਕਰਦੀ। ਉਸਦਾ ਧਿਆਨ ਸਾਰਾ ਦਿਨ ਹਸਪਤਾਲ, ਘਰ ਤੇ ਕੰਮ ਵਿਚ ਲੱਗਿਆ ਰਹਿੰਦਾ ਤੇ ਮੇਰਾ ਬੰਬਈ ਵਿਚ।

ਇਕ ਦਿਨ ਸੁਖਵੰਤ ਦਾ ਫੂਨ ਆਇਆ, ਕਹਿਣ ਲੱਗਾ ਕਿ ਨਵੀਂ ਫਿਲਮ ਦਾ ਪ੍ਰੋਜੈਕਟ ਉਸ ਤਿਆਰ ਕਰ ਲਿਆ ਹੈ, ਇਸ ਲਈ ਮੈਂ ਜਲਦੀ ਪਰਤ ਆਵਾਂ। ਬੀਵੀ ਬੱਚਿਆਂ ਨੂੰ ਮੈਂ ਹੌਸਲਾ ਦਿੱਤਾ, ਦਸ ਬਾਰਾਂ ਦਿਨਾਂ ਵਿਚ ਵਾਪਸ ਆ ਜਾਣ ਦਾ ਯਕੀਨ ਦੁਆਇਆ ਤੇ ਫਿਰ ਇਕ ਦਿਨ ਵਾਪਸ ਬੰਬਈ ਵਿਚ ਸਾਂ।

ਸੁਖਵੰਤ ਨੇ ਮੈਨੂੰ ਨਵੀਂ ਫਿਲਮ ਦੀ ਸੈੱਟਅਪ ਸਮਝਾਈ ਤੇ ਕਿਹਾ ਕਿ ਅਪਣਾ ਹੁਣ ਇਸੇ ਵਿਚ ਹੀ ਬਚਾਅ ਹੈ ਕਿਉਂਕਿ ਮਾਰਕਿਟ ਵਿਚ ਸਭ ਪਾਸੇ ਖਬਰ ਹੋ ਚੁੱਕੀ ਹੈ ਕਿ 'ਚੌਥੀ ਦੁਨੀਆ' ਬੰਦ ਹੋ ਗਈ ਹੈ। ਇਹ ਫਿਲਮ ਚੰਗੀ ਨਹੀਂ ਸੀ ਬਣ ਰਹੀ, ਡਾਇਰੈਕਟਰ ਨੂੰ ਕੋਈ ਅਕਲ ਨਹੀਂ ਸੀ ਫਿਲਮ ਬਣਾਉਣ ਦੀ ਤੇ ਅਸੀਂ ਜੇ ਇਸ ਫਿਲਮ ਨੂੰ ਕੰਪਲੀਟ ਵੀ ਕਰਦੇ ਹਾਂ ਉਸ ਦਾ ਕੋਈ ਗਾਹਕ ਨਹੀਂ ਲੱਭਣਾ।

ਮੇਰੇ ਕੋਲ ਸੁਖਵੰਤ ਦੀ ਇਸ ਦਲੀਲ ਤੇ ਚਾਲ ਅੱਗੇ ਝੁਕ ਜਾਣ ਤੋਂ ਸਿਵਾਏ ਹੁਣ ਹੋਰ ਕੋਈ ਚਾਰਾ ਨਹੀਂ ਸੀ। ਉਸ ਬੜੀ ਹੀ ਚਲਾਕੀ ਨਾਲ, ਆਹਿਸਤਾ ਆਹਿਸਤਾ, ਸਟੈਪ ਬਾਈ ਸਟੈਪ ਮੇਰੀ ਫਿਲਮ ਨੂੰ ਖਤਮ ਕਰ ਦਿੱਤਾ ਸੀ। ਜੈਕੀ ਦੇ ਦਿਮਾਗ ਵਿਚ ਵੀ ਉਸ ਇਹ ਭਰ ਦਿੱਤਾ ਸੀ ਕਿ ਸੁਨੀਲ ਘੋਸ਼ ਦੀ ਬਣਾਈ ਫਿਲਮ ਵਿਚ ਕੋਈ ਦਮ ਨਹੀਂ ਹੈ ਤੇ ਜੇ ਉਹ ਇਸੇ ਨੂੰ ਹੀ ਕੰਪਲੀਟ ਕਰਦਾ ਹੈ ਤਾਂ ਉਸਦੀ ਇਮੇਜ ਨੂੰ ਬਹੁਤ ਨੁਕਸਾਨ ਹੋ ਜਾਣ ਦਾ ਡਰ ਹੈ। ਫਿਲਮ ਫਲਾਪ ਹੋਈ ਤਾਂ ਉਸਦੀਆਂ ਬਣ ਰਹੀਆਂ ਬਾਕੀ ਫਿਲਮਾਂ 'ਤੇ ਵੀ ਅਸਰ ਪਵੇਗਾ, ਜਿਸ ਨਾਲ ਉਸ ਦੀ ਮਾਰਕਿਟ ਪਰਾਈਸ ਡਿੱਗ ਜਾਵੇਗੀ ਤੇ ਹੋ ਸਕਦਾ ਹੈ ਕਿ ਨਵੀਆਂ ਫਿਲਮਾਂ ਵੀ ਉਸ ਨੂੰ ਨਾ ਮਿਲਣ ਸੋ ਉਸ ਲਈ ਇਹ ਹੀ ਫਾਇਦੇਮੰਦ ਹੈ ਕਿ ਨਵੀਂ ਫਿਲਮ ਬਣਾਈ ਜਾਵੇ, ਨਵਾਂ ਨਾਂ... ਨਵਾਂ ਡਾਇਰੈਕਟਰ ਤੇ ਬਿਲਕੁਲ ਨਵੀਂ ਸੈਟਅਪ।

... ਤੇ ਇਸ ਤਰ੍ਹਾਂ ਨਵੀਂ ਫਿਲਮ ਬਣਾਉਣ ਦਾ ਪ੍ਰੋਜੈਕਟ ਸ਼ੁਰੂ ਹੋ ਗਿਆ, 'ਚੌਥੀ ਦੁਨੀਆ' ਜੰਗ ਲੱਗੇ ਡੱਬਿਆਂ ਵਿਚ ਬੰਦ ਕਰ ਦਿੱਤੀ ਗਈ। ਦੋ ਸਾਲ ਦੀ ਮੇਰੀ ਅਣਥਕ ਮਿਹਨਤ, ਲੱਖਾਂ ਰੁਪਏ ਦਾ ਨੁਕਸਾਨ, ਮੇਰਾ ਖੂਨ ਪਸੀਨਾ, ਘਰ ਦੀ ਦੂਰੀ ਤੋਂ ਸਹੇ ਤਸੀਹੇ, ਬੀਵੀ ਬੱਚਿਆਂ ਦਾ ਵਿਛੋੜਾ ਤੇ ਉਹਨਾਂ ਦੇ ਅੱਥਰੂ... ਪੁੱਤਰ ਦਾ ਐਕਸੀਡੈਂਟ, ਉਸਦੀਆਂ ਲੱਤਾਂ ਤੇ ਹੱਥਾਂ 'ਤੇ ਅੱਗ ਨਾਲ ਝੁਲਸੇ ਹੋਏ ਨਿਸ਼ਾਨ, ਸਭ ਜ਼ਖ਼ਮ ਹੋਰ ਭਰ ਗਏ ਸਨ।

ਸੁਖਵੰਤ ਨੇ ਸਿਵਾਏ ਜੈਕੀ ਸ਼ਰਾਫ ਤੇ ਹੀਰੋਇਨ ਨੀਲਮ ਨੂੰ ਛੱਡ ਕੇ ਫਿਲਮ ਨਾਲ ਜੁੜੇ ਹੋਏ ਸਾਰੇ ਬੰਦਿਆਂ ਨੂੰ ਕੱਢ ਦਿੱਤਾ ਤੇ ਅਪਣੇ ਕਰੀਬੀ ਬੰਦਿਆਂ ਨੂੰ ਭਰਨਾ ਸ਼ੁਰੂ ਕਰ ਲਿਆ। ਇੱਥੋਂ ਤੱਕ ਕਿ ਮਿਊਜ਼ਿਕ ਡਾਇਰੈਕਟਰ ਕਲਿਆਨ ਜੀ ਆਨੰਦ ਜੀ ਦੀ ਜਗ੍ਹਾ ਰਾਮ ਲਕਸ਼ਮਣ ਨੂੰ ਲੈ ਲਿਆ ਗਿਆ ਜਦਕਿ ਮੈਂ ਬਿਲਕੁਲ ਇਸਦੇ ਹੱਕ ਵਿਚ ਨਹੀਂ ਸਾਂ। ਮਿਊਜ਼ਿਕ ਡਾਇਰੈਕਟਰ ਬਦਲਣ ਦਾ ਮਤਲਬ ਸੀ ਕਿ ਉਹਨਾਂ ਵਲੋਂ ਰਿਕਾਰਡ ਕਰਵਾਏ ਦੋ ਗਾਣੇ ਵੀ ਬੇਕਾਰ ਹੋ ਜਾਣੇ ਸਨ ਪਰ ਡਾਇਰੈਕਟਰ ਅੱਗੇ ਕੌਣ ਬੋਲੇ, ਮੈਂ ਤਾਂ ਆਪ ਹੀ ਉਸ ਨੂੰ ਫੜ ਕੇ ਲਿਆਂਦਾ ਸੀ ਤੇ ਕਿਹਾ ਸੀ, "ਆ ਬੈਲ ਮੁਝੇ ਮਾਰ'।

ਉਹਨੀਂ ਦਿਨੀਂ ਫਿਲਮਾਂ ਦੇ ਇਕ ਬੜੇ ਪੁਰਾਣੇ ਘਰਾਣੇ 'ਰਾਜ ਸ਼੍ਰੀ ਪ੍ਰੋਡਕਸ਼ਨਜ਼' ਦੀ ਨਵੀਂ ਫਿਲਮ 'ਮੈਨੇ ਪਿਆਰ ਕੀਆ' ਬਹੁਤ ਹੀ ਹਿੱਟ ਹੋ ਗਈ ਸੀ। ਧੂਮ ਮਚਾ ਦਿੱਤੀ ਸੀ ਇਸ ਫਿਲਮ ਦੇ ਮਿਊਜ਼ਿਕ ਤੇ ਇਸਦੇ ਗਾਣਿਆਂ ਨੇ। ਸੂਰਜ ਬੜਜਾਤੀਆ ਕਮਾਲ ਦਾ ਡਾਇਰੈਕਟਰ, ਨਵੀਂ ਸੋਚ, ਨਵੇਂ ਆਈਡੀਏ, ਨਵੀਂ ਹੀਰੋਇਨ ਭਾਗਿਆ ਸ਼੍ਰੀ ਤੇ ਫਿਰ ਸਲਮਾਨ ਖਾਨ ਜਿਹੜਾ ਅਪਣੇ ਪੈਰ ਪੱਕਿਆਂ ਤੌਰ 'ਤੇ ਅਜੇ ਜਮਾ ਹੀ ਰਿਹਾ ਸੀ। ਇਸ ਫਿਲਮ ਨੇ ਕਾਮਯਾਬੀ ਦੇ ਸਾਰੇ ਰਿਕਾਰਡ ਤੋੜ ਦਿੱਤੇ ਤੇ ਹਰ ਪਾਸੇ ਇਹ ਹੀ ਗੀਤ ਵੱਜ ਰਿਹਾ ਸੀ...

'ਕਬੂਤਰ ਜਾ ਜਾ ਜਾ'... ਤੇ ਇੱਧਰ ਮੈਂ ਅਪਣੇ ਨਵੇਂ ਡਾਇਰੈਕਟਰ ਦਾ ਕਬੂਤਰ ਬਣ ਗਿਆ ਸਾਂ। ਮੈਂ ਫਿਲਮ ਦਾ ਪ੍ਰੋਡਿਊਸਰ, ਫਾਈਨੈਂਸਰ, ਪੈਸਾ, ਲਾਉਣ ਵਾਲਾ ਪਰ ਉਹ ਮੇਰਾ ਮਾਲਕ, ਨੌਕਰ ਤਾਂ ਬਣਨਾ ਹੀ ਪੈਣਾ ਸੀ, ਫਿਲਮ ਜਿਉਂ ਬਨਵਾਉਣੀ ਸੀ ਉਸ ਕੋਲੋਂ।

(ਚਲਦਾ)

# 'ਮਿਰਜ਼ਾ-ਦਾ ਅਨਟੋਲਡ ਸਟੋਰੀ' ਬਨਾਮ 'ਮੋਗੇ ਵਾਲਾ ਕਾਂਡ'






ਬਖ਼ਸ਼ਿੰਦਰ

ਪੰਜਾਬੀ ਦੀ 'ਹੁਣ ਤਕ ਦੀ ਸਭ ਤੋਂ ਮਹਿੰਗੀ ਫ਼ਿਲਮ' ਬਾਰੇ ਕੋਈ ਗੱਲ ਕਰਨ ਤੋਂ ਪਹਿਲਾਂ ਇਕ 'ਲਫ਼ਜ਼ੀ ਸ਼ੁਗ਼ਲ' ਕਰ ਲਈਏ। ਪੰਜਾਬੀ ਦੀ ਇਕ ਕਹੌਤ ਹੈ, 'ਪੰਜ ਬੁੜੀ ਦੇ ਪੁੱਤ, ਪੰਜੇ ਹੀ ਸ਼ੌਕੀਨ'। ਇਸ ਨੂੰ 'ਪੰਜ ਬੁੜੀ ਦੇ ਪੁੱਤ, ਪੰਜੇ ਹੀ ਪ੍ਰੋਡਿਊਸਰ' ਕਰ ਲੈਂਦੇ ਹਾਂ ਤੇ ਫਿਰ ਇਸ ਫ਼ਿਲਮ ਬਾਰੇ ਚਰਚਾ ਕਰਦੇ ਹਾਂ। ਇਸ ਫ਼ਿਲਮ ਦੇ ਬਹੁਤੇ ਵਿਭਾਗਾਂ ਵਿਚ ਕੰਮ ਕਰਨ ਵਾਲੇ ਲੋਕਾਂ ਨੇ ਆਪਣੀ ਹੈਸੀਅਤ ਮੁਤਾਬਕ ਇਸ ਫ਼ਿਲਮ ਵਿਚ ਪੈਸਾ ਲਾਇਆ ਹੋਇਆ ਹੈ। ਇਹ ਗੱਲ, ਫ਼ਿਲਮ ਵਿਚ ਕਿੱਥੇ ਨਜ਼ਰ ਆਈ? ਸੁਆਲ ਮਾੜਾ ਨਹੀਂ। ਜੁਆਬ ਵੀ ਸ਼ਾਇਦ ਚੰਗਾ ਹੀ ਹੋਵੇ। ਇਸ ਦਾ ਇਕ ਸਬੂਤ ਸੀ 'ਦੀਸ਼ੇ' ਦਾ ਕਿਰਦਾਰ ਨਿਭਾਉਣ ਵਾਲਾ ਅਦਾਕਾਰ (ਸ਼ਾਇਦ ਯੋ ਯੋ ਹਨੀ ਸਿੰਘ), ਜੋ ਇਸ ਫ਼ਿਲਮ ਦੇ ਦੋ ਸੰਗੀਤਕਾਰਾਂ ਵਿਚੋਂ ਇਕ ਵੀ ਹੈ। ਇਸ ਸ਼ਖ਼ਸ ਨੇ ਇਸ ਫ਼ਿਲਮ ਵਿਚ ਪਾਏ ਆਪਣੇ ਮਾਲੀ ਯੋਗਦਾਨ ਦੀ ਬਦੌਲਤ, ਨਾ ਸਕਰਿਪਟ ਦੀ ਪ੍ਰਵਾਹ ਕੀਤੀ ਲੱਗਦੀ ਹੈ, ਨਾ ਨਿਰਦੇਸ਼ਨ ਦੀ। ਇਹ ਬੰਦਾ ਜਦੋਂ ਵੀ ਸਕਰੀਨ 'ਤੇ ਨਜ਼ਰ ਆਇਆ, ਇਸ ਦਾ ਚਿਹਨ-ਚੱਕਰ ਇਹੋ ਕਹਿੰਦਾ ਜਾਪਦਾ ਸੀ, "ਆਪਣੀ ਮਰਜ਼ੀ ਕਰੂੰਗਾ, ਸਾਲ਼ੀ ਰਕਮ ਫੂਕ ਕੇ ਆਏ ਹਾਂ।" ਇਹ ਬੰਦਾ, ਨਿਰਦੇਸ਼ਕ ਨੂੰ ਆਪਣੀ ਫ਼ਿਲਮ ਨਾਲੋਂ ਵੀ ਅਜ਼ੀਜ਼ ਰਿਹਾ ਕਿਉਂਕਿ ਉਸ ਨੇ ਉਸ ਨੂੰ ਕਾਬੂ ਕਰਨ ਦਾ ਹੀਲਾ ਹੀ ਨਹੀਂ ਕੀਤਾ। ਕਰਦਾ ਵੀ ਕਿੱਦਾਂ? ਉਹ ਉਸ ਦਾ 'ਬੌਸ' ਸੀ। ਆਪਣੇ ਆਖ਼ਰੀ ਸੀਨ ਵਿਚ ਉਹ ਹੀਰੋ ਨਾਲ ਟੱਕਰ ਲੈਣ ਲਈ ਨਾਈਟ ਗਾਊਨ ਪਾ ਕੇ ਆਉਂਦਾ ਹੈ ਜਦੋਂ ਕਿ ਉਸ ਸੀਨ ਵਿਚ ਨਾਈਟ ਗਾਊਨ ਦੀ ਕੋਈ ਡਰਾਮੈਟਿਕ ਅਹਿਮੀਅਤ ਨਹੀਂ। ਅਖੇ "ਕੌਣ ਕਹੇ ਪ੍ਰੋਡਿਊਸਰਾ ਗਾਊਨ ਨਾ ਪਾ"।

ਦੂਜਾ ਪ੍ਰੋਡਿਊਸਰ ਅਮਨ ਖਟਕੜ ਹੈ, ਜਿਸ ਨੇ 'ਮੈਕ' ਦਾ ਕਿਰਦਾਰ ਨਿਭਾਇਆ ਹੈ। ਮੈਕ ਤੇ ਦੀਸ਼ਾ ਇਸ ਫ਼ਿਲਮ ਵਿਚ ਮਰ ਜਾਂਦੇ ਹਨ, ਪਰ ਮਰਦੇ-ਮਰਦੇ ਰਾਮਲੀਲਾ ਵਿਚ ਰਾਵਣ ਦਾ ਕਿਰਦਾਰ ਨਿਭਾਉਣ ਵਾਲੇ ਉਸ ਬੰਦੇ ਦਾ ਚੇਤਾ ਕਰਾ ਗਏ, ਜਿਸ ਦੀ ਧੁੰਨੀ ਵਿਚ ਤੀਰ ਲੱਗਿਆ ਹੋਣ 'ਤੇ ਵੀ ਉਹ ਮਰਨ ਦਾ ਨਾਂ ਨਹੀਂ ਲੈਂਦਾ ਸੀ ਕਿਉਂ ਕਿ ਪ੍ਰਬੰਧਕਾਂ ਵੱਲ ਉਸ ਦੇ ਪੈਸੇ ਰਹਿੰਦੇ ਸਨ। ਇਹ ਦੋਵੇਂ ਅਦਾਕਾਰ ਮਰਨ ਦੀ ਅਦਾਕਾਰੀ ਕਰਦਿਆਂ, ਇਸ ਫ਼ਿਲਮ ਵਿਚ ਲਾਏ ਪੈਸੇ ਖਰੇ ਕਰ ਕੇ ਹੀ ਮਰਦੇ ਹਨ। ਇਕ ਹੋਰ ਕਿਰਦਾਰ 'ਕਬੀਰ' ਹੈ (ਅਦਾਕਾਰ ਦੇ ਨਾਮ ਦਾ ਇਲਮ ਨਹੀਂ), ਜਿਸ ਨੂੰ ਬਾਕੀਆਂ ਦੇ ਮੁਕਾਬਲੇ ਬਹੁਤਾ ਚਿਰ ਜਿਉਂਦਾ ਰੱਖਿਆ ਗਿਆ ਹੈ। ਉਹ ਸਾਰੀ ਫ਼ਿਲਮ ਵਿਚ ਆਪਣੀ 'ਬਦਮਾਸ਼ੀ' ਚਮਕਾਉਣ ਲਈ ਇਹੋ ਜਿਹੀਆਂ ਹਰਕਤਾਂ ਕਰਦਾ ਹੈ ਕਿ ਉਨ੍ਹਾਂ ਨੂੰ ਦੇਖ ਕੇ ਹਾਸਾ ਆਉਂਦਾ ਹੈ। ਲੱਗਦਾ ਤਾਂ ਹੈ, ਪਰ ਯਕੀਨ ਨਹੀਂ ਕਿ ਉਹ ਵੀ ਇਸ ਫ਼ਿਲਮ ਦੇ ਕਈ ਪ੍ਰੋਡਿਊਸਰਾਂ ਵਿਚੋਂ ਇਕ ਹੈ। ਰਲ ਕੇ ਪੈਸਾ ਲਾ ਕੇ, ਫ਼ਿਲਮ ਬਣਾਉਣਾ ਤਾਂ ਕੀ, ਕੋਈ ਵੀ ਕੰਮ ਕਰਨਾ ਗੁਨਾਹ ਨਹੀਂ ਹੈ, ਪਰ ਪੈਸਾ ਲਾਇਆ ਹੋਣ ਦੀ ਧੌਂਸ ਵਿਚ ਉਸ ਦਾ ਬੇੜਾ ਗ਼ਰਕ ਕਰਨਾ ਤਾਂ ਕਿਸੇ ਵੀ ਤਰ੍ਹਾਂ ਚੰਗਾ ਨਹੀਂ। ਕਈ ਫ਼ਿਲਮਾਂ ਲਿਖ ਕੇ ਨਾਮ ਤੇ ਨਾਮਾ ਕਮਾ ਚੁੱਕੇ ਅਮਰੀਕ ਗਿੱਲ ਦਾ ਨਾਂ ਵੀ ਇਸ ਫ਼ਿਲਮ ਵਿਚ ਗੁੱਧੁ ਹੋ ਗਿਆ ਹੈ ਕਿਉਂ ਇਸ ਫ਼ਿਲਮ ਵਿਚ ਜਿਸ ਤਰ੍ਹਾਂ ਦੇ ਡਾਇਲਾਗ ਸੁਣਨ ਵਿਚ ਆਏ ਹਨ, ਉਹ ਕਿਸੇ ਦੇ ਲਿਖੇ ਹੋਏ ਨਹੀਂ ਲੱਗਦੇ। ਲੱਗਦਾ ਹੈ ਕਿ ਫ਼ਿਲਮ ਵਿਚ ਪੈਸਾ ਲਾਉਣ ਵਾਲੇ ਹਰ ਬੰਦੇ ਨੇ ਆਪਣੀ ਰਕਮ ਦੇ ਹਿਸਾਬ ਨਾਲ ਜੋ ਜੀਅ ਕੀਤਾ, ਬੋਲ ਦਿੱਤਾ ਹੈ। ਇਸ ਮਾਮਲੇ ਵਿਚ ਫ਼ਿਲਮ ਦੀ ਨਾਇਕਾ ਦਾ ਕਿਰਦਾਰ ਨਿਭਾਉਣ ਵਾਲੀ ਮੈਂਡੀ ਤੱਖਰ ਵੀ ਇਸ ਫ਼ਿਲਮ ਦੇ ਨਿਰਮਾਤਾਵਾਂ ਵਿਚ ਸ਼ਾਮਲ ਦੱਸੀ ਜਾਂਦੀ ਹੈ। ਡਾਇਲਾਗਾਂ ਦੇ ਕੁੱਝ ਨਮੂਨੇ: "ਮੈਂ ਕਿਸਮਤ ਦਾ ਯਕੀਨ ਨਹੀਂ ਕਰਦੀ" ਜਦੋਂ ਕਿ ਕਹਿਣਾ ਇਹ ਬਣਦਾ ਸੀ, "ਮੈਨੂੰ ਕਿਸਮਤ ਵਿਚ ਯਕੀਨ ਨਹੀਂ"। "ਤੇਰੀ ਮੌਤ ਦਾ ਹੱਕਦਾਰ ਤਾਂ 'ਫਲਾਣਾ' ਸੀ" ਜਦੋਂ ਕਿ ਉਹ ਕਹਿਣਾ ਇਹ ਚਾਹੁੰਦਾ ਸੀ, "ਤੈਨੂੰ ਮਾਰਨ ਦਾ ਹੱਕ ਤਾਂ 'ਫਲਾਣੇ' ਦਾ ਸੀ"।

ਇਕ ਹੋਰ ਡਾਇਲਾਗ ਦੇਖੋ, "ਸਮਝ ਨਹੀਂ ਆਉਂਦੀ, ਤੈਨੂੰ ਕਿੱਦਾਂ ਮਾਰੀਏ।" ਇਹ ਹਾਲ ਉਨ੍ਹਾਂ ਡਾਇਲਾਗਜ਼ ਦਾ ਸੀ, ਜੋ ਬੋਲੇ-ਸੁਣੇ ਗਏ। ਓਦਾਂ ਇਸ ਫ਼ਿਲਮ ਵਿਚ ਜਿੰਨੇ ਡਾਇਲਾਗ ਪਿਸਤੌਲਾਂ ਤੇ ਬੰਦੂਕਾਂ ਨੇ ਬੋਲੇ, ਉਨੇ ਇਸ ਫ਼ਿਲਮ ਦੇ ਕਿਰਦਾਰਾਂ ਨੇ ਨਹੀਂ ਬੋਲੇ।ਮਿਰਜ਼ੇ ਦੀ ਭੈਣ ਦਾ ਕਿਰਦਾਰ ਨਿਭਾਉਣ ਵਾਲੀ ਅਦਾਕਾਰਾ ਸਾਰੀ ਫ਼ਿਲਮ ਵਿਚ ਉਸ ਨੂੰ ਏਦਾਂ ਸੰਬੋਧਨ ਕਰਦੀ ਹੈ ਕਿ ਉਨ੍ਹਾਂ ਦੇ ਭੈਣ-ਭਰਾ ਹੋਣ ਬਾਰੇ ਵੀ ਸ਼ੱਕ ਪੈਣ ਲੱਗ ਜਾਂਦਾ ਹੈ। ਸੜਕ ਉੱਤੇ ਕਾਰ ਵਿਚ ਜਾਂਦੇ 'ਜੀਤ' (ਰਾਹੁਲ) ਨੂੰ ਦਿਖਾਏ ਜਾਣ ਸਮੇਂ, ਵਿਚ-ਵਿਚ ਹਵਾਈ ਜਹਾਜ਼ ਰਾਹੀਂ ਉਪਰੋਂ ਲਏ, ਸ਼ਹਿਰ ਦੇ ਦ੍ਰਿਸ਼ ਦਿਖਾ ਕੇ ਇਕ ਭੁਲੇਖਾ ਹੀ ਪਾਇਆ ਗਿਆ ਹੈ। ਫ਼ਿਲਮ ਦਾ ਖ਼ੂਬਸੂਰਤ ਪੱਖ ਇਸ ਦੀ ਸਿਨੇਮੈਟੋਗ੍ਰਾਫੀ ਹੈ, ਜੋ ਨਿਰਦੇਸ਼ਕ ਨੇ ਕਈ ਥਾਈਂ ਮਾੜੀ ਐਡੀਟਿੰਗ ਰਾਹੀਂ ਭੰਗ ਕਰ ਦਿੱਤੀ ਹੈ। ਨਾਰਮਲ ਸਪੀਡ 'ਤੇ ਲਏ ਦ੍ਰਿਸ਼, ਸਲੋਅ ਸਪੀਡ 'ਤੇ ਦਿਖਾਉਣ ਨਾਲ ਤੇ ਕਮਜ਼ੋਰ ਐਡੀਟਿੰਗ ਕਾਰਨ ਫ਼ਿਲਮ ਲੰਬੀ ਹੋ ਗਈ ਹੈ। ਨਾਇਕ ਵਲੋਂ ਕਾਰ ਚਲਾਉਣ ਦੇ ਦ੍ਰਿਸ਼ ਲੰਬੇ ਹੋਣੇ, ਨਿਰਦੇਸ਼ਨ ਦੀ ਖ਼ਾਮੀ ਹੈ। ਫ਼ਿਲਮ ਕਿਤੋਂ ਸ਼ੁਰੂ ਹੁੰਦੀ ਹੈ, ਕਿਤੇ ਮੁੱਕਦੀ ਹੈ। ਮਿਰਜ਼ਾ-ਸਾਹਿਬਾਂ ਦੇ ਕਿੱਸੇ ਨੂੰ ਨਸ਼ਿਆਂ ਦਾ ਤੜਕਾ ਲਾਉਣ ਦੀ ਲੋੜ ਨਹੀਂ ਸੀ ਕਿਉਂ ਕਿ ਪਿਆਰ ਦਾ ਆਪਣਾ ਹੀ ਨਸ਼ਾ ਬਹੁਤ ਹੁੰਦਾ ਹੈ।ਬੀਨੂ ਢਿੱਲੋਂ ਤੇ ਬੀ.ਐਨ. ਸ਼ਰਮਾ ਦੇ ਲਤੀਫ਼ਿਆਂ ਤੋਂ ਹਾਸਾ ਨਹੀਂ ਆਉਂਦਾ। ਇਸ ਗੱਲ ਤੋਂ ਹਾਸਾ ਲਾਜ਼ਮੀ ਆਉਂਦਾ ਹੈ ਕਿ ਉਹ ਕਰੀ ਕੀ ਜਾਂਦੇ ਹਨ। ਉਨ੍ਹਾਂ ਦਾ 'ਮੋਗੇ ਵਾਲਾ ਕਾਂਡ' ਵੀ ਇਸ ਫ਼ਿਲਮ ਦੀ ਸਟੋਰੀ ਵਾਂਗ 'ਅਨਟੋਲਡ' ਹੀ ਰਹਿ ਜਾਂਦਾ ਹੈ। ਇਸ ਫ਼ਿਲਮ ਵਿਚ ਰਾਹੁਲ ਹੀ ਇਕ ਇਹੋ ਜਿਹਾ ਅਦਾਕਾਰ ਹੈ, ਜਿਸ ਨੂੰ ਪੈਸੇ ਦਿੱਤੇ ਗਏ ਹੋਣਗੇ, ਬਾਕੀ ਤਾਂ ਪੈਸੇ ਲਾ ਕੇ ਐਕਟਰ ਬਣੇ ਹੋਏ ਸਨ। ਫਿਰ ਇਹ ਫ਼ਿਲਮ ਜਹਾਨ ਦੀ ਸਭ ਤੋਂ ਮਹਿੰਗੀ ਫ਼ਿਲਮ ਹੈ, ਇਸ ਬਾਰੇ ਵੀ ਸ਼ੱਕ ਪੈਂਦਾ ਹੈ।ਇਸ ਫ਼ਿਲਮ ਦੀ ਕਮਾਈ ਇਸ ਉਪਰ ਖ਼ਰਚੀ ਰਕਮ ਦੇ ਨੇੜੇ-ਤੇੜੇ ਪਹੁੰਚ ਜਾਊਗੀ, ਲੱਗਦਾ ਨਹੀਂ।

**ਲੇਖਕ ਸੀਨੀਅਰ ਪੱਤਰਕਾਰ ਤੇ ਮਾਂ ਬੋਲੀ ਪੰਜਾਬੀ ਦੇ ਸ਼ੁੱਧਤਾਵਾਦੀ ਪੁੱਤ ਹਨ। ਬੋਲੀ 'ਚ ਵਿਗਾੜ ਖ਼ਿਲਾਫ ਫੇਸਬੁੱਕੀ ਮੁਹਿੰਮ ਵੀ ਚਲਾ ਰਹੇ ਹਨ। ਲਗਾਤਾਰ ਵੱਖ ਵੱਖ ਵਿਸ਼ਿਆਂ 'ਤੇ ਲਿਖਦੇ ਰਹਿੰਦੇ ਹਨ। ਫ਼ਿਲਮਸਾਜ਼ੀ ਬਾਰੇ ਕਿਤਾਬ ਵੀ ਲਿਖ ਚੁੱਕੇ ਹਨ।**

# ਸਾਂਝੇ ਪੰਜਾਬ ਦੀ 'ਲਾਹੌਰ ਸਿਨੇਮਾ' ਸਨਅਤ ਵਿਰਾਸਤ

ਇਸ਼ਤਿਆਕ ਅਹਿਮਦ

ਲਾਹੌਰ 'ਚ ਪਹਿਲਾ ਫ਼ਿਲਮ ਥੀਏਟਰ ਕਦੋਂ ਬਣਿਆ ਸੀ? ਇਸ ਦਾ ਕੋਈ ਪੱਕਾ ਜਵਾਬ ਨਹੀਂ ਹੋ ਸਕਦਾ ਪਰ ਅਸੀਂ ਇਹ ਕਹਿ ਸਕਦੇ ਹਾਂ ਕਿ 1920ਵਿਆਂ ਦੇ ਸ਼ੁਰੂ 'ਚ ਇੱਥੇ ਨੌਂ ਸਿਨੇਮਾ ਘਰ ਖੁੱਲ੍ਹ ਚੁੱਕੇ ਸਨ। ਉਹ ਗੂੰਗੀਆਂ ਫ਼ਿਲਮਾਂ ਦਾ ਸਮਾਂ ਸੀ। ਹਾਲੀਵੁੱਡ, ਲੰਡਨ, ਮੁੰਬਈ ਅਤੇ ਕੋਲਕਾਤਾ 'ਚ ਬਣੀਆਂ ਫ਼ਿਲਮਾਂ ਨੂੰ ਵੇਖਣ ਲਈ ਵੱਡੀ ਗਿਣਤੀ 'ਚ ਭੀੜ ਇਕੱਠੀ ਹੁੰਦੀ ਸੀ, ਕਿਉਂਕਿ ਮਨੋਰੰਜਨ ਦੇ ਮਾਮਲੇ 'ਚ ਪੰਜਾਬੀ ਹਮੇਸ਼ਾ ਅੱਗੇ ਰਹਿੰਦੇ ਹਨ। ਗੂੰਗੀਆਂ ਫ਼ਿਲਮਾਂ ਦੀ ਵਿਸ਼ੇਸ਼ਤਾ ਇਹ ਹੁੰਦੀ ਸੀ ਕਿ ਉਦੋਂ ਫ਼ਿਲਮਾਂ ਦੇ ਨਾਲ ਪਿੱਛਿਓਂ ਸੰਗੀਤ ਵੀ ਵਜਾਇਆ ਜਾਂਦਾ ਸੀ। ਸਿਨੇਮਾ ਘਰ 'ਚ ਕੁੱਝ ਸੰਗੀਤਵਾਦਕ ਬੈਠੇ ਹੁੰਦੇ ਸਨ ਜੋ ਕਿ ਫ਼ਿਲਮ ਦੇ ਦ੍ਰਿਸ਼ਾਂ ਅਨੁਸਾਰ ਪਿਆਨੋ, ਤਬਲਾ ਅਤੇ ਹੋਰ ਸਾਜ਼ ਵਜਾਉਂਦੇ ਰਹਿੰਦੇ ਸਨ। ਇਸ ਤਰ੍ਹਾਂ ਫ਼ਿਲਮ ਵੇਖਣ ਸਮੇਂ ਸਿੱਧਾ ਪ੍ਰਸਾਰਣ ਹੋਣ ਦਾ ਅਹਿਸਾਸ ਹੁੰਦਾ ਸੀ ਜੋ ਕਿ ਆਵਾਜ਼ ਵਾਲੀਆਂ ਫ਼ਿਲਮਾਂ ਦੇ ਆਉਣ ਨਾਲ ਖ਼ਤਮ ਹੋ ਗਿਆ। ਲਾਹੌਰ 'ਚ ਬਣੀ ਪਹਿਲੀ ਗੂੰਗੀ ਫ਼ਿਲਮ 1924 'ਚ ਰਿਲੀਜ਼ ਹੋਈ ਸੀ। ਜਿਸ ਦਾ ਨਾਮ 'ਦ ਡਾਟਰਸ ਆਫ਼ ਟੁਡੇ' ਸੀ। ਇਸ ਨੂੰ ਉੱਤਰੀ-ਪੱਛਮੀ ਰੇਲਵੇ ਦੇ ਸਾਬਕਾ ਅਫ਼ਸਰ ਜੀ.ਕੇ. ਮਹਿਤਾ ਨੇ ਬਣਾਇਆ ਸੀ। ਫ਼ਿਲਮ ਬਣਾਉਣ ਲਈ ਉਸ ਨੇ ਲੰਡਨ ਤੋਂ ਕੈਮਰਾ ਮੰਗਵਾਇਆ ਸੀ। ਮੁੰਬਈ ਦੇ ਮਸ਼ਹੂਰ ਫ਼ਿਲਮ ਬਣਾਉਣ ਵਾਲੇ ਮੀਆਂ ਅਬਦੁਰ ਰਸ਼ੀਦ ਕਰਦਾਰ ਨੇ ਮਹਿਤਾ ਨਾਲ ਸਹਾਇਕ ਨਿਰਦੇਸ਼ਕ ਅਤੇ ਮੁੱਖ ਅਦਾਕਾਰ ਵਜੋਂ ਵੀ ਕੰਮ ਕੀਤਾ। ਪੁਰਾਣੇ ਫ਼ਿਲਮ ਲੇਖਕ ਏ. ਹਮੀਦ ਅਨੁਸਾਰ, ਇਹ ਫ਼ਿਲਮ ਜ਼ਿਆਦਾਤਰ ਖੁੱਲ੍ਹੇ ਆਸਮਾਨ ਹੇਠ ਹੀ ਬਣਾਈ ਗਈ ਸੀ ਅਤੇ ਉਸ ਵੇਲੇ ਲਾਹੌਰ 'ਚ ਕੋਈ ਸਟੂਡੀਓ ਨਹੀਂ ਹੁੰਦਾ ਸੀ।

ਕਰਦਾਰ ਅਤੇ ਉਸ ਦੇ ਮਿੱਤਰ ਕਲਾਕਾਰ ਅਤੇ ਸੁਲਿਪੀਕਾਰ ਐਮ. ਇਸਮਾਈਲ, ਜੋ ਕਿ ਵੰਡ ਤੋਂ ਬਾਅਦ ਮਸ਼ਹੂਰ ਚਰਿੱਤਰ ਅਦਾਕਾਰ ਬਣੇ, ਨੇ 1928 'ਚ ਆਪਣੀ ਸੰਪਤੀ ਵੇਚ ਦਿੱਤੀ ਅਤੇ ਭੱਟੀ ਗੇਟ ਨੇੜੇ ਰਾਵੀ ਰੋਡ 'ਤੇ ਸਟੂਡੀਓ ਬਣਾ ਲਿਆ। ਉਹ ਇੱਥੇ ਹੀ ਰਹਿੰਦੇ ਸਨ। ਸਟੂਡੀਓ 'ਚ ਰੌਸ਼ਨੀ ਦਾ ਇੰਤਜ਼ਾਮ ਬਹੁਤ ਵਧੀਆ ਨਹੀਂ ਸੀ ਅਤੇ ਫ਼ਿਲਮ ਬਣਾਉਣ ਦਾ ਕੰਮ ਸਿਰਫ਼ ਦਿਨ ਸਮੇਂ ਹੀ ਹੋ ਸਕਦਾ ਸੀ। ਰਾਵੀ ਰੋਡ ਦੀ ਚੋਣ ਇਸ ਲਈ ਕੀਤੀ ਗਈ ਸੀ ਕਿਉਂਕਿ ਉਸ ਵੇਲੇ ਰਾਵੀ ਦਰਿਆ ਦੇ ਕਿਨਾਰਿਆਂ ਨੇੜੇ ਸੰਘਣੇ ਜੰਗਲ ਹੁੰਦੇ ਸਨ ਅਤੇ ਮੁਗ਼ਲ ਬਾਦਸ਼ਾਹ ਜਹਾਂਗੀਰ ਅਤੇ ਉਸ ਦੀ ਪਤਨੀ ਨੂਰਜਹਾਂ ਦੀਆਂ ਕਬਰਾਂ ਪੁਲ ਦੇ ਪਾਰ ਹੀ ਸਥਿਤ ਸਨ। ਇਸ ਤਰ੍ਹਾਂ ਫ਼ਿਲਮਾਂ 'ਚ ਸੋਹਣੇ ਦ੍ਰਿਸ਼ਾਂ ਨੂੰ ਆਸਾਨੀ ਨਾਲ ਫ਼ਿਲਮਾਉਣ ਦਾ ਮੌਕਾ ਮਿਲ ਜਾਂਦਾ ਸੀ।

ਰਾਵੀ ਰੋਡ ਸਟੂਡੀਓ 'ਚ ਬਣਾਈ ਪਹਿਲੀ ਫ਼ਿਲਮ ਦਾ ਨਾਮ 'ਹੁਸਨ ਕਾ ਡਾਕੂ' ਸੀ। ਇਸ ਵਾਰੀ ਸ੍ਰੀ ਕਰਦਾਰ ਨੇ ਫ਼ਿਲਮ ਦਾ ਨਿਰਦੇਸ਼ਨ ਖ਼ੁਦ ਕੀਤਾ। ਉਹ ਇਸ ਫ਼ਿਲਮ 'ਚ ਮੁੱਖ ਅਦਾਕਾਰ ਵੀ ਬਣੇ। ਉਨ੍ਹਾਂ ਦੇ ਨਾਲ ਗੁਲਜ਼ਾਰ ਬੇਗਮ ਨੇ ਮੁੱਖ ਅਦਾਕਾਰਾ ਵਜੋਂ ਕੰਮ ਕੀਤਾ। ਇਸਮਾਈਲ ਨੇ ਸਹਾਇਕ ਅਦਕਾਰ ਦਾ ਕਿਰਦਾਰ ਨਿਭਾਇਆ। ਇਸ ਫ਼ਿਲਮ 'ਚ ਅਮਰੀਕੀ ਅਦਾਕਾਰਾ ਇਰੀਸ਼ ਕਰਾਫ਼ੋਰਡ ਨੇ ਵੀ ਕੰਮ ਕੀਤਾ। ਇਸ ਤੋਂ ਪਤਾ ਲਗਦਾ ਹੈ ਕਿ ਲਾਹੌਰ 'ਚ ਇੱਕ ਵੱਡਾ ਗੁਣ ਵਿਸ਼ਵਵਾਦ ਦਾ ਵੀ ਸੀ। ਲਾਹੌਰ ਸੂਝਵਾਨ ਅੰਗਰੇਜ਼ ਪ੍ਰਸ਼ਾਸਕਾਂ ਹੇਠ ਬਹੁਤ ਸੁੰਦਰ ਸ਼ਹਿਰ ਵਜੋਂ ਵਿਕਸਤ ਹੋ ਗਿਆ ਸੀ। ਇਹ ਫ਼ਿਲਮ ਬਹੁਤ ਮਸ਼ਹੂਰ ਹੋਈ ਪਰ ਕਰਦਾਰ ਨੇ ਫ਼ਿਲਮਾਂ 'ਚ ਅਦਾਕਾਰੀ ਨਾ ਕਰ ਕੇ ਨਿਰਦੇਸ਼ਨ ਵੱਲ੍ਹ ਧਿਆਨ ਦੇਣ ਦਾ ਫ਼ੈਸਲਾ ਕੀਤਾ। ਕਰਦਾਰ ਨੇ ਸਰਫ਼ਰੋਸ਼ ਨਾਮ ਦੀ ਫ਼ਿਲਮ ਵੀ ਬਣਾਈ, ਜਿਸ 'ਚ ਗੁਲ ਹਮੀਦ ਨੂੰ ਮੁੱਖ ਅਦਾਕਾਰ ਬਣਾਇਆ ਗਿਆ। ਹਮੀਦ ਨੂੰ ਵੱਡੇ ਪਰਦੇ 'ਤੇ ਸਭ ਤੋਂ ਸੋਹਣੇ ਅਦਾਕਾਰ ਵਜੋਂ ਮੰਨਿਆ ਜਾਂਦਾ ਹੈ। ਸਰਫ਼ਰੋਸ਼ ਨੂੰ ਮੁੰਬਈ ਅਤੇ ਕੋਲਕਾਤਾ 'ਚ ਬੈਠੇ ਫ਼ਿਲਮ ਮਾਹਰਾਂ ਨੇ ਵੀ ਵੇਖਿਆ, ਜਿਸ ਤੋਂ ਬਾਅਦ ਲਾਹੌਰ ਨੂੰ ਉਭਰਦੇ ਹੋਏ ਫ਼ਿਲਮ ਨਿਰਮਾਣ ਕੇਂਦਰ ਵਜੋਂ ਪਛਾਣਿਆ ਜਾਣ ਲੱਗਾ। 1932 'ਚ ਕਰਦਾਰ ਨੇ ਲਾਹੌਰ ਤੋਂ ਪਹਿਲੀ ਬੋਲਣ ਵਾਲੀ ਫ਼ਿਲਮ ਬਣਾਈ, ਉਸ ਦਾ ਨਾਮ ਹੀਰ-ਰਾਂਝਾ ਸੀ। ਇਸ ਨੂੰ ਵੱਡੀ ਪ੍ਰਾਪਤੀ ਮੰਨਿਆ ਜਾ ਸਕਦਾ ਹੈ ਕਿਉਂਕਿ ਮੁੰਬਈ ਤੋਂ ਪਹਿਲੀ ਬੋਲਣ ਵਾਲੀ ਫ਼ਿਲਮ ਆਲਮ ਆਰਾ ਇਸ ਤੋਂ ਸਾਲ ਪਹਿਲਾਂ ਹੀ ਰਿਲੀਜ਼ ਹੋਈ ਸੀ। ਪੰਜਾਬ ਦਾ ਪਿਆਰ ਅਤੇ ਬਿਰਹਾ ਦੇ ਦਰਦ ਨੂੰ ਯੋਗਦਾਨ ਬਹੁਤ ਪੁਰਾਣਾ ਹੈ। ਹੀਰ ਦਾ ਕਿੱਸਾ ਤਾਂ ਸਭ ਤੋਂ ਜ਼ਿਆਦਾ ਮਸ਼ਹੂਰ ਹੈ। ਇਹ ਅੰਗਰੇਜ਼ੀ ਦੇ ਰੋਮੀਓ ਅਤੇ ਜੂਲੀਅਟ ਦੇ ਬਰਾਬਰ ਹੈ।

ਹਾਲਾਂਕਿ ਇਸ ਨੂੰ ਦਮੋਦਰ, ਮੁਕਬਲ ਅਤੇ ਅਹਿਮਦ ਗੁੱਜਰ ਨੇ ਵੀ ਲਿਖਿਆ ਹੈ ਪਰ ਸਭ ਤੋਂ ਮਸ਼ਹੂਰ ਵਾਰਿਸ ਸ਼ਾਹ (1722-1798) ਦੀ ਹੀਰ ਹੋਈ। ਰਾਂਝਾ ਪਹਿਲਾਂ ਤਾਂ ਕ੍ਰਿਸ਼ਨ ਦੀ ਤਰ੍ਹਾਂ ਹੀਰ ਨਾਲ ਪਿਆਰ ਪਾਉਂਦਾ ਹੈ, ਮੁਰਲੀ ਵਜਾਉਂਦਾ ਹੈ, ਮੱਝਾਂ ਚਰਾਉਂਦਾ ਹੈ ਅਤੇ ਨੌਜਵਾਨ ਕੁੜੀਆਂ ਨੂੰ ਆਕਰਸ਼ਤ ਕਰਦਾ ਹੈ। ਬਾਅਦ 'ਚ ਹੀਰ ਦਾ ਵਿਆਹ ਸੈਦੇ ਨਾਲ ਹੋਣ ਤੋਂ ਬਾਅਦ ਰਾਂਝਾ ਪਿਆਰ ਦੇ ਦੁਸ਼ਮਣ ਜ਼ਮਾਨੇ ਦਾ ਵਿਰੋਧ ਕਰਨ ਲਈ ਗੋਰਖਨਾਥ ਜੋਗੀ ਬਣ ਜਾਂਦਾ ਹੈ। ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਹੀਰ ਦਾ ਕਿੱਸਾ ਹਿੰਦੂ, ਮੁਸਲਿਮ ਅਤੇ ਸਿੱਖਾਂ 'ਚ ਸਾਰਿਆਂ ਨੂੰ ਇੱਕੋ ਜਿਹਾ ਪਸੰਦ ਆਉਂਦਾ ਹੈ, ਕਿਉਂਕਿ ਇਹ ਹਿੰਦੁਸਤਾਨ 'ਚ ਧਾਰਮਕ ਮਿਥਿਹਾਸ ਅਤੇ ਲੋਕ ਸਭਿਆਚਾਰ ਦਾ ਸੁਮੇਲ ਹੈ। ਮੁੰਬਈ 'ਚ ਇਸ 'ਤੇ ਕਈ ਫ਼ਿਲਮਾਂ ਬਣ ਚੁੱਕੀਆਂ ਹਨ। 1970 'ਚ ਖਵਾਜਾ ਖ਼ੁਰਸ਼ੀ ਅਨਵਰ ਦੀ ਇਸੇ ਨਾਮ ਦੀ ਸੰਗੀਤਮਈ ਫ਼ਿਲਮ ਆਪਣੇ ਆਪ 'ਚ ਬਹੁਤ ਮਹਾਨ ਬਣ ਗਈ ਪਰ ਫਿਰ ਵੀ ਲਾਹੌਰ ਤੋਂ 1932 'ਚ ਪਹਿਲੀ ਬੋਲਣ ਵਾਲੀ ਫ਼ਿਲਮ ਦੇ ਰੂਪ 'ਚ ਹੀਰ-ਰਾਂਝਾ ਬਣਾ ਕੇ ਕਰਦਾਰ ਨੇ ਲਾਹੌਰ ਫ਼ਿਲਮ ਸਨਅਤ 'ਚ ਇਤਿਹਾਸਕ ਯੋਗਦਾਨ ਦਿੱਤਾ ਹੈ। ਮੈਨੂੰ ਉਮੀਦ ਹੈ ਕਿ ਫ਼ਿਲਮ ਇਤਿਹਾਸਕਾਰ ਇਸ ਨੂੰ ਜ਼ਰੂਰ ਪਛਾਣਨਗੇ।

ਇੱਥੇ ਵੇਖਣ ਵਾਲੀ ਗੱਲ ਇਹ ਹੈ ਕਿ ਵਾਰਿਸ ਸ਼ਾਹ ਨੇ ਆਪਣੇ ਕਿੱਸੇ ਦਾ ਨਾਮ ਸਿਰਫ਼ ਹੀਰ ਰੱਖਿਆ ਸੀ। ਮੇਰੇ ਕਰੀਬੀ ਮਿੱਤਰ ਭੀਸ਼ਮ ਕੁਮਾਰ ਬਖ਼ਸ਼ੀ ਦਾ ਕਹਿਣਾ ਹੈ ਕਿ ਇਸ ਪਿੱਛੇ ਔਰਤਵਾਦੀ ਸੋਚ ਸੀ। ਵਾਰਿਸ ਸ਼ਾਹ ਪੱਛਮੀ ਪੰਜਾਬ ਦੀ ਮਜ਼ਬੂਤ ਜੱਟ ਜਾਤ ਢੰਗ ਦੇ ਕੱਟੜਪੁਣੇ ਨੂੰ ਉਜਾਗਰ ਕਰਨਾ ਚਾਹੁੰਦਾ ਸੀ। ਹੀਰ ਵੀ ਇਸੇ ਜਾਤ ਨਾਲ ਸਬੰਧਤ ਸੀ। ਅੱਜ ਵੀ ਔਰਤ 'ਤੇ ਮਲਕੀਅਤ ਜਤਾਉਣਾ ਮਰਦ ਵਲੋਂ ਆਪਣੀ ਚੌਧਰ ਦਿਖਾਉਣ ਦੇ ਕੱਟੜਪੁਣੇ ਦੀ ਨਿਸ਼ਾਨੀ ਹੈ। ਅਸੀਂ ਅਜੇ ਵੀ ਇਸ ਦਲਦਲ 'ਚ ਫਸੇ ਹੋਏ ਹਾਂ ਅਤੇ ਸ਼ਾਇਦ ਇੱਜ਼ਤ ਲਈ ਕੀਤੇ ਜਾ ਰਹੇ ਕਤਲਾਂ ਅਤੇ ਤੇਜ਼ਾਬ ਸੁੱਟਣ ਵਾਲੀਆਂ ਵਾਰਦਾਤਾਂ ਕਾਰਨ ਹੋਰ ਡੂੰਘੇ ਧੱਸ ਗਏ ਹਾਂ। ਸ਼ਰਮੀਨ ਓਬੈਦ-ਚਿਨਾਏ ਨੇ ਇਸ ਨੂੰ ਉਜਾਗਰ ਕਰਨ ਲਈ ਫ਼ਿਲਮ ਬਣਾਈ ਸੀ, ਜਿਸ ਲਈ ਉਸ ਨੂੰ 2012 'ਚ ਆਸਕਰ ਇਨਾਮ ਵੀ ਮਿਲਿਆ। ਲਾਹੌਰ ਫ਼ਿਲਮ ਸਨਅਤ ਦੇ ਵਿਕਾਸ 'ਚ ਦੋ ਹੋਰ ਲੋਕਾਂ ਨੇ ਮਹੱਤਵਪੂਰਨ ਰੋਲ ਅਦਾ ਕੀਤਾ। ਰੂਪ ਲਾਲ ਸ਼ੋਰੀ ਨੇ ਕਈ ਫ਼ਿਲਮਾਂ ਬਣਾਈਆਂ, ਜਿਨ੍ਹਾਂ ਨੂੰ ਪੰਜਾਬ ਤੋਂ ਬਾਹਰ ਵੀ ਕਈ ਲੋਕਾਂ ਨੇ ਵੇਖਿਆ ਵਿਸ਼ੇਸ਼ ਕਰ ਕੇ 'ਕਿਸਮਤ ਦੇ ਹੇਰ ਫ਼ੇਰ' ਨੇ ਲਾਹੌਰ ਫ਼ਿਲਮ ਸਨਅਤ ਨੂੰ ਹੋਰ ਫ਼ਿਲਮ ਉਦਯੋਗਾਂ ਦੇ ਬਰਾਬਰ ਖੜ੍ਹਾ ਕਰ ਦਿੱਤਾ। ਇਸ ਤੋਂ ਬਾਅਦ ਇੱਕ ਗੁਜਰਾਤੀ ਡੀ.ਐਮ. ਪੰਚੋਲੀ ਨੇ ਲਾਹੌਰ ਵਿਖੇ ਆਪਣਾ ਸਟੂਡੀਓ ਬਣਾਇਆ ਅਤੇ ਇਸ ਨਾਲ ਲਾਹੌਰ ਫ਼ਿਲਮ ਉਦਯੋਗ ਨੇ ਆਪਣੇ ਪੈਰ ਪੱਕੀ ਤਰ੍ਹਾਂ ਜਮਾ ਲਏ। ਪਹਿਲਾਂ ਲਾਹੌਰ 'ਚ ਬਣੀਆਂ ਫ਼ਿਲਮਾਂ ਮੁੱਖ ਤੌਰ 'ਤੇ ਪੰਜਾਬੀ ਹੁੰਦੀਆਂ ਸਨ। ਇਨ੍ਹਾਂ ਨੂੰ ਵੰਡ ਤੋਂ ਪਹਿਲਾਂ ਪੂਰੇ ਪੰਜਾਬ 'ਚ ਅਤੇ ਪੰਜਾਬੀਆਂ ਦੀ ਵੱਡੀ ਗਿਣਤੀ ਵਾਲੀਆਂ ਥਾਵਾਂ ਜਿਵੇਂ ਦਿੱਲੀ, ਕੋਲਕਾਤਾ, ਮੁੰਬਈ ਅਤੇ ਕਾਨਪੁਰ 'ਚ ਵੀ ਵੇਖਿਆ ਜਾਂਦਾ ਸੀ। 1947 'ਚ ਵੰਡ ਤੋਂ ਬਾਅਦ ਇਸ ਫ਼ਿਲਮ ਸਨਅਤ ਦੇ ਬਰਾਬਰ ਦਾ ਕੋਈ ਫ਼ਿਲਮ ਸਨਅਤ ਭਾਰਤੀ ਪੰਜਾਬ 'ਚ ਪੈਦਾ ਨਹੀਂ ਹੋ ਸਕਿਆ। ਮੁੰਬਈ 'ਚ ਕੁੱਝ ਪੰਜਾਬੀ ਫ਼ਿਲਮਾਂ ਜ਼ਰੂਰ ਬਣਦੀਆਂ ਰਹੀਆਂ ਪਰ ਪੰਜਾਬ 'ਚ ਸਿਨੇਮਾ ਜਗਤ ਨੂੰ ਵੰਡ ਦਾ ਬਹੁਤ ਵੱਡਾ ਨੁਕਸਾਨ ਹੋਇਆ।

**ਲੇਖਕ ਸਟਾਕਹੋਮ ਯੂਨੀਵਰਸਿਟੀ 'ਚ ਸਿਆਸੀ ਵਿਗਿਆਨ ਦੇ ਪ੍ਰੋਫ਼ੈਸਰ ਹਨ।**

# Royal

Royal Executive Homes

# Town Houses in Wildwood




Available from **1232 sq** ft. to **1589 sq** ft. with attached Single and Double Garage. Starting price: **$ 309,900**

- Excellent Location
- Close to All Amenities.
- Transit Excess
- Affordable Prices
- Future Rec Center
- Close to White Mud
- Anthony Henday




SHOW HOME OPEN NOW

**For Show Home Hours:**
**Contact 780-965-7390**

Wild Wood TOWN HOUSES
1820, 34th Ave
Edmonton.

**780-965-7390**
**780-906-4497**
royalexecutivehomes@hotmail.com




Jessy Parihar Ranjit Deol

**Sales Contact :**
**Mariola @ 780-970-0120**




# THANK YOU






Thank you to all the constituents of Edmonton Mill Woods & all the Volunteers for their Help and Support

**SOHAIL QUADRI** MLA Elect



**BRIDGEPORT** HOMES LTD.

**BEST PRICES IN TOWN**
**WE ASSURE BEATING MARKET PRICE**

## Now Lots available for big houses

**in Wildwood Crescent (Silverberry) one house available in Tamarack**

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ **ਡੌਲੀ ਚੌਹਾਨ** ਨਾਲ ਗੱਲਬਾਤ ਕਰੋ

**780-935-7718**



Lots available for bi-Level homes in Silverberry Area



**For more information call: Dolly Chauhan @ 780-935-7718**